

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 47; November 25, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਸਿੱਖ ਵਕੀਲਾਂ ਨੂੰ ਜੱਜ ਨਾ ਬਣਾਉਣ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਕੌਲਿਜੀਅਮ ਦੀਆਂ ਸਿਫਾਰਸ਼ਾਂ ਦੇ ਬਾਵਜੂਦ ਦੋ ਸਿੱਖ ਵਕੀਲਾਂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ ਵਜੋਂ ਨਿਯੁਕਤੀ ਰੋਕਣ ਦਾ ਮਾਮਲਾ ਭਖ ਗਿਆ ਹੈ। ਸਿੱਖ ਜਥੇਬੰਦੀਆਂ ਤੋਂ ਇਲਾਵਾ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਵੀ ਕੇਂਦਰ ਸਰਕਾਰ ਦੀ ਨੀਅਤ ਉਤੇ ਤਿੱਖੇ ਸਵਾਲ ਕੀਤੇ ਹਨ। ਦਰਅਸਲ, ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਦੇ ਇਸ ਰਵੱਈਏ ਉਤੇ ਸਖਤ ਟਿੱਪਣੀ ਕੀਤੀ ਗਈ ਹੈ।



ਸੁਪਰੀਮ ਕੋਰਟ ਨੇ ਇਸ ਨੂੰ ਕੇਂਦਰ ਦਾ ਪੱਖਪਾਤ ਵਾਲਾ ਰਵੱਈਆ (ਪਿੱਕ ਐਂਡ ਚੂਜ) ਕਰਾਰ ਦਿੰਦਿਆਂ ਆਖਿਆ ਹੈ ਕਿ ਇਹ ਕੋਈ ਸ਼ੁਭ ਸੰਕੇਤ ਨਹੀਂ ਹੈ। ਸੁਪਰੀਮ ਕੋਰਟ ਦੇ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਸੁਧਾਂਸ਼ੂ ਧੂਲੀਆ ਦੇ ਬੈਂਚ ਨੇ ਨਾਵਾਂ ਨੂੰ ਮਨਜ਼ੂਰੀ ਦੇਣ ਵਿਚ ਕੇਂਦਰ ਦੀ ਅਸਫਲਤਾ ਦਾ ਹਵਾਲਾ ਦਿੰਦੇ ਹੋਏ ਕਿਹਾ, "ਜਿਨ੍ਹਾਂ ਉਮੀਦਵਾਰਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਹੈ, ਉਨ੍ਹਾਂ ਵਿਚੋਂ ਦੋ ਸਿੱਖ ਹਨ। ਅਜਿਹਾ ਕਿਉਂ ਹੋਇਆ?"


ਯਾਦ ਰਹੇ ਕਿ ਸੁਪਰੀਮ ਕੋਰਟ ਦੇ ਕੌਲਿਜੀਅਮ ਵੱਲੋਂ 5 ਵਕੀਲਾਂ ਦੀ ਹਾਈਕੋਰਟ ਦੇ ਜੱਜ ਵਜੋਂ ਨਿਯੁਕਤੀ ਦੀ ਸਿਫਾਰਸ਼ ਕੀਤੀ ਗਈ ਸੀ। ਕੇਂਦਰ ਨੇ 3 ਨਾਂਵਾਂ ਨੂੰ ਤਾਂ ਝੱਟ ਮਨਜ਼ੂਰੀ ਦੇ ਦਿੱਤੀ ਗਈ ਪਰ ਦੋ ਸਿੱਖ ਵਕੀਲਾਂ ਦੀਪਇੰਦਰ ਸਿੰਘ ਨਲਵਾ ਅਤੇ ਹਰਜੀਤ ਸਿੰਘ ਗਰੇਵਾਲ ਦੀ ਨਿਯੁਕਤੀ ਰੋਕ ਦਿੱਤੀ ਗਈ। ਗਰੇਵਾਲ ਅਤੇ ਨਲਵਾ ਨੂੰ ਤਿੰਨ ਹੋਰ ਵਕੀਲਾਂ ਦੇ ਨਾਲ 17 ਅਕਤੂਬਰ ਨੂੰ ਸੁਪਰੀਮ ਕੋਰਟ ਕੌਲਿਜੀਅਮ ਨੇ ਨਿਯੁਕਤੀ ਲਈ ਸਿਫਾਰਸ਼ ਕੀਤੀ ਸੀ। ਉਚ ਅਦਾਲਤ ਜੱਜਾਂ ਦੀ ਨਿਯੁਕਤੀ 'ਚ ਦੇਰੀ ਨੂੰ ਲੈ ਕੇ ਐਡਵੋਕੇਟਸ ਐਸੋਸੀਏਸ਼ਨ ਬੈਂਗਲੁਰੂ ਵੱਲੋਂ ਦਾਇਰ ਪਟੀਸ਼ਨ ਉਤੇ ਸੁਣਵਾਈ ਕਰ ਰਹੀ ਸੀ। ਸੁਪਰੀਮ ਕੋਰਟ ਨੇ ਨਵੰਬਰ ਦੇ ਸ਼ੁਰੂ ਵਿਚ ਵੀ ਕਿਹਾ ਸੀ ਕਿ ਕੇਂਦਰ ਸਰਕਾਰ ਜੱਜਾਂ ਦੀ ਨਿਯੁਕਤੀ ਨੂੰ ਸਿਰਫ ਇਸ ਲਈ ਨਹੀਂ ਰੋਕ ਸਕਦੀ ਕਿਉਂਕਿ ਉਸ (ਕੇਂਦਰ) ਵੱਲੋਂ ਮਨਜ਼ੂਰ ਕੀਤੇ ਗਏ ਨਾਵਾਂ ਨੂੰ ਕੌਲਿਜੀਅਮ ਨੇ ਮਨਜ਼ੂਰੀ ਨਹੀਂ ਦਿੱਤੀ ਸੀ। ਬੈਂਚ ਨੇ ਸਪਸ਼ਟ ਕੀਤਾ ਸੀ ਕਿ ਜਦੋਂ ਕੌਲਿਜੀਅਮ ਜੱਜ ਦੇ ਅਹੁਦੇ ਲਈ ਕਿਸੇ ਨਾਂ ਨੂੰ ਸਵੀਕਾਰ ਨਹੀਂ ਕਰਦਾ ਤਾਂ ਇਸ ਦਾ ਅੰਤ ਹੋਣਾ ਚਾਹੀਦਾ ਹੈ। ਹਾਲਾਂ ਕਿ ਸੁਪਰੀਮ ਕੋਰਟ ਦੀਆਂ ਇਨ੍ਹਾਂ ਟਿੱਪਣੀਆਂ ਪਿੱਛੋਂ ਵੀ ਕੇਂਦਰ ਦੇ ਰਵੱਈਏ ਵਿਚ ਭੋਰਾ ਫਰਕ ਨਹੀਂ ਪਿਆ।

ਚੇਤੇ ਰਹੇ ਕਿ ਸੁਪਰੀਮ ਕੋਰਟ ਤੇ ਹਾਈ ਕੋਰਟਾਂ ਵਿਚ ਸਿੱਖ ਜੱਜਾਂ ਦੀ ਨਿਯੁਕਤੀ ਦਾ ਮਾਮਲਾ ਹਮੇਸ਼ਾ ਭਖਿਆ ਰਿਹਾ ਹੈ। ਸੰਗਰੂਰ ਦੇ ਐਮ.ਪੀ. ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਵਿਚ ਸੁਪਰੀਮ ਕੋਰਟ ਵਿਚ ਇਕ ਵੀ ਸਿੱਖ ਜੱਜ ਨਾ ਹੋਣ ਉਤੇ ਸਵਾਲ ਚੁੱਕਿਆ ਸੀ। ਅਜਿਹੀ ਹੀ ਮੰਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਚੁੱਕੀ ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ 11 ਜੱਜਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਮਿਲੀ ਸੀ ਪਰ ਇਸ ਵਿਚ ਇਕ ਵੀ ਸਿੱਖ ਜੱਜ ਨਹੀਂ ਸੀ। ਇਸ ਤੋਂ ਬਾਅਦ ਇਹ ਮਾਮਲਾ ਕਾਫੀ ਭਖਿਆ ਸੀ। ਹੁਣ ਮੁੜ ਕੌਲਿਜੀਅਮ ਦੀ ਸਿਫਾਰਸ਼ ਨੂੰ ਦਰਕਿਨਾਰ ਕਰਦਿਆਂ ਮੋਦੀ ਸਰਕਾਰ ਨੇ ਦੋ ਸਿੱਖ ਵਕੀਲਾਂ ਦੀ ਜੱਜ ਵਜੋਂ ਨਿਯੁਕਤੀ ਰੋਕ ਲਈ ਹੈ।

ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੋਦੀ ਸਰਕਾਰ ਦੀ ਨੀਅਤ ਉਤੇ ਤਿੱਖੇ ਸਵਾਲ ਚੁੱਕੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੰਦਿਆਂ ਆਖਿਆ ਕਿ ਕੇਂਦਰ ਸਰਕਾਰ ਦੋਹਾਂ ਸਿੱਖ ਜੱਜਾਂ ਦੀ ਨਿਯੁਕਤੀ ਤੁਰਤ ਕਰੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਇਸ ਮਾਮਲੇ 'ਤੇ ਸਖ਼ਤ

*(ਬਾਕੀ ਸਫਾ 6 'ਤੇ)*

## ਚੋਣਾਂ ਨੇੜੇ ਰਾਮ ਰਹੀਮ ਜੇਲ੍ਹ 'ਚੋਂ ਮੁੜ ਬਾਹਰ ਆਇਆ



**ਚੰਡੀਗੜ੍ਹ:** ਹਰਿਆਣਾ ਦੇ ਜ਼ਿਲ੍ਹਾ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁੜ 21 ਦਿਨਾਂ ਦੀ ਪੈਰੋਲ ਮਿਲ ਗਈ ਹੈ। ਡੇਰਾ ਸਿਰਸਾ ਮੁਖੀ ਨੂੰ 30 ਮਹੀਨਿਆਂ ਵਿਚ 8ਵੀਂ ਵਾਰ ਪੈਰੋਲ ਦਿੱਤੀ ਗਈ ਹੈ। ਸਾਲ 2023 ਵਿਚ ਤੀਜੀ ਵਾਰ ਪੈਰੋਲ ਦਿੱਤੀ ਗਈ ਹੈ।

ਇਸ ਵਾਰ ਡੇਰਾ ਸਿਰਸਾ ਮੁਖੀ ਨੂੰ ਪੈਰੋਲ ਰਾਜਸਥਾਨ ਵਿਧਾਨ ਸਭਾ ਚੋਣਾਂ ਤੋਂ 5 ਦਿਨ ਪਹਿਲਾਂ ਦਿੱਤੀ ਗਈ ਹੈ ਜਿਸ ਨੂੰ ਲੈ ਕੇ ਕਈ ਤਰ੍ਹਾਂ ਦੇ ਖ਼ਦਸ਼ੇ ਖੜ੍ਹੇ ਹੋ ਰਹੇ ਹਨ। ਦੂਜੇ ਪਾਸੇ ਸਿੱਖ ਜਥੇਬੰਦੀਆਂ ਨੇ ਇਸ ਉਤੇ ਸਖਤ ਇਤਰਾਜ਼ ਜਤਾਇਆ ਹੈ ਤੇ ਸਵਾਲ ਕੀਤਾ ਹੈ ਕਿ ਸਿੱਖ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੋਇਆ ਤੇ ਡੇਰਾ ਮੁਖੀ ਨੂੰ ਵਾਰ-ਵਾਰ ਫਰਲੋ ਦਿੱਤੀ ਜਾ ਰਹੀ ਹੈ। ਆਪਣੀਆਂ ਦੋ ਚੇਲੀਆਂ ਨਾਲ ਬਲਾਤਕਾਰ ਦੇ ਦੋਸ਼ੀ ਰਾਮ ਰਹੀਮ ਨੂੰ 28 ਅਗਸਤ 2017 ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ ਸੀ। ਫਿਰ 17 ਜਨਵਰੀ, 2019 ਨੂੰ ਅਦਾਲਤ ਨੇ ਪੱਤਰਕਾਰ ਰਾਮਚੰਦਰ ਛਤਰਪਤੀ ਦੀ ਹੱਤਿਆ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ। ਫਰਲੋ ਇਕ ਕਿਸਮ ਦੀ ਛੁੱਟੀ ਹੈ ਜਿਸ ਵਿਚ ਸਜ਼ਾਯਾਫ਼ਤਾ ਕੈਦੀ ਨੂੰ ਕੁਝ ਦਿਨਾਂ ਲਈ ਜੇਲ੍ਹ ਵਿਚੋਂ ਰਿਹਾਅ ਕੀਤਾ ਜਾਂਦਾ ਹੈ। ਹਾਲਾਂਕਿ ਇਸ ਵਾਰ ਵੀ ਗੁਰਮੀਤ ਰਾਮ ਰਹੀਮ ਨੂੰ ਫਰਲੋ ਦੇਣਾ ਸਿਆਸੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕਿਆਸ ਲਗਾਇਆ ਜਾ ਰਿਹਾ ਹੈ ਕਿ ਰਾਮ ਰਹੀਮ ਨੂੰ ਇਹ ਫਰਲੋ ਰਾਜਸਥਾਨ ਅਤੇ ਮੱਧ ਪ੍ਰਦੇਸ ਚੋਣਾਂ ਦੇ ਮੱਦੇਨਜ਼ਰ ਮਿਲੀ ਹੈ। ਇਸ ਤੋਂ ਪਹਿਲਾਂ ਵੀ ਰਾਮ ਰਹੀਮ ਹਰਿਆਣਾ ਅਤੇ ਪੰਜਾਬ ਸਮੇਤ ਵੱਖ-ਵੱਖ ਰਾਜਾਂ ਵਿਚ ਹੋਈਆਂ ਚੋਣਾਂ ਤੋਂ ਪਹਿਲਾਂ ਹੀ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖਤ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਇਸ ਦੋਗਲੀ ਨੀਤੀ ਕਾਰਨ ਸਿੱਖਾਂ ਅੰਦਰ ਬੇਭਰੋਸਗੀ ਤੇ ਵਿਤਕਰੇ ਦਾ ਮਾਹੌਲ ਪੈਦਾ ਹੋ ਰਿਹਾ ਹੈ। ਸਰਕਾਰ ਖੁਦ ਅਜਿਹੀਆਂ ਹਰਕਤਾਂ ਕਰ ਕੇ ਸਿੱਖਾਂ ਦੇ ਹਿਰਦਿਆਂ ਵਿਚ ਇਹ ਮਾਹੌਲ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਫਰਲੋ ਦਿੱਤੀ ਜਾ ਰਹੀ ਹੈ ਜਦੋਂਕਿ ਸਿੱਖ ਕੌਮ ਵੱਲੋਂ ਦਹਾਕਿਆਂ ਤੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਉਠਾਈ ਜਾ ਰਹੀ ਆਵਾਜ਼ ਨੂੰ ਸਰਕਾਰਾਂ ਨਹੀਂ ਸੁਣ ਰਹੀਆਂ। ਸਰਕਾਰਾਂ ਇਸ ਨੂੰ ਲਗਾਤਾਰ ਨਜ਼ਰ-ਅੰਦਾਜ਼ ਕਰ ਰਹੀਆਂ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸਰਕਾਰਾਂ ਰਾਮ ਰਹੀਮ ਦੇ ਘਿਨਾਉਣੇ ਅਪਰਾਧਾਂ ਨੂੰ ਵਾਰ-ਵਾਰ ਨਜ਼ਰ-ਅੰਦਾਜ਼ ਕਰਕੇ ਉਸ ਨੂੰ ਛੁੱਟੀਆਂ ਦੇ ਰਹੀਆਂ ਹਨ। ਅਜਿਹਾ ਕਰਨਾ ਦੇਸ ਤੇ ਸਮਾਜ ਦੇ ਹਿੱਤ ਵਿਚ ਨਹੀਂ।


# One stop shop for all your taxi needs

**The Friendly Group Ltd.**
**Chelsea Taxi Brokers**
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
* *Medallion transfers*
* *Accident claims*
* *Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*


*Ask us about Purchase or new buyer and financing.

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਦੇਰੁ ਪਰੋਆ॥

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ ਹੋਵੇ



## ਪ੍ਰੇਮ ਮਾਨ

ਫੋਨ: 860-983-5002

# ਨਿਕਾਰਾਗੁਆ ਦੀ ਸ਼ੇਨਿਸ ਮਿਸ ਯੂਨੀਵਰਸ




**ਸੈਨ ਸਾਲਵਾਡੋਰ:** ਮੱਧ ਅਮਰੀਕੀ ਦੇਸ਼ ਨਿਕਾਰਾਗੁਆ ਦੀ ਸ਼ੇਨਿਸ ਪਲਾਸਿਓਸ ਨੇ ਮਿਸ ਯੂਨੀਵਰਸ 2023 ਦਾ ਖ਼ਿਤਾਬ ਜਿੱਤ ਲਿਆ ਹੈ। ਇਸ ਅੰਤਰਰਾਸ਼ਟਰੀ ਸੁੰਦਰਤਾ ਮੁਕਾਬਲੇ ਵਿਚ ਨਿਕਾਰਾਗੁਆ ਦੀ ਇਹ ਪਹਿਲੀ ਜਿੱਤ ਹੈ। ਮਿਸ ਯੂਨੀਵਰਸ ਮੁਕਾਬਲੇ ਦਾ 75ਵਾਂ ਐਡੀਸ਼ਨ ਅਲ ਸਾਲਵਾਡੋਰ ਦੇ ਸੈਨ ਸਾਲਵਾਡੋਰ ਵਿਚ ਜੋਸ ਅਡੋਲਫੋ ਪਿਨੇਡਾ ਐਰੀਨਾ ਵਿਚ ਕਰਵਾਇਆ ਗਿਆ ਸੀ। ਇਸ ਮੁਕਾਬਲੇ ਵਿਚ ਮਿਸ ਥਾਈਲੈਂਡ ਐਨਟੋਨੀਆ ਪੋਰਸਿਲਡ ਪਹਿਲੀ ਰਨਰ-ਅਪ ਤੇ ਮਿਸ ਆਸਟਰੇਲੀਆ ਮੋਰਿਆ ਵਿਲਸਨ ਦੂਜੀ ਰਨਰ-ਅਪ ਰਹੀ।

# ਬੁੱਕਣ ਜੱਟ ਦਾ ਨਵਾਂ ਗੀਤ 'ਫ਼ੇਮ' ਗਾਖ਼ਲ ਗਰੁੱਪ ਪ੍ਰੋਡਕਸ਼ਨ ਵਲੋਂ ਰਿਲੀਜ਼

**ਅੱਪਰਾ: (ਬਿਊਰੋ):** ਹਿੱਕ ਦੇ ਜ਼ੋਰ ਨਾਲ ਆਪਣੀ ਸੁਰੀਲੀ ਗਾਇਕੀ ਦਾ ਲੋਹਾ ਮਨਵਾਉਣ ਵਾਲੇ ਗਾਇਕ ਬੁੱਕਣ ਜੱਟ ਦਾ ਨਵਾਂ ਗੀਤ 'ਫ਼ੇਮ' ਗਾਖਲ ਗਰੁੱਪ ਪ੍ਰੋਡਸ਼ਨ ਯੂ.ਐੱਸ.ਏ. ਵਲੋਂ ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਦੀ ਪੇਸ਼ਕਸ਼ ਹੇਠ ਵਰਲਡ ਵਾਈਡ ਯੂਟਿਊਬ ਸਮੇਤ ਹਰ ਪਲੇਟਫ਼ਾਰਮ ਉੱਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਗੀਤ ਦੇ ਬੋਲ ਇਟਲੀ ਵਸਦੇ ਮਨਦੀਪ ਸਿੰਘ ਰਜ਼ਾਬਾਦੀਆ ਨੇ ਲਿਖੇ ਹਨ ਜਿਨ੍ਹਾਂ ਨੂੰ ਨੌਜਵਾਨ ਸੰਗੀਤਕਾਰ ਐੱਚ.ਪੀ. ਸਿੰਘ ਨੇ ਮਧੁਰ ਧੁਨਾਂ 'ਚ ਪਰੋਇਆ ਹੈ। ਗੀਤ ਦਾ ਵੀਡੀਓ ਅਮਨਿੰਦਰ ਬਿਲਿੰਗ ਵਲੋਂ ਬਹੁਤ ਹੀ ਖ਼ੂਬਸੂਰਤੀ ਨਾਲ ਤਿਆਰ ਕੀਤਾ ਗਿਆ ਹੈ। ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਹ ਚੜ੍ਹਦੀ ਕਲਾ ਅਤੇ ਸਰਬੱਤ ਦਾ ਭਲਾ ਮੰਗਣ ਵਾਲਾ ਗੀਤ ਸਭ ਦੀ ਜ਼ੁਬਾਨ 'ਤੇ ਚੜ੍ਹੇਗਾ। ਉਨ੍ਹਾਂ ਕਿਹਾ ਕਿ ਸਮੁੱਚੀ ਟੀਮ ਨੇ ਬਹੁਤ ਹੀ ਜ਼ਿਆਦਾ ਮਿਹਨਤ ਨਾਲ ਇਹ ਗੀਤ ਤਿਆਰ ਕੀਤਾ ਹੈ। ਆਸ ਹੈ ਕਿ ਪਹਿਲਾਂ ਵਾਂਗ ਗਾਖਲ ਗਰੁੱਪ ਦਾ ਇਹ ਗੀਤ ਸਰੋਤੇ ਜ਼ਰੂਰ ਪਸੰਦ ਕਰਨਗੇ। ਉਨ੍ਹਾਂ ਦੱਸਿਆ ਕਿ ਗੀਤ ਦੀ ਤਿਆਰੀ 'ਚ ਨੱਥਾ ਸਿੰਘ ਗਾਖਲ ਦਾ ਵਿਸ਼ੇਸ਼ ਸਹਿਯੋਗ ਰਿਹਾ।


*ਅਮੋਲਕ ਸਿੰਘ ਗਾਖਲ*


*ਬੁੱਕਣ ਜੱਟ*


## ਰੈਸਟੋਰੈਂਟ ਵਿਚ ਕੰਮ ਕਰਨ ਲਈ ਲੇਡੀ ਹੈਲਪਰ ਦੀ ਲੋੜ ਹੈ

ਪੈਨਸਿਲਵੇਨੀਆ ਵਿਚ ਇੰਡੀਅਨ ਗਰੋਸਰੀ ਸਟੋਰ ਵਿਚ ਰੋਟੀਆਂ ਅਤੇ ਪਰੌਂਠੇ ਬਣਾਉਣ ਲਈ ਲੇਡੀ ਹੈਲਪਰ ਦੀ ਲੋੜ ਹੈ

* ਚੰਗੀ ਤਨਖਾਹ
* ਰਿਹਾਇਸ਼ ਅਤੇ ਖਾਣਾ ਫਰੀ

ਚਾਹਵਾਨ ਸੰਪਰਕ ਕਰਨ:
610-864-9666/ 484-802-2779



Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੀ ਦੀ ਲੋੜ ਹੈ

Gursikh family seeks a suitable match for their Amritdhari son, 36 years, 5'-11", vegetarian, Software Manager in San Francisco, CA, USA, owns a house in San Francisco Bay-area, innocent divorcee (short marriage of 4 months). The girl should be well qualified, amritdhari, vegetarian and keski/ dastar wearing (or willing to wear). Preference to girl living in USA or Canada. Caste no bar. Please send your biodata & recent picture to singhmat001@gmail.com or Call: +1-510-281-7065 or +91-98993-79442 (WhatsApp). 40-43

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613. 36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028 36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269 35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com 34-37

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949 39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744 39-42

Sikh family belongs to Ludhiana Punjab, looking for a US or Canadian Citizen match for their daughter, 35, 5'9" divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only. 34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com 32-35

# ਸੁਪਰੀਮ ਕੋਰਟ ਦੀ ਝਾੜ ਮਗਰੋਂ ਰਾਜਪਾਲ ਦੇ ਸੁਰ ਨਰਮ ਪਏ



**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ ਦਰਮਿਆਨ ਵਿਵਾਦ ਸੁਪਰੀਮ ਕੋਰਟ ਤੱਕ ਪੁੱਜਣ ਮਗਰੋਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਵਿਧਾਨ ਸਭਾ ਦਾ ਬਜਟ ਸੈਸ਼ਨ ਉਠਾ ਦਿੱਤਾ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਅਨੁਸਾਰ ਰਾਜਪਾਲ ਨੇ ਪੰਜਾਬ ਵਿਧਾਨ ਸਭਾ ਦਾ ਉਠਾਣ ਕਰ ਦਿੱਤਾ ਹੈ ਜਿਸ ਦੀ 20 ਅਕਤੂਬਰ ਦੀ ਬੈਠਕ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਸੀ। ਰਾਜਪਾਲ ਨੇ 'ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧ) ਬਿੱਲ 2023' ਨੂੰ ਵੀ ਆਪਣੀ ਸਹਿਮਤੀ ਦੇ ਦਿੱਤੀ ਹੈ।

ਇਸ ਤੋਂ ਪਹਿਲਾਂ ਰਾਜਪਾਲ ਨੇ 31 ਅਕਤੂਬਰ ਨੂੰ ਦੋ ਮਨੀ ਬਿੱਲਾਂ 'ਪੰਜਾਬ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਸੋਧ) ਬਿੱਲ 2023' ਅਤੇ 'ਭਾਰਤੀ ਸਟੈਂਪ (ਸੋਧ) ਬਿੱਲ 2023' ਨੂੰ ਮਨਜ਼ੂਰੀ ਦੇ ਦਿੱਤੀ ਸੀ। ਸਰਕਾਰ ਵੱਲੋਂ ਰਾਜਪਾਲ ਨੂੰ ਭੇਜੇ ਗਏ ਤਿੰਨ ਮਨੀ ਬਿੱਲਾਂ ਨੂੰ ਪ੍ਰਵਾਨਗੀ ਦੇਣ ਦਾ ਕੰਮ ਹੁਣ ਮੁਕੰਮਲ ਹੋ ਗਿਆ ਹੈ। ਉਂਜ, ਵਿਧਾਨ ਸਭਾ ਵੱਲੋਂ 19-20 ਜੂਨ ਨੂੰ ਦੋ ਦਿਨਾਂ ਦੇ ਵਿਸ਼ੇਸ਼ ਇਜਲਾਸ ਦੌਰਾਨ ਪਾਸ ਕੀਤੇ ਗਏ ਚਾਰ ਬਿੱਲਾਂ 'ਤੇ ਹਾਲੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਬੇਸ਼ੱਕ ਰਾਜਪਾਲ ਨੇ ਜੂਨ ਵਿਚ ਹੋਈ ਵਿਸ਼ੇਸ਼ ਬੈਠਕ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਸੀ ਪਰ ਸਰਕਾਰ ਦੇ ਸੁਪਰੀਮ ਕੋਰਟ ਜਾਣ 'ਤੇ ਸਿਖਰਲੀ ਅਦਾਲਤ ਨੇ ਇਸ ਬੈਠਕ ਨੂੰ ਜਾਇਜ਼ ਕਰਾਰ ਦਿੱਤਾ ਸੀ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਸੀ ਕਿ ਰਾਜਪਾਲ ਬਕਾਇਆ ਪਏ ਬਿੱਲਾਂ 'ਤੇ ਫੌਰੀ ਫੈਸਲਾ ਲੈਣ। ਸੂਤਰਾਂ ਮੁਤਾਬਕ ਪੰਜਾਬ ਸਰਕਾਰ ਲਈ ਹੁਣ ਸਰਦ ਰੁੱਤ ਇਜਲਾਸ ਸੱਦਣ ਦਾ ਰਾਹ ਸਾਫ ਹੋ ਗਿਆ ਹੈ। ਸਰਕਾਰ ਆਉਂਦੇ ਦਿਨਾਂ ਵਿਚ ਕੈਬਨਿਟ ਮੀਟਿੰਗ ਬੁਲਾ ਕੇ ਸਰਦ ਰੁੱਤ ਇਜਲਾਸ ਸੱਦ ਸਕਦੀ ਹੈ। ਪੰਜਾਬ ਸਰਕਾਰ ਨਵੰਬਰ ਦੇ ਅਖੀਰਲੇ ਦਿਨਾਂ ਵਿਚ ਸਰਦ ਰੁੱਤ ਸਮਾਗਮ ਸੱਦਣ ਦੇ ਰੌਂਅ ਵਿਚ ਹੈ। ਚੇਤੇ ਰਹੇ ਕਿ ਪੰਜਾਬ ਸਰਕਾਰ ਨੂੰ ਰਾਜਪਾਲ ਦੇ ਫੈਸਲਿਆਂ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ਼ ਕਰਨਾ ਪਿਆ ਸੀ। 16ਵੀਂ ਵਿਧਾਨ ਸਭਾ ਦਾ ਹੁਣ ਪੰਜਵਾਂ ਸਮਾਗਮ ਹੋਵੇਗਾ।

ਵੇਰਵਿਆਂ ਅਨੁਸਾਰ ਸੁਪਰੀਮ ਕੋਰਟ 'ਚ ਰਾਜਪਾਲ ਤਰਫੋਂ ਅਗਲੇ ਸੈਸ਼ਨ ਨੂੰ ਪ੍ਰਵਾਨਗੀ ਦੇਣ ਅਤੇ ਪੰਜਾਬ ਸਰਕਾਰ ਨੇ ਚੌਥੇ ਸਮਾਗਮ ਨੂੰ ਪੱਕੇ ਤੌਰ 'ਤੇ ਉਠਾਉਣ ਦੀ ਗੱਲ ਰੱਖੀ ਸੀ, ਜਿਸ ਨੂੰ ਹੁਣ ਅਮਲੀ ਰੂਪ ਦਿੱਤਾ ਜਾਵੇਗਾ। ਸੁਪਰੀਮ ਕੋਰਟ ਨੇ ਉਦੋਂ ਰਾਜਪਾਲ ਦੀ ਭੂਮਿਕਾ 'ਤੇ ਸੁਆਲ ਚੁੱਕਦਿਆਂ ਬਕਾਇਆ ਬਿੱਲਾਂ ਦਾ ਜਲਦੀ ਨਿਪਟਾਰਾ ਕੀਤੇ ਜਾਣ ਦੀ ਗੱਲ ਕਹੀ ਸੀ। ਚੇਤੇ ਰਹੇ ਕਿ ਰਾਜਪਾਲ ਨੇ ਪਹਿਲਾਂ ਸੁਪਰੀਮ ਕੋਰਟ ਦੇ ਦਖਲ ਮਗਰੋਂ ਹੀ ਬਜਟ ਸੈਸ਼ਨ ਨੂੰ ਪ੍ਰਵਾਨਗੀ ਦਿੱਤੀ ਸੀ ਅਤੇ ਉਸ ਮਗਰੋਂ ਵਿਧਾਨ ਸਭਾ ਦੀ ਜੂਨ ਵਿਚ ਬੈਠਕ ਹੋਈ ਸੀ। ਹੁਣ ਬਜਟ ਸੈਸ਼ਨ ਦੇ ਵਿਸਥਾਰ ਵਜੋਂ ਹੀ ਜਦੋਂ 20 ਅਕਤੂਬਰ ਨੂੰ ਵਿਧਾਨ ਸਭਾ ਦੀ ਦੋ ਦਿਨਾਂ ਬੈਠਕ ਸ਼ੁਰੂ ਹੋਈ ਤਾਂ ਰਾਜਪਾਲ ਨੇ ਇਸ ਨੂੰ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ ਸੀ। ਮੁੱਖ ਮੰਤਰੀ ਨੇ ਉਦੋਂ ਪਹਿਲੇ ਦਿਨ ਹੀ ਰਾਜਪਾਲ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਜਾਣ ਦਾ ਐਲਾਨ ਕਰ ਦਿੱਤਾ ਸੀ। ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਰਾਜਪਾਲ ਕੋਲ ਪਏ ਬਕਾਇਆ ਬਿੱਲਾਂ ਦੇ ਜਲਦੀ ਨਿਪਟਾਰੇ ਲਈ ਵੀ ਰਾਹ ਖੁੱਲ੍ਹ ਗਿਆ ਹੈ।

# 'ਆਪ' ਦੇ ਮੰਤਰੀਆਂ ਤੇ ਵਿਧਾਇਕਾਂ ਦਾ ਧਿਆਨ ਪੈਸਾ ਇਕੱਠ ਕਰਨ ਵੱਲ: ਸੁਖਬੀਰ

**ਪਟਿਆਲਾ:** ਸੂਬੇ ਵਿਚ ਵਧ ਰਹੀਆਂ ਲੁੱਟ-ਖੋਹ ਅਤੇ ਹਿੰਸਕ ਘਟਨਾਵਾਂ ਉਤੇ ਚਿੰਤਾ ਜ਼ਾਹਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਅਜਿਹੇ ਹਾਲਾਤ ਦਾ ਮੁੱਖ ਕਾਰਨ 'ਆਪ' ਸਰਕਾਰ ਦੇ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਪੈਸਾ ਇਕੱਠ ਕਰਨ ਵੱਲ ਧਿਆਨ ਕੇਂਦਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਅਤੇ ਮਾਈਨਿੰਗ ਦੇ ਕਾਰੋਬਾਰ 'ਚ ਹੱਥ ਰੰਗਣ ਮਗਰੋਂ ਹੁਣ 'ਆਪ' ਆਗੂ ਕੇਬਲ ਮਾਫੀਆ ਵੀ ਪੈਦਾ ਕਰਨ ਲੱਗੇ ਹਨ।

ਇਸ ਤਹਿਤ ਕੇਬਲ ਕਾਰੋਬਾਰੀਆਂ 'ਤੇ ਝੂਠੇ ਕੇਸ ਦਰਜ ਕੀਤੇ ਜਾਣ ਲੱਗੇ ਹਨ। ਜਿਲ੍ਹਾ ਅਕਾਲੀ ਜਥਾ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਅਮਿਤ ਰਾਠੀ, ਫਾਸਟਵੇਅ ਨੈਟਵਰਕ ਦੇ ਡਾਇਰੈਕਟਰ ਵਿਕਾਸ ਪੁਰੀ ਅਤੇ ਗੁਰਦੀਪ ਸਿੰਘ ਸਮੇਤ ਕੁਝ ਹੋਰਨਾਂ ਖਿਲਾਫ ਦਰਜ ਕੀਤੇ ਗਏ ਕੇਸ ਨੂੰ ਇਸੇ ਹੀ ਕੜੀ ਦਾ ਹਿੱਸਾ ਦੱਸਦਿਆਂ ਉਨ੍ਹਾਂ ਕਿਹਾ ਕਿ ਜੇ ਅਜਿਹੀਆਂ ਵਧੀਕੀਆਂ ਇਥੇ ਹੀ ਨਾ ਰੁਕੀਆਂ ਤਾਂ ਅਕਾਲੀ ਦਲ ਜਲਦੀ ਪਟਿਆਲਾ ਤੋਂ ਸੰਘਰਸ਼ ਵਿੱਢੇਗਾ।




ਉਨ੍ਹਾਂ ਕਿਹਾ ਕਿ ਕਈ ਸਾਲਾਂ ਤੋਂ ਕੇਬਲ ਨੈਟਵਰਕ ਦੇ ਕਾਰੋਬਾਰ ਨਾਲ ਜੁੜੇ ਅਮਿਤ ਰਾਠੀ ਅਤੇ ਵਿਕਾਸ ਪੁਰੀ ਰਾਹੀਂ ਹਜ਼ਾਰਾਂ ਅਪਰੇਟਰ ਆਪਣੇ ਪਰਿਵਾਰ ਪਾਲ ਰਹੇ ਹਨ ਪਰ ਮਾਈਨਿੰਗ 'ਚ ਹੱਥ ਰੰਗਣ ਮਗਰੋਂ ਪਟਿਆਲਾ ਜਿਲ੍ਹੇ ਨਾਲ ਸਬੰਧਤ ਕੁਝ 'ਆਪ' ਆਗੂਆਂ ਨੇ ਹੁਣ ਕੇਬਲ ਦੇ ਕਾਰੋਬਾਰ 'ਤੇ ਵੀ ਅੱਖ ਰੱਖ ਲਈ ਹੈ। ਪਿਛਲੇ ਦਿਨੀਂ ਥਾਣਾ ਸਿਵਲ ਲਾਈਨ 'ਚ ਦਰਜ ਕੀਤੇ ਗਏ ਇਰਾਦਾ ਕਤਲ ਦੇ ਕੇਸ ਨੂੰ ਝੂਠਾ ਕਰਾਰ ਦਿੰਦਿਆਂ ਸੁਖਬੀਰ ਨੇ ਕਿਹਾ ਕਿ ਅਸਲੀ ਹਮਲਾਵਰ ਦਾ ਤਾਂ ਪੁਲਿਸ ਨੂੰ ਪਤਾ ਨਹੀਂ ਲੱਗਾ ਪਰ ਰਾਠੀ, ਪੁਰੀ ਤੇ ਗੁਰਦੀਪ ਖਿਲਾਫ ਕੇਸ ਦਰਜ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜੇ ਇਹ ਕੇਸ ਰੱਦ ਨਾ ਕੀਤਾ ਗਿਆ ਤਾਂ ਅਕਾਲੀ ਦਲ ਜਲਦੀ ਹੀ ਸੰਘਰਸ਼ ਵਿੱਢੇਗਾ।

## ਕਾਂਗਰਸ ਦਾ ਸਾਥ ਦੇਣ ਵਾਲੇ ਕੌਂਸਲਰ ਅਕਾਲੀ ਦਲ ਵਿਚੋਂ ਕੱਢੇ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਗਰ ਨਿਗਮ ਦੇ ਚਾਰ ਅਕਾਲੀ ਕੌਂਸਲਰਾਂ ਨੂੰ ਪਾਰਟੀ 'ਚੋਂ ਕੱਢਣ ਦਾ ਐਲਾਨ ਕੀਤਾ। ਦਲ ਦੇ 4 ਕੌਂਸਲਰਾਂ ਨੇ ਨਿਗਮ ਦੇ ਮੇਅਰ ਰਮਨ ਗੋਇਲ ਨੂੰ ਬੇਭਰੋਸਗੀ ਦੇ ਮਤੇ ਰਾਹੀਂ ਗੱਦੀ ਤੋਂ ਉਤਾਰਨ ਲਈ ਕਾਂਗਰਸ ਦਾ ਸਾਥ ਦਿੱਤਾ ਸੀ। ਸ੍ਰੀ ਬਾਦਲ ਬਠਿੰਡਾ ਖੇਤਰ ਦੇ ਟਕਸਾਲੀ ਆਗੂ ਅਤੇ ਐਸ.ਜੀ.ਪੀ.ਸੀ. ਮੈਂਬਰ ਸੁਖਦੇਵ ਸਿੰਘ ਬਾਈਆ ਦੀ ਅਮਰੀਕਾ ਵਿਚ ਹੋਈ ਮੌਤ 'ਤੇ ਉਨ੍ਹਾਂ ਦੇ ਘਰ ਅਫਸੋਸ ਕਰਨ ਮੌਕੇ ਪੁੱਜੇ ਹੋਏ ਸਨ।

ਮੀਡੀਆ ਦੇ ਰੂਬਰੂ ਹੁੰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਦਾ ਸਾਥ ਦੇਣ ਵਾਲੇ ਕੌਂਸਲਰ ਹੁਣ ਸਾਡੀ ਪਾਰਟੀ ਦੇ ਨਹੀਂ ਹਨ। ਇਨ੍ਹਾਂ ਕੌਂਸਲਰ ਵਿਚ ਹਰਪਾਲ ਸਿੰਘ ਢਿੱਲੋਂ ਬਠਿੰਡਾ ਸ਼ਹਿਰੀ ਦੇ ਯੂਥ ਪ੍ਰਧਾਨ, ਮੱਖਣ ਸਿੰਘ ਐੱਸੀ ਵਿੰਗ ਦੇ ਪ੍ਰਧਾਨ, ਕੰਵਲਜੀਤ ਕੌਰ ਅਤੇ ਗੁਰਦੇਵ ਕੌਰ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਨਿਗਮ ਚੋਣਾਂ ਮੌਕੇ ਅਕਾਲੀ ਦਲ ਦੇ 7 ਕੌਂਸਲਰ ਜਿੱਤੇ ਸਨ। ਇਨ੍ਹਾਂ ਵਿਚੋਂ ਇਕ ਕੌਂਸਲਰ ਨਿਗਮ ਦੇ ਸਾਬਕਾ ਮੇਅਰ ਬਲਵੰਤ ਨਾਥ ਰਾਏ ਨਾਲ ਅਕਾਲੀ ਦਲ ਨੂੰ ਅਲਵਿਦਾ ਕਹਿੰਦੇ ਹੋਏ ਕਾਂਗਰਸ ਵਿਚ ਸ਼ਾਮਲ ਹੋ ਗਿਆ ਸੀ। ਇਕ ਕੌਂਸਲਰ ਸਾਬਕਾ ਅਕਾਲੀ ਵਿਧਾਇਕ ਰਹੇ ਸਰੂਪ ਚੰਦ ਸਿੰਗਲਾ ਨਾਲ ਭਾਜਪਾ ਵਿਚ ਚਲਾ ਗਿਆ ਸੀ।

# ਸੰਜੈ ਸਿੰਘ ਨੇ ਮਜੀਠੀਆ ਵਾਲੇ ਮਾਣਹਾਨੀ ਮਾਮਲੇ 'ਚ ਪੇਸ਼ੀ ਭੁਗਤੀ




**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਮਾਣਹਾਨੀ ਮਾਮਲੇ ਵਿਚ 'ਆਪ' ਦੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਸਥਾਨਕ ਅਦਾਲਤ ਵਿੱਚ ਪੇਸੀ ਭੁਗਤੀ। ਅਦਾਲਤ ਵੱਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ 16 ਦਸੰਬਰ ਨੂੰ ਨਿਰਧਾਰਤ ਕੀਤੀ ਗਈ ਹੈ।

ਜਾਣਕਾਰੀ ਅਨੁਸਾਰ 'ਆਪ' ਆਗੂ ਸੰਜੈ ਸਿੰਘ ਕਥਿਤ ਸ਼ਰਾਬ ਘੁਟਾਲੇ ਦੇ ਦੋਸ਼ਾਂ 'ਚ ਇਸ ਵੇਲੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹਨ ਜਿਨ੍ਹਾਂ ਨੂੰ ਤਿਹਾੜ ਜੇਲ੍ਹ ਤੋਂ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਅੰਮ੍ਰਿਤਸਰ ਲਿਆਂਦਾ ਗਿਆ ਸੀ। ਇਸ ਦੌਰਾਨ ਉਨ੍ਹਾਂ ਦੀ ਪਤਨੀ ਵੱਖਰੇ ਤੌਰ 'ਤੇ ਅੰਮ੍ਰਿਤਸਰ ਪੁੱਜੀ ਸੀ ਜਿਨ੍ਹਾਂ ਨੇ ਕੁਝ ਸਮੇਂ ਲਈ ਅਦਾਲਤੀ ਕੰਪਲੈਕਸ 'ਚ ਸੰਜੈ ਸਿੰਘ ਨਾਲ ਮੁਲਾਕਾਤ ਕੀਤੀ। ਪੁਲਿਸ ਨੇ ਮੀਡੀਆ ਨੂੰ ਉਨ੍ਹਾਂ ਦੇ ਨੇੜੇ ਨਹੀਂ ਜਾਣ ਦਿੱਤਾ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੀ ਅਦਾਲਤ ਵਿਚ ਪੁੱਜੇ ਹੋਏ ਸਨ। ਇਸ ਦੌਰਾਨ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਸ ਖਿਲਾਫ ਨਸ਼ਿਆਂ ਸਬੰਧੀ ਦੋਸ਼ ਲਾਉਣ ਵਾਲਾ ਅੱਜ ਖੁਦ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਜੇਲ੍ਹ 'ਚ ਬੰਦ ਹੈ। ਉਸ ਨੂੰ ਪੁਲਿਸ ਦੇ ਸੁਰੱਖਿਆ ਘੇਰੇ ਹੇਠ ਅਦਾਲਤ ਵਿਚ ਪੇਸ਼ੀ ਵਾਸਤੇ ਲਿਆਂਦਾ ਗਿਆ। ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਸੂਬੇ ਵਿਚ ਅਮਨ ਅਤੇ ਕਾਨੂੰਨ ਦੀ ਸਥਿਤੀ ਬਦਤਰ ਹੋ ਚੁੱਕੀ ਹੈ। 'ਆਪ' ਦੇ ਇਕ ਆਗੂ ਸਬੰਧੀ ਵਿਵਾਦਤ ਵੀਡੀਓ ਬਾਰੇ ਉਨ੍ਹਾਂ ਕਿਹਾ ਉਹ ਇਹ ਵੀਡੀਓ ਮੁੱਖ ਮੰਤਰੀ ਨੂੰ ਸੌਂਪਣਾ ਚਾਹੁੰਦੇ ਸਨ ਪਰ ਹੁਣ ਮੁੱਖ ਮੰਤਰੀ ਵੀ ਸ਼ੱਕ ਦੇ ਘੇਰੇ ਵਿਚ ਹੈ। ਇਸ ਲਈ ਇਹ ਵੀਡੀਓ ਹੁਣ ਉਸ ਨੂੰ ਨਹੀਂ ਸੌਂਪਣਗੇ। ਹੁਣ ਉਹ ਇਹ ਵੀਡੀਓ ਸਿਰਫ ਅਰਵਿੰਦ ਕੇਜਰੀਵਾਲ ਨੂੰ ਹੀ ਸੌਂਪ ਸਕਦੇ ਹਨ।

ਜ਼ਿਕਰਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਨੇ 2016 ਵਿਚ ਸੰਜੈ ਸਿੰਘ ਖਿਲਾਫ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਸੰਜੈ ਸਿੰਘ ਨੇ ਅਕਾਲੀ ਆਗੂ ਖਿਲਾਫ ਨਸ਼ਾ ਤਸਕਰੀ ਦੇ ਦੋਸ਼ ਲਾਏ ਗਏ ਸਨ ਜਿਸ ਨੂੰ ਮਜੀਠੀਆ ਨੇ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਇਸੇ ਮਾਮਲੇ 'ਚ ਇਕ ਕੇਸ ਅਰਵਿੰਦ ਕੇਜਰੀਵਾਲ ਖਿਲਾਫ ਵੀ ਦਾਇਰ ਕੀਤਾ ਗਿਆ ਸੀ ਪਰ ਕੇਜਰੀਵਾਲ ਨੇ ਸ੍ਰੀ ਮਜੀਠੀਆ ਕੋਲੋਂ ਮੁਆਫੀ ਮੰਗ ਲਈ ਸੀ।

# ਭਗਵੰਤ ਮਾਨ ਤੇ ਕੇਜਰੀਵਾਲ ਵੱਲੋਂ 867 ਕਰੋੜ ਦੇ ਪ੍ਰੋਜੈਕਟਾਂ ਦਾ ਉਦਘਾਟਨ



**ਹੁਸ਼ਿਆਰਪੁਰ:** ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ 867 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਇਸ ਵਿਚ 550 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਰਕਾਰੀ ਮੈਡੀਕਲ ਕਾਲਜ ਸਮੇਤ ਕਈ ਹੋਰ ਪ੍ਰੋਜੈਕਟ ਸ਼ਾਮਲ ਹਨ।

ਸ਼ਹੀਦ ਊਧਮ ਸਿੰਘ ਦੇ ਨਾਮ 'ਤੇ ਬਣਨ ਵਾਲੇ ਇਸ ਕਾਲਜ ਵਿਚ ਐਮ.ਬੀ.ਬੀ.ਐਸ. ਦੀਆਂ 100 ਸੀਟਾਂ ਹੋਣਗੀਆਂ। ਇਸ ਦੌਰਾਨ ਉਨ੍ਹਾਂ ਸ੍ਰੀ ਖੁਰਾਲਗੜ੍ਹ ਵਿਚ ਗੁਰੂ ਰਵਿਦਾਸ ਜੀ ਮੈਮੋਰੀਅਲ ਅਤੇ ਆਡੀਟੋਰੀਅਮ ਤੇ ਓਪਨ ਥੀਏਟਰ ਵੀ ਲੋਕਾਂ ਨੂੰ ਸਮਰਪਿਤ ਕੀਤਾ। ਉਨ੍ਹਾਂ ਕਿਹਾ ਕਿ 148 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਇਹ ਪ੍ਰੋਜੈਕਟ ਲੋਕਾਂ ਨੂੰ ਗੁਰੂ ਰਵਿਦਾਸ ਜੀ ਦੇ ਜੀਵਨ ਫਲਸਫ਼ੇ ਬਾਰੇ ਜਾਣੂ ਕਰਵਾਉਣ 'ਚ ਸਹਾਈ ਹੋਵੇਗਾ। ਇਸ ਦੌਰਾਨ ਉਨ੍ਹਾਂ ਨੇ 30.82 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਬਜਵਾੜਾ ਦੇ ਕਿਲਾ ਬੈਰੋਂ ਵਿਚ ਬਣਨ ਵਾਲੇ ਸੀਵਰੇਜ ਪ੍ਰੋਜੈਕਟ ਅਤੇ 5.29 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਫਰਦ ਕੇਂਦਰ ਦੇ ਨਾਲ ਤਹਿਸੀਲ ਇਮਾਰਤ ਦੇ ਨਿਰਮਾਣ ਦਾ ਨੀਂਹ ਪੱਥਰ ਵੀ ਰੱਖਿਆ।

ਇਸ ਤੋਂ ਇਲਾਵਾ ਮੁਹੱਲਾ ਕੱਚਾ ਟੋਭਾ, ਨਿਊ ਸ਼ਾਂਤੀ ਨਗਰ, ਪ੍ਰੇਮਗੜ੍ਹ, ਨਿਊ ਬੈਂਕ ਕਲੋਨੀ ਤੇ ਬੂਥਗੜ੍ਹ ਵਿਚ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਲਈ 1.94 ਕਰੋੜ ਰੁਪਏ ਦੇ ਪ੍ਰੋਜੈਕਟਾਂ, 1.52 ਕਰੋੜ ਰੁਪਏ ਦੀ ਲਾਗਤ ਵਾਲੇ ਬਾਲਾਪੀਰ ਰੋਡ, ਟਾਂਡਾ ਰੋਡ ਤੋਂ ਮੁੱਖ ਸੜਕ ਬੇਗੋਵਾਲ ਦੇ ਨਿਰਮਾਣ, ਇੰਟਰਲਾਕਿੰਗ ਟਾਈਲਾਂ ਦੇ ਕੰਮ ਸਮੇਤ ਫਗਵਾੜਾ 'ਚ 14 ਕਰੋੜ ਤੇ ਗੜ੍ਹਸ਼ੰਕਰ 'ਚ 1.36 ਕਰੋੜ ਦੀ ਲਾਗਤ ਵਾਲੇ ਵੱਖ-ਵੱਖ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ। ਉਨ੍ਹਾਂ 22.68 ਕਰੋੜ ਰੁਪਏ ਦੀ ਲਾਗਤ ਨਾਲ ਸਾਰੇ ਜ਼ਿਲ੍ਹਿਆਂ ਵਿਚ ਖਾਲੀ ਪਈਆਂ ਪੰਚਾਇਤੀ ਜ਼ਮੀਨਾਂ 'ਤੇ ਖੇਡ ਮੈਦਾਨਾਂ ਦੀ ਉਸਾਰੀ ਦੇ ਪ੍ਰੋਜੈਕਟ ਦੀ ਵੀ ਸ਼ੁਰੂਆਤ ਕੀਤੀ। ਉਨ੍ਹਾਂ 26.96 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਬਹਾਦੁਰ ਅਮੀ ਚੰਦ ਸੋਨੀ ਇੰਸਟੀਚਿਊਟ ਦਾ ਉਦਘਾਟਨ ਕੀਤਾ। ਇਸ ਤੋਂ ਇਲਾਵਾ 5.75 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਗਏ 30 ਬਿਸਤਰਿਆਂ ਵਾਲੇ ਮਦਰ ਐਂਡ ਚਾਈਲਡ ਹਸਪਤਾਲ ਵਿੰਗ ਲਈ ਨਵੀਂ ਇਮਾਰਤ ਸਮਰਪਿਤ ਕੀਤੀ।

ਇਸ ਦੌਰਾਨ ਉਨ੍ਹਾਂ ਗੜ੍ਹਸ਼ੰਕਰ 'ਚ 80 ਲੱਖ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਸਬ ਡਵੀਜ਼ਨ ਹਸਪਤਾਲ, 50 ਲੱਖ ਰੁਪਏ ਦੀ ਲਾਗਤ ਨਾਲ ਮਾਹਿਲਪੁਰ ਵਿਚ ਤਿਆਰ ਕੀਤਾ ਆਮ ਆਦਮੀ ਕਲੀਨਿਕ ਅਤੇ 500 ਵਿਅਕਤੀਆਂ ਦੀ ਸਮਰੱਥਾ ਵਾਲਾ 1.42 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਮਲਟੀਪਰਪਜ਼ ਹਾਲ ਲੋਕਾਂ ਨੂੰ ਸਮਰਪਿਤ ਕੀਤਾ। ਨਗਰ ਕੌਂਸਲ ਹਰਿਆਣਾ ਨੂੰ ਸੀਵਰੇਜ ਦੀ ਸਹੂਲਤ ਵਾਸਤੇ ਉਨ੍ਹਾਂ 3.14 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ।

## 'ਆਪ' ਕੰਢੀ ਖੇਤਰ ਦੇ ਵਿਕਾਸ ਲਈ ਵਚਨਬੱਧ: ਮਾਨ

**ਹੁਸ਼ਿਆਰਪੁਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਹੁਸ਼ਿਆਰਪੁਰ 'ਚ 867 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖਣ ਤੋਂ ਬਾਅਦ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਇਕ ਇਤਿਹਾਸਕ ਮੌਕਾ ਹੈ ਜਦੋਂ ਸਮੁੱਚੇ ਕੰਢੀ ਖੇਤਰ ਦੀ ਕਿਸਮਤ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਇਸ ਖੇਤਰ ਦੇ ਵਿਕਾਸ ਨੂੰ ਹੁਲਾਰਾ ਦੇਣਗੇ ਤੇ ਲੋਕਾਂ ਦੇ ਜੀਵਨ ਵਿਚ ਖੁਸ਼ਹਾਲੀ ਲਿਆਉਣਗੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਹਮੇਸ਼ਾ ਇਸ ਖੇਤਰ ਨੂੰ ਅੱਖੋਂ-ਪਰੋਖੇ ਕੀਤਾ ਪਰ ਉਨ੍ਹਾਂ ਦੀ ਸਰਕਾਰ ਇਸ ਖੇਤਰ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਲਈ ਪੂਰਨ ਸਹਿਯੋਗ ਦੀ ਮੰਗ ਕੀਤੀ।

# ਸ਼੍ਰੋਮਣੀ ਕਮੇਟੀ ਦੀ ਮਜ਼ਬੂਤੀ ਲਈ ਇਕਜੁਟ ਹੋ ਕੇ ਯਤਨ ਕਰਨ ਦਾ ਸੱਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦਾ ਸਥਾਪਨਾ ਦਿਵਸ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮਨਾਇਆ ਗਿਆ। ਇਸ ਮੌਕੇ ਸਿੱਖ ਸੰਸਥਾ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਗਿਆ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ।

ਅਰਦਾਸ ਉਪਰੰਤ ਪਾਵਨ ਹੁਕਮਨਾਮਾ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਲਿਆ। ਉਨ੍ਹਾਂ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਤੀ ਲਈ ਕੌਮ ਦੇ ਵਡੇਰਿਆਂ ਨੇ ਅਨੇਕਾਂ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਕੁਦਰਤੀ ਆਫਤਾਂ ਸਮੇਂ ਮਨੁੱਖਤਾ ਦੀ ਭਲਾਈ ਲਈ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਦੁਨੀਆ ਵਿਚ ਬਹੁਤ ਸਾਰੇ ਧਰਮ ਹਨ ਪਰ ਕਿਸੇ ਵੀ ਧਰਮ ਕੋਲ ਸ਼੍ਰੋਮਣੀ ਕਮੇਟੀ ਜਿਹੀ ਚੁਣੀ ਹੋਈ ਧਾਰਮਿਕ ਸੰਸਥਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਥ ਦੀ ਇਸ ਸਿਰਮੌਰ ਸੰਸਥਾ ਦੀ ਮਜ਼ਬੂਤੀ ਲਈ ਇਕਜੁਟ ਹੋ ਕੇ ਯਤਨ ਕਰਦਿਆਂ ਸੰਸਥਾ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਨੂੰ ਮੂੰਹ ਤੋੜ ਜਵਾਬ ਦੇਣਾ ਸਮੇਂ ਦੀ ਵੱਡੀ ਲੋੜ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਵੀ ਸੰਬੋਧਨ ਕੀਤਾ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੌਰਾਨ ਸਿੱਖ ਸੰਸਥਾ ਦੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਇਕ ਸਦੀ ਦੇ ਸਫ਼ਰ ਦੌਰਾਨ ਜਿੱਥੇ ਗੁਰਦੁਆਰਾ ਸਾਹਿਬਾਨ ਦੇ ਬਿਹਤਰ ਪ੍ਰਬੰਧਾਂ ਲਈ ਜ਼ਿੰਮੇਵਾਰੀ ਨਿਭਾਈ ਉਥੇ ਧਰਮ ਦੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਸਿੱਖਿਆ ਅਤੇ ਮੈਡੀਕਲ ਸੇਵਾਵਾਂ ਵਿਚ ਵੀ ਜ਼ਿਕਰਯੋਗ ਕਾਰਜ ਕੀਤੇ।

ਸ਼੍ਰੋਮਣੀ ਕਮੇਟੀ ਵੱਲੋਂ ਕੁਦਰਤੀ ਆਫ਼ਤਾਂ ਸਮੇਂ ਨਿਭਾਈਆਂ ਸੇਵਾਵਾਂ ਦੀ ਪੂਰੀ ਦੁਨੀਆ ਵਿਚ ਚਰਚਾ ਹੋਈ। ਉਨ੍ਹਾਂ ਸਮੂਹ ਸਿੱਖ ਪੰਥ ਨੂੰ ਇਸ ਮਹਾਨ ਸੰਸਥਾ ਦੀ ਮਜ਼ਬੂਤੀ ਲਈ ਇਕਜੁਟ ਹੋ ਕੇ ਯਤਨ ਕਰਨ ਦੀ ਅਪੀਲ ਕੀਤੀ।

## ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਮਿਤੀ ਵਧਾਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀਆਂ ਹੋਣ ਵਾਲੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ 29 ਫਰਵਰੀ 2024 ਤੱਕ ਅੱਗੇ ਪਾ ਦਿੱਤੀ ਗਈ ਹੈ। ਇਸ ਸਬੰਧੀ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਸੋਧੇ ਹੋਏ ਪ੍ਰੋਗਰਾਮ ਦੇ ਨਾਲ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਪਹਿਲਾਂ ਸਿੱਖ ਸੰਸਥਾ ਦੇ ਨਵੇਂ ਜਨਰਲ ਹਾਊਸ ਲਈ ਵੋਟਰ ਰਜਿਸਟ੍ਰੇਸ਼ਨ ਦਾ ਸਮਾਂ 21 ਅਕਤੂਬਰ ਤੋਂ 15 ਨਵੰਬਰ ਤੱਕ ਸੀ। ਇਸ ਸਬੰਧੀ ਸੂਚਨਾ ਇੱਥੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸ਼੍ਰੋਮਣੀ ਕਮੇਟੀ ਕੋਲ ਵੀ ਪੁੱਜੀ ਹੈ। ਇਸ ਵਿਚ ਕਿਹਾ ਗਿਆ ਹੈ ਕਿ 21 ਮਾਰਚ ਤੱਕ ਮੁਢਲੀ ਸੂਚੀਆਂ ਦੀ ਪ੍ਰਕਾਸ਼ਨਾ ਹੋਵੇਗੀ ਅਤੇ ਦਾਅਵਿਆਂ ਅਤੇ ਇਤਰਾਜ਼ਾਂ ਦੀ ਪ੍ਰਾਪਤੀ ਦੀ ਆਖਰੀ ਮਿਤੀ 11 ਅਪਰੈਲ ਹੋਵੇਗੀ। ਜਿਨ੍ਹਾਂ ਦਾ ਨਿਪਟਾਰਾ ਸਬੰਧਤ ਡਿਪਟੀ ਕਮਿਸ਼ਨਰਾਂ ਵੱਲੋਂ ਮਨੋਨੀਤ ਰੀਵਾਈਜ਼ਿੰਗ ਅਥਾਰਿਟੀਆਂ ਦੁਆਰਾ 21 ਅਪਰੈਲ ਤੱਕ ਕੀਤਾ ਜਾਵੇਗਾ। ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 3 ਮਈ ਤੱਕ ਹੋਵੇਗੀ।

## ਬੰਦੀ ਸਿੰਘਾਂ ਦੀ ਰਿਹਾਈ ਲਈ ਤਖਤ ਸ੍ਰੀ ਕੇਸਗੜ੍ਹ ਵਿਖੇ ਅਰਦਾਸ ਸਮਾਗਮ

**ਸ੍ਰੀ ਆਨੰਦਪੁਰ ਸਾਹਿਬ:** ਅਸਾਮ ਦੇ ਡਿੱਬਰੂਗੜ੍ਹ ਜੇਲ੍ਹ ਵਿਚ ਐਨ.ਐਸ.ਏ ਤਹਿਤ ਬੰਦ ਅੰਮ੍ਰਿਤਪਾਲ ਸਿੰਘ ਅਤੇ ਕਈ ਹੋਰ ਜੇਲ੍ਹਾਂ ਵਿਚ ਨਜ਼ਰਬੰਦ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਵੱਲੋਂ ਦਿੱਤੇ ਗਏ ਪ੍ਰੋਗਰਾਮ ਤਹਿਤ ਅਰਦਾਸ ਸਮਾਗਮ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਵਾਇਆ ਗਿਆ। ਸਮਾਗਮ ਵਿਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ ਤੇ ਹੋਰ ਬੰਦੀ ਸਿੰਘਾਂ ਦੇ ਪਰਿਵਾਰਾਂ, ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਤੇ ਸਿੱਖ ਸੰਗਤ ਨੇ ਸ਼ਿਰਕਤ ਕੀਤੀ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ। ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਕਿਹਾ ਕਿ ਉਨ੍ਹਾਂ ਨੂੰ ਗੁਰੂ ਘਰਾਂ ਵਿਚ ਨਤਮਸਤਕ ਹੋਣ ਤੋਂ ਰੋਕਣ ਲਈ ਸਰਕਾਰ ਵੱਲੋਂ ਪੂਰਾ ਪੁਲਿਸ ਤੰਤਰ ਲਗਾਇਆ ਗਿਆ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਸੰਗਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪੁੱਜੀ। ਉਨ੍ਹਾਂ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਤੀਸਰਾ ਅਰਦਾਸ ਸਮਾਗਮ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਵਿਖੇ 3 ਦਸੰਬਰ ਨੂੰ ਹੋਵੇਗਾ।

# ਸਿੱਖ ਸੰਸਥਾਵਾਂ ਬਲਵੰਤ ਸਿੰਘ ਰਾਜੋਆਣਾ ਦੀ ਪੈਰਵੀ ਕਰਨ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਨੂੰ ਆਦੇਸ਼ ਦਿੱਤਾ ਹੈ ਕਿ ਦੋਵੇਂ ਸਿੱਖ ਸੰਸਥਾਵਾਂ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਪਟੀਸ਼ਨ 'ਤੇ ਜਲਦ ਫੈਸਲਾ ਕਰਵਾਉਣ ਲਈ ਤੁਰਤ ਕੇਂਦਰ ਸਰਕਾਰ ਕੋਲ ਪੈਰਵੀ ਕਰਨ। ਇਸ ਸਬੰਧੀ ਸ੍ਰੀ ਅਕਾਲ ਤਖਤ ਵੱਲੋਂ ਦੋਵਾਂ ਸਿੱਖ ਸੰਸਥਾਵਾਂ ਨੂੰ ਆਦੇਸ਼ ਪੱਤਰ ਜਾਰੀ ਕੀਤਾ ਗਿਆ ਹੈ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਪਿਛਲੇ 28 ਸਾਲਾਂ ਤੋਂ ਜੇਲ੍ਹ ਵਿਚ ਨਜ਼ਰਬੰਦ ਹੈ ਅਤੇ 17 ਸਾਲਾਂ ਤੋਂ ਮਹਿਜ਼ 8 ਫੁੱਟ ਦੀ ਫਾਂਸੀ ਦੀ ਚੱਕੀ ਵਿਚ ਬੰਦ ਹੈ। ਜਥੇਦਾਰ ਨੇ ਭੇਜੇ ਪੱਤਰ ਵਿਚ ਆਖਿਆ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਅਨੁਸਾਰ ਸਾਲ 2012 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਰਾਸ਼ਟਰਪਤੀ ਕੋਲ ਪਾਈ ਪਟੀਸ਼ਨ 'ਤੇ 11 ਸਾਲ ਬੀਤ ਜਾਣ ਉੱਤੇ ਵੀ ਕੋਈ ਫੈਸਲਾ ਅਮਲ ਵਿਚ ਨਹੀਂ ਆਇਆ। ਆਦੇਸ਼ ਪੱਤਰ ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਨੂੰ 8 ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਠੋਸ ਯਤਨਾਂ ਨੂੰ ਤੇਜ਼ੀ ਨਾਲ ਅਮਲ ਵਿਚ ਲਿਆਉਂਦਿਆਂ ਮਿਥੇ ਸਮੇਂ ਅੰਦਰ ਇਨ੍ਹਾਂ ਦੀ ਰਿਪੋਰਟ ਅਕਾਲ ਤਖ਼ਤ ਨੂੰ ਭੇਜਣ ਲਈ ਹਦਾਇਤ ਕੀਤੀ ਹੈ। ਜ਼ਿਕਰਯੋਗ ਹੈ ਕਿ ਰਾਜੋਆਣਾ ਵੱਲੋਂ ਕਿਹਾ ਗਿਆ ਹੈ ਕਿ ਉਸ ਦੀ ਫਾਂਸੀ ਦੀ ਸਜਾ ਮੁਆਫੀ ਬਾਰੇ ਦਿੱਤੀ ਗਈ ਪਟੀਸ਼ਨ ਵਾਪਸ ਲੈ ਲਈ ਜਾਵੇ। ਉਸ ਨੇ ਜੇਲ੍ਹ ਵਿਚ ਮਰਨ ਵਰਤ ਦੀ ਵੀ ਚਿਤਾਵਨੀ ਦਿੱਤੀ ਹੈ।



## ਕੇਂਦਰ ਪੱਖਪਾਤ ਛੱਡ ਕੇ ਬੰਦੀ ਸਿੰਘਾਂ ਨੂੰ ਰਿਹਾਅ ਕਰੇ: ਧਾਮੀ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਨਾਲ ਪੱਖਪਾਤੀ ਰਵੱਈਆ ਛੱਡ ਕੇ ਭਾਰਤ ਸਰਕਾਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰਤ ਰਿਹਾਅ ਕਰੇ। ਉਨ੍ਹਾਂ ਕਿਹਾ ਕਿ ਸਿੱਖ ਸਜਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਹਨ ਅਤੇ ਕਿਸੇ ਕੌਮ ਨਾਲ ਇਸ ਤੋਂ ਵੱਡਾ ਵਿਤਕਰਾ ਹੋਰ ਕੀ ਹੋ ਸਕਦਾ ਹੈ? ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਜਿਥੇ ਕਾਨੂੰਨੀ ਲੜਾਈ ਜਾਰੀ ਰੱਖੀ ਹੋਈ ਹੈ, ਉਥੇ ਹੀ ਬੰਦੀ ਸਿੰਘਾਂ ਦੀ ਰਿਹਾਈ ਲਈ ਹੋਰ ਢੰਗ ਤਰੀਕਿਆਂ ਨਾਲ ਵੀ ਅਵਾਜ਼ ਬੁਲੰਦ ਕੀਤੀ ਜਾ ਰਹੀ ਹੈ ਜਿਸ ਸਬੰਧੀ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਹੀ 26 ਲੱਖ ਲੋਕਾਂ ਦੇ ਦਸਤਖ਼ਤਾਂ ਵਾਲ਼ੇ ਫਾਰਮ ਰਾਜਪਾਲ ਰਾਹੀਂ ਕੇਂਦਰ ਸਰਕਾਰ ਨੂੰ ਭੇਜਣ ਦੀ ਕਾਰਵਾਈ ਦੀ ਗੱਲ ਵੀ ਕੀਤੀ। ਉਨ੍ਹਾਂ ਦੱਸਿਆ ਕਿ ਜਲਦੀ ਹੀ ਬੰਦੀ ਸਿੱਖਾਂ ਦੀ ਰਿਹਾਈ ਲਈ ਅਗਲੀ ਰਣਨੀਤੀ ਵੀ ਉਲੀਕੀ ਜਾਵੇਗੀ।

# ਆਸਟਰੇਲੀਆ ਵਿਚ ਸਿੱਖ ਰੇਸਤਰਾਂ ਮਾਲਕ 'ਤੇ ਨਸਲੀ ਹਮਲੇ

**ਮੈਲਬਰਨ:** ਆਸਟਰੇਲੀਆ ਵਿਚ ਰਹਿਣ ਵਾਲੇ ਇਕ ਸਿੱਖ ਰੇਸਤਰਾਂ ਮਾਲਕ ਨੇ ਦੋਸ਼ ਲਾਇਆ ਕਿ ਹਾਲ ਹੀ ਦੇ ਮਹੀਨਿਆਂ 'ਚ ਉਸ ਨੂੰ ਕਈ ਵਾਰ ਨਸਲੀ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ। ਉਸ ਨੂੰ ਘਰ ਵਾਪਸ ਜਾਣ ਲਈ ਕਿਹਾ ਗਿਆ ਤੇ ਉਸ ਦੀ ਕਾਰ 'ਤੇ ਕੁੱਤੇ ਦਾ ਗੰਦ ਸੁੱਟਿਆ ਗਿਆ। ਆਸਟਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੀ ਰਿਪੋਰਟ ਅਨੁਸਾਰ ਤਸਮਾਨੀਆ ਦੇ ਹੋਬਾਰਟ 'ਚ ਰੇਸਤਰਾਂ ਚਲਾ ਰਹੇ ਜਰਨੈਲ ਸਿੰਘ ਨੇ ਕਿਹਾ ਕਿ ਪਿਛਲੇ ਦੋ ਜਾਂ ਤਿੰਨ ਮਹੀਨਿਆਂ ਤੋਂ ਉਸ ਨੂੰ ਨਸਲੀ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਉਸ ਨੇ ਕਿਹਾ, 'ਮੇਰੇ ਨਾਲ ਅਜਿਹਾ ਪਹਿਲਾਂ ਕਦੇ ਵੀ ਨਹੀਂ ਹੋਇਆ ਸੀ ਪਰ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਮੈਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।'

ਉਸ ਨੇ ਦੱਸਿਆ, 'ਇਹ ਮਾਨਸਿਕ ਤੌਰ 'ਤੇ ਬਹੁਤ ਤਣਾਅ ਵਾਲੀ ਗੱਲ ਹੈ ਜਦੋਂ ਕੋਈ ਤੁਹਾਡੇ ਘਰ ਆ ਜਾਂਦਾ ਹੈ ਅਤੇ ਖਾਸ ਤੌਰ 'ਤੇ ਤੁਹਾਡਾ ਨਾਂ ਲੈ ਤੁਹਾਨੂੰ ਨਿਸ਼ਾਨਾ ਬਣਾਉਂਦਾ ਹੈ। ਇਸ ਨਾਲ ਮਾਨਸਿਕ ਤੌਰ 'ਤੇ ਬਹੁਤ ਪਰੇਸ਼ਾਨੀ ਹੁੰਦੀ ਹੈ। ਕੁਝ ਕੀਤਾ ਜਾਣਾ ਚਾਹੀਦਾ ਹੈ।' ਉਨ੍ਹਾਂ ਦੱਸਿਆ ਕਿ ਪਹਿਲੀ ਘਟਨਾ ਵਿਚ ਚਾਰ-ਪੰਜ ਦਿਨ ਲਗਾਤਾਰ ਉਸ ਦੇ ਘਰ ਦੇ ਬਾਹਰ ਖੜ੍ਹੀ ਉਸ ਦੀ ਕਾਰ ਦੇ ਦਰਵਾਜੇ ਦੇ ਹੈਂਡਲ 'ਤੇ ਕੁੱਤੇ ਦਾ ਗੰਦ ਲਾਇਆ ਜਾਂਦਾ ਰਿਹਾ। ਇਸ ਮਗਰੋਂ ਉਸ ਦੇ ਰਾਹ ਵਿਚ ਨਸਲੀ ਨਾਅਰੇ ਲਿਖੇ ਗਏ ਤੇ ਉਸ ਨੂੰ 'ਭਾਰਤੀ, ਘਰ ਵਾਪਸ ਜਾਓ' ਕਿਹਾ ਗਿਆ। ਉਸ ਨੇ ਪੁਲਿਸ ਨੂੰ ਰਿਪੋਰਟ ਕੀਤੀ ਪਰ ਕੋਈ ਵੀਡੀਓ ਸਬੂਤ ਨਾ ਹੋਣ ਕਾਰਨ ਸ਼ਰਾਰਤੀਆਂ ਦਾ ਪਤਾ ਨਹੀਂ ਲਾਇਆ ਜਾ ਸਕਿਆ।



ਜਰਨੈਲ ਸਿੰਘ ਨੇ ਕਿਹਾ ਕਿ ਉਸ ਨੂੰ ਸਭ ਤੋਂ ਪਹਿਲਾਂ ਇੱਕ ਨੌਜਵਾਨ ਵੱਲੋਂ ਲਿਖਿਆ ਨਸਲੀ ਟਿੱਪਣੀਆਂ ਵਾਲਾ ਇਕ ਪੱਤਰ ਮਿਲਿਆ ਸੀ ਪਰ ਉਸ ਨੇ ਪੁਲਿਸ ਨੂੰ ਸੂਚਨਾ ਦੇਣ ਮਗਰੋਂ ਇਸ ਵੱਲ ਧਿਆਨ ਨਾ ਦਿੱਤਾ। ਇਸ ਤੋਂ ਇਕ ਮਹੀਨੇ ਬਾਅਦ ਇਕ ਹੋਰ ਪੱਤਰ ਮਿਲਿਆ ਜਿਸ ਵਿਚ ਹੋਰ ਵੀ ਭੱਦੀਆਂ ਨਸਲੀ ਟਿੱਪਣੀਆਂ ਸਨ ਤੇ ਉਸ ਦੀ ਕਾਰ ਤੋੜਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ।

ਜ਼ਿਕਰਯੋਗ ਹੈ ਜਰਨੈਲ ਸਿੰਘ ਪਿਛਲੇ 15 ਸਾਲ ਤੋਂ ਆਸਟਰੇਲੀਆ ਵਿਚ ਰਹਿ ਰਿਹਾ ਹੈ। ਤਸਮਾਨੀਆ ਪੁਲਿਸ ਦੇ ਕਮਾਂਡਰ ਜੈਸਨ ਐਲਮਰ ਨੇ ਕਿਹਾ ਕਿ ਪੁਲਿਸ ਨੂੰ ਘਟਨਾਵਾਂ ਦੀ ਸੂਚਨਾ ਮਿਲੀ ਹੈ ਤੇ ਉਹ ਇਸ ਦੀ ਪੜਤਾਲ ਕਰ ਰਹੇ ਹਨ।

# ਸੁਖਬੀਰ ਸਿੰਘ ਬਾਦਲ ਨੇ ਭਗਵੰਤ ਮਾਨ ਨੂੰ ਮਾਣਹਾਨੀ ਨੋਟਿਸ ਭੇਜਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਾਨੂੰਨੀ ਨੋਟਿਸ ਭੇਜ ਕੇ ਬਾਦਲ ਪਰਿਵਾਰ ਦੇ ਮਾਣ-ਸਨਮਾਨ ਨੂੰ ਢਾਹ ਲਾਉਣ ਅਤੇ ਕੂੜ ਪ੍ਰਚਾਰ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜ ਦਿਨਾਂ ਦੇ ਅੰਦਰ ਮੁਆਫੀ ਮੰਗਣ ਜਾਂ ਫਿਰ ਫੌਜਦਾਰੀ ਮਾਣਹਾਨੀ ਕੇਸ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।

ਸੁਖਬੀਰ ਸਿੰਘ ਬਾਦਲ ਨੇ ਨੋਟਿਸ ਵਿਚ ਕਿਹਾ ਕਿ ਮੁੱਖ ਮੰਤਰੀ ਨੇ ਪਹਿਲੀ ਨਵੰਬਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਰੱਖੀ ਬਹਿਸ ਦੌਰਾਨ ਜਾਣਬੁੱਝ ਕੇ ਗਲਤ ਅਤੇ ਤੱਥਾਂ ਤੋਂ ਕੋਰੀ ਬਿਆਨਬਾਜ਼ੀ ਕਰਦਿਆਂ ਦਾਅਵਾ ਕੀਤਾ ਸੀ ਕਿ ਬਾਦਲ ਪਰਿਵਾਰ ਨੇ ਆਪਣੇ ਨਿੱਜੀ ਫਾਇਦੇ ਲਈ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਸੂਬੇ ਦੇ ਹਿੱਤਾਂ ਨਾਲ ਸਮਝੌਤਾ ਕੀਤਾ ਸੀ। ਅਕਾਲੀ ਦਲ ਦੇ ਪ੍ਰਧਾਨ ਨੇ ਨੋਟਿਸ ਵਿਚ ਕਿਹਾ ਕਿ ਮੁੱਖ ਮੰਤਰੀ ਨੇ ਬਾਦਲ ਪਰਿਵਾਰ ਤੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਡੂੰਘੀ ਸਾਜ਼ਿਸ਼ ਤਹਿਤ ਬਦਨਾਮ ਕਰਨ ਲਈ ਹਰਿਆਣਾ ਵਿਚ ਬਾਦਲ ਪਰਿਵਾਰ ਦੇ ਬਾਲਾਸਰ ਫਾਰਮ ਹਾਊਸ ਤੱਕ ਖੇਤਾਂ ਦੀ ਸਿੰਜਾਈ ਲਈ ਪ੍ਰਾਈਵੇਟ ਨਹਿਰ ਖੁਦਵਾਉਣ ਦਾ ਦਾਅਵਾ ਕੀਤਾ ਸੀ। ਸੁਖਬੀਰ ਨੇ ਇਹ ਦੋਸ਼ ਵੀ ਲਾਇਆ ਕਿ ਮੁੱਖ ਮੰਤਰੀ ਨੇ ਬਾਦਲ ਪਰਿਵਾਰ ਦੇ ਟਰਾਂਸਪੋਰਟ ਵਪਾਰ ਬਾਰੇ ਵੀ ਬੇਬੁਨਿਆਦ ਦੋਸ਼ ਲਗਾ ਕੇ ਵੱਕਾਰ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਰਾਹੀਂ ਭੇਜੇ ਨੋਟਿਸ ਵਿਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਨੋਟਿਸ ਮਿਲਣ ਦੇ ਪੰਜ ਦਿਨਾਂ ਅੰਦਰ ਬਿਨਾਂ ਸ਼ਰਤ ਮੁਆਫੀ ਮੰਗਣ ਜਾਂ ਫਿਰ ਮਾਣਹਾਨੀ ਦੇ ਕੇਸ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।



ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਅਕਸ ਖਰਾਬ ਕਰਨ ਲਈ ਇਹ ਦਾਅਵਾ ਕੀਤਾ ਕਿ 1998 ਵਿਚ ਸ੍ਰੀ ਬਾਦਲ ਨੇ ਹਰਿਆਣਾ ਦੇ ਬਾਲਾਸਰ ਵਿਚ ਬਾਦਲ ਫਾਰਮ ਤੱਕ ਨਹਿਰ ਲੁਆਉਣ ਲਈ ਭਾਖੜਾ ਮੇਨ ਲਾਈਨ ਨਹਿਰ ਦੀ ਉਚਾਈ ਉੱਚੀ ਚੁੱਕੀ। ਸ੍ਰੀ ਬਾਦਲ ਨੇ ਦਾਅਵਾ ਕੀਤਾ ਕਿ ਦੇਵੀ ਲਾਲ ਤਾਂ 1977 ਵਿਚ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ ਜਦੋਂ ਕਿ ਬਾਲਾਸਰ ਬ੍ਰਾਂਚ 12 ਮਾਰਚ 1964 ਨੂੰ ਹੋਂਦ ਵਿਚ ਆਈ ਸੀ। ਉਨ੍ਹਾਂ ਕਿਹਾ ਕਿ ਬਾਲਾਸਰ ਬ੍ਰਾਂਚ ਬਾਣੀ ਬ੍ਰਾਂਚ ਦਾ ਹਿੱਸਾ ਹੈ, ਜੋ ਅੱਗੇ ਭਾਖੜਾ ਨਹਿਰੀ ਪ੍ਰਣਾਲੀ ਦੀ ਪੰਜੋਆਣਾ ਪ੍ਰਣਾਲੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਨੇ ਡੱਟ ਕੇ ਐਮਰਜੈਂਸੀ ਦਾ ਵਿਰੋਧ ਕੀਤਾ ਤੇ ਇਹ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਭਗਵੰਤ ਮਾਨ ਨੂੰ ਇਸ ਕੂੜ ਪ੍ਰਚਾਰ ਵਾਸਤੇ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਐਸ.ਵਾਈ.ਐਲ. ਦੀ ਉਸਾਰੀ ਬਦਲੇ ਗੁੜਗਾਓਂ ਵਿਚ ਹੋਟਲ ਵਾਸਤੇ ਥਾਂ ਲੈਣ ਬਾਰੇ ਵੀ ਝੂਠ ਬੋਲਿਆ ਹੈ। ਉਨ੍ਹਾਂ ਕਿਹਾ ਕਿ ਗੁੜਗਾਓਂ ਵਿਚ ਹੋਟਲ ਦੀ ਥਾਂ ਬਾਦਲ ਪਰਿਵਾਰ ਨੇ 1989 ਵਿਚ ਉਦਯੋਗਿਕ ਨੀਤੀ ਅਪਲਾਈ ਕਰ ਕੇ ਹਾਸਲ ਕੀਤੀ ਸੀ ਜਦੋਂ ਕਿ ਐਸ.ਵਾਈ.ਐਲ. ਨਹਿਰ ਪ੍ਰੋਜੈਕਟ ਨੂੰ 1976 ਵਿਚ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਸਿਧਾਂਤਕ ਮਨਜ਼ੂਰੀ ਦਿੱਤੀ ਸੀ। ਉਨ੍ਹਾਂ ਕਿਹਾ ਕਿ 1979 ਵਿਚ ਦੇਵੀ ਲਾਲ ਨੇ ਐਸ.ਵਾਈ.ਐਲ. ਨਹਿਰ ਦੀ ਉਸਾਰੀ ਵਾਸਤੇ ਸੁਪਰੀਮ ਕੋਰਟ ਕੋਲ ਪਹੁੰਚ ਕੀਤੀ ਸੀ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਹੁੰਦਿਆਂ ਹੀ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78 ਨੂੰ ਚੁਣੌਤੀ ਦਿੱਤੀ ਸੀ ਤਾਂ ਜੋ ਨਹਿਰ ਦੀ ਉਸਾਰੀ ਰੋਕੀ ਜਾ ਸਕੇ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਦੀ ਉਸਾਰੀ ਰੋਕਣ ਲਈ ਕਪੂਰੀ ਮੋਰਚੇ ਦੀ ਅਗਵਾਈ ਕੀਤੀ ਸੀ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੇੜੇ ਮਰਿਆਦਾ ਦੀ ਉਲੰਘਣਾ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੇੜੇ ਕਰਵਾਏ ਪ੍ਰੋਗਰਾਮ ਦੌਰਾਨ ਮਰਿਆਦਾ ਦੀ ਉਲੰਘਣਾ ਦੀ ਵਾਪਰੀ ਘਟਨਾ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਵਿਦੇਸ਼ ਮੰਤਰੀ, ਪਾਕਿਸਤਾਨ ਸਰਕਾਰ ਦੇ ਸਬੰਧਤ ਮੰਤਰਾਲੇ ਅਤੇ ਔਕਾਫ਼ ਬੋਰਡ ਨੂੰ ਸ਼ਿਕਾਇਤ ਕੀਤੀ ਜਾਵੇਗੀ। ਇਸ ਦੌਰਾਨ ਸਿੱਖ ਜਥੇਬੰਦੀਆਂ ਵਿਚ ਇਸ ਮਾਮਲੇ ਨੂੰ ਲੈ ਕੇ ਰੋਸ ਹੈ।

ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਵੀ ਇਸ ਮਾਮਲੇ ਦੀ ਨਿੰਦਾ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਵਰਤਾਰਾ ਠੀਕ ਨਹੀਂ ਹੈ ਕਿ ਗੁਰੂਘਰ ਨੇੜੇ ਸਿੱਖ ਭਾਵਨਾਵਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਵਿਦੇਸ਼ ਮੰਤਰੀ ਅਤੇ ਪਾਕਿਸਤਾਨ ਸਰਕਾਰ ਦੇ ਸਬੰਧਤ ਮੰਤਰਾਲੇ ਅਤੇ ਔਕਾਫ਼ ਬੋਰਡ ਨੂੰ ਪੱਤਰ ਲਿਖਿਆ ਜਾ ਰਿਹਾ ਹੈ।

ਇਸ ਦੌਰਾਨ ਸ੍ਰੀ ਅਕਾਲ ਤਖਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਪਾਕਿਸਤਾਨੀ ਅਧਿਕਾਰੀਆਂ ਨੂੰ ਸਿੱਖ ਭਾਵਨਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਉਧਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਵਿਚ ਇਤਿਹਾਸਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੇੜੇ ਵਾਪਰੀ ਬੇਅਦਬੀ ਦੀ ਘਟਨਾ ਖ਼ਿਲਾਫ਼ ਪਾਕਿਸਤਾਨ ਹਾਈ ਕਮਿਸ਼ਨ ਕੋਲ ਰੋਸ ਪ੍ਰਗਟ ਕਰਦਿਆਂ ਹਾਈ ਕਮਿਸ਼ਨ ਨੂੰ ਇਹ ਮਾਮਲਾ ਤੁਰੰਤ ਪਾਕਿਸਤਾਨ ਸਰਕਾਰ ਕੋਲ ਚੁੱਕਣ ਲਈ ਆਖਿਆ ਹੈ ਤਾਂ ਜੋ ਮੁਲਜ਼ਮਾਂ ਨੂੰ ਸਜਾ ਦਿੱਤੀ ਜਾ ਸਕੇ।

## ਦਿੱਲੀ 'ਚ ਖਾਲਿਸਤਾਨ ਪੱਖੀ ਨਾਅਰੇ ਲਿਖਣ ਦੇ ਦੋਸ਼ ਹੇਠ ਨੌਜਵਾਨ ਹਿਰਾਸਤ 'ਚ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਕਰੀਬ ਦੋ ਮਹੀਨੇ ਪਹਿਲਾਂ ਦਿੱਲੀ ਦੇ ਫਲਾਈਓਵਰ ਉਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਦੇ ਮਾਮਲੇ ਵਿਚ ਹਰਿਆਣਾ ਦੇ ਨੌਜਵਾਨ ਨੂੰ ਹਿਰਾਸਤ ਵਿਚ ਲਿਆ ਹੈ। ਹਿਰਾਸਤ 'ਚ ਲਏ ਵਿਅਕਤੀ ਦੀ ਪਛਾਣ 35 ਸਾਲਾ ਮਲਕ ਸਿੰਘ ਵਜੋਂ ਹੋਈ ਹੈ ਅਤੇ ਉਸ ਨੂੰ ਹਰਿਆਣਾ ਦੇ ਕੁਰੂਕਸ਼ੇਤਰ ਤੋਂ ਹਿਰਾਸਤ ਵਿਚ ਲਿਆ ਗਿਆ। ਨੌਜਵਾਨ ਬਾਰੇ ਸ਼ੱਕ ਹੈ ਕਿ ਉਸ ਨੇ ਗੁਰਪਤਵੰਤ ਸਿੰਘ ਪੰਨੂ ਦੇ ਨਿਰਦੇਸ਼ਾਂ ਉਤੇ ਦਿੱਲੀ ਅਤੇ ਦੇਸ ਦੇ ਹੋਰ ਹਿੱਸਿਆਂ ਵਿਚ ਅਜਿਹੇ ਨਾਅਰੇ ਲਿਖੇ। ਪੰਨੂ ਪਾਬੰਦੀਸ਼ੁਦਾ 'ਸਿੱਖ ਫਾਰ ਜਸਟਿਸ' ਦਾ ਮੁਖੀ ਹੈ। ਇਸ ਸਬੰਧੀ ਪੰਜਾਬ ਵਿਚ ਛਾਪੇਮਾਰੀ ਕੀਤੀ ਜਾ ਰਹੀ ਹੈ। ਕਸ਼ਮੀਰੀ ਗੇਟ ਫਲਾਈਓਵਰ ਉਤੇ ਖਾਲਿਸਤਾਨ ਪੱਖੀ ਅਤੇ ਭਾਰਤ ਵਿਰੋਧੀ ਨਾਅਰੇ ਲਿਖੇ ਪਾਏ ਜਾਣ ਤੋਂ ਬਾਅਦ ਪੁਲਿਸ ਨੇ 27 ਸਤੰਬਰ ਨੂੰ ਐਫ.ਆਈ.ਆਰ. ਦਰਜ ਕੀਤੀ ਸੀ।

## ਪੰਜਾਬ ਅਸੈਂਬਲੀ ਦਾ ਸਰਦ ਰੁੱਤ ਇਜਲਾਸ 28 ਤੋਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 28 ਤੇ 29 ਨਵੰਬਰ ਨੂੰ ਪੰਜਾਬ ਵਿਧਾਨ ਸਭਾ ਦਾ ਦੋ ਦਿਨਾਂ ਸਰਦ ਰੁੱਤ ਸੈਸ਼ਨ ਬੁਲਾਉਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਿਵਲ ਸਕੱਤਰੇਤ-1 ਵਿਖੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਿਆ ਗਿਆ ਹੈ। ਰਾਜਪਾਲ ਵੱਲੋਂ ਪਿਛਲੇ ਹਫਤੇ ਵਿਧਾਨ ਸਭਾ ਦੇ ਬਜਟ ਸੈਸ਼ਨ ਦਾ ਉਠਾਨ ਕਰਨ ਤੋਂ ਬਾਅਦ ਸਰਦ ਰੁੱਤ ਸੈਸ਼ਨ ਸੱਦਣ ਦਾ ਫੈਸਲਾ ਕੀਤਾ ਗਿਆ ਹੈ। ਇਹ 16ਵੀਂ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ (ਚੌਥਾ ਸੈਸ਼ਨ) ਤੋਂ ਬਾਅਦ ਪੱਕਾ ਤੇ ਪੰਜਵਾਂ ਸੈਸ਼ਨ ਹੋਵੇਗਾ।

ਸੂਬਾ ਸਰਕਾਰ ਤੇ ਰਾਜਪਾਲ ਵਿਚਾਲੇ ਬਣੇ ਜਮੂਦ ਕਰਕੇ ਸੂਬਾ ਸਰਕਾਰ ਵੱਲੋਂ ਵਿੱਤ ਵਰ੍ਹੇ 2023-24 ਲਈ ਸੱਦੇ ਬਜਟ ਸੈਸ਼ਨ ਦਾ ਉਠਾਨ ਕਰਨ ਦੀ ਥਾਂ ਇਸ ਨੂੰ ਮੁਲਤਵੀ ਕਰਕੇ ਚਲਾਇਆ ਜਾ ਰਿਹਾ ਸੀ। ਸੈਸ਼ਨ ਦਾ ਉਠਾਨ ਨਾ ਕੀਤਾ ਹੋਣ ਕਰਕੇ ਸੂਬਾ ਸਰਕਾਰ ਨੇ ਰਾਜਪਾਲ ਦੀ ਮਨਜ਼ੂਰੀ ਬਗੈਰ ਹੀ ਜੂਨ ਅਤੇ ਅਕਤੂਬਰ 'ਚ ਵਿਧਾਨ ਸਭਾ ਦੇ ਸੈਸ਼ਨ ਸੱਦੇ ਸਨ, ਜਿਸ ਵਿਚ ਕਈ ਬਿੱਲ ਪਾਸ ਕੀਤੇ ਗਏ ਸਨ। ਰਾਜਪਾਲ ਨੇ ਦੋਵਾਂ ਸੈਸ਼ਨਾਂ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਰਾਜਪਾਲ ਦੇ ਫੈਸਲੇ ਖਿਲਾਫ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸਿਖਰਲੀ ਕੋਰਟ ਨੇ 10 ਨਵੰਬਰ ਨੂੰ ਕਿਹਾ ਸੀ ਕਿ 'ਰਾਜਪਾਲ ਅੱਗ ਨਾਲ ਖੇਡ ਰਹੇ ਹਨ' ਤੇ ਜਮਹੂਰੀਅਤ ਸੂਬਾ ਸਰਕਾਰ ਤੇ ਰਾਜਪਾਲ ਦੇ ਆਪਸੀ ਤਾਲਮੇਲ ਨਾਲ ਚਲਦੀ ਹੈ। ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਲਈ ਰਾਹ ਪੱਧਰਾ ਹੋ ਗਿਆ ਸੀ।

## ਨਸ਼ਿਆਂ ਦੇ ਦੋਸ਼ ਬਾਰੇ ਸਰਕਾਰ ਸਪੱਸ਼ਟੀਕਰਨ ਦੇਵੇ: ਜਾਖੜ

**ਚੰਡੀਗੜ੍ਹ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਦੋਸ਼ ਲਾਇਆ ਹੈ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਲੀਹੋਂ ਲੱਥ ਚੁੱਕੀ ਹੈ ਤੇ ਦਿਨ-ਦਿਹਾੜੇ ਅਪਰਾਧਿਕ ਘਟਨਾਵਾਂ ਵਾਪਰ ਰਹੀਆਂ ਹਨ। ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ 'ਆਪ' ਵਿਧਾਇਕ ਸਵਰਨ ਸਿੰਘ ਧੂੰਨ ਦੇ ਪਰਿਵਾਰਕ ਮੈਂਬਰ ਦਾ ਨਾਂ ਨਸ਼ਾ ਤਸਕਰੀ ਵਿਚ ਆਉਣ ਦੇ ਮੁੱਦੇ 'ਤੇ ਸਥਿਤੀ ਸਪੱਸ਼ਟ ਕਰਨ। ਸ੍ਰੀ ਜਾਖੜ ਨੇ ਕਿਹਾ ਕਿ ਵਿਧਾਇਕ ਸਵਰਨ ਸਿੰਘ ਧੂੰਨ ਖਿਲਾਫ ਸਾਲ 2002 ਵਿਚ ਹਰੀਕੇ ਥਾਣੇ 'ਚ ਤਸਕਰੀ ਦੇ ਦੋਸ਼ ਹੇਠ ਕੇਸ ਦਰਜ ਹੋਇਆ ਸੀ। ਉਨ੍ਹਾਂ ਇਸ ਸਬੰਧੀ ਐਫ.ਆਈ.ਆਰ. ਦੀ ਕਾਪੀ ਵੀ ਜਨਤਕ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਵਿਧਾਇਕ ਕਿਲੋ ਹੈਰੋਇਨ ਨਾਲ ਫੜੇ ਗਏ ਆਪਣੇ ਰਿਸ਼ਤੇਦਾਰ ਨਾਲ ਸਬੰਧਾਂ ਤੋਂ ਇਨਕਾਰੀ ਹੋ ਰਹੇ ਹਨ। ਇਸ ਮੌਕੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ 'ਆਪ' ਸਰਕਾਰ ਸੂਬੇ ਲਈ ਖੁਦ ਕੁੱਝ ਕਰਨ ਦੀ ਥਾਂ ਦੂਜੀਆਂ ਸਰਕਾਰਾਂ ਵੱਲੋਂ ਕੀਤੇ ਕੰਮਾਂ ਦਾ ਸਿਹਰਾ ਆਪਣੇ ਸਿਰ ਬੰਨ੍ਹਣ 'ਤੇ ਲੱਗੀ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਹੁਸ਼ਿਆਰਪੁਰ ਤੇ ਕਪੂਰਥਲਾ ਦੇ ਮੈਡੀਕਲ ਕਾਲਜਾਂ ਲਈ 60-40 ਦੇ ਅਨੁਪਾਤ ਅਨੁਸਾਰ ਪੰਜਾਬ ਨੂੰ 467 ਕਰੋੜ ਰੁਪਏ ਜਾਰੀ ਕੀਤੇ ਹੋਏ ਹਨ, ਪਰ ਸੂਬਾ ਸਰਕਾਰ ਨੇ ਇਹ ਪ੍ਰੋਜੈਕਟ ਮੁਕੰਮਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ।

## ਨਾਬਾਲਗ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**ਬਟਾਲਾ:** ਨੇੜਲੇ ਪਿੰਡ ਸਦਾਰੰਗ ਵਿਚ 12-13 ਸਾਲਾ ਨਾਬਾਲਗ ਬੱਚੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ। ਇਸ ਉਪਰੰਤ ਮੌਕੇ 'ਤੇ ਕੁਝ ਨਿਹੰਗ ਸਿੰਘ ਪਹੁੰਚ ਗਏ ਅਤੇ ਮਾਹੌਲ ਤਣਾਅਪੂਰਨ ਹੋ ਗਿਆ। ਬੇਅਦਬੀ ਦੀ ਘਟਨਾ ਗੁਰਦੁਆਰੇ ਅੰਦਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ। ਬੱਚਾ ਸਵੇਰੇ ਕਰੀਬ ਸਾਢੇ 8 ਵਜੇ ਗੁਰਦੁਆਰੇ ਆਇਆ ਅਤੇ ਗੁਰੂ ਗ੍ਰੰਥ ਦਾ ਅੰਗ ਪਾੜ ਕੇ ਤੇਜ਼ੀ ਨਾਲ ਬਾਹਰ ਚਲਾ ਗਿਆ। ਗ੍ਰੰਥੀ ਨੂੰ ਇਸ ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ ਉਸ ਨੇ ਰੁਮਾਲਾ ਸਾਹਿਬ ਨਾਲ ਛੇੜਛਾੜ ਹੋਈ ਵੇਖੀ। ਬੱਚਾ ਪਿੰਡ ਦੇ ਹੀ ਸਰਕਾਰੀ ਸਕੂਲ ਵਿਚ ਪੜ੍ਹ ਰਿਹਾ ਹੈ। ਜਦੋਂ ਪਿੰਡ ਵਾਸੀਆਂ ਨੇ ਬੱਚੇ ਨੂੰ ਇਸ ਬਾਰੇ ਪੁੱਛਿਆ ਤਾਂ ਪਹਿਲਾਂ ਉਹ ਮੁੱਕਰਦਾ ਰਿਹਾ ਪਰ ਜਦੋਂ ਉਸ ਨੂੰ ਸੀ.ਸੀ.ਟੀ.ਵੀ. ਦੀ ਰਿਕਾਰਡਿੰਗ ਦਿਖਾਈ ਤਾਂ ਉਹ ਰੋਣ ਲੱਗ ਪਿਆ ਅਤੇ ਆਪਣੀ ਗਲਤੀ ਮੰਨ ਗਿਆ। ਪੁਲਿਸ ਨੇ ਨਾਬਾਲਗ ਬੱਚੇ ਨੂੰ ਹਿਰਾਸਤ ਵਿਚ ਲੈ ਲਿਆ ਹੈ। ਨਾਬਾਲਗ ਦੀ ਮਾਂ ਨੇ ਦੱਸਿਆ ਕਿ ਉਸ ਦਾ ਆਪਣਾ ਕੋਈ ਬੱਚਾ ਨਹੀਂ ਸੀ ਅਤੇ ਇਸ ਨੂੰ ਉਸ ਨੇ ਗੋਦ ਲਿਆ ਹੋਇਆ ਹੈ। ਉਹ ਰੋਜ਼ਾਨਾ ਸਵੇਰੇ-ਸ਼ਾਮ ਗੁਰਦੁਆਰੇ ਜਾਂਦਾ ਹੈ। ਉਸ ਨੇ ਦੱਸਿਆ ਕਿ ਉਹ ਕਾਫੀ ਜ਼ਿੱਦੀ ਅਤੇ ਸ਼ੈਤਾਨ ਸੁਭਾਅ ਦਾ ਹੈ ਅਤੇ ਘੱਟ ਸਮਝ ਵਾਲਾ ਹੈ।

## ਸਿੱਖ ਵਕੀਲਾਂ ਨੂੰ ਜੱਜ ਨਾ ਬਣਾਉਣ ਦਾ ਮਾਮਲਾ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਟਿੱਪਣੀ ਕਰਨੀ ਕੇਂਦਰ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਦੀ ਹੈ। ਐਡਵੋਕੇਟ ਧਾਮੀ ਨੇ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਕਿ ਉਹ ਇਹ ਸਪੱਸ਼ਟ ਕਰੇ ਕਿ ਸੀਨੀਅਰ ਸਿੱਖ ਵਕੀਲਾਂ ਨੂੰ ਕਿਸ ਨੀਤੀ ਤਹਿਤ ਬਾਹਰ ਰੱਖਿਆ ਗਿਆ ਹੈ ਜਦਕਿ ਪੰਜਾਂ ਵਿਚੋਂ ਬਾਕੀ ਤਿੰਨ ਵਕੀਲਾਂ ਦੀ ਨਿਯੁਕਤੀ ਕਰ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਅੰਦਰ ਵਿਸ਼ੇਸ਼ ਤੌਰ 'ਤੇ ਸਿੱਖ ਜੱਜਾਂ ਦੀ ਨਿਯੁਕਤੀ ਨੂੰ ਪਹਿਲ ਦੇਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਦੋਹਾਂ ਸੂਬਿਆਂ ਵਿਚ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਸਿੱਖਾਂ ਦੀ ਗਿਣਤੀ ਵੱਧ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਆਜ਼ਾਦੀ ਸੰਘਰਸ਼ ਵਿਚ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਸਿੱਖ ਕੌਮ ਨੇ ਦਿੱਤੀਆਂ, ਕੇਂਦਰ ਦੇ ਇਸ ਰਵੱਈਏ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇਗੀ।

ਸੱਤਾ ਵਿਚ ਆਉਣ ਤੋਂ ਬਾਅਦ ਮੋਦੀ ਸਰਕਾਰ ਹਮੇਸ਼ਾ ਕੌਲਿਜੀਅਮ ਰਾਹੀਂ ਜੱਜਾਂ ਦੀ ਚੋਣ ਕਰਨ ਦੀ ਪ੍ਰਣਾਲੀ ਦਾ ਤੋੜ ਲੱਭਣ ਵਿਚ ਜੁਟੀ ਰਹੀ ਹੈ। ਸਾਲ 2014 ਵਿਚ ਮੋਦੀ ਸਰਕਾਰ ਨੇ ਜੱਜਾਂ ਦੀ ਨਿਯੁਕਤੀ ਅਤੇ ਤਬਾਦਲੇ ਲਈ ਨੈਸ਼ਨਲ ਜੁਡੀਸ਼ੀਅਲ ਅਪੁਆਇੰਟਮੈਂਟ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ ਪਰ ਇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਗਈ। ਸਾਲ 2015 ਵਿਚ ਸੁਪਰੀਮ ਕੋਰਟ ਨੇ ਇਸ ਨੂੰ ਗੈਰ-ਸੰਵਿਧਾਨਕ ਦੱਸਦਿਆਂ ਕਿਹਾ ਕਿ ਇਹ ਤਾਂ ਨਿਆਂ ਪਾਲਿਕਾ ਦੇ ਕੰਮਕਾਜ ਵਿਚ ਦਖਲ ਦੇਣ ਵਾਲੀ ਗੱਲ ਹੈ। 'ਕੌਲਿਜੀਅਮ ਸਿਸਟਮ' ਉਹ ਪ੍ਰਕਿਰਿਆ ਹੈ ਜਿਸ ਨਾਲ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਅਤੇ ਤਬਾਦਲੇ ਕੀਤੇ ਜਾਂਦੇ ਹਨ। ਕੌਲਿਜੀਅਮ ਭਾਰਤ ਦੇ ਚੀਫ ਜਸਟਿਸ ਅਤੇ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਦਾ ਸਮੂਹ ਹੈ। ਇਹ ਪੰਜ ਲੋਕ ਮਿਲ ਕੇ ਤੈਅ ਕਰਦੇ ਹਨ ਕਿ ਸੁਪਰੀਮ ਕੋਰਟ ਵਿਚ ਕੌਣ ਜੱਜ ਹੋਏਗਾ। ਹਾਲਾਂਕਿ ਕਿ ਮੋਦੀ ਸਰਕਾਰ ਨੂੰ ਇਹ ਪ੍ਰਣਾਲੀ ਪਸੰਦ ਨਹੀਂ ਆਈ। ਦੋਸ਼ ਲੱਗਦੇ ਰਹੇ ਹਨ ਕਿ ਸਰਕਾਰ ਜੱਜਾਂ ਦੀਆਂ ਨਿਯੁਕਤੀਆਂ ਵਿਚ ਆਪਣੀ ਦਖਲ ਅੰਦਾਜ਼ੀ ਵਧਾਉਣ ਦੀਆਂ ਕੋਸ਼ਿਸ਼ਾਂ ਵਿਚ ਹੈ ਅਤੇ ਉਸ ਦੀ (ਸਰਕਾਰ) 'ਪਸੰਦ' ਦੇ ਜੱਜਾਂ ਦੀ ਨਿਯੁਕਤੀ ਵਿਚ ਕੌਲਿਜੀਅਮ ਸਿਸਟਮ' ਵੱਡਾ ਅੜਿੱਕਾ ਹੈ। ਦੋ ਸਿੱਖਾਂ ਵਕੀਲਾਂ ਦੀ ਜੱਜ ਵਜੋਂ ਨਿਯੁਕਤੀ ਨੂੰ ਵੀ ਇਸੇ ਪਾਸੇ ਜੋੜ ਕੇ ਦੇਖਿਆ ਜਾ ਰਿਹਾ ਹੈ। ਸੁਪਰੀਮ ਕੋਰਟ ਦੀ ਤਾਜ਼ਾ ਟਿੱਪਣੀ ਕੇਂਦਰ ਸਰਕਾਰ ਦੀ ਘੱਟ ਗਿਣਤੀਆਂ, ਖਾਸ ਕਰ ਕੇ ਸਿੱਖ ਭਾਈਚਾਰੇ ਬਾਰੇ ਰਵੱਈਏ ਬਾਰੇ ਗੰਭੀਰ ਸਵਾਲ ਖੜ੍ਹੇ ਕਰਨ ਵਾਲੀ ਹੈ। ਅੰਮ੍ਰਿਤਸਰ: ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੋ ਯੋਗ ਸਿੱਖ ਉਮੀਦਵਾਰਾਂ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਨਿਯੁਕਤ ਨਾ ਕੀਤੇ ਜਾਣ ਨੂੰ ਭਾਰਤ ਅੰਦਰ ਸਿੱਖਾਂ ਵਾਸਤੇ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਘਟਨਾ ਕਰਾਰ ਦਿੱਤਾ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖਾਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਕਾਬਲੀਅਤ ਦੇ ਬਾਵਜੂਦ ਦੇਸ ਦੇ ਉੱਚ ਅਹੁਦਿਆਂ ਉਤੇ ਨਿਯੁਕਤ ਕਰਨ ਤੋਂ ਮਿੱਥ ਕੇ ਰੋਕਣਾ ਮੁਲਕ ਦੀ ਆਜ਼ਾਦੀ ਲਈ 80 ਫੀਸਦੀ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਸਮੁੱਚੇ ਸਿੱਖ ਭਾਈਚਾਰੇ ਦਾ ਅਪਮਾਨ ਹੈ। ਕੇਂਦਰ ਜਵਾਬ ਦੇਵੇ ਕਿ ਸਰਕਾਰ ਦੇ ਅਜਿਹਾ ਕਰਨ ਪਿੱਛੇ ਕਾਰਨ ਕੀ ਹੈ? ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਅਲਹਿਦਗੀ ਦਾ ਅਹਿਸਾਸ ਕਰਵਾਇਆ ਜਾਣਾ ਭਾਰਤ ਦੀ ਧਰਮ ਨਿਰਪੱਖਤਾ ਤੇ ਜਮਹੂਰੀਅਤ ਲਈ ਸ਼ਰਮਨਾਕ ਤੇ ਮੰਦਭਾਗਾ ਹੈ।

## ਇਜ਼ਰਾਈਲ ਨੇ ਲਸ਼ਕਰ-ਏ-ਤੋਇਬਾ 'ਤੇ ਪਾਬੰਦੀ ਲਾਈ

**ਨਵੀਂ ਦਿੱਲੀ:** ਮੁੰਬਈ ਅਤਿਵਾਦੀ ਹਮਲਿਆਂ ਦੇ 15ਵੇਂ ਸਾਲ ਦੀ ਯਾਦ ਵਿਚ ਇਜ਼ਰਾਈਲ ਨੇ ਅਤਿਵਾਦੀ ਸੰਗਠਨ ਲਸ਼ਕਰ-ਏ-ਤੋਇਬਾ 'ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਹੈ ਅਤੇ ਇਸ ਨੂੰ 'ਘਾਤਕ' ਕਰਾਰ ਦਿੱਤਾ ਹੈ। ਇਹ ਕਾਰਵਾਈ ਭਾਰਤ ਸਰਕਾਰ ਵੱਲੋਂ ਬਿਨਾਂ ਕਿਸੇ ਬੇਨਤੀ ਦੇ ਕੀਤੀ ਗਈ ਹੈ।

ਭਾਰਤ ਵਿਚ ਇਜ਼ਰਾਈਲ ਸਫ਼ਾਰਤਖ਼ਾਨੇ ਬਿਆਨ ਵਿਚ ਕਿਹਾ ਕਿ ਇਜ਼ਰਾਈਲ ਨੇ ਰਸਮੀ ਤੌਰ ਉਤੇ ਸਾਰੀਆਂ ਜਰੂਰੀ ਪ੍ਰਕਿਰਿਆਵਾਂ ਨੂੰ ਪੂਰਾ ਕਰ ਲਿਆ ਹੈ। ਇਜ਼ਰਾਈਲ ਸਿਰਫ ਉਨ੍ਹਾਂ ਅਤਿਵਾਦੀ ਸੰਗਠਨਾਂ ਨੂੰ ਸੂਚੀਬੱਧ ਕਰਦਾ ਹੈ ਜੋ ਉਸ ਵਿਰੁੱਧ ਸਰਗਰਮੀ ਨਾਲ ਇਸ ਦੀਆਂ ਸਰਹੱਦਾਂ ਦੇ ਅੰਦਰ ਜਾਂ ਆਲੇ ਦੁਆਲੇ ਕੰਮ ਕਰ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਕ੍ਰਿਕਟ ਵਿਸ਼ਵ ਕੱਪ: ਆਸਟਰੇਲੀਆ ਛੇਵੀਂ ਵਾਰ ਚੈਂਪੀਅਨ ਬਣਿਆ

**ਅਹਿਮਦਾਬਾਦ:** ਮਿਸ਼ੇਲ ਸਟਾਰਕ ਦੀ ਅਗਵਾਈ 'ਚ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੇ ਟਰੈਵਿਸ ਹੈਡ (137) ਦੇ ਸੈਂਕੜੇ ਦੀ ਬਦੌਲਤ ਆਸਟਰੇਲੀਆ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿਚ ਮੇਜ਼ਬਾਨ ਭਾਰਤ ਨੂੰ 6 ਵਿਕਟਾਂ ਨਾਲ ਹਰਾ ਕੇ ਟੂਰਨਾਮੈਂਟ ਵਿਚ ਉਪਰੋਥਲੀ ਨੌਵੀਂ ਜਿੱਤ ਨਾਲ 6ਵੀਂ ਵਾਰ ਵਿਸ਼ਵ ਚੈਂਪੀਅਨ ਬਣ ਗਿਆ ਹੈ। ਭਾਰਤ ਇਕ ਵਾਰ ਫਿਰ ਆਈ.ਸੀ.ਸੀ. ਟੂਰਨਾਮੈਂਟਾਂ ਵਿਚ ਫਾਈਨਲ ਦਾ ਦਬਾਅ ਝੱਲਣ ਵਿਚ ਨਾਕਾਮ ਰਿਹਾ। ਇਸੇ ਸਾਲ ਖੇਡੇ ਆਈ.ਸੀ.ਸੀ. ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਵੀ ਭਾਰਤ ਨੂੰ ਕੰਗਾਰੂਆਂ ਹੱਥੋਂ ਸ਼ਿਕਸਤ ਝੱਲਣੀ ਪਈ ਸੀ। 2015 ਵਿਸ਼ਵ ਕੱਪ ਦੇ ਸੈਮੀ ਫਾਈਨਲ ਵਿਚ ਆਸਟਰੇਲੀਆ ਨੇ ਹੀ ਭਾਰਤ ਨੂੰ ਟੂਰਨਾਮੈਂਟ ਤੋਂ ਬਾਹਰ ਦਾ ਰਾਹ ਦਿਖਾਇਆ ਸੀ। ਆਸਟਰੇਲੀਅਨ ਟੀਮ ਨੇ ਮੈਚ ਜਿੱਤ ਕੇ 140 ਕਰੋੜ ਭਾਰਤੀਆਂ ਦਾ ਦਿਲ ਤੇ ਮੇਜ਼ਬਾਨ ਟੀਮ ਦਾ ਵਿਸ਼ਵ ਚੈਂਪੀਅਨ ਬਣਨ ਦਾ ਸੁਫਨਾ ਤੋੜ ਦਿੱਤਾ। ਉਪਰੋਥਲੀ 10 ਮੈਚ ਜਿੱਤ ਕੇ ਫਾਈਨਲ ਵਿਚ ਪਹੁੰਚੀ ਭਾਰਤੀ ਟੀਮ ਨੂੰ ਨਰਿੰਦਰ ਮੋਦੀ ਸਟੇਡੀਅਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿਚ ਤੀਜਾ ਵਿਸ਼ਵ ਕੱਪ ਜਿੱਤਣ ਦੀ ਉਮੀਦ ਸੀ। ਟੂਰਨਾਮੈਂਟ ਦੇ ਸਭ ਤੋਂ ਸਫਲ ਬੱਲੇਬਾਜ਼ ਵਿਰਾਟ ਕੋਹਲੀ ਤੇ ਰਵੀਚੰਦਰਨ ਅਸ਼ਿਵਨ ਨੇ ਇਕ ਰੋਜ਼ਾ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਦੂਜੀ ਵਾਰ ਹਿੱਸਾ ਬਣਨ ਜਦੋਂਕਿ ਕਪਤਾਨ ਰੋਹਿਤ ਸ਼ਰਮਾ ਨੇ ਪਹਿਲੀ ਵਾਰ ਇਕ ਰੋਜ਼ਾ ਵਿਸ਼ਵ ਚੈਂਪੀਅਨ ਬਣਨਾ ਦਾ ਸੁਪਨਾ ਦੇਖਿਆ ਸੀ, ਪਰ ਪੈਟ ਕਮਿਨਸ ਨੇ ਇਨ੍ਹਾਂ ਸੁਫਨਿਆਂ ਨੂੰ ਪੂਰਾ ਨਹੀਂ ਹੋਣ ਦਿੱਤਾ। ਆਸਟਰੇਲੀਅਨ ਟੀਮ ਨੇ ਭਾਰਤ ਖ਼ਿਲਾਫ਼ ਪਹਿਲੇ ਮੈਚ ਸਣੇ ਲਗਾਤਾਰ ਦੋ ਹਾਰ ਨਾਲ ਵਿਸ਼ਵ ਕੱਪ



ਵਿਚ ਆਪਣੀ ਮੁਹਿੰਮ ਦਾ ਆਗਾਜ਼ ਕੀਤਾ ਸੀ, ਪਰ ਫਿਰ ਲਗਾਤਾਰ ਨੌਂ ਮੈਚ ਜਿੱਤ ਕੇ ਖਿਤਾਬ ਆਪਣੇ ਨਾਮ ਕੀਤਾ। ਭਾਰਤੀ ਬੱਲੇਬਾਜ਼ ਵਿਰਾਟ ਕੋਹਲੀ ਨੂੰ ਟੂਰਨਾਮੈਂਟ ਵਿਚ ਬਣਾਈਆਂ 765 ਦੌੜਾਂ ਲਈ 'ਪਲੇਅਰ ਆਫ ਦੀ ਸੀਰੀਜ' ਐਲਾਨਿਆ ਗਿਆ। ਕੋਹਲੀ ਨੇ 95.62 ਦੀ ਔਸਤ ਤੇ 90.31 ਦੇ ਸਟਰਾਈਕ ਰੇਟ ਨਾਲ ਤਿੰਨ ਸੈਂਕੜੇ ਤੇ ਦੋ ਨੀਮ ਸੈਂਕੜੇ ਵੀ ਜੜੇ। ਉਂਜ ਵਿਸ਼ਵ ਕੱਪ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਬੱਲੇਬਾਜ਼ ਨੇ 700 ਦੌੜਾਂ ਬਣਾਈਆਂ। ਕੋਹਲੀ ਨੇ ਸਚਿਨ ਤੇਂਦੁਲਕਰ ਵੱਲੋਂ 2003 ਵਿਸ਼ਵ ਕੱਪ ਵਿਚ ਬਣਾਏ 673 ਦੌੜਾਂ ਦੇ ਰਿਕਾਰਡ ਨੂੰ ਤੋੜਿਆ।

ਆਸਟਰੇਲੀਆ ਨੇ ਭਾਰਤ ਵੱਲੋਂ ਦਿੱਤੇ 241 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਹੈੱਡ ਦੀ 137 ਦੌੜਾਂ ਦਾ ਪਾਰੀ (ਚਾਰ ਛੱਕੇ ਤੇ 15 ਚੌਕੇ) ਤੋਂ ਇਲਾਵਾ ਮਾਰਨਸ ਲਾਬੂਸ਼ੇਨ (110 ਗੇਂਦਾਂ ਵਿੱਚ ਨਾਬਾਦ 58 ਦੌੜਾਂ) ਨਾਲ ਚੌਥੇ ਵਿਕਟ ਲਈ 192 ਦੌੜਾਂ ਦੀ ਭਾਈਵਾਲੀ ਸਦਕਾ 43 ਓਵਰ ਵਿਚ ਚਾਰ ਵਿਕਟ 'ਤੇ 241 ਦੌੜਾਂ ਬਣਾ ਕੇ ਜਿੱਤ ਦਰਜ ਕੀਤੀ। ਭਾਰਤ ਜੌਹੈਂਨਸਬਰਗ ਵਿਚ 2003 ਵਿਸ਼ਵ ਕੱਪ ਦੇ ਫਾਈਨਲ ਵਿਚ ਆਸਟਰੇਲੀਆ ਖ਼ਿਲਾਫ਼ ਮਿਲੀ ਹਾਰ ਦਾ ਬਦਲਾ ਲੈਣ ਵਿਚ ਵੀ ਨਾਕਾਮ ਰਿਹਾ। ਆਸਟਰੇਲੀਆ ਨੇ ਇਸ ਤੋਂ ਪਹਿਲਾਂ 1987, 1999, 2003, 2007 ਤੇ 2015 ਵਿਚ ਵੀ ਖਿਤਾਬੀ ਜਿੱਤ ਦਰਜ ਕੀਤੀ ਸੀ ਜਦੋਂਕਿ ਭਾਰਤ ਨੇ 1983 ਤੇ 2011 ਵਿਚ ਕ੍ਰਿਕਟ ਵਿਸ਼ਵ ਕੱਪ ਜਿੱਤਿਆ ਸੀ। ਇਸ ਤੋਂ ਪਹਿਲਾਂ ਭਾਰਤੀ ਪਾਰੀ ਲੋਕੇਸ਼ ਰਾਹੁਲ (66) ਤੇ ਵਿਰਾਟ ਕੋਹਲੀ (54) ਦੇ ਨੀਮ ਸੈਂਕੜਿਆਂ ਤੇ ਦੋਵਾਂ ਦਰਮਿਆਨ ਚੌਥੇ ਵਿਕਟ ਲਈ 67 ਦੌੜਾਂ ਦੀ ਭਾਈਵਾਲੀ ਦੇ ਬਾਵਜੂਦ 50 ਓਵਰਾਂ ਵਿਚ 240 ਦੌੜਾਂ 'ਤੇ ਸਿਮਟ ਗਈ। ਕਪਤਾਨ ਰੋਹਿਤ ਸ਼ਰਮਾ (47) ਨੇ ਪਾਰੀ ਦਾ ਆਗਾਜ਼ ਕਰਦੇ ਹੋਏ ਇਕ ਵਾਰ ਫਿਰ ਤੇਜ਼ਤੱਰਾਰ ਪਾਰੀ ਖੇਡੀ। ਆਸਟਰੇਲੀਆ ਲਈ ਸਟਾਰਕ 55 ਦੌੜਾਂ ਬਦਲੇ ਤਿੰਨ ਵਿਕਟ ਲੈ ਕੇ ਸਭ ਤੋਂ ਸਫਲ ਗੇਂਦਬਾਜ਼ ਰਿਹਾ। ਕਪਤਾਨ ਪੈਟ ਕਮਿਨਸ ਤੇ ਜੋਸ਼ ਹੇਜਲਵੁੱਡ ਦੇ ਹਿੱਸੇ ਦੋ ਦੋ ਵਿਕਟਾਂ ਆਈਆਂ। ਭਾਰਤੀ ਬੱਲੇਬਾਜ਼ਾਂ ਨੇ ਟੂਰਨਾਮੈਂਟਾਂ ਦੇ ਬਾਕੀ ਮੁਕਾਬਲਿਆਂ ਤੋਂ ਉਲਟ ਫਾਈਨਲ ਵਿਚ ਵਧੇਰੇ ਰੱਖਿਆਤਮਕ ਰਵੱਈਆ ਅਪਣਾਇਆ ਤੇ ਟੀਮ ਆਖਰੀ 40 ਓਵਰਾਂ ਵਿਚ ਸਿਰਫ ਚਾਰ ਚੌਕੇ ਹੀ ਜੜ ਸਕੀ, ਜੋ ਆਸਟਰੇਲਿਆਈ ਗੇਂਦਬਾਜ਼ਾਂ ਦੇ ਦਬਦਬੇ ਨੂੰ ਦਰਸਾਉਂਦਾ ਸੀ। ਟੀਚੇ ਦਾ ਪਿੱਛਾ ਕਰਦਿਆਂ ਆਸਟਰੇਲੀਆ ਦੀ ਸ਼ੁਰੂਆਤ ਵੀ ਖਰਾਬ ਰਹੀ ਤੇ ਟੀਮ ਨੇ 47 ਦੌੜਾਂ ਦੇ ਸਕੋਰ ਤੱਕ ਪਹੁੰਚਦਿਆਂ ਤਿੰਨ ਵਿਕਟ ਗੁਆ ਲਏ। ਸ਼ਮੀ ਨੇ ਸੈਮੀਫਾਈਨਲ ਦੀ ਤਰਜ਼ 'ਤੇ ਫਾਈਨਲ ਵਿਚ ਵੀ ਮੈਚ ਦੀ ਆਪਣੀ ਪਹਿਲੀ ਗੇਂਦ 'ਤੇ ਵਿਕਟ ਲਿਆ। ਸ਼ਮੀ ਨੇ ਡੈਵਿਡ ਵਾਰਨਰ (7) ਨੂੰ ਸਲਿਪ ਵਿਚ ਕੋਹਲੀ ਹੱਥੋਂ ਕੈਚ ਕਰਵਾਇਆ। ਜਸਪ੍ਰੀਤ ਬੁਮਰਾਹ ਨੇ ਮਿਸ਼ੇਲ ਮਾਰਸ਼ (15) ਨੂੰ ਆਪਣਾ ਸ਼ਿਕਾਰ ਬਣਾਇਆ। ਲੋਕੇਸ਼ ਰਾਹੁਲ ਨੇ ਵਿਕਟਾਂ ਪਿੱਛੇ ਮਾਰਸ਼ ਦਾ ਕੈਚ ਫੜਿਆ। ਬੁਮਰਾਹ ਨੇ ਅਗਲੇ ਓਵਰ ਵਿਚ ਸਟੀਵ ਸਮਿੱਥ (4) ਨੂੰ ਲੱਤ ਅੜਿੱਕਾ ਆਊਟ ਕੀਤਾ। ਸਲਾਮੀ ਬੱਲੇਬਾਜ਼ ਟਰੈਵਿਸ ਹੈੱਡ ਨੇ ਹਾਲਾਂਕਿ ਕਰੀਜ਼ ਦਾ ਇਕ ਸਿਰਾ ਸੰਭਾਲੀ ਰੱਖਿਆ। ਹੈੱਡ ਨੇ ਮਗਰੋਂ ਲਾਬੂਸ਼ੇਨ ਨਾਲ ਮਿਲ ਕੇ ਟੀਮ ਨੂੰ ਜਿੱਤ ਦੀ ਦਹਿਲੀਜ਼ 'ਤੇ ਪਹੁੰਚਾਇਆ। ਆਸਟਰੇਲਿਆਈ ਕਪਤਾਨ ਕਮਿਨਸ ਨੇ ਟਾਸ ਜਿੱਤ ਕੇ ਭਾਰਤ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ ਸੀ।


### ਬੱਲੇਬਾਜ਼ੀ 'ਚ ਕੋਹਲੀ, ਗੇਂਦਬਾਜ਼ੀ 'ਚ ਸ਼ਮੀ ਅੱਵਲ

**ਅਹਿਮਦਾਬਾਦ:** ਭਾਰਤੀ ਬੱਲੇਬਾਜ਼ ਵਿਰਾਟ ਕੋਹਲੀ ਵਿਸ਼ਵ ਕੱਪ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਬਣ ਗਿਆ। ਇਸੇ ਤਰ੍ਹਾਂ ਮੁਹੰਮਦ ਸ਼ਮੀ ਸ਼ੁਰੂਆਤੀ ਚਾਰ ਮੈਚਾਂ 'ਚੋਂ ਬਾਹਰ ਰਹਿਣ ਦੇ ਬਾਵਜੂਦ ਇਸ ਵਿਸ਼ਵ ਕੱਪ ਦਾ ਸਭ ਤੋਂ ਸਫਲ ਗੇਂਦਬਾਜ਼ ਰਿਹਾ। ਕੋਹਲੀ ਨੇ ਵਿਸ਼ਵ ਕੱਪ 2023 ਵਿਚ 11 ਮੈਚਾਂ ਵਿਚ 95.92 ਦੀ ਔਸਤ ਨਾਲ 765 ਦੌੜਾਂ ਬਣਾਈਆਂ, ਜੋ ਵਿਸ਼ਵ ਰਿਕਾਰਡ ਹੈ। ਉਸ ਨੇ ਤਿੰਨ ਸੈਂਕੜੇ ਅਤੇ ਛੇ ਨੀਮ ਸੈਂਕੜੇ ਜੜੇ। ਹਾਲਾਂਕਿ ਉਹ ਭਾਰਤ ਨੂੰ ਇਕ ਵਾਰ ਫਿਰ ਚੈਂਪੀਅਨ ਬਣਵਾਉਣ ਵਿਚ ਨਾਕਾਮ ਰਿਹਾ। ਕੋਹਲੀ ਨੇ ਆਪਣੇ ਆਦਰਸ਼ ਅਤੇ ਮਹਾਨ ਬੱਲੇਬਾਜ਼ ਸਚਿਨ ਤੇਂਦੁਲਕਰ ਦਾ ਰਿਕਾਰਡ ਤੋੜਿਆ, ਜਿਸ ਨੇ 2003 ਵਿਸ਼ਵ ਕੱਪ ਵਿਚ 673 ਦੌੜਾਂ ਬਣਾਈਆਂ ਸਨ। ਭਾਰਤੀ ਕਪਤਾਨ ਰੋਹਿਤ ਸ਼ਰਮਾ 11 ਮੈਚਾਂ ਵਿਚ ਇਕ ਸੈਂਕੜੇ ਅਤੇ ਤਿੰਨ ਨੀਮ ਸੈਂਕੜਿਆਂ ਦੀ ਮਦਦ ਨਾਲ 54.27 ਦੀ ਔਸਤ ਨਾਲ 597 ਦੌੜਾਂ ਬਣਾ ਕੇ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬੱਲੇਬਾਜ਼ਾਂ ਦੀ ਸੂਚੀ ਵਿਚ ਦੂਜੇ ਸਥਾਨ 'ਤੇ ਰਿਹਾ।

# ਨਾਮੀ ਕਾਰੋਬਾਰੀ ਤੋਂ ਡੈਮ ਦੀ ਜ਼ਮੀਨ ਦਾ ਨਾਜਾਇਜ਼ ਕਬਜ਼ਾ ਛੁਡਵਾਇਆ

**ਪਠਾਨਕੋਟ:** ਮਾਧੋਪੁਰ ਵਿਚ ਕੈਨਾਲ ਰੈਸਟ ਹਾਊਸ ਅਤੇ ਸ਼ਾਹਪੁਰ ਕੰਢੀ ਡੈਮ ਦੀ ਜ਼ਮੀਨ 'ਤੇ ਇਕ ਨਾਮੀ ਕਾਰੋਬਾਰੀ ਵੱਲੋਂ ਕੀਤੇ ਗਏ ਨਾਜਾਇਜ਼ ਕਬਜ਼ੇ ਦੇ ਮਾਮਲੇ ਵਿਚ ਡੈਮ ਦੇ ਪ੍ਰਸ਼ਾਸਨ ਨੇ ਕੰਡਿਆਲੀ ਤਾਰ ਵਾਲੇ ਪਿੱਲਰ ਪੁੱਟ ਕੇ ਕਬਜ਼ਾ ਛੁਡਵਾ ਲਿਆ ਹੈ ਅਤੇ ਉਥੇ ਆਪਣੀ ਜਗ੍ਹਾ 'ਤੇ ਪਿੱਲਰ ਲਗਾ ਦਿੱਤੇ ਹਨ।

ਹੁਣ ਕਿਸੇ ਬਾਹਰਲੇ ਜ਼ਿਲ੍ਹੇ ਦੇ ਰੈਵੇਨਿਊ ਵਿਭਾਗ ਕੋਲੋਂ ਜਮੀਨ ਦੀ ਨਿਸ਼ਾਨਦੇਹੀ ਕਰਵਾਈ ਜਾਵੇਗੀ ਅਤੇ ਫਿਰ ਕਬਜ਼ਾ ਬਹਾਲ ਕਰਵਾਇਆ ਜਾਵੇਗਾ। ਦੂਜੇ ਪਾਸੇ ਕੈਨਾਲ ਰੈਸਟ ਹਾਊਸ ਦੀ ਜਮੀਨ 'ਤੇ ਕਬਜ਼ਾ ਹਾਲੇ ਵੀ ਬਰਕਰਾਰ ਹੈ। ਕੈਨਾਲ ਰੈਸਟ ਹਾਊਸ ਵਿਚ ਹੀ ਪਠਾਨਕੋਟ ਦੇ ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਹੈ। ਅੰਗਰੇਜ਼ਾਂ ਵੇਲੇ ਦੇ ਇਸ ਰੈਸਟ ਹਾਊਸ ਦਾ ਰਕਬਾ 23 ਕਨਾਲ 18 ਮਰਲੇ ਹੈ। ਇਸ ਦੇ ਸਾਹਮਣੇ ਅੰਗਰੇਜ਼ਾਂ ਨੇ ਲੋਕਾਂ ਦੇ ਟਹਿਲਣ ਲਈ ਇਕ ਖੂਬਸੂਰਤ ਪਰੀਆਂ ਵਾਲਾ ਬਾਗ ਵੀ ਬਣਾਇਆ ਹੋਇਆ ਸੀ। ਸਾਲ 2011 ਵਿਚ ਪਠਾਨਕੋਟ ਨੂੰ ਜ਼ਿਲ੍ਹੇ ਦਾ ਦਰਜਾ ਮਿਲਣ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਰੈਸਟ ਹਾਊਸ ਨੂੰ



ਆਪਣੀ ਰਿਹਾਇਸ਼ ਬਣਾ ਲਿਆ ਸੀ। ਰੈਸਟ ਹਾਊਸ ਦੇ ਸਾਹਮਣੇ ਪੈਂਦੇ ਪਰੀਆਂ ਵਾਲੇ ਬਾਗ ਵਾਲੀ ਜ਼ਮੀਨ ਸ਼ਾਹਪੁਰ ਕੰਢੀ ਡੈਮ ਅਥਾਰਟੀ ਨੇ ਐਕੁਆਇਰ ਕਰ ਲਈ ਸੀ। ਇਸ ਕਰਕੇ ਡੀ.ਸੀ. ਨੇ ਰੈਸਟ ਹਾਊਸ ਦਾ ਆਪਣਾ ਐਂਟਰੀ ਗੇਟ ਬੰਦ ਕਰ ਕੇ ਰੈਸਟ ਹਾਊਸ ਦੇ ਪਿਛਲੇ ਪਾਸੇ ਇਕ ਹੋਰ ਗੇਟ ਬਣਾ ਲਿਆ। ਬੰਦ ਕੀਤੇ ਗਏ ਗੇਟ ਦੇ ਪਿੱਲਰ ਦੇ ਨਾਲ ਲੱਗਦੀ ਰੈਸਟ ਹਾਊਸ ਵਾਲੀ ਕੰਧ ਢਾਹ ਦਿੱਤੀ ਗਈ। ਜਿਹੜੀ ਕੰਧ ਢਾਹੀ ਗਈ, ਉਸ ਦੇ ਨਾਲ ਹੀ ਇਕ ਨਾਮੀ ਤੇ ਰਸੂਖਦਾਰ ਦੀ 29 ਕਨਾਲ 16 ਮਰਲੇ ਜ਼ਮੀਨ ਲੱਗਦੀ ਹੈ। ਉਕਤ ਰਸੂਖਦਾਰ ਨੇ ਢਾਹੀ ਗਈ ਕੰਧ ਵਾਲੇ ਪਾਸੇ (ਰੈਸਟ ਹਾਊਸ ਵਾਲੀ ਜਗ੍ਹਾ) ਆਪਣਾ ਕਬਜ਼ਾ ਕਰ ਲਿਆ। ਇਸ ਤਰ੍ਹਾਂ ਡੀ.ਸੀ. ਦੀ ਰਿਹਾਇਸ਼ ਵਾਲੀ ਕੰਧ ਪੁਰਾਣੀ ਕੰਧ ਨਾਲੋਂ ਪਿੱਛੇ ਕਰ ਦਿੱਤੀ ਗਈ ਤੇ ਉਥੇ ਪ੍ਰੀਕਾਸਟ ਕੰਕਰੀਟ ਵਾਲੀਆਂ ਸਲੈਬਾਂ ਨਾਲ ਕੰਧ ਖੜ੍ਹੀ ਕਰ ਦਿੱਤੀ ਗਈ। ਇਸੇ ਤਰ੍ਹਾਂ ਹੀ ਰੈਸਟ ਹਾਊਸ ਦੇ ਸਾਹਮਣੇ ਜੋ ਜਗ੍ਹਾ ਸ਼ਾਹਪੁਰ ਕੰਢੀ ਡੈਮ ਲਈ ਪ੍ਰਸ਼ਾਸਨ ਨੇ ਐਕੁਆਇਰ ਕੀਤੀ ਸੀ ਉਸ ਉਪਰ ਵੀ ਰਸੂਖਦਾਰ ਨੇ ਕਬਜ਼ਾ ਕਰ ਕੇ ਪਿੱਲਰ ਲਗਾ ਕੇ ਕੰਡਿਆਲੀ ਤਾਰ ਲਗਾ ਦਿੱਤੀ ਸੀ।

### ਮੁਆਵਜ਼ਾ 'ਚ ਘਪਲੇ ਦੇ ਦੋਸ਼ ਹੇਠ 42 ਹੋਰ ਨਾਮਜ਼ਦ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਜਲੰਧਰ-ਚਿੰਤਪੁਰਨੀ ਹਾਈਵੇਅ ਲਈ ਐਕੁਆਇਰ ਕੀਤੀ ਜਮੀਨ ਲਈ ਕੇਂਦਰ ਸਰਕਾਰ ਤੋਂ ਪ੍ਰਾਪਤ ਕਰੋੜਾਂ ਰੁਪਏ ਦੇ ਮੁਆਵਜ਼ੇ ਦੇ ਵੰਡ ਵਿਚ ਬਹੁ-ਕਰੋੜੀ ਘਪਲੇਬਾਜ਼ੀ ਨਾਲ ਸਬੰਧਤ ਮਾਮਲੇ ਦੀ ਜਾਂਚ ਲਈ ਗਠਿਤ ਤਿੰਨ ਮੈਂਬਰੀ ਵਿਸ਼ੇਸ਼ ਪੜਤਾਲੀਆ ਟੀਮ (ਸਿੱਟ) ਦੀ ਤਫਤੀਸ਼ ਦੌਰਾਨ ਐਸ.ਡੀ.ਐੱਮ. ਹੁਸ਼ਿਆਰਪੁਰ ਤੇ ਤਹਿਸੀਲਦਾਰ ਹੁਸ਼ਿਆਰਪੁਰ ਦੇ ਦਫਤਰਾਂ ਵਿਚੋਂ ਕਾਫੀ ਰਿਕਾਰਡ ਗਾਇਬ ਮਿਲਿਆ ਹੈ। ਤਫ਼ਤੀਸ਼ ਵਿਚ ਇਹ ਵੀ ਸਾਹਮਣੇ ਆਇਆ ਕਿ ਤੱਤਕਾਲੀ ਐਸ.ਡੀ.ਐਮ. ਆਨੰਦ ਸਾਗਰ ਨੇ ਲੂਈ ਬਰਜਰ ਕੰਪਨੀ ਵੱਲੋਂ ਤਿਆਰ ਕੀਤੀ ਡਰਾਫਟ 3-ਏ ਸ਼ਡਿਊਲ ਯੋਜਨਾ ਨੂੰ ਗਲਤ ਤਰੀਕੇ ਨਾਲ ਬਦਲ ਦਿੱਤਾ ਅਤੇ ਜਮੀਨ ਦਾ 64 ਕਰੋੜ ਰੁਪਏ ਦਾ ਮੁਆਵਜ਼ਾ ਆਪਣੇ ਜਾਣਕਾਰਾਂ ਨੂੰ ਉਸ ਵੱਲੋਂ ਇਸ ਨਵੀਂ ਸੜਕ ਦੇ ਨਾਲ ਖਰੀਦੀ ਜਮੀਨ ਲਈ ਜਾਰੀ ਕਰ ਦਿੱਤਾ। ਜਾਂਚ ਦੌਰਾਨ ਬਿਊਰੋ ਨੇ ਇਸ ਮਾਮਲੇ ਵਿਚ ਆਈ.ਪੀ.ਸੀ. ਦੀ ਇਕ ਹੋਰ ਧਾਰਾ 201 ਜੋੜ ਦਿੱਤੀ ਹੈ ਅਤੇ 42 ਹੋਰ ਨਵੇਂ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਗਿਆ ਹੈ।

# ਕੁੱਤਿਆਂ ਦੇ ਵੱਢਣ 'ਤੇ ਸਰਕਾਰ ਨੂੰ ਦੇਣਾ ਪਵੇਗਾ ਮੁਆਵਜ਼ਾ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਲਾਵਾਰਸ ਜਾਨਵਰਾਂ ਕਰਕੇ ਵਧ ਰਹੇ ਹਾਦਸੇ ਤੇ ਕੁੱਤਿਆਂ ਦੇ ਵੱਢਣ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਸਖਤ ਰੁਖ ਅਖਤਿਆਰ ਕੀਤਾ ਹੈ। ਅਦਾਲਤ ਨੇ ਅਜਿਹੀਆਂ ਘਟਨਾਵਾਂ ਵਾਪਰਨ 'ਤੇ ਪੀੜਤ ਨੂੰ ਮੁਆਵਜ਼ਾ ਦਿੱਤੇ ਜਾਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਲਈ ਜਿੱਥੇ ਸੂਬਾ ਸਰਕਾਰਾਂ ਜ਼ਿੰਮੇਵਾਰ ਹੋਣਗੀਆਂ ਉਥੇ ਉਹ ਮੁਆਵਜ਼ੇ ਦਾ ਭੁਗਤਾਨ ਵੀ ਕਰਨਗੀਆਂ। ਅਦਾਲਤ ਨੇ ਕਿਹਾ ਕਿ ਕੁੱਤੇ ਦੇ ਵੱਢਣ 'ਤੇ ਪ੍ਰਤੀ ਦੰਦ ਦੇ ਨਿਸ਼ਾਨ 'ਤੇ ਘੱਟੋ-ਘੱਟ ਮੁਆਵਜ਼ਾ 10 ਹਜ਼ਾਰ ਰੁਪਏ ਦਿੱਤਾ ਜਾਵੇਗਾ, ਜਦੋਂਕਿ ਬਾਕੀ ਮੁਆਵਜ਼ਾ ਤੈਅ ਕਰਨ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਕਮੇਟੀਆਂ ਬਣਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਹ ਹੁਕਮ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 193 ਪਟੀਸ਼ਨਾਂ ਦਾ ਨਿਪਟਾਰਾ ਕਰਦਿਆਂ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕੁੱਤਿਆਂ ਦੇ ਵੱਢਣ 'ਤੇ ਪ੍ਰਤੀ ਦੰਦ 10 ਹਜ਼ਾਰ



ਰੁਪਏ ਅਤੇ 0.2 ਸੈਂਟੀਮੀਟਰ ਡੂੰਘੇ ਜ਼ਖ਼ਮ ਲਈ 20 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ। ਅਦਾਲਤ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਬਣਾਈਆਂ ਜਾਣ ਵਾਲੀਆਂ ਕਮੇਟੀਆਂ ਵੱਲੋਂ 4 ਮਹੀਨੇ ਦੇ ਅੰਦਰ-ਅੰਦਰ ਆਖਰੀ ਫੈਸਲਾ ਲਿਆ ਜਾਵੇਗਾ। ਇਸ ਸਮੇਂ ਦੇਸ਼ ਵਿਚ ਲਾਵਾਰਸ ਕੁੱਤਿਆਂ ਵੱਲੋਂ ਵੱਢਣ ਦੀਆਂ ਘਟਨਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ, ਜਿਸ ਕਰਕੇ ਕਈ ਲੋਕਾਂ ਨੂੰ ਆਪਣੀ ਜਾਨ ਤੱਕ ਗੁਆਉਣੀ ਪਈ ਹੈ।

# ਪੰਜਾਬ ਸਕੂਲ ਸਿੱਖਿਆ ਬੋਰਡ ਦਾ ਚਲਾਨ

**ਚੰਡੀਗੜ੍ਹ:** ਕਿਰਤ ਵਿਭਾਗ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਡੇਲੀਵੇਜ਼ ਕਿਰਤੀਆਂ ਨੂੰ ਨਿਰਧਾਰਿਤ ਉਜਰਤ ਤੋਂ ਘੱਟ ਤਨਖਾਹ ਦੇਣ ਦੇ ਮਾਮਲੇ 'ਚ ਸਿੱਖਿਆ ਬੋਰਡ ਦਾ ਚਲਾਨ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਿਰਤ ਵਿਭਾਗ ਦੇ ਲੇਬਰ ਇਨਫੋਰਸਮੈਂਟ ਅਫਸਰ ਮੁਹਾਲੀ ਨੂੰ ਸਿੱਖਿਆ ਬੋਰਡ ਵਿਚ ਕਿਰਤ ਕਾਨੂੰਨਾਂ ਦੀ ਕੀਤੀ ਗਈ ਅਚਾਨਕ ਚੈਕਿੰਗ ਵਿਚ ਪਤਾ ਲੱਗਾ ਕਿ ਬੋਰਡ ਵੱਲੋਂ ਲਗਭਗ 450 ਕਿਰਤੀਆਂ ਨੂੰ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਉਜਰਤ ਨਹੀਂ ਦਿੱਤੀ ਜਾ ਰਹੀ ਅਤੇ ਉਨ੍ਹਾਂ ਦਾ ਹਾਜ਼ਰੀ ਰਜਿਸਟਰ ਨਿਰਧਾਰਤ ਪ੍ਰੋਫਾਰਮੇ ਮੁਤਾਬਕ ਨਹੀਂ ਰੱਖਿਆ ਗਿਆ।

ਨਿਰੀਖਣ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਬੋਰਡ ਵੱਲੋਂ ਘੱਟੋ ਘੱਟ ਮਜ਼ਦੂਰੀ ਐਕਟ 1948 ਮੁਤਾਬਕ ਸਾਲਾਨਾ ਰਿਟਰਨ ਵੀ ਨਹੀਂ ਭੇਜੀ ਜਾਂਦੀ। ਲੇਬਰ ਇਨਫੋਰਸਮੈਂਟ ਅਫਸਰ ਵੱਲੋਂ ਆਪਣੇ ਕਿਰਤ ਵਿਭਾਗ ਦੇ ਸਹਾਇਕ ਕਿਰਤ ਕਮਿਸ਼ਨਰ ਨੂੰ ਭੇਜੀ ਚਲਾਨ ਰਿਪੋਰਟ ਵਿਚ ਨਿਯਮਾਂ ਦੀ ਉਲੰਘਣਾ ਬਾਰੇ ਦੱਸਿਆ ਗਿਆ। ਇਸ ਮਗਰੋਂ ਸਹਾਇਕ ਕਿਰਤ



ਕਮਿਸ਼ਨਰ ਨੇ ਕਿਰਤ ਕਮਿਸ਼ਨਰ ਪੰਜਾਬ ਨੂੰ ਲਿਖੇ ਪੱਤਰ ਵਿਚ ਸਿੱਖਿਆ ਬੋਰਡ ਖਿਲਾਫ਼ ਬਣਦੀ ਕਾਰਵਾਈ ਕਰਨ ਸਮੇਤ ਪੰਜਾਬ ਸਰਕਾਰ ਦੇ ਕਿਰਤ ਵਿਭਾਗ ਅਨੁਸਾਰ ਤਨਖਾਹ ਦੇਣ ਬਾਰੇ ਲਿਖਿਆ। ਕਿਰਤ ਵਿਭਾਗ ਨੇ ਇਹ ਸਾਰੀ ਕਾਰਵਾਈ ਸਿੱਖਿਆ ਬੋਰਡ ਦੀ ਡੇਲੀਵੇਜ਼ ਕਰਮਚਾਰੀ ਯੂਨੀਅਨ ਵੱਲੋਂ ਦਿੱਤੀ ਸ਼ਿਕਾਇਤ 'ਤੇ ਕੀਤੀ ਹੈ।

ਸਹਾਇਕ ਕਿਰਤ ਕਮਿਸ਼ਨਰ ਵੱਲੋਂ ਸਿੱਖਿਆ ਬੋਰਡ ਦੇ ਕਿਰਤੀਆਂ ਨੂੰ ਵੀ ਕਿਹਾ ਗਿਆ ਹੈ ਕਿ ਉਹ 'ਮਿਨੀਮਮ ਵੇਜਿਜ਼ ਐਕਟ-1948' ਤੇ 'ਪੇਮੈਂਟ ਆਫ਼ ਵੇਜਿਜ਼ ਐਕਟ-1936' ਅਧੀਨ ਆਪਣਾ ਕਲੇਮ ਸਬੰਧਤ ਅਥਾਰਿਟੀ ਕੋਲ ਦਾਇਰ ਕਰਨ ਤਾਂ ਜੋ ਕਿਰਤੀਆਂ ਨੂੰ ਬਣਦੇ ਬਕਾਏ ਦਿਵਾਏ ਜਾ ਸਕਣ।

# ਪੰਜਾਬ ਵਿਚ ਨਿਗਮ ਤੇ ਕੌਂਸਲ ਚੋਣਾਂ ਜਨਵਰੀ ’ਚ ਕਰਵਾਉਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜ ਨਗਰ ਨਿਗਮਾਂ ਅਤੇ 41 ਨਗਰ ਕੌਂਸਲਾਂ ਦੀਆਂ ਚੋਣਾਂ ਅਗਲੇ ਸਾਲ ਜਨਵਰੀ ਵਿਚ ਕਰਵਾਉਣ ਦਾ ਫੈਸਲਾ ਕੀਤਾ ਹੈ। 'ਆਪ' ਸਰਕਾਰ ਨੇ ਨਗਰ ਕੌਂਸਲ ਚੋਣਾਂ ਤੋਂ ਤੁਰਤ ਬਾਅਦ ਪੰਚਾਇਤੀ ਚੋਣਾਂ ਕਰਾਏ ਜਾਣ ਦੀ ਰੂਪ-ਰੇਖਾ ਉਲੀਕੀ ਹੈ। ਸੂਬਾ ਚੋਣ ਕਮਿਸ਼ਨ ਵੱਲੋਂ ਜਲਦ ਹੀ ਤਰੀਕਾਂ ਦਾ ਐਲਾਨ ਕੀਤਾ ਜਾਵੇਗਾ।

ਉਸ ਤੋਂ ਪਹਿਲਾਂ ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿਚ 'ਆਪ' ਸਰਕਾਰ ਵੱਲੋਂ ਰੈਲੀਆਂ ਕੀਤੀਆਂ ਜਾਣਗੀਆਂ ਤਾਂ ਜੋ ਚੋਣਾਂ ਤੋਂ ਪਹਿਲਾਂ ਸਿਆਸੀ ਭਾਰ ਤੋਲਿਆ ਜਾ ਸਕੇ। ਅੰਮ੍ਰਿਤਸਰ, ਪਟਿਆਲਾ ਅਤੇ ਹੁਸ਼ਿਆਰਪੁਰ ਵਿਚ ਪਹਿਲਾਂ ਹੀ ਇਹ ਪ੍ਰੋਗਰਾਮ ਹੋ ਚੁੱਕੇ ਹਨ। ਵੇਰਵਿਆਂ ਅਨੁਸਾਰ ਹੁਸ਼ਿਆਰਪੁਰ ਤੋਂ ਬਾਅਦ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ ਵੱਡੀ ਸਿਆਸੀ ਰੈਲੀ ਕੀਤੀ ਜਾਣੀ ਹੈ। ਸੰਗਰੂਰ ਲੋਕ ਸਭਾ ਹਲਕੇ ਦੀ ਰੈਲੀ ਧੂਰੀ ਵਿਚ ਹੋਵੇਗੀ। ਇਸੇ ਤਰ੍ਹਾਂ 20 ਦਸੰਬਰ ਤੱਕ ਸਾਰੇ ਲੋਕ ਸਭਾ ਹਲਕਿਆਂ ਵਿਚ ਪ੍ਰੋਗਰਾਮ ਕੀਤੇ ਜਾਣੇ ਹਨ। ਮੁੱਖ ਮੰਤਰੀ ਨੇ ਪਹਿਲਾਂ ਹੀ ਐਲਾਨ ਕੀਤਾ ਹੈ ਕਿ ਸ਼ਹੀਦੀ ਸਪਤਾਹ ਕਰਕੇ 20 ਦਸੰਬਰ ਤੋਂ 30 ਦਸੰਬਰ ਤੱਕ ਕੋਈ ਸਰਕਾਰੀ ਸਮਾਗਮ ਕਿਧਰੇ ਵੀ ਨਹੀਂ ਕਰਵਾਏ ਜਾਣਗੇ।



ਅਹਿਮ ਸੂਤਰਾਂ ਨੇ ਦੱਸਿਆ ਕਿ ਲੋਹੜੀ ਤੋਂ ਬਾਅਦ ਨਗਰ ਕੌਂਸਲ ਚੋਣਾਂ ਹੋਣ ਦੀ ਸੰਭਾਵਨਾ ਹੈ ਜਿਸ ਦੀ ਤਿਆਰੀ ਮੁਕੰਮਲ ਹੋ ਚੁੱਕੀ ਹੈ। ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਦੱਸਿਆ ਕਿ ਨਗਰ ਕੌਂਸਲ ਅਤੇ ਪੰਚਾਇਤੀ ਚੋਣਾਂ ਦਾ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ ਅਤੇ ਇਹ ਚੋਣਾਂ ਇੱਕ ਦੂਸਰੇ ਤੋਂ ਥੋੜ੍ਹੇ ਵਕਫ਼ੇ ਵਿਚ ਹੀ ਕਰਵਾਈਆਂ ਜਾਣਗੀਆਂ। ਪੰਜਾਬ ਸਰਕਾਰ ਨੇ ਪਹਿਲਾਂ 15 ਨਵੰਬਰ ਤੱਕ ਚੋਣਾਂ ਕਰਾਏ ਜਾਣ ਦੀ ਤਰੀਕ ਤੈਅ ਕੀਤੀ ਸੀ ਪਰ ਅਜਿਹਾ ਸੰਭਵ ਨਹੀਂ ਹੋ ਸਕਿਆ ਸੀ। ਸਥਾਨਕ ਸਰਕਾਰਾਂ ਵਿਭਾਗ ਵੱਲੋਂ ਇਨ੍ਹਾਂ ਚੋਣਾਂ ਨੂੰ ਲੈ ਕੇ ਨੋਟੀਫ਼ਿਕੇਸ਼ਨ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਹੁਣ ਸਟੇਟ ਚੋਣ ਕਮਿਸ਼ਨ ਵੱਲੋਂ ਤਰੀਕਾਂ ਦਾ ਐਲਾਨ ਕੀਤਾ ਜਾਵੇਗਾ। ਨਗਰ ਨਿਗਮਾਂ 'ਚੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਫਗਵਾੜਾ ਨਗਰ ਨਿਗਮ ਦੀ ਚੋਣ ਹੋਵੇਗੀ। ਫਗਵਾੜਾ ਦੀ ਪਹਿਲੀ ਚੋਣ ਹੋਣੀ ਹੈ ਜਦੋਂਕਿ ਬਾਕੀ ਚਾਰ ਨਿਗਮਾਂ ਦੀ ਮਿਆਦ ਜਨਵਰੀ 2023 ਵਿਚ ਹੀ ਖ਼ਤਮ ਹੋ ਚੁੱਕੀ ਹੈ। ਇਨ੍ਹਾਂ ਨਿਗਮਾਂ ਦੀ ਵਾਰਡਬੰਦੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। 'ਆਪ' ਸਰਕਾਰ ਲਈ ਇਹ ਚੋਣਾਂ ਪ੍ਰੀਖਿਆ ਬਣਨਗੀਆਂ। ਚੋਣਾਂ ਦੀ ਤਿਆਰੀ ਵਜੋਂ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਵਿਚ 'ਸਰਕਾਰ-ਸਨਅਤਕਾਰ ਮਿਲਣੀ' ਪ੍ਰੋਗਰਾਮ ਕੀਤੇ ਹਨ। ਆਮ ਆਦਮੀ ਪਾਰਟੀ ਵੱਲੋਂ ਵੱਡੇ ਸ਼ਹਿਰਾਂ ਵਿਚ ਚੋਣਾਂ ਦੀ ਤਿਆਰੀ ਵਜੋਂ ਟੀਮਾਂ ਦਾ ਗਠਨ ਕੀਤਾ ਜਾ ਚੁੱਕਾ ਹੈ।

## ਨਿਗਮ ਚੋਣਾਂ ਆਪਣੇ ਬਲਬੂਤੇ ‘ਤੇ ਲੜੇਗੀ ਭਾਜਪਾ: ਜਾਖੜ

**ਅੰਮ੍ਰਿਤਸਰ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਵੱਲੋਂ ਸੂਬੇ ਦੀਆਂ ਪੰਜ ਨਗਰ ਨਿਗਮਾਂ ਵਿਚ ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾਣਗੇ ਅਤੇ ਇਹ ਚੋਣਾਂ ਭਾਜਪਾ ਆਪਣੇ ਦਮ 'ਤੇ ਲੜੇਗੀ। ਜਾਖੜ ਨੇ ਕਿਹਾ ਕਿ ਭਾਜਪਾ ਪਹਿਲੀ ਵਾਰ ਪੰਜਾਬ ਦੀਆਂ ਪੰਜ ਨਗਰ ਨਿਗਮ ਚੋਣਾਂ ਆਪਣੇ ਦਮ 'ਤੇ ਲੜੇਗੀ ਤੇ ਹਰੇਕ ਵਾਰਡ ਵਿਚ ਆਪਣੇ ਉਮੀਦਵਾਰ ਖੜ੍ਹੇ ਕਰੇਗੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਨਗਰ ਨਿਗਮ ਵਿਚ ਭਾਜਪਾ ਦਾ ਮੇਅਰ ਬਣੇਗਾ। ਉਨ੍ਹਾਂ ਦਾਅਵਾ ਕੀਤਾ ਕਿ ਨਿਗਮ ਚੋਣਾਂ ਤੋਂ ਬਾਅਦ ਭਾਜਪਾ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਵੀ ਜਿੱਤ ਪ੍ਰਾਪਤ ਕਰੇਗੀ।

# ਪੰਜਾਬ ਸਰਕਾਰ ਦੀ ਘਰ-ਘਰ ਰਾਸ਼ਨ ਯੋਜਨਾ ’ਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਸਰਕਾਰ ਦੀ ਘਰ-ਘਰ ਰਾਸ਼ਨ ਯੋਜਨਾ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਕੇਂਦਰ ਵੱਲੋਂ ਪਹਿਲਾਂ ਹੀ ਸੂਬੇ ਵਿਚ 1 ਕਰੋੜ 42 ਲੱਖ ਲੋਕਾਂ ਨੂੰ ਮੁਫ਼ਤ ਰਾਸ਼ਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਯੋਜਨਾਵਾਂ ਦੇ ਨਾਮ ਬਦਲਣ ਨਾਲ ਸੂਬੇ ਦਾ ਭਲਾ ਨਹੀਂ ਹੋ ਸਕਦਾ, ਸਗੋਂ ਪੰਜਾਬ ਦਾ ਭਲਾ ਕਰਨ ਲਈ 'ਆਪ' ਸਰਕਾਰ ਨੂੰ ਖੁਦ ਉਪਰਾਲੇ ਕਰਨੇ ਪੈਣਗੇ।



ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਕੇਂਦਰ ਸਰਕਾਰ ਵੱਲੋਂ ਪਹਿਲਾਂ ਹੀ ਦੇਸ਼ ਦੇ 80 ਕਰੋੜ ਅਤੇ ਪੰਜਾਬ ਦੇ 1.42 ਕਰੋੜ ਲਾਭਪਾਤਰੀਆਂ ਨੂੰ ਮੁਫ਼ਤ ਰਾਸ਼ਨ ਦਿੱਤਾ ਜਾ ਰਿਹਾ ਹੈ। ਸ੍ਰੀ ਜਾਖੜ ਨੇ ਕਿਹਾ ਕਿ 'ਆਪ' ਸਰਕਾਰ ਇਸ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਫੋਟੋ ਲਾ ਕੇ ਆਪਣੀ ਮਸ਼ਹੂਰੀ ਕਰਨ ਦੀ ਫਿਰਾਕ ਵਿਚ ਹੈ। ਇਸ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਸਰਕਾਰ ਰਾਸ਼ਟਰੀ ਫੂਡ ਸਿਕਿਊਰਿਟੀ ਐਕਟ ਦੀ ਸਿੱਧੇ ਤੌਰ 'ਤੇ ਉਲੰਘਣਾ ਕਰੇਗੀ।

ਜਾਖੜ ਨੇ ਕਿਹਾ ਕਿ ਪਹਿਲਾਂ ਵੀ ਰਾਸ਼ਟਰੀ ਸਿਹਤ ਮਿਸ਼ਨ ਤਹਿਤ ਆਉਣ ਵਾਲਾ ਪੈਸਾ ਆਮ ਆਦਮੀ ਕਲੀਨਿਕ 'ਤੇ ਖਰਚ ਕੇ ਸਿਹਤ ਸੁਵਿਧਾਵਾਂ ਦਾ ਜਲੂਸ ਕੱਢਿਆ ਗਿਆ, ਉਸੇ ਤਰ੍ਹਾਂ ਸਰਕਾਰ ਦੀ ਇਸ ਝੂਠੀ ਖੇਡ ਦਾ ਨੁਕਸਾਨ ਗਰੀਬ ਲੋਕਾਂ ਨੂੰ ਹੋਵੇਗਾ। ਸਰਕਾਰ ਦੀ ਇਸ ਧੋਖਾਧੜੀ ਲਈ ਕੇਸ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਵਧੀਆ ਚੱਲ ਰਹੇ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਬਣਾ ਦਿੱਤਾ ਗਿਆ। ਰਾਜਿੰਦਰ ਹਸਪਤਾਲ ਵਿਚ ਛੋਟੇ ਬੱਚਿਆਂ ਦੀ ਸੰਭਾਲ ਵਾਲਾ ਮਸ਼ੀਨੀ ਸਿਸਟਮ ਵੀ ਫੇਲ੍ਹ ਹੋਇਆ ਪਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਕਿਸੇ ਵੀ ਚੀਜ਼ ਦਾ ਐਮ.ਐਸ.ਪੀ. ਦੇਣ ਨਾਲ ਮਸਲਾ ਹੱਲ ਨਹੀਂ ਹੋਣਾ, ਲੋੜ ਹੈ ਕਿਸਾਨੀ ਨੂੰ ਲਾਹੇਵੰਦ ਬਣਾਉਣ ਲਈ ਸਾਂਝੇ ਵਿਚਾਰ ਕਰਕੇ ਚੰਗੇ ਹੱਲ ਕੱਢਣ ਦੀ। ਸੁਨੀਲ ਜਾਖੜ ਨੇ ਕਿਹਾ ਕਿ 'ਆਪ' ਸਰਕਾਰ ਦੇ ਮੰਤਰੀਆਂ ਅਤੇ ਲੀਡਰਾਂ 'ਤੇ ਸਨਸਨੀਖੇਜ਼ ਦੋਸ਼ ਲੱਗਣੇ ਚਿੰਤਾ ਦਾ ਵਿਸ਼ਾ ਹੈ। ਇਸ ਲਈ ਮੁੱਖ ਮੰਤਰੀ ਨੂੰ ਖੁਦ ਜਾਂਚ ਕਰਵਾ ਕੇ ਕਾਰਵਾਈ ਕਰਨੀ ਚਾਹੀਦੀ ਹੈ।

**ਭਾਜਪਾ ਨੂੰ ਪੰਜਾਬ ਦੀ ਕੋਈ ਚਿੰਤਾ ਨਹੀਂ: 'ਆਪ':** 'ਆਪ' ਪੰਜਾਬ ਨੇ ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਦੇ ਬਿਆਨ 'ਤੇ ਪ੍ਰਤੀਕ੍ਰਿਆ ਪ੍ਰਗਟਾਉਂਦਿਆਂ ਕਿਹਾ ਕਿ ਭਾਜਪਾ ਨੇਤਾਵਾਂ ਨੂੰ ਪੰਜਾਬ ਦੀ ਕੋਈ ਚਿੰਤਾ ਨਹੀਂ ਹੈ। ਇਹ ਲੋਕ ਪੰਜਾਬੀਆਂ ਨੂੰ ਮੂਰਖ ਬਣਾਉਣ ਲਈ ਮਗਰਮੱਛ ਦੇ ਹੰਝੂ ਕੇਰ ਰਹੇ ਹਨ। ਪਾਰਟੀ ਬੁਲਾਰੇ ਨੇ ਕਿਹਾ ਕਿ ਜੇ ਸੁਨੀਲ ਜਾਖੜ ਤੇ ਭਾਜਪਾ ਆਗੂ ਪੰਜਾਬ ਪ੍ਰਤੀ ਫਿਕਰਮੰਦ ਹੁੰਦੇ ਤਾਂ ਪੰਜਾਬ ਦੇ ਐਨ.ਐਚ.ਐਮ. ਫੰਡ, ਪੇਂਡੂ ਵਿਕਾਸ ਫੰਡ ਤੇ ਐਮਰਜੈਂਸੀ ਫੰਡ ਰੋਕਣ ਦਾ ਮੁੱਦਾ ਕੇਂਦਰ ਕੋਲ ਜ਼ਰੂਰ ਚੁੱਕਦੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਕਰੀਬ 9,000 ਕਰੋੜ ਰੁਪਏ ਦੇ ਕੇਂਦਰੀ ਫੰਡ ਰੋਕ ਲਏ ਹਨ, ਪਰ ਪੰਜਾਬ ਭਾਜਪਾ ਦੇ ਆਗੂਆਂ ਨੇ ਇਸ ਵਿਰੁੱਧ ਕੁਝ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਕੇਂਦਰ ਵਿਚ 9 ਸਾਲਾਂ ਤੋਂ ਭਾਜਪਾ ਦੀ ਸਰਕਾਰ ਹੈ ਪਰ ਅੱਜ ਤੱਕ ਕਿਸੇ ਵੀ ਭਾਜਪਾ ਆਗੂ ਨੇ ਮੋਦੀ ਸਰਕਾਰ ਤੋਂ ਪੰਜਾਬ ਲਈ ਵਿਸ਼ੇਸ਼ ਪੈਕੇਜ ਦੀ ਮੰਗ ਨਹੀਂ ਕੀਤੀ।

## ਘਰ-ਘਰ ਆਟੇ ਦੀ ਥਾਂ ਕਣਕ ਦੇਵੇ ਸਰਕਾਰ: ਬਾਜਵਾ

**ਚੰਡੀਗੜ੍ਹ:** ਸਾਬਕਾ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਰਕਾਰ ਵੱਲੋਂ ਘਰ-ਘਰ ਆਟਾ ਸਕੀਮ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਇਸ ਰਾਹੀਂ ਲਾਭਪਾਤਰੀਆਂ ਤੱਕ ਗੈਰਮਿਆਰੀ ਆਟਾ ਪਹੁੰਚਣ ਦਾ ਖ਼ਦਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਦੀ ਥਾਂ ਘਰ-ਘਰ ਕਣਕ ਦੇਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ 'ਆਪ' ਸਰਕਾਰ ਦੀ ਫਲੈਗਸ਼ਿਪ ਸਕੀਮ ਨਾਲ ਸਰਕਾਰੀ ਖਜ਼ਾਨੇ 'ਤੇ ਬੇਲੋੜਾ ਬੋਝ ਵੀ ਵਧੇਗਾ। ਉਨ੍ਹਾਂ ਕਿਹਾ ਕਿ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀ ਪਹਿਲਾਂ ਹੀ ਚਿੰਤਾ ਜ਼ਾਹਿਰ ਕਰ ਚੁੱਕੇ ਹਨ ਕਿ ਉਨ੍ਹਾਂ ਕੋਲ ਆਟੇ ਦੀ ਗੁਣਵੱਤਾ ਜਾਂਚਣ ਦਾ ਕੋਈ ਤਰੀਕਾ ਨਹੀਂ ਹੈ। ਫਿਰ ਵੀ 'ਆਪ' ਸਰਕਾਰ ਇਸ ਯੋਜਨਾ 'ਤੇ ਅੱਗੇ ਵਧਣ ਲਈ ਅੜੀ ਹੋਈ ਹੈ। ਬਾਜਵਾ ਨੇ ਕਿਹਾ ਕਿ ਸਰਕਾਰ ਨੂੰ ਕਣਕ ਦੇ ਆਟੇ ਦੀ ਥਾਂ ਲਾਭਪਾਤਰੀਆਂ ਨੂੰ ਸਾਬਤ ਅਨਾਜ ਮੁਹੱਈਆ ਕਰਵਾਉਣਾ ਚਾਹੀਦਾ ਹੈ।

# ਮੂਸੇਵਾਲਾ ਦੇ ਪਿਤਾ ਦਾ ਦਿੱਲੀ ਜੇਲ੍ਹ ਅਧਿਕਾਰੀਆਂ ’ਤੇ ਗੰਭੀਰ ਦੋਸ਼

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦਿੱਲੀ ਜੇਲ੍ਹ ਅਧਿਕਾਰੀਆਂ ਉਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਜੇਲ੍ਹ ਵਿਚ ਸਹੂਲਤਾਂ ਲੈਣ ਦੇ ਬਦਲੇ ਅਧਿਕਾਰੀਆਂ ਨੂੰ ਫਿਰੌਤੀ ਦਿੱਤੀ ਹੋਵੇ। ਇਸੇ ਲਈ ਉਸ ਨੇ ਦਿੱਲੀ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਰਚੀ। ਉਨ੍ਹਾਂ ਨੂੰ ਸ਼ੱਕ ਹੈ ਕਿ ਜੇਲ੍ਹ ਪ੍ਰਸ਼ਾਸਨ ਨੇ ਇਸ ਕਤਲੇਆਮ ਦੀ ਸਾਜ਼ਿਸ਼ ਰਚਣ ਵਿਚ ਲਾਰੈਂਸ ਦੀ ਮਦਦ ਕੀਤੀ ਸੀ। ਉਨ੍ਹਾਂ ਮੰਗ ਕੀਤੀ ਕਿ ਸਰਕਾਰੀ ਏਜੰਸੀਆਂ ਨੂੰ ਇਸ ਦੀ ਜਾਂਚ ਕਰਨੀ ਚਾਹੀਦੀ ਹੈ। ਬਲਕੌਰ ਸਿੰਘ ਨੇ ਸੋਸ਼ਲ ਮੀਡੀਆ ਉਤੇ ਲਿਖਿਆ ਹੈ ਕਿ ਸੀ.ਬੀ.ਆਈ. ਨੇ ਖੁਲਾਸਾ ਕੀਤਾ ਹੈ ਕਿ ਜੇਲ੍ਹ ਦੇ ਸਾਬਕਾ ਡੀ.ਜੀ.ਪੀ. ਅਤੇ ਜੇਲ੍ਹ ਮੰਤਰੀ ਨੇ ਜੇਲ੍ਹਾਂ ਵਿਚ ਅਪਰਾਧੀਆਂ ਨੂੰ ਸਹੂਲਤਾਂ ਦੇਣ ਦੇ ਬਦਲੇ ਪੈਸੇ ਵਸੂਲੇ ਹਨ। ਸੀ.ਬੀ.ਆਈ. ਦੇ ਇਸ ਖੁਲਾਸੇ ਤੋਂ ਬਾਅਦ ਕੀ ਸਾਨੂੰ ਅਪਰਾਧੀਆਂ, ਅਫ਼ਸਰਾਂ ਅਤੇ ਸਿਆਸਤਦਾਨਾਂ ਵਿਚਕਾਰ ਸਬੰਧਾਂ ਨੂੰ ਬੇਨਕਾਬ ਕਰਨ ਲਈ ਹਾਲੇ ਵੀ ਸਬੂਤਾਂ ਦੀ ਲੋੜ ਹੈ?



ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਦਾ ਕਤਲ ਹੋਏ ਡੇਢ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਉਸ ਦੇ ਪੁੱਤਰ ਦਾ ਕਤਲ ਕਰਨ ਵਾਲੇ ਗੈਂਗਸਟਰ ਲਾਰੈਂਸ ਅਤੇ ਉਸ ਦੇ ਸਾਥੀਆਂ ਨੂੰ ਸਜ਼ਾ ਨਹੀਂ ਮਿਲੀ। ਸਿੱਧੂ ਦੇ ਪ੍ਰਸੰਸਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਆਰ ਸਦਕਾ ਹੀ ਪਰਿਵਾਰ ਇਸ ਦੁੱਖ ਦੀ ਘੜੀ ਦਾ ਸਾਹਮਣਾ ਕਰ ਸਕਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ। ਦਿਨ-ਦਿਹਾੜੇ ਕਤਲ ਹੋ ਰਹੇ ਹਨ। ਫਿਰੌਤੀ ਦੀ ਮੰਗ ਕੀਤੀ ਜਾ ਰਹੀ ਹੈ। ਜੇ ਮੁੱਖ ਮੰਤਰੀ ਭਗਵੰਤ ਮਾਨ ਥੋੜ੍ਹੀ ਜਿਹੀ ਵੀ ਕੋਸ਼ਿਸ਼ ਕਰਨ ਤਾਂ ਪੰਜਾਬ ਦੇ ਹਾਲਾਤ ਬਦਲ ਸਕਦੇ ਹਨ।

ਬਲਕੌਰ ਸਿੰਘ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਦਾ ਕਤਲ ਕਰਨ ਵਾਲੇ ਗੈਂਗਸਟਰ ਲਾਰੈਂਸ ਨੇ ਪੰਜਾਬ ਦੀ ਜੇਲ੍ਹ ਅੰਦਰ ਬੈਠ ਕੇ ਟੀ.ਵੀ. ਚੈਨਲ ਨੂੰ ਵੀਡੀਓ ਇੰਟਰਵਿਊ ਦਿੱਤੀ ਸੀ ਪਰ ਪੰਜਾਬ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨੋਟਿਸ ਲੈਂਦਿਆਂ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ, ਉਸ ਦਾ ਪਰਿਵਾਰ ਇਸ ਦਾ ਸਵਾਗਤ ਕਰਦਾ ਹੈ, ਜੋ ਕੰਮ ਸਰਕਾਰ ਨੂੰ ਕਰਨਾ ਚਾਹੀਦਾ ਸੀ, ਉਹ ਹੁਣ ਅਦਾਲਤ ਵੱਲੋਂ ਕੀਤਾ ਜਾ ਰਿਹਾ ਹੈ।

# ਭਗਵੰਤ ਮਾਨ ਦੀ ਰਿਹਾਇਸ਼ ਵੱਲ ਵਧਦੇ ਕੱਚੇ ਅਧਿਆਪਕਾਂ ਤੇ ਪੁਲਿਸ ਵਿਚਾਲੇ ਝੜਪ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਵਾਲੀ ਕਲੋਨੀ ਅੱਗੇ 8736 ਕੱਚੇ ਅਧਿਆਪਕਾਂ ਅਤੇ ਪੁਲਿਸ ਵਿਚਕਾਰ ਜ਼ੋਰਦਾਰ ਝੜਪ ਹੋਈ। ਕੱਚੇ ਅਧਿਆਪਕਾਂ ਨੇ ਜਦੋਂ ਮੁੱਖ ਮੰਤਰੀ ਦੇ ਘਰ ਵੱਲ ਵਧਣ ਦਾ ਯਤਨ ਕੀਤਾ ਤਾਂ ਉਥੇ ਤਾਇਨਾਤ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ।

ਇਸ ਦੌਰਾਨ ਪੁਲਿਸ ਤੇ ਕੱਚੇ ਅਧਿਆਪਕਾ ਵਿਚਾਲੇ ਝੜਪ ਹੋ ਗਈ ਜਿਸ ਕਾਰਨ ਕਈ ਅਧਿਆਪਕਾਂ ਦੀਆਂ ਪੱਗਾਂ ਲੱਥ ਗਈਆਂ। ਜਾਣਕਾਰੀ ਅਨੁਸਾਰ 8736 ਕੱਚੇ ਅਧਿਆਪਕ ਯੂਨੀਅਨ ਦੀ ਅਗਵਾਈ ਹੇਠ ਸੈਂਕੜੇ ਅਧਿਆਪਕ ਆਪਣੀਆਂ ਸੇਵਾਵਾਂ ਰੈਗੂਲਰ ਕੀਤੇ ਜਾਣ ਦੀ ਮੰਗ ਪੂਰੀ ਕਰਵਾਉਣ ਲਈ ਕੌਮੀ ਮਾਰਗ ਦੇ ਪਟਿਆਲਾ ਬਾਈਪਾਸ ਓਵਰਬ੍ਰਿੱਜ ਹੇਠ ਇਕੱਠੇ ਹੋਏ, ਜਿਥੇ ਰੋਸ ਰੈਲੀ ਕਰਨ ਮਗਰੋਂ ਮਾਰਚ ਕਰਦੇ ਹੋਏ ਉਹ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਨੇੜੇ ਪੁੱਜੇ। ਇਥੇ ਪਹਿਲਾਂ ਤੋਂ ਤਾਇਨਾਤ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ ਜਿਸ ਮਗਰੋਂ ਦੋਵੇਂ ਧਿਰਾਂ ਵਿਚਾਲੇ ਖਿੱਚ-ਧੂਹ ਹੋਈ। ਜਦੋਂ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਮੁੱਖ ਮੰਤਰੀ ਦੀ ਕੋਠੀ ਵੱਲ ਨਾ ਜਾਣ ਦਿੱਤਾ ਤਾਂ ਉਨ੍ਹਾਂ ਰੋਸ ਮਾਰਚ ਕਰਦਿਆਂ ਪਿੰਡ ਖੁਰਾਣਾ ਨੇੜੇ ਕੌਮੀ ਮਾਰਗ-7 'ਤੇ ਪੁੱਜ ਕੇ ਦੋਵੇਂ ਪਾਸਿਆਂ ਤੋਂ ਆਵਾਜਾਈ ਰੋਕ ਦਿੱਤੀ। ਇਸ ਮੌਕੇ ਤਿੰਨ ਪ੍ਰਦਰਸ਼ਨਕਾਰੀ ਗੁਰਲਾਲ ਸਿੰਘ, ਹਰਮੀਤ ਸਿੰਘ ਤੇ ਜਸਵਿੰਦਰ ਸਿੰਘ ਨੇੜਲੇ ਮੋਬਾਈਲ ਟਾਵਰ 'ਤੇ ਚੜ੍ਹ ਗਏ।



ਗੌਰਤਲਬ ਹੈ ਕਿ ਨੇੜਲੇ ਪਿੰਡ ਖੁਰਾਣਾ ਵਿਚ ਅਧਿਆਪਕ ਇੰਦਰਜੀਤ ਸਿੰਘ ਮਾਨਸਾ ਪਿਛਲੇ ਪੰਜ ਮਹੀਨਿਆਂ ਤੋਂ ਟੈਂਕੀ 'ਤੇ ਮੋਰਚਾ ਲਾ ਕੇ ਡਟਿਆ ਹੋਇਆ ਹੈ।

ਯੂਨੀਅਨ ਦੇ ਸੂਬਾ ਪ੍ਰਧਾਨ ਮਨਪ੍ਰੀਤ ਸਿੰਘ ਮੋਗਾ ਤੇ ਜਨਰਲ ਸਕੱਤਰ ਗੁਰਮੀਤ ਸਿੰਘ ਪੱਡਾ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਸਿਰਫ ਕੱਚੇ ਅਧਿਆਪਕਾਂ ਦੀ ਤਨਖਾਹ ਵਿਚ ਵਾਧਾ ਕਰ ਕੇ ਹੀ ਉਨ੍ਹਾਂ ਨੂੰ ਪੱਕੇ ਕਰਨ ਦਾ ਪ੍ਰਚਾਰ ਕਰ ਰਹੀ ਹੈ ਜਦਕਿ ਪੱਕੇ ਕਰਨ ਲਈ ਬਣਾਈ 10 ਸਾਲਾ ਪਾਲਿਸੀ ਨੂੰ ਸਰਕਾਰ ਨੇ ਠੰਢੇ ਬਸਤੇ ਵਿਚ ਪਾ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 8736 ਕੱਚੇ ਅਧਿਆਪਕਾਂ ਨੂੰ ਹੁਣ ਤੱਕ ਤਨਖਾਹਾਂ ਵਿਚ ਵਾਧੇ ਤੋਂ ਬਿਨਾਂ ਹੋਰ ਕੋਈ ਸਰਕਾਰੀ ਲਾਭ ਨਹੀਂ ਮਿਲਿਆ ਹੈ। ਪਿਛਲੇ ਪੰਜ ਮਹੀਨਿਆਂ ਤੋਂ ਟੈਂਕੀ 'ਤੇ ਡਟੇ ਹੋਏ ਇੰਦਰਜੀਤ ਸਿੰਘ ਮਾਨਸਾ ਦੀ ਵੀ ਸਰਕਾਰ ਵੱਲੋਂ ਹੁਣ ਤੱਕ ਸਾਰ ਨਹੀਂ ਲਈ ਗਈ।

# ਆਲਮੀ ਸਿਹਤ ਸੰਸਥਾ ਨੇ ਗਾਜ਼ਾ ਦੇ ਸ਼ਿਫਾ ਹਸਪਤਾਲ ਨੂੰ 'ਡੈੱਥ ਜ਼ੋਨ' ਐਲਾਨਿਆ

**ਤਲ ਅਵੀਵ:** ਸੰਯੁਕਤ ਰਾਸ਼ਟਰ ਦੀ ਟੀਮ ਨੇ ਗਾਜ਼ਾ ਦੇ ਸਭ ਤੋਂ ਵੱਡੇ ਹਸਪਤਾਲ ਅਲ-ਸ਼ਿਫਾ ਨੂੰ 'ਡੈੱਥ ਜ਼ੋਨ' ਐਲਾਨ ਦਿੱਤਾ ਹੈ। ਇਜ਼ਰਾਈਲੀ ਫੌਜਾਂ ਵੱਲੋਂ ਕਥਿਤ ਬੰਦੂਕ ਦੀ ਨੋਕ 'ਤੇ ਹਸਪਤਾਲ ਖਾਲੀ ਕਰਵਾਏ ਜਾਣ ਮਗਰੋਂ ਯੂ.ਐਨ. ਟੀਮ ਨੇ ਹਸਪਤਾਲ ਦਾ ਦੌਰਾ ਕੀਤਾ ਸੀ। ਟੀਮ ਮੁਤਾਬਕ ਹਸਪਤਾਲ ਵਿਚ 291 ਮਰੀਜ਼ ਬਚੇ ਹਨ ਜਿਨ੍ਹਾਂ ਵਿਚ 32 ਨਵਜੰਮੇ ਬੱਚੇ ਤੇ ਟਰੌਮਾ ਮਰੀਜ਼ ਵੀ ਸ਼ਾਮਲ ਹਨ ਜਿਨ੍ਹਾਂ ਦੀ ਹਾਲਤ ਬੇਹੱਦ ਖਰਾਬ ਹੈ। ਟੀਮ ਨੇ ਕਿਹਾ ਕਿ ਇਨ੍ਹਾਂ ਵਿਚੋਂ ਕਈਆਂ ਦੇ ਜ਼ਖ਼ਮ ਨਾਸੂਰ ਬਣ ਚੁੱਕੇ ਹਨ ਜਦੋਂਕਿ ਕੁਝ ਰੀੜ੍ਹ ਦੀ ਹੱਡੀ ਵਿਚ ਸੱਟ ਲੱਗਣ ਕਰਕੇ ਤੁਰਨ ਫਿਰਨ ਤੋਂ ਵੀ ਅਸਮਰੱਥ ਹਨ। ਇਸ ਦੌਰਾਨ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਸਮੇਂ ਤੋਂ ਪਹਿਲਾਂ ਪੈਦਾ ਹੋਏ 31 ਨਵਜੰਮਿਆਂ ਨੂੰ ਹਸਪਤਾਲ 'ਚੋਂ ਕੱਢ ਕੇ ਦੱਖਣੀ ਹਿੱਸੇ 'ਚ ਤਬਦੀਲ ਕੀਤਾ ਗਿਆ ਹੈ ਤੇ ਇਨ੍ਹਾਂ ਨੂੰ ਜਲਦੀ ਹੀ ਮਿਸਰ ਦੇ ਹਸਪਤਾਲਾਂ ਵਿਚ ਭੇਜ ਦਿੱਤਾ ਜਾਵੇਗਾ। ਉਧਰ, ਨੇਤਨਯਾਹੂ ਸਰਕਾਰ ਨੇ ਜੰਗ ਦੇ ਖਾਤਮੇ ਮਗਰੋਂ ਗਾਜ਼ਾ ਪੱਟੀ ਦਾ ਕੰਟਰੋਲ ਫਲਸਤੀਨੀ ਅਥਾਰਿਟੀ ਹੱਥ ਦੇਣ ਦੇ ਅਮਰੀਕੀ ਸੁਝਾਅ ਨੂੰ ਖਾਰਜ ਕਰ ਦਿੱਤਾ ਹੈ।

ਸੂਤਰਾਂ ਮੁਤਾਬਕ ਇਜ਼ਰਾਈਲੀ ਸਰਕਾਰ ਦਾ ਤਰਕ ਹੈ ਕਿ ਦਹਿਸ਼ਤੀ ਸਮੂਹ (ਹਮਾਸ) ਦਾ ਫਲਸਤੀਨੀ ਅਥਾਰਿਟੀ ਦੇ ਸੀਨੀਅਰ ਆਗੂਆਂ ਦੀ ਹੱਤਿਆ ਕਰਕੇ ਗਾਜਾ ਪੱਟੀ ਦੀ ਸੱਤਾ 'ਤੇ ਕਬਜ਼ਾ ਕਰ ਲੈਣ ਦਾ ਇਤਿਹਾਸ ਰਿਹਾ ਹੈ। ਇਜ਼ਰਾਈਲੀ ਸੁਰੱਖਿਆ ਏਜੰਸੀ ਨੇ ਵੀ ਅਮਰੀਕਾ ਦੇ ਉਪਰੋਕਤ ਸੁਝਾਅ ਦਾ ਵਿਰੋਧ ਕੀਤਾ ਹੈ। ਰੱਖਿਆ ਮੰਤਰੀ ਯੋਵ ਗੈਲੈਂਟ ਨੇ ਕਿਹਾ ਕਿ ਇਜ਼ਰਾਈਲ ਵੱਲੋਂ ਗਾਜਾ ਸ਼ਹਿਰ ਵਿਚ ਆਪਣਾ ਘੇਰਾ ਲਗਾਤਾਰ ਵਧਾਇਆ ਜਾ ਰਿਹਾ ਹੈ ਤੇ ਹਮਾਸ ਕੋਲ ਹੁਣ ਇੱਕਾ-ਦੁੱਕਾ ਟਿਕਾਣੇ ਹੀ ਬਚੇ ਹਨ। ਆਲਮੀ ਸਿਹਤ ਸੰਸਥਾ ਨੇ ਕਿਹਾ ਕਿ ਘਰੋਂ ਬੇਘਰ ਹੋਏ ਲੋਕਾਂ, ਮੋਬਾਈਲ ਮਰੀਜ਼ਾਂ



ਤੇ ਮੈਡੀਕਲ ਸਟਾਫ, ਜਿਨ੍ਹਾਂ ਦੀ ਕੁੱਲ ਗਿਣਤੀ 2500 ਦੇ ਕਰੀਬ ਬਣਦੀ ਸੀ, ਦੇ ਸ਼ਿਫਾ ਹਸਪਤਾਲ ਛੱਡਣ ਮਗਰੋਂ ਯੂ.ਐਨ. ਟੀਮ ਨੂੰ ਹਸਪਤਾਲ ਦਾ ਦੌਰਾ ਕਰਨ ਦਾ ਮੌਕਾ ਮਿਲਿਆ ਸੀ। ਟੀਮ ਉਥੇ ਇਕ ਘੰਟੇ ਦੇ ਕਰੀਬ ਰੁਕੀ। ਟੀਮ ਮੁਤਾਬਕ ਮਰੀਜ਼ਾਂ ਨਾਲ 25 ਬੰਦਿਆਂ ਦਾ ਮੈਡੀਕਲ ਸਟਾਫ ਮੌਜੂਦ ਸੀ।

ਯੂ.ਐਨ. ਏਜੰਸੀ ਨੇ ਕਿਹਾ, ''ਅਸੀਂ ਜਿਨ੍ਹਾਂ ਮਰੀਜ਼ਾਂ ਤੇ ਮੈਡੀਕਲ ਸਟਾਫ ਨਾਲ ਗੱਲ ਕੀਤੀ, ਉਹ ਆਪਣੀ ਸੁਰੱਖਿਆ ਤੇ ਸਿਹਤ ਨੂੰ ਲੈ ਕੇ ਡਰੇ ਹੋਏ ਹਨ, ਉਹ ਉਥੋਂ ਤਬਦੀਲ ਕੀਤੇ ਜਾਣ ਲਈ ਤਰਲੇ ਕੱਢ ਰਹੇ ਹਨ।'' ਏਜੰਸੀ ਨੇ ਕਿਹਾ ਹਸਪਤਾਲ 'ਡੈੱਥ ਜ਼ੋਨ' ਬਣ ਚੁੱਕਾ ਹੈ। ਏਜੰਸੀ ਨੇ ਕਿਹਾ ਕਿ ਆਉਂਦੇ ਦਿਨਾਂ ਵਿੱਚ ਹੋਰ ਟੀਮਾਂ ਸ਼ਿਫਾ ਪੁੱਜ ਜਾਣਗੀਆਂ ਤੇ ਮਰੀਜ਼ਾਂ ਨੂੰ ਦੱਖਣੀ ਗਾਜ਼ਾ ਵਿਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।

ਇਜ਼ਰਾਈਲ ਲੰਮੇ ਸਮੇਂ ਤੋਂ ਦਾਅਵਾ ਕਰਦਾ ਆਇਆ ਹੈ ਕਿ ਹਮਾਸ ਵੱਲੋਂ ਸ਼ਿਫਾ ਹਸਪਤਾਲ ਦੇ ਅੰਦਰ ਤੇ ਹੇਠਾਂ ਕਮਾਂਡ ਪੋਸਟ ਸਥਾਪਤ ਕੀਤਾ ਗਿਆ ਹੈ। ਇਹੀ ਵਜ੍ਹਾ ਹੈ ਕਿ ਇਜ਼ਰਾਈਲ ਨੇ ਜੰਗ ਦੌਰਾਨ ਸ਼ਿਫਾ ਹਸਪਤਾਲ ਨੂੰ ਆਪਣੇ ਮੁੱਖ ਨਿਸ਼ਾਨੇ 'ਤੇ ਰੱਖਿਆ। ਹਮਾਸ ਤੇ ਹਸਪਤਾਲ ਸਟਾਫ ਹਾਲਾਂਕਿ ਇਨ੍ਹਾਂ ਦੋਸ਼ਾਂ ਤੋਂ ਇਨਕਾਰੀ ਹਨ। ਇਜ਼ਰਾਈਲ ਨੇ ਵੱਡੀ ਗਿਣਤੀ ਲੋਕਾਂ ਵੱਲੋਂ ਸ਼ਿਫਾ ਹਸਪਤਾਲ 'ਚੋਂ ਹਿਜਰਤ ਨੂੰ ਲੋਕਾਂ ਦੀ ਇੱਛਾ ਵਜੋਂ ਪੇਸ਼ ਕੀਤਾ ਸੀ ਪਰ ਆਲਮੀ ਸਿਹਤ ਸੰਸਥਾ ਨੇ ਕਿਹਾ ਕਿ ਫੌਜ ਨੇ ਹਸਪਤਾਲ ਖਾਲੀ ਕਰਨ ਦੇ ਹੁਕਮ ਦਿੱਤੇ ਸਨ।

ਇਸ ਦੌਰਾਨ ਇਜ਼ਰਾਈਲ ਵੱਲੋਂ ਭੀੜ-ਭੜੱਕੇ ਵਾਲੇ ਯੂ.ਐਨ. ਰੈਣ ਬਸੇਰੇ (ਸ਼ਹਿਰੀ ਜਬਾਲੀਆ ਸ਼ਰਨਾਰਥੀ ਕੈਂਪ) 'ਤੇ ਕੀਤੇ ਹਵਾਈ ਹਮਲੇ ਵਿਚ ਦਰਜਨਾਂ ਲੋਕ ਹਲਾਕ ਹੋ ਗਏ। ਬੁਰਜ ਤੇ ਨੁਸਰਤ ਸ਼ਰਨਾਰਥੀ ਕੈਂਪਾਂ 'ਤੇ ਹਵਾਈ ਹਮਲਿਆਂ ਵਿਚ 31 ਵਿਅਕਤੀ ਮਾਰੇ ਗਏ, ਜਿਨ੍ਹਾਂ ਵਿਚ ਦੋ ਸਥਾਨਕ ਪੱਤਰਕਾਰ ਵੀ ਸ਼ਾਮਲ ਹਨ। ਖਾਨ ਯੂਨਿਸ ਦੇ ਦੱਖਣੀ ਸ਼ਹਿਰ ਵਿਚ ਇਕ ਹੋਰ ਹਵਾਈ ਹਮਲੇ ਵਿਚ ਮਹਿਲਾ ਤੇ ਉਸ ਦੇ ਬੱਚੇ ਦੀ ਮੌਤ ਹੋ ਗਈ। ਕੌਮਾਂਤਰੀ ਸਹਾਇਤਾ ਸਮੂਹ 'ਡਾਕਟਰਜ਼ ਵਿਦਾਊਟ ਬਾਰਡਰਜ਼' ਨੇ ਕਿਹਾ ਕਿ ਸਟਾਫ ਮੈਂਬਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਕਾਫਲੇ ਨੇ ਉੱਤਰੀ ਗਾਜ਼ਾ ਵਿਚੋਂ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਭੀੜ-ਭੜੱਕੇ ਵਾਲੇ ਇਜ਼ਰਾਈਲੀ ਨਾਕੇ 'ਤੇ ਗੋਲੀਆਂ ਚੱਲਣ ਮਗਰੋਂ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਗਿਆ। ਗਾਜ਼ਾ ਸ਼ਹਿਰ ਮੁੜਦੇ ਕਾਫਲੇ 'ਤੇ ਹੋਏ ਹਮਲੇ ਵਿਚ ਸਟਾਫਰ ਦੇ ਇਕ ਪਰਿਵਾਰਕ ਜੀਅ ਦੀ ਮੌਤ ਹੋ ਗਈ। ਫਲਸਤੀਨ ਸਿਹਤ ਅਥਾਰਿਟੀਜ਼ ਮੁਤਾਬਕ ਹੁਣ ਤੱਕ 11,500 ਤੋਂ ਵੱਧ ਫਲਸਤੀਨੀ ਮੌਤ ਦੇ ਮੂੰਹ ਪੈ ਚੁੱਕੇ ਹਨ ਜਦੋਂਕਿ 2700 ਦੇ ਕਰੀਬ ਲਾਪਤਾ ਹਨ, ਜਿਨ੍ਹਾਂ ਬਾਰੇ ਮੰਨਿਆ ਜਾ ਰਿਹਾ ਹੈ ਕਿ ਉਹ ਮਲਬੇ ਹੇਠ ਦਫ਼ਨ ਹਨ।

## ਇਜ਼ਰਾਈਲ ਵੱਲੋਂ 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਖਾਰਜ

**ਤਲ ਅਵੀਵ:** ਇਜ਼ਰਾਈਲ ਨੇ ਇਕ ਸਮਝੌਤੇ ਤਹਿਤ ਹਮਾਸ ਵੱਲੋਂ ਗਾਜ਼ਾ ਵਿਚ ਬੰਧਕ ਬਣਾਏ ਦਰਜਨਾਂ ਮਹਿਲਾਵਾਂ ਤੇ ਬੱਚਿਆਂ ਨੂੰ ਪੰਜ ਦਿਨਾਂ ਦੀ ਜੰਗਬੰਦੀ ਵੱਟੇ ਰਿਹਾਅ ਕੀਤੇ ਜਾਣ ਦਾ ਦਾਅਵਾ ਕਰਦੀ 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਨੂੰ ਖਾਰਜ ਕਰ ਦਿੱਤਾ ਹੈ। ਰੋਜ਼ਨਾਮਚੇ ਨੇ ਦਾਅਵਾ ਕੀਤਾ ਸੀ ਕਿ ਅਮਰੀਕਾ ਦੀ ਵਿਚੋਲਗੀ ਨਾਲ ਇਹ ਸਮਝੌਤਾ ਸਿਰੇ ਚੜ੍ਹਿਆ ਹੈ ਤੇ ਸਬੰਧਤ ਧਿਰਾਂ ਇਸ ਲਈ ਰਾਜ਼ੀ ਹਨ। ਰਿਪੋਰਟ ਵਿਚ ਕਿਹਾ ਗਿਆ ਸੀ ਕਿ ਬੰਧਕਾਂ ਦੀ ਰਿਹਾਈ ਦਾ ਅਮਲ ਅਗਲੇ ਦਿਨਾਂ ਵਿਚ ਸ਼ੁਰੂ ਹੋ ਸਕਦਾ ਹੈ। ਸਬੰਧਤ ਧਿਰਾਂ ਆਪਣੇ ਜੰਗੀ ਅਪਰੇਸ਼ਨਾਂ ਨੂੰ ਘੱਟੋ ਘੱਟ ਪੰਜ ਦਿਨਾਂ ਲਈ ਰੋਕਣਗੀਆਂ ਅਤੇ 50 ਜਾਂ ਵੱਧ ਬੰਧਕ ਸਮੂਹ ਵਿਚ ਹਰ 24 ਘੰਟੇ ਬਾਅਦ ਰਿਹਾਅ ਕੀਤੇ ਜਾਣਗੇ।

## ਸੁਰੱਖਿਆ ਕੌਂਸਲ ਵੱਲੋਂ ਮਾਨਵੀ ਜੰਗਬੰਦੀ ਬਾਰੇ ਮਤਾ ਪਾਸ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਨੇ ਗਾਜ਼ਾ 'ਚ ਇਜ਼ਰਾਈਲ ਦੇ ਜ਼ਮੀਨੀ ਅਤੇ ਹਵਾਈ ਹਮਲਿਆਂ ਦਰਮਿਆਨ ਫਲਸਤੀਨ ਦੇ ਆਮ ਨਾਗਰਿਕਾਂ ਦੀਆਂ ਵਧਦੀਆਂ ਮੁਸ਼ਕਲਾਂ ਨੂੰ ਘੱਟ ਕਰਨ ਲਈ ਫੌਰੀ ਅਤੇ ਵਿਸਥਾਰਤ ਮਾਨਵੀ ਜੰਗਬੰਦੀ ਦੀ ਮੰਗ ਵਾਲਾ ਇਕ ਮਤਾ ਅਪਣਾਇਆ ਹੈ। ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗ ਸ਼ੁਰੂ ਹੋਣ ਮਗਰੋਂ ਸੰਯੁਕਤ ਰਾਸ਼ਟਰ ਵੱਲੋਂ ਅਪਣਾਇਆ ਗਿਆ ਇਹ ਪਹਿਲਾ ਮਤਾ ਹੈ। ਉਂਜ ਇਜ਼ਰਾਈਲ ਨੇ ਇਸ ਮਤੇ ਨੂੰ ਖਾਰਜ ਕਰ ਦਿੱਤਾ ਹੈ। ਮਤੇ 'ਚ ਹਮਾਸ ਅਤੇ ਹੋਰ ਗੁੱਟਾਂ ਨੂੰ ਸਾਰੇ ਬੰਧਕ ਫੌਰੀ ਅਤੇ ਬਿਨਾਂ ਸ਼ਰਤ ਰਿਹਾਅ ਕਰਨ ਦਾ ਹੋਕਾ ਦਿੱਤਾ ਗਿਆ ਹੈ। ਸਲਾਮਤੀ ਪਰਿਸ਼ਦ 'ਚ ਮਤੇ ਦੇ ਪੱਖ 'ਚ 15 'ਚੋਂ 12 ਵੋਟ ਪਏ। ਮਾਲਟਾ ਵੱਲੋਂ ਤਿਆਰ ਮਤੇ 'ਤੇ ਵੋਟਿੰਗ ਤੋਂ ਅਮਰੀਕਾ, ਬ੍ਰਿਟੇਨ ਅਤੇ ਰੂਸ ਨੇ ਦੂਰੀ ਬਣਾਈ ਰੱਖੀ। ਮਤੇ 'ਚ ਹਮਾਸ ਵੱਲੋਂ ਇਜ਼ਰਾਈਲ 'ਤੇ ਅਚਾਨਕ ਕੀਤੇ ਗਏ ਹਮਲੇ ਦੀ ਨਿੰਦਾ ਨਾ ਕੀਤੇ ਜਾਣ 'ਤੇ ਅਮਰੀਕਾ ਅਤੇ ਬ੍ਰਿਟੇਨ ਨੇ ਇਸ ਤੋਂ ਦੂਰੀ ਬਣਾਈ।


ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਨਾਨਕ ਸੂਰਜ ਪ੍ਰਗਟੇ, ਦਹਿਦਿਸ ਮਾਹਿ ਪ੍ਰਕਾਸ਼ ਭਯਾ॥
ਪਰਮ ਅਨੰਦ ਮੋਖ ਤਿਸ ਪਲਾਈ, ਜੋ ਸਤਿਗੁਰ ਕੋ ਦਾਸ ਭਯਾ॥

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਦੇ ਜਨਰਲ ਸਕੱਤਰ ਸ. ਮੱਖਣ ਸਿੰਘ ਕਲੇਰ ਸ਼ਿਕਾਗੋ ਅਤੇ ਸਮੂਹ ਕਲੇਰ ਪਰਿਵਾਰ ਵਲੋਂ ਸਮੁੱਚੇ ਜਗਤ ਨੂੰ

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ



ਸ. ਮੱਖਣ ਸਿੰਘ ਕਲੇਰ ਜਨਰਲ ਸਕੱਤਰ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

# ਪਰਾਲੀ ਸਾੜਨ ਖਿਲਾਫ 932 ਕੇਸ ਦਰਜ ਕੀਤੇ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਸੂਬੇ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਸਦਕਾ ਪਰਾਲੀ ਸਾੜਨ ਦੇ ਮਾਮਲਿਆਂ 'ਚ ਭਾਰੀ ਗਿਰਾਵਟ ਆਈ ਹੈ। ਇਸ ਸਬੰਧੀ ਸਪੈਸ਼ਲ ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਪਰਾਲੀ ਸਾੜਨ ਸਬੰਧੀ 8 ਨਵੰਬਰ ਤੋਂ ਹੁਣ ਤੱਕ 932 ਪੁਲਿਸ ਕੇਸ ਦਰਜ ਕੀਤੇ ਗਏ ਹਨ ਜਦਕਿ ਪਰਾਲੀ ਸਾੜਨ ਵਾਲੇ 7405 ਮਾਮਲਿਆਂ 'ਚ 1.67 ਕਰੋੜ ਰੁਪਏ ਦੇ ਜਰਮਾਨੇ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ 340 ਕਿਸਾਨਾਂ ਦੇ ਮਾਲ ਰਿਕਾਰਡ ਵਿਚ ਰੈਡ ਐਂਟਰੀਜ਼ ਵੀ ਕੀਤੀਆਂ ਗਈਆਂ ਹਨ। ਸ੍ਰੀ ਸ਼ੁਕਲਾ ਨੇ ਕਿਹਾ ਕਿ ਸੂਬੇ 'ਚ ਪਰਾਲੀ ਸਾੜਨ ਦੇ ਮਾਮਲਿਆਂ ਦੀ ਸਮੀਖਿਆ ਕਰਨ ਲਈ ਸਾਰੇ ਸੀਨੀਅਰ ਅਧਿਕਾਰੀਆਂ, ਰੇਂਜ ਅਫਸਰਾਂ, ਸੀ.ਪੀਜ਼/ਐਸ.ਐਸ.ਪੀਜ਼. ਤੇ ਐਸ.ਐਚ.ਓਜ਼ ਨਾਲ ਰੋਜ਼ਾਨਾ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਉਨ੍ਹਾਂ ਜ਼ਿਲ੍ਹਿਆਂ ਦੇ ਐਸ.ਐਸ.ਪੀਜ਼. ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਹਨ, ਜਿੱਥੇ ਪਰਾਲੀ ਸਾੜਨ ਦੇ ਜ਼ਿਆਦਾ ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਪੁਲਿਸ ਤੇ ਸਿਵਲ ਅਧਿਕਾਰੀਆਂ ਦੀਆਂ 1072 ਟੀਮਾਂ ਸੂਬੇ ਭਰ ਵਿਚ ਨਜ਼ਰ ਰੱਖ ਰਹੀਆਂ ਹਨ। ਇਸ ਦੌਰਾਨ ਪਰਾਲੀ ਸਾੜਨ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਸਪੈਸ਼ਲ ਡੀ.ਜੀ.ਪੀ. ਨੇ ਕਿਸਾਨਾਂ ਨੂੰ ਸਹਿਯੋਗ ਦੇਣ ਅਤੇ ਫ਼ਸਲੀ ਰਹਿੰਦ-ਖੂੰਹਦ ਨਾ ਸਾੜਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਨੂੰ ਸਾੜਨ ਨਾਲ ਨਾ ਸਿਰਫ਼ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਬਲਕਿ ਬੱਚਿਆਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈਂਦਾ ਹੈ।



### ਪਰਾਲੀ ਨਾ ਸਾੜਨ ਵਾਲਿਆਂ ਦਾ ਸਨਮਾਨ ਕਰਾਂਗੇ: ਸੰਧਵਾਂ

**ਚੰਡੀਗੜ੍ਹ:** ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਪਰਾਲੀ ਨਾ ਸਾੜਨ ਵਾਲੇ ਉਨ੍ਹਾਂ ਕਿਸਾਨਾਂ ਨੂੰ ਪੰਜਾਬ ਵਿਧਾਨ ਸਭਾ 'ਚ ਸਨਮਾਨਿਤ ਕੀਤਾ ਜਾਵੇਗਾ ਜਿਨ੍ਹਾਂ ਨੇ ਜਨਤਕ ਹਿੱਤਾਂ ਤੇ ਵਾਤਾਵਰਨ ਦੀ ਵਾਜਬ ਸੰਭਾਲ ਦੇ ਮੱਦੇਨਜ਼ਰ ਇਸ ਮਾੜੇ ਅਮਲ ਤੋਂ ਪਾਸਾ ਵੱਟਿਆ ਹੈ। ਸਰਕਾਰ ਅਜਿਹੇ ਸੂਝਵਾਨ ਕਿਸਾਨਾਂ ਦੀ ਸ਼ਲਾਘਾ ਕਰਦੀ ਹੈ। ਸਰਕਾਰ ਨੇ ਸਾਰੇ ਜ਼ਿਲ੍ਹਿਆਂ ਵਿਚ ਇਨ੍ਹਾਂ ਕਿਸਾਨਾਂ ਦਾ ਸਨਮਾਨ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਅਜਿਹੇ ਕਿਸਾਨਾਂ ਦੀ ਸੂਚੀ ਤਿਆਰ ਕਰਨ ਲਈ ਕਿਹਾ ਤਾਂ ਜੋ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਜਾ ਸਕੇ।

## ਪੰਚਾਇਤੀ ਚੋਣਾਂ ਜਨਵਰੀ ਦੇ ਤੀਜੇ ਹਫ਼ਤੇ ਹੋਣ ਦੀ ਸੰਭਾਵਨਾ

**ਚੰਡੀਗੜ੍ਹ:** ਪੰਜਾਬ ਸਰਕਾਰ ਗਰਾਮ ਪੰਚਾਇਤਾਂ ਦੀਆਂ ਚੋਣਾਂ ਜਨਵਰੀ 2024 ਦੇ ਤੀਸਰੇ ਹਫ਼ਤੇ ਕਰਾਏ ਜਾਣ ਦੇ ਰੌਂਅ ਵਿਚ ਹੈ। ਜਨਵਰੀ ਦੇ ਤੀਸਰੇ ਹਫ਼ਤੇ 'ਚ ਇਕੋ ਦਿਨ ਗਰਾਮ ਪੰਚਾਇਤਾਂ, ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਲਈ ਚੋਣਾਂ ਹੋਣ ਦੀ ਸੰਭਾਵਨਾ ਹੈ। ਪੰਚਾਇਤੀ ਚੋਣਾਂ ਦੀ ਤਿਆਰੀ ਦੇ ਕੰਮ ਵਿਚ ਕੋਈ ਤਕਨੀਕੀ ਅੜਚਣ ਆਉਂਦੀ ਹੈ ਤਾਂ ਚੋਣਾਂ ਦੀ ਤਰੀਕ ਬਦਲੀ ਵੀ ਜਾ ਸਕਦੀ ਹੈ। ਸੂਬਾ ਸਰਕਾਰ ਇਸ ਬਾਰੇ ਆਉਂਦੇ ਹਫ਼ਤੇ ਕਾਨੂੰਨੀ ਵਿਚਾਰ ਮਸ਼ਵਰਾ ਵੀ ਕਰੇਗੀ।

ਸੂਤਰਾਂ ਅਨੁਸਾਰ ਦਸੰਬਰ ਦੇ ਅੱਧ ਵਿਚ ਚੋਣ ਜ਼ਾਬਤਾ ਲੱਗ ਸਕਦਾ ਹੈ। ਸੂਬਾ ਚੋਣ ਕਮਿਸ਼ਨ ਵੱਲੋਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਕਰਾਏ ਜਾਣ ਦਾ ਪ੍ਰੋਗਰਾਮ ਐਲਾਨਿਆ ਜਾਣਾ ਹੈ। ਉਸ ਤੋਂ ਪਹਿਲਾਂ ਜਨਵਰੀ ਦੇ ਪਹਿਲੇ ਹਫ਼ਤੇ ਨਗਰ ਨਿਗਮ ਅਤੇ ਨਗਰ ਕੌਂਸਲ ਦੀਆਂ ਚੋਣਾਂ ਹੋਣੀਆਂ ਤੈਅ ਜਾਪਦੀਆਂ ਹਨ। ਵੇਰਵਿਆਂ ਅਨੁਸਾਰ ਸੂਬੇ ਵਿਚ 13,241 ਗਰਾਮ ਪੰਚਾਇਤਾਂ, 150 ਪੰਚਾਇਤ ਸਮਿਤੀਆਂ ਅਤੇ 22 ਜ਼ਿਲ੍ਹਾ ਪ੍ਰੀਸ਼ਦਾਂ ਹਨ।

# ਪੰਜਾਬ ਦੇ ਇਕ ਹੋਰ ਮੰਤਰੀ ਉਤੇ ਜਿਨਸੀ ਸ਼ੋਸ਼ਣ ਦੇ ਦੋਸ਼

**ਚੰਡੀਗੜ੍ਹ:** ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਸੂਬੇ ਦੇ ਇਕ ਮੰਤਰੀ 'ਤੇ ਅਨੈਤਿਕ ਵਿਹਾਰ ਦੇ ਦੋਸ਼ ਲਾਉਣ ਦਾ ਅਮਲ ਜਾਰੀ ਰੱਖਦਿਆਂ ਸਬੂਤ ਜਨਤਕ ਕਰਨ ਦੀ ਥਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਹਵਾਲੇ ਕਰਨ ਦੀ ਗੱਲ ਕਹੀ ਹੈ। ਮੰਤਰੀ ਦਾ ਨਾਮ ਤਾਂ ਉਨ੍ਹਾਂ ਨਸ਼ਰ ਨਹੀਂ ਕੀਤਾ ਪਰ ਇਹ ਦਾਅਵਾ ਜ਼ਰੂਰ ਕੀਤਾ ਕਿ ਮੰਤਰੀ ਨੇ ਇਕ ਮਜਬੂਰ ਤੇ ਲਾਚਾਰ ਮਹਿਲਾ ਨਾਲ ਸਰੀਰਕ ਸਬੰਧ ਬਣਾਏ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਸ ਸਬੰਧੀ ਵੀਡੀਓ ਵੀ ਮੌਜੂਦ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਮੰਤਰੀ ਨੂੰ ਤੁਰਤ ਵਜ਼ਾਰਤ ਵਿਚੋਂ ਬਰਖ਼ਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ। ਸ੍ਰੀ ਮਜੀਠੀਆ ਨੇ ਕਿਹਾ ਕਿ ਦੀਵਾਲੀ ਤੋਂ ਪਹਿਲਾਂ ਉਨ੍ਹਾਂ ਮੁੱਖ ਮੰਤਰੀ ਤੋਂ ਮਿਲਣ ਲਈ ਸਮਾਂ ਮੰਗਿਆ ਸੀ ਤਾਂ ਜੋ ਮੰਤਰੀ ਵਾਲਾ ਸਬੂਤ ਸੌਂਪਿਆ ਜਾ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਲਈ ਦੀਵਾਲੀ ਦਾ ਤੋਹਫਾ (ਪੈੱਨ ਡਰਾਈਵ) ਪੈਕ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਇਹ ਪੈੱਨ ਡਰਾਈਵ ਕਿਸੇ ਜਨਤਕ ਪ੍ਰੋਗਰਾਮ ਵਿਚ ਸੌਂਪੀ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਪੈੱਨ ਡਰਾਈਵ ਸੌਂਪਣਾ ਚਾਹੁੰਦੇ ਹਨ ਤਾਂ ਜੋ ਇਸ ਮਾਮਲੇ ਵਿਚ ਫੌਰੀ ਕਾਰਵਾਈ ਹੋ ਸਕੇ। ਅਕਾਲੀ ਆਗੂ ਨੇ ਸਪੱਸ਼ਟ ਕੀਤਾ ਕਿ ਜੇ ਮੁੱਖ ਮੰਤਰੀ ਨੇ ਆਪਣੇ ਕੈਬਨਿਟ ਸਹਿਯੋਗੀ ਖਿਲਾਫ ਸਬੂਤ ਲੈਣ ਤੋਂ ਇਨਕਾਰ ਕੀਤਾ ਤਾਂ ਇਸ ਮਾਮਲੇ 'ਤੇ ਅਗਲੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਇਸ ਮਾਮਲੇ ਨੂੰ ਮੰਤਰੀ ਲਾਲ ਚੰਦ ਕਟਾਰੂ ਚੱਕ ਦੇ ਮਾਮਲੇ ਵਾਂਗ ਰਫ਼ਾ ਦਫਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਉਹ ਉਦੋਂ ਤੱਕ ਸੰਘਰਸ਼ ਜਾਰੀ ਰੱਖਣਗੇ ਜਦੋਂ ਤੱਕ ਮੰਤਰੀ ਪੂਰੀ ਤਰ੍ਹਾਂ ਬੇਨਕਾਬ ਨਹੀਂ ਹੋ ਜਾਂਦਾ ਤੇ ਉਸ ਦੇ ਖਿਲਾਫ ਕਾਨੂੰਨ ਮੁਤਾਬਕ ਕਾਰਵਾਈ ਨਹੀਂ ਹੁੰਦੀ। ਅਕਾਲੀ ਆਗੂ ਨੇ ਕਿਹਾ ਕਿ ਇਸ ਸਰਕਾਰ ਨੂੰ ਹੋਂਦ 'ਚ ਆਇਆਂ ਮਹਿਜ਼ ਡੇਢ ਵਰ੍ਹਾ ਹੋਇਆ ਹੈ ਤੇ ਇਸ ਥੋੜ੍ਹੇ ਸਮੇਂ ਦੌਰਾਨ ਹੀ ਬਦਲਾਅ ਵਾਲੀ ਸਰਕਾਰ ਦੇ ਮੰਤਰੀ, ਵਿਧਾਇਕ ਭ੍ਰਿਸ਼ਟ ਅਤੇ ਅਨੈਤਿਕ ਗਤੀਵਿਧੀਆਂ ਵਿੱਚ ਲਗਾਤਾਰ ਘਿਰਦੇ ਆ ਰਹੇ ਹਨ।



### ਐਨ.ਆਰ.ਆਈ. ਵੱਲੋਂ ਮੁੱਖ ਮੰਤਰੀ 'ਤੇ ਲਾਏ ਦੋਸ਼ਾਂ ਦੀ ਜਾਂਚ ਹੋਵੇ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਜ਼ਦੀਕੀ ਦੋਸਤ 'ਤੇ ਕੈਨੇਡਾ ਦੇ ਐਨ.ਆਰ.ਆਈ. ਵੱਲੋਂ ਉਨ੍ਹਾਂ ਖ਼ਿਲਾਫ਼ ਲਗਾਏ ਅਨੈਤਿਕਤਾ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਆਜ਼ਾਦ ਅਤੇ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਸਾਬਕਾ ਦੋਸਤ ਜਗਮਨਦੀਪ ਸਿੰਘ ਨੇ ਉਨ੍ਹਾਂ ਦੀ ਕੈਨੇਡਾ ਫੇਰੀ ਨੂੰ ਚੇਤੇ ਕੀਤਾ ਹੈ ਜਦੋਂ ਉਹ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮੈਂਬਰ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਨੇ ਇਨ੍ਹਾਂ ਦੋਸ਼ਾਂ 'ਤੇ ਕੋਈ ਪ੍ਰਤੀਕਰਮ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਮੁੱਦੇ ਦਬਾਏ ਨਹੀਂ ਜਾ ਸਕਦੇ ਕਿਉਂਕਿ ਪੰਜਾਬ ਨੇ ਲਾਲ ਚੰਦ ਕਟਾਰੂਚੱਕ ਤੇ ਹੋਰਨਾਂ ਖ਼ਿਲਾਫ਼ ਅਨੈਤਿਕਤਾ ਦੇ ਦੋਸ਼ ਵੇਖੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਜਨਤਕ ਸ਼ਖ਼ਸੀਅਤ ਹੋਣ ਦੇ ਨਾਤੇ ਉਨ੍ਹਾਂ ਖ਼ਿਲਾਫ਼ ਲੱਗੇ ਦੋਸ਼ਾਂ ਦੀ ਜਾਂਚ ਕਰਵਾਉਣ।

# ਢਾਹਾਂ ਪੁਰਸਕਾਰ; ਦੀਪਤੀ ਬਬੂਟਾ ਦਾ 25 ਹਜ਼ਾਰ ਕੈਨੇਡੀਅਨ ਡਾਲਰਾਂ ਨਾਲ ਸਨਮਾਨ

## ਜਮੀਲ ਅਹਿਮਦ ਪਾਲ ਅਤੇ ਬਲਜੀਤ ਨੂੰ 10-10 ਹਜ਼ਾਰ ਡਾਲਰ ਦੇ ਪੁਰਸਕਾਰ ਦਿੱਤੇ

**ਵੈਨਕੂਵਰ, ਬੀ.ਸੀ./ ਬੰਗਾ:** ਪੰਜਾਬੀ ਗਲਪ ਜਗਤ ਦੇ ਪ੍ਰਸਿੱਧ 'ਢਾਹਾਂ ਪੁਰਸਕਾਰ 2023' ਦਾ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਮੁਹਾਲੀ ਨਿਵਾਸੀ, ਦੀਪਤੀ ਬਬੂਟਾ ਨੇ ਹਾਸਲ ਕੀਤਾ ਹੈ। ਉਹ ਢਾਹਾਂ ਪੁਰਸਕਾਰ ਜਿੱਤਣ ਵਾਲੀ ਪਹਿਲੀ ਔਰਤ ਲੇਖਿਕਾ ਹੈ। ਉਸ ਦੇ ਨਾਲ ਹੀ ਦੋ ਫਾਈਨਲਿਸਟਾਂ ਵਜੋਂ ਜਮੀਲ ਅਹਿਮਦ ਪਾਲ, ਲਾਹੌਰ ਅਤੇ ਬਲੀਜੀਤ, ਮੋਹਾਲੀ ਦਾ 10-10 ਹਜ਼ਾਰ ਡਾਲਰ ਦੇ ਪੁਰਸਕਾਰਾਂ ਨਾਲ ਸਨਮਾਨ ਕੀਤਾ ਗਿਆ। ਢਾਹਾਂ ਪ੍ਰਾਈਜ਼ ਪੰਜਾਬੀ 'ਚ ਗਲਪ ਕਿਤਾਬਾਂ ਲਈ ਸਭ ਤੋਂ ਵੱਡਾ ਵਿਸ਼ਵ ਪੱਧਰੀ ਸਾਹਿਤਕ ਪੁਰਸਕਾਰ ਹੈ। ਇਸ ਪੁਰਸਕਾਰ ਦੀ ਦਸਵੀਂ ਵਰ੍ਹੇਗੰਢ ਅਤੇ ਸਾਲਾਨਾ ਸਨਮਾਨ ਸਮਾਗਮ ਨੌਰਥਵਿਊ ਗੌਲਫ ਐਂਡ ਕੰਟਰੀ ਕਲੱਬ, ਸਰੀ, ਬੀ.ਸੀ, ਵਿਖੇ ਕੀਤਾ ਗਿਆ। ਇਸ ਮੌਕੇ ਤਿੰਨਾਂ ਲੇਖਕਾਂ ਨੂੰ ਉਨ੍ਹਾਂ ਦੇ ਪੁਰਸਕਾਰਾਂ ਅਤੇ ਕਲਾਕਾਰਾਂ ਦੇ ਹੱਥੀਂ ਤਿਆਰ ਕੀਤੀਆਂ ਵਿਸ਼ੇਸ਼ ਟਰਾਫ਼ੀਆਂ ਨਾਲ ਸਨਮਾਨਿਤ ਕੀਤਾ ਗਿਆ।

ਸਨਮਾਨ ਸਮਾਗਮ ਵਿਚ ਢਾਹਾਂ ਪੁਰਸਕਾਰ ਦੇ ਸੰਸਥਾਪਕ ਬਰਜਿੰਦਰ ਸਿੰਘ ਢਾਹਾਂ ਨੇ ਸੰਬੋਧਨ ਕਰਦਿਆਂ ਕਿਹਾ, "ਸਾਲ 2023 ਦੇ ਢਾਹਾਂ ਸਾਹਿਤ ਪੁਰਸਕਾਰ ਜੇਤੂ, ਪੰਜਾਬੀ ਸਾਹਿਤ ਜਗਤ ਦੇ ਬਹੁਤ ਵਧੀਆ ਕਹਾਣੀਕਾਰ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਹਨ। ਉਨ੍ਹਾਂ ਦੀਆਂ ਕਹਾਣੀਆਂ ਦੇ ਭਾਵ ਸਾਡੇ ਮਨਾਂ ਨੂੰ ਖਿੱਚ ਪਾਉਣ ਵਾਲੇ ਹਨ ਅਤੇ ਇਹ ਪੁਸਤਕਾਂ ਪੰਜਾਬੀ ਸਾਹਿਤ ਨੂੰ ਇਕ ਵਿਲੱਖਣ ਸੰਦੇਸ਼ ਦੇਣ ਵਾਲੀਆਂ ਹਨ। ਪੰਜਾਬੀ ਜ਼ੁਬਾਨ ਦੀ ਅਮੀਰ ਵਿਰਾਸਤ ਨੂੰ ਜੋੜਨ ਵਾਲੇ ਢਾਹਾਂ ਸਾਹਿਤ ਪੁਰਸਕਾਰ ਦਾ ਉਦੇਸ਼ ਸਰਹੱਦਾਂ ਤੋਂ ਉੱਪਰ ਉੱਠ ਕੇ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨਾ, ਮਾਂ-ਬੋਲੀ ਪੰਜਾਬੀ ਅਤੇ ਇਸ ਦੇ ਸਾਹਿਤ ਦਾ ਪਸਾਰ ਕਰਨਾ ਹੈ। ਪੰਜਾਬੀ ਕਲਾ ਅਤੇ ਸਾਹਿਤਕ ਖੇਤਰਾਂ ਵਿਚ ਔਰਤਾਂ ਨੂੰ ਅਕਸਰ ਹੀ ਘੱਟ ਨੁਮਾਇੰਦਗੀ ਦਿੱਤੀ ਜਾਂਦੀ ਹੈ। ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਪੁਰਸਕਾਰ ਦੇ 10 ਸਾਲਾਂ ਦੇ ਸਫ਼ਰ ਵਿਚ ਅਸੀਂ ਆਪਣੀ ਪਹਿਲੀ ਔਰਤ ਵਿਜੇਤਾ ਦਾ ਐਲਾਨ ਕਰ ਰਹੇ ਹਾਂ ਜੋ ਕਿ ਸਿਰਫ਼ ਆਪਣੀ ਲੇਖਣੀ ਦੀ ਗੁਣਵੱਤਾ ਦੇ ਆਧਾਰ 'ਤੇ ਢਾਹਾਂ ਪੁਰਸਕਾਰ ਪ੍ਰਾਪਤ ਕਰ ਰਹੀ ਹੈ। ਅੱਜ ਮੇਰੇ ਮਾਂ-ਬਾਪ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਸ ਸਾਲ ਦਾ ਜੇਤੂ ਇਨਾਮ ਇਕ ਔਰਤ ਲਿਖਾਰੀ ਨੂੰ ਮਿਲਿਆ ਹੈ। ਢਾਹਾਂ ਪ੍ਰਾਈਜ਼ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਚ ਸਥਾਪਿਤ ਕੀਤਾ ਗਿਆ, ਜਿੱਥੇ ਪੰਜਾਬੀ ਲੋਕਾਂ ਦਾ, ਪੰਜਾਬੀ ਭਾਸ਼ਾ ਦਾ ਅਤੇ ਸੱਭਿਆਚਾਰ ਦਾ ਇਕ ਅਮੀਰ ਇਤਿਹਾਸ ਹੈ। ਪੰਜਾਬੀ ਬੋਲੀ ਹੁਣ ਕੈਨੇਡਾ ਵਿਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਕੈਨੇਡਾ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿਚ ਇੱਕ ਮਜ਼ਬੂਤ ਕੜੀ ਹੈ"।

ਸਾਲ 2023 ਦੀ ਪਹਿਲੀ ਔਰਤ ਜੇਤੂ ਦੀਪਤੀ ਬਬੂਟਾ ਨੂੰ ਉਸ ਦੇ ਗੁਰਮੁਖੀ ਲਿਪੀ ਵਿਚ ਲਿਖੇ ਕਹਾਣੀ ਸੰਗ੍ਰਹਿ "ਭੁੱਖ ਇਉਂ ਸਾਹ ਲੈਂਦੀ ਹੈ" ਲਈ 25 ਹਜ਼ਾਰ ਡਾਲਰ ਵਾਲਾ ਪੁਰਸਕਾਰ ਮਿਲਿਆ। ਸਮਾਗਮ ਵਿਚ ਦੀਪਤੀ ਬਬੂਟਾ ਨੇ ਕਿਹਾ, "ਸ਼ਬਦ ਮੇਰੀ ਜ਼ਿੰਦਗੀ ਹਨ, ਅੱਜ ਮੈਨੂੰ ਆਪਣੀਆਂ ਭਾਵਨਾਵਾਂ ਪ੍ਰਗਟਾਉਣ ਲਈ ਲਫਜ਼ ਨਹੀਂ ਮਿਲ ਰਹੇ। ਇਹ ਪ੍ਰਾਪਤੀ ਇਕੱਲੀ ਮੇਰੀ ਨਹੀਂ, ਇਹ ਹਰ ਔਰਤ ਦੀ ਹੈ ਜੋ ਆਪਣੇ ਸੁਪਨਿਆਂ ਦੀ ਜੰਗ ਲੜਦੀ ਹੈ, ਫਿਰ ਉਸ ਵਿਚ ਸਫ਼ਲ ਹੋ ਕੇ ਦਿਖਾਉਂਦੀ ਹੈ"।

ਇਸ ਮੌਕੇ ਜਮੀਲ ਅਹਿਮਦ ਪਾਲ (ਲਾਹੌਰ, ਪੰਜਾਬ, ਪਾਕਿਸਤਾਨ) ਨੇ ਸ਼ਾਹਮੁਖੀ ਲਿਪੀ ਵਿਚ ਲਿਖੇ ਕਹਾਣੀ ਸੰਗ੍ਰਹਿ "ਮੈਂਡਲ ਦਾ ਕਾਨੂੰਨ" ਅਤੇ ਬਲੀਜੀਤ (ਮੋਹਾਲੀ, ਪੰਜਾਬ, ਭਾਰਤ) ਨੇ ਗੁਰਮੁਖੀ ਲਿਪੀ ਵਿਚ ਲਿਖੇ ਕਹਾਣੀ ਸੰਗ੍ਰਹਿ "ਉੱਚੀਆਂ ਆਵਾਜ਼ਾਂ" ਲਈ ਫਾਈਨਲਿਸਟਾਂ ਦੇ ਤੌਰ 'ਤੇ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਪੁਰਸਕਾਰ ਪ੍ਰਾਪਤ ਕੀਤਾ। ਇਸ ਮੌਕੇ ਜਮੀਲ ਅਹਿਮਦ ਪਾਲ ਨੇ ਬਿਆਨ ਦਿੱਤਾ, "ਜੀਵਨ ਦਾ ਸਭ ਤੋਂ ਖ਼ੁਸ਼ਗਵਾਰ ਦਿਨ ਉਹ ਸੀ ਜਦੋਂ ਜ਼ੁਬੈਰ ਅਹਿਮਦ ਅਤੇ ਫਿਰ ਬਾਰਜ ਢਾਹਾਂ ਨੇ ਫੋਨ 'ਤੇ ਓਹੀ ਖ਼ਬਰ ਸੁਣਾਈ, ਜਿਸ ਦੀ ਉਸ ਨੂੰ ਉਡੀਕ ਸੀ। ਪੰਜਾਬੀ ਲਿਖਣਾ ਪਹਿਲਾਂ ਵੀ ਮੇਰੇ ਲਈ ਇਬਾਦਤ ਸੀ, ਹੁਣ ਮਾਣ ਵੀ ਹੈ ਕਿ ਪੰਜਾਬੀ ਵਿਚ ਲਿਖੀ ਮੇਰੀ ਕਿਤਾਬ ਨੂੰ ਢਾਹਾਂ ਇਨਾਮ ਨੇ ਸਨਮਾਨਿਆ ਹੈ।" ਬਲੀਜੀਤ ਨੇ ਆਪਣੇ ਸੰਬੋਧਨ ਵਿਚ ਕਿਹਾ, "ਚੜ੍ਹਦੇ ਅਤੇ ਲਹਿੰਦੇ ਪੰਜਾਬ ਤੋਂ ਇਲਾਵਾ ਦੁਨੀਆ ਦੇ ਕੋਨੇ-ਕੋਨੇ 'ਚ ਵਸਦੇ ਕਿਸੇ ਵੀ ਪੰਜਾਬੀ ਲੇਖਕ ਦਾ ਸੁਪਨਾ ਹੁੰਦਾ ਹੈ ਕਿ ਢਾਹਾਂ ਪ੍ਰਾਈਜ਼ ਉਸ ਦੇ ਦਰਵਾਜ਼ੇ 'ਤੇ ਦਸਤਕ ਦੇਵੇ। ਮੈਨੂੰ ਬਤੌਰ ਲੇਖਕ ਖ਼ੁਸ਼ੀ ਤੇ ਮਾਣ ਹੈ ਕਿ ਮੇਰੇ ਵਰਗੇ ਸਾਧਾਰਨ ਬੰਦੇ ਵੱਲੋਂ ਲਿਖੀ ਗਈ ਕਿਤਾਬ 'ਉੱਚੀਆਂ ਆਵਾਜ਼ਾਂ' ਨੂੰ ਫਾਈਨਲਿਸਟ ਦਾ ਪੁਰਸਕਾਰ ਮਿਲਿਆ ਹੈ"।

ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਸਿੱਖਿਆ ਅਤੇ ਬਾਲ ਸੰਭਾਲ ਮੰਤਰੀ ਰਚਨਾ ਸਿੰਘ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਵੱਲੋਂ ਅਤੇ ਸਿਟੀ ਆਫ ਸਰੀ ਦੀ ਮੇਅਰ ਬਰੈਂਡਾ ਲੌਕ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ "ਪੰਜਾਬੀ ਸਾਹਿਤ ਹਫਤਾ" ਦੇ ਅਗਾਜ਼ ਕਰਨ ਦਾ ਐਲਾਨ ਵੀ ਕੀਤਾ। ਵੈਨਕੂਵਰ, ਬੀ.ਸੀ. ਦੇ ਸਿਟੀ ਹਾਲ ਵਿਖੇ, 15 ਨਵੰਬਰ ਨੂੰ ਸ਼ਹਿਰ ਦੇ ਡਿਪਟੀ ਮੇਅਰ ਸੈਰ੍ਹਾ-ਕਰਬੀ ਅਤੇ ਉਨ੍ਹਾਂ ਦੇ ਸਾਥੀਆਂ ਨੇ "ਪੰਜਾਬੀ ਸਾਹਿਤ ਹਫਤਾ" ਦਾ ਐਲਾਨ ਕੀਤਾ ਅਤੇ ਐਲਾਨ ਪੱਤਰ ਬਾਰਜ ਢਾਹਾਂ, 3 ਫਾਈਨਲਿਸਟਾਂ ਅਤੇ ਢਾਹਾਂ ਪ੍ਰਾਈਜ਼ ਟੀਮ ਨੂੰ ਪੇਸ਼ ਕੀਤਾ।

ਵਰਣਨਯੋਗ ਹੈ ਕਿ ਬਰਜਿੰਦਰ ਸਿੰਘ ਢਾਹਾਂ ਅਤੇ ਉਨ੍ਹਾਂ ਦੀ ਪਤਨੀ ਰੀਟਾ ਢਾਹਾਂ, ਸਮੂਹ ਢਾਹਾਂ ਪਰਿਵਾਰ, ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ (CIES) ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (UBC) ਦੇ ਸਹਿਯੋਗ ਨਾਲ ਸਾਲ 2013 ਵਿਚ ਢਾਹਾਂ ਪੁਰਸਕਾਰ ਦੀ ਸ਼ੁਰੂਆਤ ਕੀਤੀ ਗਈ ਸੀ। ਢਾਹਾਂ ਪੁਰਸਕਾਰ ਨੇ ਪਿਛਲੇ ਦਸ ਸਾਲਾਂ ਦੇ ਸ਼ਾਨਾਂਮੱਤੇ ਸਫਰ ਵਿਚ ਆਲੋਚਨਾਤਮਕ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ ਅਤੇ ਲੇਖਕਾਂ ਅਤੇ ਉਨ੍ਹਾਂ ਦੀਆਂ ਕਿਤਾਬਾਂ ਲਈ ਵਿਆਪਕ, ਬਹੁ-ਭਾਸ਼ਾਈ ਸਰੋਤਿਆਂ ਤੱਕ ਪਹੁੰਚਣ ਲਈ ਨਵੇਂ ਮਾਰਗ ਬਣਾਏ ਹਨ।



ਢਾਹਾਂ ਪੁਰਸਕਾਰ ਜੇਤੂ ਲੇਖਕ ਬਲੀਜੀਤ, ਦੀਪਤੀ ਬਬੂਟਾ ਅਤੇ ਜਮੀਲ ਅਹਿਮਦ ਪਾਲ ਆਪਣੀਆਂ ਜੇਤੂ ਟਰਾਫੀਆਂ ਨਾਲ

# ਚੋਣ ਤਿਆਰੀਆਂ: 'ਆਪ' ਸਰਕਾਰੀ 'ਪ੍ਰਾਪਤੀਆਂ' ਗਿਣਵਾਉਣ ਵਿਚ ਜੁਟੀ

**ਚੰਡੀਗੜ੍ਹ:** ਲੋਕ ਸਭਾ ਅਤੇ ਨਗਰ ਕੌਂਸਲ ਚੋਣਾਂ ਨੇੜੇ ਆਉਣ ਕਰਕੇ ਆਮ ਆਦਮੀ ਪਾਰਟੀ (ਆਪ) ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਫੇਰੀ ਨਾਲ ਪਾਰਟੀ ਨੇ ਪੰਜਾਬ ਵਿਚ ਚੋਣਾਂ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਕੇਜਰੀਵਾਲ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਰੇਕ ਲੋਕ ਸਭਾ ਹਲਕੇ ਵਿਚ ਇਕ ਵੱਡੀ ਰੈਲੀ ਕਰਨ ਦੀ ਯੋਜਨਾ ਤਿਆਰ ਕੀਤੀ ਗਈ ਹੈ, ਜਿਸ ਵਿਚ ਸੂਬੇ ਦੇ ਵਿਕਾਸ ਨਾਲ ਸਬੰਧਤ ਸੈਂਕੜੇ ਕਰੋੜ ਰੁਪਏ ਦੇ ਵਿਕਾਸ ਕਾਰਜਾਂ ਨੂੰ ਹਰੀ ਝੰਡੀ ਦਿੱਤੀ ਜਾ ਰਹੀ ਹੈ। 'ਆਪ' ਵੱਲੋਂ ਅੰਮ੍ਰਿਤਸਰ, ਪਟਿਆਲਾ ਅਤੇ ਹੁਸ਼ਿਆਰਪੁਰ 'ਚ ਰੈਲੀ ਕਰਨ ਤੋਂ ਬਾਅਦ ਨਵੰਬਰ ਦੇ ਅਖੀਰਲੇ ਹਫ਼ਤੇ 'ਚ ਗੁਰਦਾਸਪੁਰ ਵਿਖੇ ਇਕ ਹੋਰ ਰੈਲੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਉਥੇ ਵੀ ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਸਣੇ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਮੌਜੂਦ ਰਹੇਗੀ।

'ਆਪ' ਵੱਲੋਂ ਪੰਜਾਬ ਸਰਕਾਰ ਦੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਨੂੰ ਲੋਕਾਂ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ। ਇਸ ਦੌਰਾਨ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਦੇ ਵਧੀਆ ਨਤੀਜੇ ਸਾਹਮਣੇ ਆਏ ਹਨ। ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਦੇਣ ਦੇ ਯਤਨਾਂ ਅਤੇ ਹਰ ਮਹੀਨੇ 300 ਬਿਜਲੀ ਯੂਨਿਟ ਮੁਫ਼ਤ ਦੇਣ ਦੀ ਸੂਬੇ ਵਿੱਚ ਸ਼ਲਾਘਾ ਹੋ ਰਹੀ ਹੈ। ਆਮ ਆਦਮੀ ਕਲੀਨਿਕਾਂ ਵਿੱਚ ਵੀ ਲੱਖਾਂ ਲੋਕ ਇਲਾਜ ਕਰਵਾ ਚੁੱਕੇ ਹਨ। ਇਸ ਦਾ ਵੀ 'ਆਪ' ਨੂੰ ਲੋਕ ਸਭਾ ਚੋਣਾਂ ਵਿੱਚ ਲਾਹਾ ਮਿਲ ਸਕਦਾ ਹੈ।



'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ 'ਆਪ' ਨੇ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨੂੰ ਜੋ ਗਾਰੰਟੀਆਂ ਦਿੱਤੀਆਂ ਸਨ, ਉਨ੍ਹਾਂ ਵਿਚੋਂ ਵਧੇਰੇ ਡੇਢ ਸਾਲ ਵਿਚ ਪੂਰੀਆਂ ਕਰ ਦਿੱਤੀਆਂ ਹਨ ਜਦਕਿ ਰਹਿੰਦੀਆਂ ਨੂੰ ਜਲਦ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਰਾਣੀਆਂ ਸਰਕਾਰਾਂ ਵੱਲੋਂ ਅਖੀਰਲੇ ਸਾਲ ਵਿਚ ਜਾ ਕੇ ਲੋਕਾਂ ਤੋਂ ਵੋਟਾਂ ਲੈਣ ਲਈ ਨੌਕਰੀਆਂ ਦੇਣ ਦੀ ਡਰਾਮੇਬਾਜ਼ੀ ਕੀਤੀ ਜਾਂਦੀ ਸੀ ਪਰ 'ਆਪ' ਸਰਕਾਰ ਨੇ ਪਹਿਲੇ ਦਿਨ ਤੋਂ ਹੀ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਪਟਾਰੀ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਸਿਹਤ 'ਚ ਸੁਧਾਰ ਕਰਨ, ਨੌਜਵਾਨਾਂ ਨੂੰ ਰੁਜ਼ਗਾਰ ਦੇਣ ਅਤੇ ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ। 'ਆਪ' ਸਰਕਾਰ ਵੱਲੋਂ ਇਨ੍ਹਾਂ ਕੰਮਾਂ ਨੂੰ ਪੰਜਾਬ ਦੇ ਘਰ-ਘਰ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਆਗਾਮੀ ਲੋਕ ਸਭਾ ਚੋਣਾਂ 'ਚ ਪੰਜਾਬ ਸਣੇ ਚੰਡੀਗੜ੍ਹ ਵਿੱਚ ਲੋਕ 'ਆਪ' ਉਮੀਦਵਾਰਾਂ ਨੂੰ ਵੱਡੇ ਬਹੁਮਤ ਨਾਲ ਜਿਤਾਉਣ।

'ਆਪ' ਨੇ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੀਆਂ ਔਰਤਾਂ ਨੂੰ ਹਜ਼ਾਰ ਰੁਪਏ ਪੈਨਸ਼ਨ ਦੇਣ ਦਾ ਵਾਅਦਾ ਕੀਤਾ ਸੀ, ਉਹ ਹਾਲੇ ਤੱਕ ਪੂਰਾ ਨਹੀਂ ਹੋ ਸਕਿਆ। ਸੂਬੇ ਦੇ ਵਿੱਤੀ ਹਾਲਾਤ ਨੂੰ ਵੇਖਦਿਆਂ ਇਹ ਵਾਅਦਾ ਹਾਲੇ ਪੂਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ। ਦੂਜੇ ਪਾਸੇ ਸੂਬੇ ਵਿਚ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਕੀਤੀ ਗਈ ਕਾਰਵਾਈ ਵੀ 'ਆਪ' ਲਈ ਮੁਸ਼ਕਲ ਖੜ੍ਹੀ ਕਰ ਸਕਦੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਪੁਲਿਸ ਕੇਸ ਦਰਜ ਕਰਨ ਲੱਗੀ ਹੋਈ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਝੋਨੇ ਦੀ ਥਾਂ ਬਦਲਵੀਆਂ ਫ਼ਸਲਾਂ ਦੀ ਖਰੀਦ ਦਾ ਵਾਅਦਾ ਕੀਤਾ ਸੀ ਪਰ ਉਹ ਵੀ ਸਿਰੇ ਨਹੀਂ ਚੜ੍ਹ ਸਕੀ ਹੈ। ਪਿਛਲੇ ਸਾਲ ਮੂੰਗੀ ਦੀ ਖਰੀਦ ਐਮ.ਐਸ.ਪੀ. 'ਤੇ ਕਰਨ ਦਾ ਐਲਾਨ ਕੀਤਾ ਸੀ ਪਰ ਉਹ ਵੀ ਮੁਕੰਮਲ ਢੰਗ ਨਾਲ ਨਹੀਂ ਹੋ ਸਕੀ।

# ਅਕਾਲ ਤਖਤ ਤੋਂ ਮੁਆਫੀ ਮੰਗ ਕੇ ਭੁੱਲ ਬਖ਼ਸ਼ਾਉਣ 'ਤੇ ਦੇਵਾਂਗੇ ਸੁਖਬੀਰ ਦਾ ਸਾਥ: ਢੀਂਡਸਾ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਸਿਰਫ ਦੋ ਸ਼ਰਤਾਂ ਉਤੇ ਇਕੱਠੇ ਹੋ ਸਕਦੇ ਹਨ। ਇਕ ਤਾਂ ਸੁਖਬੀਰ ਸਿੰਘ ਬਾਦਲ ਜਾਂ ਤਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੋਈਆਂ ਵੱਡੀਆਂ ਭੁੱਲਾਂ ਲਈ ਮੁਆਫੀ ਮੰਗਣ ਜਾਂ ਫਿਰ ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦੇਣ।" ਉਨ੍ਹਾਂ ਕਿਹਾ ਕਿ ਇਨ੍ਹਾਂ ਦੋ ਸ਼ਰਤਾਂ ਉਤੇ ਹੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਅਤੇ ਬਾਕੀ ਜਥੇਬੰਦੀਆਂ ਅਕਾਲੀ ਦਲ ਬਾਦਲ ਨਾਲ ਚੱਲ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਵੀ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋ ਕੇ ਆਪਣੀ ਭੁੱਲ ਬਖ਼ਸ਼ਾਈ ਗਈ ਸੀ ਅਤੇ ਸੁਖਬੀਰ ਸਿੰਘ ਬਾਦਲ ਮਹਾਰਾਜਾ ਰਣਜੀਤ ਸਿੰਘ ਤੋਂ ਵੱਡੇ ਨਹੀਂ ਹਨ।



ਸ੍ਰੀ ਢੀਂਡਸਾ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਸੂਬਾ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਹਰ ਰੋਜ਼ ਅਖ਼ਬਾਰਾਂ ਅਤੇ ਚੈਨਲਾਂ 'ਤੇ ਚੱਲਦੀਆਂ ਖ਼ਬਰਾਂ ਦੱਸਦੀਆਂ ਹਨ ਕਿ ਸੂਬੇ ਅੰਦਰ ਅਮਨ- ਕਾਨੂੰਨ ਦੀ ਸਥਿਤੀ ਦਾ ਮਾੜਾ ਹਾਲ ਹੈ।

ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਢੀਂਡਸਾ ਨੇ ਕਿਹਾ ਕਿ ਭਾਜਪਾ ਵੱਲੋਂ ਅਕਾਲੀ ਦਲ (ਸੰਯੁਕਤ) ਨੂੰ ਬੰਦੀ ਸਿੰਘਾਂ ਦੀ ਰਿਹਾਈ ਦਾ ਵਾਅਦਾ ਕੀਤਾ ਗਿਆ ਸੀ ਪਰ ਇਸ ਸਬੰਧੀ ਅਜੇ ਤੱਕ ਕੇਂਦਰ ਵੱਲੋਂ ਕੋਈ ਫੈਸਲਾ ਨਹੀਂ ਲਿਆ ਗਿਆ ਹੈ ਸਗੋਂ ਟਾਲਣ ਦੀ ਨੀਤੀ ਹੀ ਅਪਣਾਈ ਗਈ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਚੋਣ ਦੌਰਾਨ ਮਿਲੀ ਨਮੋਸ਼ੀ ਭਰੀ ਹਾਰ ਬਾਰੇ ਸ੍ਰੀ ਢੀਂਡਸਾ ਨੇ ਕਿਹਾ ਕਿ ਉਹ ਸਿਧਾਂਤਕ ਰਾਜਨੀਤੀ ਕਰ ਰਹੇ ਹਨ ਤੇ ਕੁਝ ਲੋਕਾਂ ਵੱਲੋਂ ਉਨ੍ਹਾਂ ਨੂੰ ਇਸ ਚੋਣ ਦੌਰਾਨ ਧੋਖਾ ਦਿੱਤਾ ਗਿਆ।

# ਮਨੀ ਲਾਂਡਰਿੰਗ: ਸਰਨਾ ਨੇ ਜਥੇਦਾਰ ਨੂੰ ਪੱਤਰ ਸੌਂਪ ਕੇ ਸਿਰਸਾ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਦਿੱਲੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਇਕ ਮੰਗ ਪੱਤਰ ਸੌਂਪ ਕੇ ਦਿੱਲੀ ਕਮੇਟੀ ਵਿਚ ਮਨੀ ਲਾਂਡਰਿੰਗ ਘਪਲੇ ਦਾ ਦੋਸ਼ ਲਾਉਂਦਿਆਂ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।



ਜਥੇਦਾਰ ਨਾਲ ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਨਾ ਨੇ ਸਾਬਕਾ ਪ੍ਰਧਾਨ ਸਿਰਸਾ 'ਤੇ ਵਿੱਤੀ ਘੁਟਾਲੇ ਲਈ ਦਿੱਲੀ ਕਮੇਟੀ ਦੀ ਦੁਰਵਰਤੋਂ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਬੰਧੀ ਇਕ ਵੀਡੀਓ ਵੀ ਵਾਇਰਲ ਹੋਈ ਹੈ। ਉਨ੍ਹਾਂ ਕਿਹਾ ਕਿ ਵਿੱਤੀ ਅਪਰਾਧ ਨਾਲ ਜੁੜੇ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਜ਼ਰੂਰੀ ਹੈ। ਉਨ੍ਹਾਂ ਨੇ ਜਥੇਦਾਰ ਤੋਂ ਜਾਂਚ ਮਗਰੋਂ ਸਿੱਖ ਆਗੂ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ।

ਉਨ੍ਹਾਂ ਇਸ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਵੀ ਸੁਤੰਤਰ ਜਾਂਚ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦਿੱਲੀ ਕਮੇਟੀ ਦੇ ਚਾਰਟਡ ਅਕਾਊਂਟੈਂਟ 'ਤੇ ਵੀ ਇਸ ਮਾਮਲੇ ਦੀ ਰਿਪੋਰਟ ਨੂੰ ਦਬਾਉਣ ਦੇ ਦੋਸ਼ ਲਾਏ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਪਰਮਜੀਤ ਸਿੰਘ ਸਰਨਾ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਦੋਸ਼ਾਂ ਬਾਰੇ ਜੇ ਕੋਈ ਸਬੂਤ ਹਨ ਤਾਂ ਉਹ ਪੇਸ਼ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕੁਝ ਲੋਕ ਸਿਰਫ ਆਪਣੀ ਚੌਧਰ ਚਮਕਾਉਣ ਲਈ ਬੇਬੁਨਿਆਦ ਤੇ ਬੇਲੋੜੇ ਦੋਸ਼ ਲਾ ਰਹੇ ਹਨ।

# ਪਰਾਲੀ ਪ੍ਰਦੂਸ਼ਣ: ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਕਾਰਨ ਦੱਸੋ ਨੋਟਿਸ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਸਾੜਨ ਦੇ ਮਾਮਲੇ ਵਿਚ ਕਾਰਵਾਈ ਕਰਨ ਵਿਚ ਢਿੱਲ ਦਿਖਾਉਣ ਵਾਲੇ 11 ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿਚ ਲੁਧਿਆਣਾ, ਸੰਗਰੂਰ, ਮੋਗਾ, ਬਠਿੰਡਾ, ਫ਼ਰੀਦਕੋਟ, ਖੰਨਾ, ਜਗਰਾਓਂ, ਮੁਕਤਸਰ, ਫਾਜ਼ਿਲਕਾ, ਬਰਨਾਲਾ ਅਤੇ ਫਿਰੋਜ਼ਪੁਰ ਜ਼ਿਲ੍ਹੇ ਸ਼ਾਮਲ ਹਨ। ਆਈ.ਜੀ. (ਹੈੱਡਕੁਆਰਟਰ) ਡਾ. ਸੁਖਚੈਨ ਸਿੰਘ ਗਿੱਲ ਨੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।

ਡਾ. ਗਿੱਲ ਨੇ ਦੱਸਿਆ ਕਿ ਡੀ.ਜੀ.ਪੀ. ਦਫ਼ਤਰ ਨੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਪਰਾਲੀ ਸਾੜਨ ਦੇ ਮਾਮਲੇ 'ਤੇ ਕਾਰਵਾਈ ਵਿਚ ਢਿੱਲ ਦਿਖਾਉਣ ਸਬੰਧੀ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਮੁਖੀਆਂ ਦੀਆਂ ਰਿਪੋਰਟਾਂ ਆਉਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

# ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਕੈਂਪਸ 'ਚ ਮਰਿਆਦਾ ਦੀ ਉਲੰਘਣਾ



## ਪ੍ਰਬੰਧਕਾਂ ਨੂੰ ਮਰਿਆਦਾ ਦਾ ਧਿਆਨ ਰੱਖਣਾ ਚਾਹੀਦਾ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਗੁਰੂ ਘਰਾਂ ਦਾ ਪ੍ਰਬੰਧ ਚਲਾਉਣ ਵਾਲਿਆਂ ਨੂੰ ਮਰਿਆਦਾ ਅਤੇ ਸੰਗਤ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਕਿਸੇ ਨੂੰ ਵੀ ਮਰਿਆਦਾ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ। ਗੁਰੂ ਘਰ ਦੇ ਕੈਂਪਸ ਨੇੜੇ ਅਜਿਹੀਆਂ ਗਤੀਵਿਧੀਆਂ ਨਿੰਦਣਯੋਗ ਹਨ ਅਤੇ ਇਸ ਤੋਂ ਬਚਣ ਦੀ ਲੋੜ ਹੈ। ਭਾਰਤ ਸਰਕਾਰ ਦੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਕੈਂਪਸ 'ਚ ਹੋਈ ਮਰਿਆਦਾ ਦੀ ਉਲੰਘਣਾ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਨੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਇਕ ਪੱਤਰ ਲਿਖ ਕੇ ਪਾਕਿਸਤਾਨ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਮੁਲਜ਼ਮਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਇਕ ਵਾਰ ਮੁੜ ਮਰਿਆਦਾ ਦੀ ਕਥਿਤ ਉਲੰਘਣਾ ਹੋਣ ਦਾ ਮਾਮਲਾ ਚਰਚਾ ਵਿਚ ਹੈ। ਇਸ ਵਾਰ ਪ੍ਰਬੰਧਕਾਂ ਵਿਚ ਸ਼ਾਮਲ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਵੱਲੋਂ ਗੁਰਦੁਆਰੇ ਨੇੜੇ ਲੱਗਦੇ ਪੀ.ਐਮ.ਯੂ. ਦਫ਼ਤਰ ਦੇ ਬਾਹਰ ਨਾਚ-ਗਾਣੇ ਦੀ ਪਾਰਟੀ ਅਤੇ ਮੀਟ ਵਰਤਾ ਕੇ ਮਰਿਆਦਾ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇਕ ਪਾਕਿਸਤਾਨੀ ਮਾਡਲ ਵੱਲੋਂ ਗੁਰਦੁਆਰਾ ਕੈਂਪਸ ਵਿਚ ਸ਼ੂਟਿੰਗ ਕਰ ਕੇ ਮਰਿਆਦਾ ਦੀ ਉਲੰਘਣਾ ਕੀਤੀ ਗਈ ਸੀ।

ਸਿੱਖ ਜਥੇਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਕਮੇਟੀ ਨੇ ਇਸ ਦੀ ਨਿਖੇਧੀ ਕੀਤੀ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਕੁਝ ਵੀਡੀਓਜ਼ ਵੀ ਵਾਇਰਲ ਹੋਈਆਂ ਹਨ। ਇਨ੍ਹਾਂ 'ਚੋਂ ਇਕ ਵੀਡੀਓ ਵਿਚ ਇਕ ਔਰਤ ਮੰਚ ਤੋਂ ਗਾਣਾ ਗਾ ਰਹੀ ਹੈ ਅਤੇ ਕੁਝ ਲੋਕ ਮੰਚ ਸਾਹਮਣੇ ਨੱਚ ਰਹੇ ਹਨ।

ਇਸ ਮਾਮਲੇ ਵਿਚ ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਮਨਜੀਤ ਸਿੰਘ ਭੋਮਾ ਨੇ ਦੋਸ਼ ਲਾਇਆ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਨੇੜੇ ਪੀ.ਆਵੀ.ਓ. ਦਫਤਰ ਦੇ ਬਾਹਰ ਕੀਤੇ ਗਏ ਸਮਾਗਮ ਵਿਚ ਫਿਲਮੀ ਗੀਤਾਂ 'ਤੇ ਨ੍ਰਿਤ ਕੀਤੇ ਗਏ ਹਨ। ਇਸ ਦੌਰਾਨ ਮਾਸ ਦਾ ਵੀ ਸੇਵਨ ਕੀਤਾ ਗਿਆ। ਉਨ੍ਹਾਂ ਇਸ ਮਾਮਲੇ ਨੂੰ ਗੁਰੂ ਘਰ ਦੀ ਮਰਿਆਦਾ ਨਾਲ ਖਿਲਵਾੜ ਕਰਾਰ ਦਿੱਤਾ। ਉਨ੍ਹਾਂ ਪਾਕਿਸਤਾਨ ਸਰਕਾਰ ਤੋਂ ਇਸ ਸਬੰਧੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਭਾਰਤ ਦੀ ਰੱਖਿਆ ਵਿਚ ਸਿੱਖਾਂ ਦਾ ਵੱਡਾ ਯੋਗਦਾਨ: ਯੋਗੀ

**ਲਖਨਊ:** ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇੱਥੇ ਦੇਸ਼ ਲਈ ਸਿੱਖ ਗੁਰੂਆਂ ਦੇ ਯੋਗਦਾਨ ਅੱਗੇ ਸਿਰ ਝੁਕਾਉਂਦਿਆਂ ਕਿਹਾ ਕਿ ਸਿੱਖ ਗੁਰੂਆਂ ਦਾ ਤਿਆਗ ਅਤੇ ਬਲੀਦਾਨ ਦੇਸ਼-ਧਰਮ ਦੀ ਰੱਖਿਆ ਦੀ ਪ੍ਰੇਰਨਾ ਦਿੰਦਾ ਹੈ। ਮੁੱਖ ਮੰਤਰੀ ਯੋਗੀ ਨੇ ਇੱਥੇ ਆਲਮਬਾਗ ਵਿਚ ਖਾਲਸਾ ਚੌਕ ਦਾ ਉਦਘਾਟਨ ਕੀਤਾ। ਉੱਤਰ ਪ੍ਰਦੇਸ਼ ਸਰਕਾਰ ਨੇ ਇਕ ਬਿਆਨ ਵਿਚ ਕਿਹਾ ਕਿ ਟੇਢੀ ਪੁਲੀਆ ਦੇ ਨਾਂ ਨਾਲ ਜਾਣਿਆ ਜਾਣ ਵਾਲਾ ਇਹ ਚੌਕ ਹੁਣ ਖਾਲਸਾ ਚੌਕ ਦੇ ਨਾਂ ਨਾਲ ਜਾਣਿਆ ਜਾਵੇਗਾ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ, ''ਖਾਲਸਾ ਪੰਥ ਨੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਲਗਾਤਾਰ ਮੋਹਰੀ ਭੂਮਿਕਾ ਨਿਭਾਈ ਹੈ। ਖਾਲਸਾ ਚੌਕ ਦੀ ਸਥਾਪਨਾ ਇਤਿਹਾਸ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਦਾ ਮੌਕਾ ਹੈ।'' ਉਨ੍ਹਾਂ ਕਿਹਾ, ''ਸੂਬੇ ਵਿਚ ਭਾਜਪਾ ਦੀ ਸਰਕਾਰ ਬਣਨ ਮਗਰੋਂ ਮੁੱਖ ਮੰਤਰੀ ਦਫਤਰ ਵਿਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ।''



ਸਿੱਖ ਧਰਮ ਦੇ ਦਸਵੇਂ ਗੁਰੂ ਅਤੇ ਖਾਲਸਾ ਪੰਥ ਦੇ ਸੰਸਥਾਪਕ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਸਮਾਰੋਹ ਨੂੰ ਸੰਬੋਧਨ ਕਰਦਿਆਂ ਯੋਗੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਭਾਰਤ ਦੇ ਧਰਮ ਅਤੇ ਸੱਭਿਆਚਾਰ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਉਣ ਲਈ 1699 ਵਿਚ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੇ ਮਾਤ ਭੂਮੀ ਦੀ ਰਾਖੀ ਲਈ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਯੋਗੀ ਨੇ ਕਿਹਾ ਕਿ ਸਿੱਖ ਗੁਰੂਆਂ ਦਾ ਤਿਆਗ ਅਤੇ ਬਲੀਦਾਨ ਸਾਨੂੰ ਸਭ ਨੂੰ ਦੇਸ਼ ਅਤੇ ਧਰਮ ਦੀ ਰੱਖਿਆ ਦੀ ਪ੍ਰੇਰਨਾ ਦਿੰਦਾ ਹੈ।

ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਦਾ ਇਤਿਹਾਸ ਸਾਨੂੰ ਭਾਰਤ ਦੀ ਗੌਰਵਮਈ ਗਾਥਾ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਸਿੱਖ ਕੌਮ ਦੀ ਕੁਰਬਾਨੀ, ਤਿਆਗ, ਧਰਮ ਪ੍ਰਤੀ ਸਮਰਪਣ ਅਤੇ ਸਮਾਜ ਪ੍ਰਤੀ ਸੇਵਾ ਭਾਵਨਾ ਨੂੰ ਸ਼ਰਧਾਂਜਲੀ ਭੇਟ ਕੀਤੀ।

# ਸਿੱਖ ਲੜਕੇ ਦੀ ਹੱਤਿਆ ਦੇ ਦੋਸ਼ 'ਚ 3 ਪੰਜਾਬੀ ਨੌਜਵਾਨਾਂ ਖਿਲਾਫ ਕੇਸ ਦਰਜ

**ਲੰਡਨ:** ਪੱਛਮੀ ਲੰਡਨ ਵਿਚ ਇਸ ਹਫਤੇ ਲੜਾਈ ਤੋਂ ਬਾਅਦ ਚਾਕੂ ਨਾਲ ਜ਼ਖ਼ਮੀ ਹੋਏ 17 ਸਾਲਾ ਸਿੱਖ ਨੌਜਵਾਨ ਸਿਮਰਜੀਤ ਸਿੰਘ ਨੰਗਪਾਲ ਦੇ ਕਤਲ ਦੇ ਦੋਸ਼ ਵਿਚ ਤਿੰਨ ਵਿਅਕਤੀਆਂ ਖਿਲਾਫ ਦੋਸ਼ ਆਇਦ ਕੀਤੇ ਗਏ ਹਨ। ਮੈਟਰੋਪੋਲੀਟਨ ਪੁਲਿਸ ਨੇ ਬਿਆਨ ਵਿਚ ਕਿਹਾ ਕਿ ਅਮਨਦੀਪ ਸਿੰਘ (21), ਮਨਜੀਤ ਸਿੰਘ (27) ਅਤੇ ਸਾਊਥਾਲ ਦੇ ਅਜਮੇਰ ਸਿੰਘ (31) ਖਿਲਾਫ ਦੋਸ਼ ਲਗਾਏ ਗਏ ਹਨ। 71 ਸਾਲਾ ਚੌਥਾ ਵਿਅਕਤੀ ਜਿਸ ਨੂੰ ਤਿੰਨਾਂ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਸੀ, ਹਾਲੇ ਪੁਲਿਸ ਹਿਰਾਸਤ ਵਿਚ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 25 ਨਵੰਬਰ, 2023*

# ਫੈਡਰਲ ਢਾਂਚੇ ਲਈ ਪਹਿਲਕਦਮੀ

ਭਾਰਤ ਦੇ ਵੱਖ-ਵੱਖ ਰਾਜਾਂ ਦੇ ਰਾਜਪਾਲਾਂ ਅਤੇ ਰਾਜ ਸਰਕਾਰਾਂ, ਖਾਸ ਕਰ ਕੇ ਗੈਰ-ਭਾਜਪਾ ਸਰਕਾਰਾਂ ਵਿਚਕਾਰ ਚੱਲ ਰਹੇ ਰੱਫੜ ਬਾਰੇ ਸੁਪਰੀਮ ਕੋਰਟ ਦੀ ਟਿੱਪਣੀ ਨੇ ਕੁਝ ਆਸ ਬੰਨ੍ਹਾਈ ਹੈ। ਸੁਪਰੀਮ ਕੋਰਟ ਦੀ ਟਿੱਪਣੀ ਤੋਂ ਬਾਅਦ ਕੁਝ ਸੂਬਿਆਂ ਅੰਦਰ ਆਪਣੇ ਹੱਕਾਂ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਯਾਦ ਰਹੇ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਪੰਜਾਬ ਸਰਕਾਰ ਦੀ ਪਟੀਸ਼ਨ ਦੀ ਸੁਣਵਾਈ ਦੌਰਾਨ ਸਾਫ ਕਿਹਾ ਸੀ, "ਤੁਸੀਂ ਅੱਗ ਨਾਲ ਖੇਡ ਰਹੇ ਹੋ। ਰਾਜਪਾਲ ਇਹ ਕਿਵੇਂ ਕਰ ਸਕਦਾ ਹੈ? ਜੋ ਪੰਜਾਬ ਵਿਚ ਹੋ ਰਿਹਾ ਹੈ, ਅਸੀਂ (ਸੁਪਰੀਮ ਕੋਰਟ) ਉਸ ਬਾਰੇ ਖ਼ੁਸ਼ ਨਹੀਂ ਹਾਂ। ਕੀ ਅਸੀਂ ਸੰਸਦੀ ਜਮਹੂਰੀਅਤ ਨੂੰ ਕਾਇਮ ਰੱਖ ਸਕਾਂਗੇ?" ਇਹ ਪਟੀਸ਼ਨ ਪੰਜਾਬ ਦੇ ਰਾਜਪਾਲ ਦੁਆਰਾ ਵਿਧਾਨ ਸਭਾ ਦੁਆਰਾ ਪਾਸ ਕੀਤੇ ਬਿਲਾਂ ਨੂੰ ਮਨਜ਼ੂਰੀ ਦੇਣ ਵਿਚ ਦੇਰ ਕਰਨ ਦੇ ਸਬੰਧ ਵਿਚ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਚੁਣੀ ਹੋਈ ਵਿਧਾਨ ਸਭਾ ਦੇ ਪਾਸ ਕੀਤੇ ਬਿਲਾਂ ਦੇ ਰਾਹ ਵਿਚ ਰੋੜੇ ਨਾ ਅਟਕਾਓ, ਇਹ ਬਹੁਤ ਗੰਭੀਰ ਮਸਲਾ ਹੈ। ਅਦਾਲਤ ਦੀਆਂ ਇਹ ਟਿੱਪਣੀਆਂ ਸੰਵਿਧਾਨ ਦੇ ਸਭ ਤੋਂ ਬੁਨਿਆਦੀ ਤੱਤ ਕਿ ਭਾਰਤ ਜਮਹੂਰੀਅਤ ਮੁਲਕ ਹੈ ਅਤੇ ਇੱਥੇ ਕੰਮ-ਕਾਰ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ ਹੀ ਚਲਾ ਸਕਦੇ ਹਨ, ਦੀ ਪ੍ਰੋੜਤਾ ਕਰਦੇ ਹਨ। ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਸੂਬਿਆਂ ਵਿਚ ਰਾਜਪਾਲਾਂ ਦੁਆਰਾ ਸੂਬਾ ਸਰਕਾਰਾਂ ਦੇ ਕੰਮ ਵਿਚ ਦਖ਼ਲ ਅਤੇ ਵਿਧਾਨ ਸਭਾਵਾਂ ਦੁਆਰਾ ਪਾਸ ਕੀਤੇ ਬਿਲਾਂ ਨੂੰ ਮਨਜ਼ੂਰੀ ਨਾ ਦੇਣ ਕਾਰਨ ਰਾਜਪਾਲਾਂ ਦੇ ਅਧਿਕਾਰਾਂ ਬਾਰੇ ਮਸਲਾ ਉਭਰਿਆ ਸੀ। ਸੁਪਰੀਮ ਕੋਰਟ ਦੀਆਂ ਇਨ੍ਹਾਂ ਟਿੱਪਣੀਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਕਿਸੇ ਵੀ ਸੂਬੇ ਦਾ ਕੰਮ-ਕਾਜ ਲੋਕਾਂ ਦੁਆਰਾ ਚੁਣੀ ਹੋਈ ਵਿਧਾਨ ਸਭਾ ਅਤੇ ਸਰਕਾਰ ਨੇ ਚਲਾਉਣਾ ਹੈ, ਰਾਜਪਾਲ ਨੇ ਨਹੀਂ।

ਪੰਜਾਬ, ਤਾਮਿਲ ਨਾਡੂ, ਕੇਰਲ, ਤਿਲੰਗਾਨਾ, ਪੱਛਮੀ ਬੰਗਾਲ ਸਰਕਾਰਾਂ ਨੇ ਵੱਖ-ਵੱਖ ਸਮਿਆਂ 'ਤੇ ਰਾਜਪਾਲਾਂ ਦੀ ਕਾਰਜਸ਼ੈਲੀ 'ਤੇ ਇਤਰਾਜ਼ ਕਰਦਿਆਂ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਇਸ ਸਬੰਧ ਵਿਚ ਮੁੱਖ ਮੁੱਦੇ ਫੈਡਰਲਿਜ਼ਮ ਅਤੇ ਰਾਜ ਸਰਕਾਰਾਂ ਦੇ ਅਧਿਕਾਰ ਹਨ। ਕੇਂਦਰ ਸਰਕਾਰਾਂ ਹਮੇਸ਼ਾ ਹੀ ਰਾਜਪਾਲਾਂ ਰਾਹੀਂ ਰਾਜ ਸਰਕਾਰਾਂ ਦੇ ਕੰਮ ਵਿਚ ਦਖ਼ਲ ਦਿੰਦੀਆਂ ਰਹੀਆਂ ਹਨ। ਜਦੋਂ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ ਤਾਂ ਖੇਤਰੀ ਪਾਰਟੀਆਂ ਰਾਜਪਾਲਾਂ ਦੇ ਦਖ਼ਲ ਬਾਰੇ ਮੁੱਦੇ ਨੂੰ ਉਠਾਉਂਦੀਆਂ ਰਹੀਆਂ ਹਨ। ਇਸ ਬਾਰੇ ਕਈ ਕਮਿਸ਼ਨ ਵੀ ਬਣੇ ਅਤੇ ਹਰ ਕਮਿਸ਼ਨ ਨੇ ਇਹ ਤਾਕੀਦ ਕੀਤੀ ਕਿ ਰਾਜਪਾਲਾਂ ਨੂੰ ਸੰਵਿਧਾਨਕ ਸੇਧਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਹੁਣ ਜਦੋਂ ਤੋਂ ਕੇਂਦਰ ਵਿਚਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਨਰਿੰਦਰ ਮੋਦੀ ਸਰਕਾਰ ਬਣੀ ਹੈ, ਇਹ ਹੌਲੀ-ਹੌਲੀ ਸਾਰੀਆਂ ਸ਼ਕਤੀਆਂ ਆਪਣੇ ਕੋਲ ਕੇਂਦਰਤ ਕਰ ਰਹੀ ਹੈ। ਰਾਜਾਂ ਨੂੰ ਸੰਵਿਧਾਨ ਤਹਿਤ ਮਿਲੀਆਂ ਸ਼ਕਤੀਆਂ ਇਕ-ਇਕ ਕਰ ਖੋਹੀਆਂ ਜਾ ਰਹੀਆਂ ਹਨ ਜਾਂ ਘਟਾਈਆਂ ਜਾ ਰਹੀਆਂ ਹਨ। ਮੁਲਕ ਦੇ ਜਿਨ੍ਹਾਂ ਰਾਜਾਂ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਨਹੀਂ ਹਨ, ਉਨ੍ਹਾਂ ਰਾਜਾਂ ਵਿਚ ਰਾਜਪਾਲ (ਜਿਸ ਦੀ ਨਿਯੁਕਤੀ ਕੇਂਦਰ ਸਰਕਾਰ ਕਰਦੀ ਹੈ) ਰਾਜ ਸਰਕਾਰਾਂ ਦੇ ਕੰਮ-ਕਾਜ ਵਿਚ ਲਗਾਤਾਰ ਦਖਲ ਦੇ ਰਹੇ ਹਨ। ਇਸ ਵਧੀਕੀ ਕਰ ਕੇ ਹੀ ਕਈ ਰਾਜਾਂ ਨੇ ਸੁਪਰੀਮ ਕੋਰਟ ਦਾ ਦਰ ਖੜਕਾਇਆ ਸੀ।

ਚੇਤੇ ਰਹੇ ਕਿ ਤਾਮਿਲ ਨਾਡੂ ਦੇ ਰਾਜਪਾਲ ਨੇ ਵਿਧਾਨ ਸਭਾ ਦੁਆਰਾ ਰਾਜਪਾਲ ਦੀ ਥਾਂ 'ਤੇ ਮੁੱਖ ਮੰਤਰੀ ਨੂੰ ਸੂਬੇ ਦੀਆਂ ਯੂਨੀਵਰਸਿਟੀਆਂ ਦਾ ਚਾਂਸਲਰ ਬਣਾਉਣ ਦੇ ਪਾਸ ਕੀਤੇ ਕਈ ਬਿੱਲ ਵਾਪਸ ਕਰ ਦਿੱਤੇ ਸਨ। ਹੁਣ ਸੁਪਰੀਮ ਕੋਰਟ ਦੀ ਟਿੱਪਣੀ ਤੋਂ ਬਾਅਦ ਤਾਮਿਲ ਨਾਡੂ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ ਹੈ। ਸੰਵਿਧਾਨ ਅਨੁਸਾਰ ਜੇ ਵਿਧਾਨ ਸਭਾ ਰਾਜਪਾਲ ਦੁਆਰਾ ਵਾਪਸ ਭੇਜੇ ਬਿੱਲ ਨੂੰ ਦੁਬਾਰਾ ਜਾਂ ਕਿਸੇ ਸੋਧ ਸਹਿਤ ਪਾਸ ਕਰ ਕੇ ਫਿਰ ਰਾਜਪਾਲ ਕੋਲ ਭੇਜਦੀ ਹੈ ਤਾਂ ਰਾਜਪਾਲ ਦੁਆਰਾ ਉਸ ਬਿੱਲ ਨੂੰ ਮਨਜ਼ੂਰੀ ਦੇਣਾ ਲਾਜ਼ਮੀ ਹੈ। ਸੰਵਿਧਾਨ ਅਨੁਸਾਰ ਕਿਸੇ ਵੀ ਰਾਜ ਦਾ ਕੰਮ-ਕਾਜ ਲੋਕਾਂ ਦੁਆਰਾ ਚੁਣੀ ਵਿਧਾਨ ਸਭਾ ਅਤੇ ਸਰਕਾਰ ਨੇ ਚਲਾਉਣਾ ਹੁੰਦਾ ਹੈ। ਸਰਕਾਰ ਦਾ ਮੁਖੀ ਮੁੱਖ ਮੰਤਰੀ ਹੈ ਅਤੇ ਰਾਜਪਾਲ ਸਰਕਾਰ ਦਾ ਸੰਵਿਧਾਨਕ ਮੁਖੀ ਹੁੰਦਾ ਹੈ। ਰਾਜਪਾਲ ਨੇ ਮੁੱਖ ਮੰਤਰੀ ਅਤੇ ਉਸ ਦੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕੰਮ ਕਰਨਾ ਹੁੰਦਾ ਹੈ। ਸਰਕਾਰ ਦੇ ਫ਼ੈਸਲੇ ਅਤੇ ਆਦੇਸ਼ ਰਾਜਪਾਲ ਦੇ ਨਾਂ 'ਤੇ ਜਾਰੀ ਹੁੰਦੇ ਹਨ ਪਰ ਉਹ ਫ਼ੈਸਲੇ ਰਾਜ ਸਰਕਾਰ ਦੇ ਹੁੰਦੇ ਹਨ। ਇਸੇ ਤਰ੍ਹਾਂ ਰਾਜ ਸਬੰਧੀ ਕਾਨੂੰਨ ਵਿਧਾਨ ਸਭਾਵਾਂ ਨੇ ਬਣਾਉਣੇ ਹਨ ਅਤੇ ਰਾਜਪਾਲਾਂ ਨੇ ਉਨ੍ਹਾਂ ਨੂੰ ਮਨਜ਼ੂਰੀ ਦੇਣੀ ਹੁੰਦੀ ਹੈ। ਸੂਬਿਆਂ ਦੀਆਂ ਯੂਨੀਵਰਸਿਟੀਆਂ ਵਿਚ ਵਾਈਸ ਚਾਂਸਲਰ ਲਗਾਉਣ ਦੇ ਅਧਿਕਾਰ ਰਾਜ ਸਰਕਾਰਾਂ ਕੋਲ ਹਨ।

ਸੁਪਰੀਮ ਕੋਰਟ ਨੇ ਰਾਜਪਾਲਾਂ ਨੂੰ ਸੰਵਿਧਾਨ ਅਨੁਸਾਰ ਕੰਮ ਕਰਨ ਦੀ ਸਲਾਹ ਦਿੱਤੀ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਨੂੰ ਵਿਧਾਨ ਸਭਾਵਾਂ ਦੁਆਰਾ ਪਾਸ ਕੀਤੇ ਬਿੱਲ ਰੋਕਣੇ ਨਹੀਂ ਚਾਹੀਦੇ। ਸੁਪਰੀਮ ਕੋਰਟ ਨੇ ਤਾਮਿਲਨਾਡੂ ਦੇ ਰਾਜਪਾਲ ਬਾਰੇ ਸਖ਼ਤ ਟਿੱਪਣੀਆਂ ਕਰਦਿਆਂ ਪੁੱਛਿਆ ਸੀ ਕਿ ਉਹ ਤਿੰਨ ਸਾਲਾਂ ਤੋਂ ਕੀ ਕਰ ਰਹੇ ਹਨ? ਇਹ ਸਵਾਲ ਉਨ੍ਹਾਂ 12 ਬਿੱਲਾਂ ਦੇ ਪ੍ਰਸੰਗ ਵਿਚ ਸੀ ਜਿਹੜੇ 2020 ਤੋਂ ਰਾਜਪਾਲ ਨੂੰ ਭੇਜੇ ਗਏ ਸਨ ਪਰ ਇਨ੍ਹਾਂ 'ਤੇ ਉਨ੍ਹਾਂ ਨੇ ਕੋਈ ਫ਼ੈਸਲਾ ਨਹੀਂ ਕੀਤਾ। ਸੁਪਰੀਮ ਕੋਰਟ ਦੀਆਂ ਇਹ ਟਿੱਪਣੀਆਂ ਸਪਸ਼ਟ ਦਰਸਾਉਂਦੀਆਂ ਹਨ ਕਿ ਕੇਂਦਰ ਸਰਕਾਰ ਰਾਜਪਾਲਾਂ ਰਾਹੀਂ ਰਾਜ ਸਰਕਾਰਾਂ ਦੇ ਕੰਮ-ਕਾਰ ਵਿਚ ਦਖਲ ਦੇ ਰਹੀ ਹੈ। ਉਂਝ, ਸੁਪਰੀਮ ਕੋਰਟ ਦੀਆਂ ਟਿੱਪਣੀਆਂ ਤੋਂ ਬਾਅਦ ਹੁਣ ਜਿਸ ਤਰ੍ਹਾਂ ਰਾਜਾਂ ਨੇ ਸਰਗਰਮੀ ਦਿਖਾਈ ਹੈ, ਉਹ ਮਜ਼ਬੂਤ ਫੈਡਰਲ ਢਾਂਚੇ ਲਈ ਨਵੇਂ ਰਾਹ ਖੋਲ੍ਹ ਸਕਦੀ ਹੈ। ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਇਹ ਮਸਲਾ ਵੱਡਾ ਚੋਣ ਮੁੱਦਾ ਬਣ ਸਕਦਾ ਹੈ ਅਤੇ ਭਾਰਤੀ ਜਨਤਾ ਪਾਰਟੀ ਲਈ ਚੁਣੌਤੀ ਵੀ ਬਣ ਸਕਦਾ ਹੈ।

## ਠਾਹ-ਸੋਟਾ

–ਚਾਚਾ ਬੇਲਿਹਾਜ਼

### *ਰਿਸ਼ੀ ਮੁਨੀਆਂ ਦਾ ਦੇਸ?*

ਲਾਏ ਹੁੰਦੇ ਨੇ ਆਮ ਲੋਕਾਈ ਦੇ ਲਈ ਕੋਈ ਫਰਕ ਨਾ ਚੋਰਾਂ ਨੂੰ ਤਾਲ਼ਿਆਂ ਦਾ।
ਰਿਹਾ ਕੋਈ ਵਿਸ਼ਵਾਸ ਨਾ ਲੀਡਰਾਂ 'ਤੇ ਬਾਹਰੋਂ ਗੋਰਿਆਂ ਅੰਦਰੋਂ ਕਾਲ਼ਿਆਂ ਦਾ।
'ਦਲ' ਬਣਦਾ ਏ 'ਪੰਚ ਪ੍ਰਧਾਨਗੀ' 'ਤੇ ਕਬਜ਼ਾ ਹੋ ਜਾਂਦਾ ਜੀਜੇ ਤੇ ਸਾਲ਼ਿਆਂ ਦਾ।
ਅਹੁਦੇਦਾਰ ਕੋਈ ਐਸਾ ਨਾ ਲੱਭਦਾ ਏ ਜਿਸ 'ਤੇ ਹੋਵੇ ਨਾ ਦਾਗ ਘੁਟਾਲ਼ਿਆਂ ਦਾ।
ਨਵਿਆਂ ਉੱਤੇ ਵੀ ਰੰਗ ਏ ਚੜ੍ਹਨ ਲਗਦਾ ਖਿਝ ਕੇ 'ਕੁਰਸੀ' ਦੇ ਉੱਤੋਂ ਉਠਾਲ਼ਿਆਂ ਦਾ।
ਰਿਸ਼ੀਆਂ ਮੁਨੀਆਂ ਦਾ ਆਖਦੇ ਦੇਸ਼ ਸਾਡਾ ਹੁਣ ਬਣ ਗਿਆ ਘਾਲ਼ਿਆਂ ਮਾਲ਼ਿਆਂ ਦਾ!

# ਪੰਜਾਬ ਦੀ ਖੇਤੀ, ਸਹਾਇਕ ਕਿੱਤੇ ਅਤੇ ਨਵੇਂ ਰਾਹ

ਪਿਛਲੇ ਕਈ ਦਿਨਾਂ ਤੋਂ ਪਰਾਲੀ ਦੇ ਧੂੰਏ ਨਾਲ ਜੁੜ ਕੇ ਪੰਜਾਬ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬੇਸ਼ੱਕ ਧੂੰਏ ਲਈ ਮੁੱਖ ਰੂਪ ਵਿਚ ਸਰਕਾਰਾਂ ਜ਼ਿੰਮੇਵਾਰ ਹਨ ਪਰ ਇਸ ਮਸਲੇ ਦੇ ਸਥਾਈ ਹੱਲ ਲਈ ਪੰਜਾਬ ਨੂੰ ਫਸਲੀ ਵੰਨ-ਸਵੰਨਤਾ ਅਤੇ ਖੇਤੀ ਸਹਾਇਕ ਕਿੱਤਿਆਂ ਵੱਲ ਤੁਰਨਾ ਹੋਵੇਗਾ।

ਪੰਜਾਬ ਖੇਤੀ ਆਧਾਰਿਤ ਸੂਬਾ ਹੈ ਤੇ ਇੱਥੋਂ ਦੀ ਆਬਾਦੀ ਦੇ ਵੱਡੇ ਹਿੱਸੇ ਦੀ ਕਿਸੇ ਨਾ ਕਿਸੇ ਰੂਪ ਵਿਚ ਖੇਤੀ 'ਤੇ ਨਿਰਭਰਤਾ ਰਹੀ ਹੈ/ਰਹਿ ਰਹੀ ਹੈ। ਪਿਛਲੇ ਸਮੇਂ ਖੇਤੀ ਖੇਤਰ ਵਿਚ ਥੋਪੇ ਗਏ ਸਿਰਫ ਦੋ ਫਸਲਾਂ ਦੇ ਫਸਲੀ ਚੱਕਰ ਤੇ ਬੇਲੋੜੇ ਮਸ਼ੀਨੀਕਰਨ ਨੇ ਅਨੇਕਾਂ ਹੱਥ ਵਿਹਲੇ ਕਰ ਦਿੱਤੇ ਹਨ। ਅਜਿਹੇ ਵਿਚ ਸਰਕਾਰ ਨੂੰ ਚਾਹੀਦਾ ਸੀ ਕਿ ਖੇਤੀ ਸਹਾਇਕ ਕਿੱਤਿਆ ਤੇ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰ ਕੇ ਵੱਧ ਤੋਂ ਵੱਧ ਹੱਥਾਂ ਨੂੰ ਕੰਮ ਦੇਣ ਵਾਲੇ ਪਾਸੇ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਤੁਰਿਆ ਜਾਂਦਾ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਪਿਛਲੀਆਂ ਸਰਕਾਰਾਂ ਨੇ ਜਿੱਥੇ ਸਰਕਾਰੀ ਅਦਾਰਿਆਂ ਵਿਚ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਨਵੀਆਂ ਭਰਤੀਆਂ ਕਰਨ ਤੋਂ ਟਾਲਾ ਵੱਟਿਆ ਉੱਥੇ ਹੀ ਖੇਤੀ ਸਹਾਇਕ ਕਿੱਤਿਆਂ ਨੂੰ ਵੀ ਬਰਬਾਦੀ ਦੇ ਰਾਹ ਧੱਕਿਆ ਹੈ।

ਬੇਰੁਜ਼ਗਾਰੀ ਦੇ ਝੰਬੇ ਪੰਜਾਬ ਦੇ ਨੌਜਵਾਨਾਂ ਦਾ ਇੱਕ ਹਿੱਸਾ ਪਰਵਾਸ, ਨਸ਼ਿਆਂ, ਮਾਨਸਿਕ ਰੋਗਾਂ ਵੱਲ ਜਾ ਰਿਹਾ ਹੈ। 'ਆਪ' ਸਰਕਾਰ ਨੇ ਜਿਸ ਦਿਨ ਤੋਂ ਸੱਤਾ ਸੰਭਾਲੀ ਹੈ, ਉਸ ਦਿਨ ਤੋਂ ਹੀ ਮੁੱਖ ਮੰਤਰੀ ਜੀ ਦੁਨੀਆ ਦੇ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਨੂੰ ਪੰਜਾਬ ਵਿਚ ਨਿਵੇਸ਼ ਲਈ ਹੋਕਰੇ ਮਾਰ ਕੇ ਸੂਬੇ ਦੇ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਵਾਲੇ ਪਾਸੇ ਤੁਰਨ ਦਾ ਦਾਅਵਾ ਕਰ ਰਹੇ ਹਨ ਪਰ ਹਕੀਕਤ ਇਹ ਹੈ ਕਿ ਦੁਨੀਆ ਦੀ ਸਭ ਤੋਂ ਉਪਜਾਊ ਧਰਤੀ ਤੇ ਢੁਕਵੇਂ ਵਾਤਾਵਰਨ ਵਾਲੇ ਇਸ ਖਿੱਤੇ ਵਿਚ ਗੈਰ-ਖੇਤੀ ਸਨਅਤਾਂ ਦੀ ਗੱਲ ਕਰਨਾ ਹੀ ਇਸ ਧਰਤੀ ਨਾਲ ਬੇਇਨਸਾਫੀ ਹੈ। ਪੰਜਾਬ ਦੀ ਪਛਾਣ ਹੀ ਖੇਤੀ ਨਾਲ ਜੁੜੀ ਹੋਈ ਹੈ, ਇੱਥੋਂ ਦੇ ਮਿਹਨਤੀ ਤੇ ਨਿੱਡਰ ਕਿਸਾਨਾਂ ਦੀਆਂ ਮਿਸਾਲਾਂ ਦੁਨੀਆਂ ਭਰ ਵਿਚ ਪ੍ਰਚੱਲਿਤ ਹਨ; ਇਸ ਲਈ ਪੰਜਾਬ ਦੀ ਵਿਰਸਤ ਖੇਤੀ ਵਿਚ ਨਵੀਆਂ ਤਕਨੀਕਾਂ ਵਿਕਸਤ ਕਰਨਾ, ਫਸਲੀ ਵਿਭਿੰਨਤਾ ਲਈ ਕੰਮ ਕਰਨਾ, ਖੇਤੀ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨਾ ਅਤੇ ਖੇਤੀ ਆਧਾਰਿਤ ਸਨਅਤਾਂ ਲਾਉਣ ਵਾਲੇ ਪਾਸੇ ਤੁਰਨਾ ਹੀ ਪੰਜਾਬ ਨਾਲ ਇਨਸਾਫ ਹੋਵੇਗਾ।

ਪੰਜਾਬ ਵਿਚੋਂ ਵੱਡੀ ਪੱਧਰ 'ਤੇ ਹੋ ਰਹੇ ਪਰਵਾਸ ਦੀ ਚਰਚਾ ਦਰਮਿਆਨ 'ਅੰਗਰੇਜ਼ ਇੱਥੇ ਆ ਕੇ ਨੌਕਰੀਆਂ ਕਰਿਆ ਕਰਨਗੇ' ਜਿਹੇ ਫੋਕੇ ਬਿਆਨ ਦਾਗਣ ਦੀ ਥਾਂ ਜੇਕਰ ਸੂਬਾ ਸਰਕਾਰ ਨੌਜਵਾਨਾਂ ਨੂੰ ਖੇਤੀ ਸਹਾਇਕ ਕਿੱਤਿਆ ਵਿਚ ਸਵੈ ਨਿਰਭਰ ਬਣਾਉਣ ਵੱਲ ਤੁਰੇ ਤਾਂ ਨੌਜਵਾਨਾਂ ਦਾ ਗਿਣਣਯੋਗ ਹਿੱਸਾ ਪੰਜਾਬ ਵਿਚ ਆਪਣੀ ਰੋਜ਼ੀ-ਰੋਟੀ ਕਮਾ ਸਕਦਾ ਹੈ।

ਪੰਜਾਬ ਵਿਚ ਬਹੁ ਗਿਣਤੀ ਛੋਟੇ ਕਿਸਾਨਾਂ ਦੀ ਹੈ। ਸਰਕਾਰਾਂ ਅਤੇ ਖੇਤੀ ਮਾਹਿਰ ਕਿਸਾਨਾਂ ਨੂੰ ਖੇਤੀ ਸਹਾਇਕ ਧੰਦੇ ਅਪਣਾਉਣ ਦੀ ਸਲਾਹ ਤਾਂ ਦਿੰਦੇ ਹਨ ਪਰ ਅਮਲੀ ਤੌਰ 'ਤੇ ਇਸ ਪਾਸੇ ਕੁਝ ਵੀ ਨਹੀਂ ਕੀਤਾ ਜਾ ਰਿਹਾ ਹੈ। ਇਹ ਤੱਥ ਹੈ ਕਿ ਖੇਤੀ ਸਹਾਇਕ ਧੰਦੇ ਵੀ ਬੁਨਿਆਦੀ ਰੂਪ ਵਿਚ ਖੇਤੀ ਨਾਲ ਹੀ ਜੁੜੇ ਹੋਏ ਹਨ। ਇਸ ਲਈ ਖੇਤੀ ਸਹਾਇਕ ਧੰਦੇ ਉਤਸ਼ਾਹਿਤ ਕਰਨ ਖਾਤਰ ਸਾਨੂੰ ਪਹਿਲਾਂ ਖੇਤੀ ਵਿਚ ਵੰਨ-ਸਵੰਨਤਾ ਲਿਆਉਣੀ ਹੋਵੇਗੀ। ਨੌਜਵਾਨਾਂ ਦੀ ਖੇਤੀ ਵਿਚ ਰੌਚਿਕਤਾ ਹੀ ਤਾਂ ਪੈਦਾ ਹੋਵੇਗੀ ਜੇਕਰ ਖੇਤੀ ਵਿਚ ਵੰਨ-ਸਵੰਨਤਾ ਹੋਵੇਗੀ।

ਸਾਡੇ ਸੂਬੇ ਪੰਜਾਬ ਵਿਚ ਕਣਕ-ਝੋਨੇ ਦੇ ਫਸਲੀ ਚੱਕਰ ਨੇ ਸਿਰਫ ਸਾਡੇ ਵਾਤਾਵਰਨ, ਪਾਣੀ 'ਤੇ ਹੀ ਅਸਰ ਨਹੀਂ ਪਾਇਆ ਹੈ ਬਲਕਿ ਇਸ ਨੇ ਖੇਤੀ ਸਹਾਇਕ ਕਿੱਤਿਆਂ 'ਤੇ ਵੀ ਅਸਰ ਪਾਇਆ ਹੈ। ਸਾਡੇ ਸੂਬੇ ਵਿਚ ਫਸਲੀ ਵਿਭਿੰਨਤਾ ਦੀ ਘਾਟ ਅਨੇਕਾਂ ਸਮੱਸਿਆਵਾਂ ਦੀ ਜੜ੍ਹ ਹੈ। ਉਦਹਾਰਨ ਵਜੋਂ ਸਰਕਾਰਾਂ ਫਸਲਾਂ 'ਤੇ ਐਮ.ਐਸ.ਪੀ. ਦਾ ਐਲਾਨ ਤਾਂ ਕਰਦੀਆਂ ਹਨ ਪਰ ਪੰਜਾਬ 'ਚ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਸਿਰਫ ਕਣਕ, ਝੋਨੇ ਦੀ ਹੈ ਜਿਸ ਕਾਰਨ ਬਾਕੀ ਫਸਲਾਂ 'ਤੇ ਐਲਾਨ ਕੋਈ ਮਾਇਨੇ ਨਹੀਂ ਰੱਖਦਾ ਹੈ। ਜੇਕਰ ਆਲੂ, ਗੰਢੇ, ਕਪਾਹ, ਨਰਮਾ, ਸਰ੍ਹੋਂ, ਮੂੰਗੀ ਵਰਗੀਆਂ ਫਸਲਾਂ ਦੀ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਹੋਵੇ ਤਾਂ ਕਿਸਾਨ ਇਹ ਫਸਲਾਂ ਦੀ ਬਿਜਾਈ ਕਰਨ ਤੇ ਇਹਨਾਂ ਫਸਲਾਂ ਲਈ ਮਜ਼ਦੂਰਾਂ ਦੀ ਵੀ ਵੱਧ ਜ਼ਰੂਰਤ ਪਵੇ ਜਿਸ ਨਾਲ ਵੱਧ ਲੋਕਾਂ ਨੂੰ ਰੁਜ਼ਗਾਰ ਮਿਲੇਗਾ।



ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨਾਂ ਨੇ ਕਈ ਵਾਰ ਖੇਤੀ ਦੇ ਨਾਲ-ਨਾਲ ਖੇਤੀ ਸਹਾਇਕ ਧੰਦੇ ਅਪਣਾਏ ਪਰ ਉਹਨਾਂ ਵਿਚੋਂ ਬਹੁਤੇ ਉਹ ਕੰਮ ਇਸ ਕਰ ਕੇ ਛੱਡ ਜਾਂਦੇ ਹਨ ਕਿ ਸਰਕਾਰਾਂ ਨੇ ਲੋੜੀਂਦਾ ਢਾਂਚਾ ਵਿਕਸਤ ਨਹੀਂ ਕੀਤਾ ਹੈ। ਪੰਜਾਬ ਦੇ ਲੱਗਭੱਗ 23 ਹਜ਼ਾਰ ਕਿਸਾਨ ਮਧੂ ਮੱਖੀ ਪਾਲਣ ਦੇ ਕਿੱਤੇ ਨਾਲ ਜੁੜੇ ਹੋਏ ਹਨ। ਸ਼ਹਿਦ ਪੈਦਾ ਕਰਨ ਦੇ ਮਾਮਲੇ ਵਿਚ ਪੰਜਾਬ ਦੇਸ਼ ਭਰ ਵਿਚੋਂ ਉੱਤਰ ਪ੍ਰਦੇਸ਼ ਤੋਂ ਬਾਅਦ ਦੂਸਰੇ ਨੰਬਰ 'ਤੇ ਆਉਂਦਾ ਹੈ। ਪੰਜਾਬ ਦੇ ਕਿਸਾਨ ਹਰ ਸਾਲ ਤਕਰੀਬਨ 55 ਹਜ਼ਾਰ ਟਨ ਸ਼ਹਿਦ ਪੈਦਾ ਕਰਦੇ ਹਨ ਜੋ ਪੂਰੇ ਦੇਸ਼ ਵਿਚੋਂ ਪੈਦਾ ਹੁੰਦੇ ਸ਼ਹਿਦ ਦਾ ਚੌਥਾ ਹਿੱਸਾ (25 ਫੀਸਦ) ਬਣਦਾ ਹੈ ਪਰ ਫਸਲੀ ਵਿਭਿੰਨਤਾ ਦੀ ਅਣਹੋਂਦ ਕਾਰਨ ਪੰਜਾਬ ਦੇ ਲੱਗਭੱਗ ਸਾਰੇ ਮਧੂ ਮੱਖੀ ਪਾਲਕਾਂ ਨੂੰ ਸਾਲ ਵਿਚੋਂ ਬਹੁਤਾ ਸਮਾਂ ਬਾਹਰੀ ਸੂਬਿਆਂ ਵਿਚ ਬਤੀਤ ਕਰਨਾ ਪੈਂਦਾ ਹੈ। ਮਧੂ ਮੱਖੀਆਂ ਫੁੱਲਾਂ ਵਾਲੀਆਂ ਫਸਲਾਂ, ਪੌਦਿਆਂ, ਰਵਾਇਤੀ ਰੁੱਖਾਂ ਤੋਂ ਖ਼ੁਰਾਕ ਹਾਸਲ ਕਰਦੀਆਂ ਹਨ ਅਤੇ ਇਹ ਸਾਰਾ ਕੁਝ ਪੰਜਾਬ ਵਿਚ ਇਨ੍ਹੀ ਦਿਨੀਂ ਹੁੰਦਾ ਹੈ। ਮਧੂ ਮੱਖੀਆਂ ਨਰਮੇ, ਕਪਾਹਾਂ, ਸਰ੍ਹੋਂ ਤੇ ਇਹਨਾਂ ਫਸਲਾਂ ਵਿਚ ਉੱਗਣ ਵਾਲੇ ਚਿੱਬੜਾਂ, ਭੱਖੜਾ, ਕੌੜਤੁੰਬੇ ਆਦਿ ਤੋਂ ਆਪਣੀ ਖ਼ੁਰਾਕ ਲੈ ਸਕਦੀਆਂ ਹਨ ਪਰ ਇਹ ਸਭ ਕੁਝ ਨਹੀਂ ਰਿਹਾ ਤਾਂ ਮੱਖੀਆਂ ਦੀ ਖ਼ੁਰਾਕ ਵੀ ਨਹੀਂ ਰਹੀ। ਮਾਹਿਰ ਦੱਸਦੇ ਹਨ ਕਿ ਫਸਲੀ ਵਿਭਿੰਨਤਾ ਦੀ ਅਣਹੋਂਦ ਅਤੇ ਧੂੰਆਂ ਹੋਣ ਕਾਰਨ ਮੱਖੀਆਂ ਪੰਜਾਬ ਤੋਂ ਬਾਹਰੀ ਸੂਬਿਆਂ ਵਿਚ ਤਬਦੀਲ ਕਰਨੀਆਂ ਪੈਂਦੀਆਂ ਹਨ ਤੇ ਜੇਕਰ ਫਸਲੀ ਵਿਭਿੰਨਤਾ ਨਾਲ ਮਸਲੇ ਦਾ ਹੱਲ ਹੋ ਜਾਵੇ ਤਾਂ ਪੰਜਾਬ ਪੂਰੀ ਦੁਨੀਆ ਵਿਚ ਸ਼ਹਿਦ ਭੇਜ ਸਕਦਾ ਹੈ।

***ਮੁੱਖ ਮੰਤਰੀ ਸਮੇਤ 'ਆਪ' ਨੇ ਜਿੰਨਾ ਜ਼ੋਰ ਸਨਅਤਕਾਰਾਂ ਨੂੰ ਪੰਜਾਬ ਬੁਲਾਉਣ ਲਈ ਲਾਇਆ ਹੋਇਆ ਹੈ, ਜੇਕਰ ਇਹੀ ਜ਼ੋਰ ਪੰਜਾਬ ਦੀ ਖੇਤੀ ਵਿਚ ਵੰਨ-ਸਵੰਨਤਾ ਲਿਆਉਣ ਅਤੇ ਗੁਆਂਢੀ ਦੇਸ਼ਾਂ ਨਾਲ ਸਬਜ਼ੀਆਂ ਸਮੇਤ ਫਸਲਾਂ ਦੇ ਵਪਾਰ ਲਈ ਲਾਇਆ ਹੁੰਦਾ ਤਾਂ ਪੰਜਾਬ ਦੀ ਤਸਵੀਰ ਹੋਰ ਹੋਣੀ ਸੀ।***

ਡੇਅਰੀ ਫਾਰਮਿੰਗ ਦੇ ਖੇਤਰ ਵਿਚ ਦੇਸ਼ 'ਚੋਂ ਪਹਿਲੇ ਨੰਬਰ 'ਤੇ ਰਹਿਣ ਵਾਲੇ ਸੂਬੇ ਪੰਜਾਬ ਵਿਚ ਇਹ ਧੰਦਾ ਬੁਰੀ ਤਰ੍ਹਾਂ ਲੜਖੜਾ ਰਿਹਾ ਹੈ। ਪੰਜਾਬ ਦੇ ਕਿਸਾਨਾਂ ਨੇ ਮੱਝਾਂ, ਗਾਵਾਂ ਦੀਆਂ ਚੰਗੀਆਂ ਨਸਲਾਂ ਰੱਖ-ਰੱਖ ਕੇ ਇਸ ਖੇਤਰ ਵਿਚ ਹੱਥ ਅਜ਼ਮਾਇਆ ਪਰ ਸਰਕਾਰਾਂ ਦੀ ਅਣਦੇਖੀ ਕਾਰਨ ਇਹ ਕਿੱਤਾ ਘਾਟੇਬੰਦ ਸਾਬਤ ਹੋ ਰਿਹਾ ਹੈ। ਪਸ਼ੂ ਪਾਲਕਾਂ ਦਾ ਸਭ ਤੋਂ ਵੱਧ ਰੋਸ ਇਹ ਹੈ ਕਿ ਪੰਜਾਬ ਵਿਚ ਦੁੱਧ ਦੀ ਪੈਦਾਵਾਰ ਤੋਂ ਦੁੱਧ ਦੀ ਖਪਤ ਕਿਤੇ ਜ਼ਿਆਦਾ ਹੈ ਲੇਕਿਨ ਨਕਲੀ ਦੁੱਧ ਬਣਨ ਕਾਰਨ ਕਿਸਾਨ ਘਾਟੇ ਵਿਚ ਜਾ ਰਹੇ ਹਨ। ਸਾਡੀਆਂ ਸਰਕਾਰਾਂ ਨਾ ਤਾਂ ਨਕਲੀ ਦੁੱਧ ਨੂੰ ਨਕੇਲ ਪਾ ਸਕੀਆਂ ਹਨ ਤੇ ਨਾ ਹੀ ਸਹਿਕਾਰੀ ਢੰਗ ਨਾਲ ਆਧੁਨਿਕ ਡੇਅਰੀਆਂ ਵਿਕਸਤ ਕਰ ਸਕੀਆਂ ਹਨ। ਜੇ ਸਰਕਾਰ ਨੇ ਇਸ ਪਾਸੇ ਧਿਆਨ ਦਿੱਤਾ ਹੁੰਦਾ ਤਾਂ ਅੱਜ ਪੰਜਾਬ ਦਾ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਦੁਨੀਆਂ ਭਰ ਵਿਚ ਵੱਡੀ ਪੱਧਰ 'ਤੇ ਪਹੁੰਚਾਏ ਜਾ ਸਕਦੇ ਸਨ। ਪੰਜਾਬ ਵਿਚ ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਵਿਚ ਡਾਕਟਰਾਂ, ਵੈਟਨਰੀ ਇੰਸਪੈਕਟਰਾਂ ਸਮੇਤ ਦਵਾਈਆਂ ਦੀ ਘਾਟ ਪੂਰੀ ਕਰ ਕੇ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਪੰਜਾਬ ਦਾ ਵਾਤਾਵਰਨ ਸੂਰ ਪਾਲਣ, ਮੁਰਗੀ ਪਾਲਣ, ਮੱਛੀ ਪਾਲਣ ਲਈ ਬਹੁਤ ਲਾਹੇਵੰਦ ਹੈ ਤੇ ਪੰਜਾਬ ਦੇ ਨੌਜਵਾਨਾਂ ਨੇ ਇਸ ਪਾਸੇ ਕੰਮ ਵੀ ਸ਼ੁਰੂ ਕੀਤਾ ਲੇਕਿਨ ਸਰਕਾਰ ਨੇ ਉਹਨਾਂ ਨੌਜਵਾਨਾਂ ਦੀ ਬਾਂਹ ਨਹੀਂ ਫੜੀ। ਪੰਜਾਬ ਵਿਚ ਕੋਈ ਵੱਡਾ ਮੀਟ ਪਲਾਂਟ ਲਗਾਇਆ ਜਾਣਾ ਚਾਹੀਦਾ ਸੀ ਪਰ ਉਹ ਨਹੀਂ ਲੱਗ ਸਕਿਆ। ਅਮੀਰ ਘਰਾਣਿਆਂ ਦੇ ਹਜ਼ਾਰਾਂ ਕਰੋੜ ਰੁਪਏ ਵੱਟੇ ਖਾਤੇ ਪਾਉਣ ਵਾਲੀਆਂ ਸਰਕਾਰਾਂ ਨੇ ਕਦੇ ਵੀ ਖੇਤੀ ਸਹਾਇਕ ਧੰਦਿਆਂ ਲਈ ਬੇਰੁਜ਼ਗਾਰ ਨੌਜਵਾਨਾਂ ਨੂੰ ਬਗੈਰ ਵਿਆਜ਼ ਕਰਜ਼ੇ ਨਹੀਂ ਦਿੱਤੇ ਹਨ।

ਸਹਿਕਾਰੀ ਖੰਡ ਮਿੱਲਾਂ, ਕਪਾਹ ਮਿੱਲਾਂ ਨੂੰ ਮੁੜ ਸੁਰਜੀਤ ਕਰ ਕੇ ਨਵੀਂ ਤਕਨੀਕ ਨਾਲ ਚਲਾਉਣ ਦੀ ਜ਼ਰੂਰਤ ਹੈ। ਪੰਜਾਬ ਵਿਚ ਕਪਾਹ ਤੇ ਗੰਨੇ ਦੀ ਫਸਲ ਨੂੰ ਐਮ.ਐਸ.ਪੀ. ਤਹਿਤ ਖਰੀਦਣ ਤੇ ਸਮੇਂ ਸਿਰ ਭੁਗਤਾਣ ਨਾਲ ਕਿਸਾਨ ਇਹ ਫਸਲਾਂ ਦੀ ਬਿਜਾਈ ਕਰਨਗੇ।

ਸਬਜ਼ੀਆਂ ਦੀ ਕਾਸ਼ਤ ਨਾਲ ਪੰਜਾਬ ਦੇ ਛੋਟੇ ਕਿਸਾਨਾਂ ਤੇ ਮਜਦੂਰਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਦੁਨੀਆ ਭਰ ਵਿਚ ਸਬਜ਼ੀਆਂ ਦੀ ਮੰਗ ਹੈ ਤੇ ਪੰਜਾਬ ਵਿਚ ਪੈਦਾ ਹੋਈਆ ਸਬਜ਼ੀਆਂ ਪਾਕਿਸਤਾਨ ਸਮੇਤ ਨੇੜਲੇ ਮੁਲਕਾਂ, ਖਾੜੀ ਤੇ ਯੂਰਪੀ ਮੁਲਕਾਂ ਵਿਚ ਜਹਾਜ਼ਾਂ ਰਾਹੀਂ ਕੁਝ ਘੰਟਿਆਂ ਵਿਚ ਹੀ ਭੇਜੀਆਂ ਜਾ ਸਕਦੀਆਂ ਹਨ ਪਰ ਸਰਕਾਰ ਨੂੰ ਦੋ ਕੰਮ ਕਰਨੇ ਪੈਣਗੇ; ਇੱਕ ਤਾਂ ਸਬਜ਼ੀਆਂ ਦੀ ਕਾਸ਼ਤ ਲਈ ਕਿਸਾਨਾਂ ਨੂੰ ਸੁਧਰੇ ਬੀਜ ਮੁਹੱਈਆ ਕਰਵਾਉਣ ਲਈ ਸਰਕਾਰ ਨੂੰ ਖੇਤੀਬਾੜੀ ਯੂਨੀਵਰਸਿਟੀ ਦੀ ਜ਼ਿੰਮੇਵਾਰੀ ਤੈਅ ਕਰਨੀ ਹੋਵੇਗੀ ਤੇ ਦੂਜੇ, ਸਬਜ਼ੀਆਂ ਦੀ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਯਕੀਨੀ ਬਣਾਉਣੀ ਹੋਵੇਗੀ। ਪੰਜਾਬ ਦਾ ਕਿਸਾਨ ਭਾਅ ਨਾ ਮਿਲਣ ਕਾਰਨ ਕਈ ਵਾਰ ਗੋਭੀ, ਮਟਰ, ਸ਼ਿਮਲਾ ਮਿਰਚ ਵਰਗੀਆਂ ਸਬਜ਼ੀਆਂ ਖੇਤ ਵਿਚ ਹੀ ਵਾਹੁਣ ਲਈ ਮਜਬੂਰ ਹੁੰਦਾ ਹੈ; ਜੇ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਹੋਵੇਗੀ ਤਾਂ ਕਿਸਾਨ ਇਸ ਪਾਸੇ ਤੁਰੇਗਾ।

ਪੰਜਾਬ ਵਿਚ ਫਲ, ਫੁੱਲਾਂ ਦੀਆਂ ਫਸਲਾਂ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ, ਵਿਦੇਸ਼ਾਂ ਵਿਚ ਮੰਗ ਅਨੁਸਾਰ ਇਹ ਫਸਲਾਂ ਲਈ ਪੰਜਾਬ ਦੀ ਧਰਤੀ ਬਹੁਤ ਜ਼ਿਆਦਾ ਢੁਕਵੀਂ ਹੈ। ਪੰਜਾਬ ਦੇ ਕਈ ਕਿਸਾਨਾਂ ਨੇ ਖੁੰਬਾਂ ਦੀ ਕਾਸ਼ਤ ਸ਼ੁਰੂ ਕੀਤੀ ਪਰ ਮਾਰਕੀਟਿੰਗ ਦੀ ਸਮੱਸਿਆ ਕਰ ਕੇ ਕਿਸਾਨ ਇਸ ਕੰਮ ਨੂੰ ਜ਼ਿਆਦਾ ਨਹੀਂ ਵਧਾ ਸਕੇ, ਜੇਕਰ ਸੂਬਾ ਸਰਕਾਰ ਖੁੰਬਾਂ ਦੀ ਖਰੀਦ/ਵੇਚ ਲਈ ਢੁਕਵੇਂ ਹੱਲ ਕਰੇ ਤਾਂ ਪੰਜਾਬ ਵਿਚ ਇਹ ਲਾਭਕਾਰੀ ਸਿੱਧ ਹੋ ਸਕਦੀ ਹੈ।

ਮੁੱਖ ਮੰਤਰੀ ਸਮੇਤ 'ਆਪ' ਨੇ ਜਿੰਨਾ ਜ਼ੋਰ ਸਨਅਤਕਾਰਾਂ ਨੂੰ ਪੰਜਾਬ ਬੁਲਾਉਣ ਲਈ ਲਾਇਆ ਹੋਇਆ ਹੈ, ਜੇਕਰ ਇਹੀ ਜ਼ੋਰ ਪੰਜਾਬ ਦੀ ਖੇਤੀ ਵਿਚ ਵੰਨ-ਸਵੰਨਤਾ ਲਿਆਉਣ ਅਤੇ ਗੁਆਂਢੀ ਦੇਸ਼ਾਂ ਨਾਲ ਸਬਜ਼ੀਆਂ ਸਮੇਤ ਫਸਲਾਂ ਦੇ ਵਪਾਰ ਲਈ ਲਾਇਆ ਹੁੰਦਾ ਤਾਂ ਪੰਜਾਬ ਦੀ ਤਸਵੀਰ ਹੋਰ ਹੋਣੀ ਸੀ।

# ਪੱਤਰਕਾਰਾਂ ਦੀ ਜ਼ਮਾਨਤ ਤੇ ਕਸ਼ਮੀਰ 'ਚ ਪ੍ਰੈੱਸ ਦੀ ਆਜ਼ਾਦੀ

ਹੁਣੇ ਜਿਹੇ ਦੋ ਪੱਤਰਕਾਰਾਂ ਫ਼ਹਦ ਸ਼ਾਹ ਅਤੇ ਸਜਾਦ ਗੁੱਲ ਦੇ ਕੇਸਾਂ 'ਚ ਦਹਿਸ਼ਤਵਾਦੀ ਵਿਰੋਧੀ ਕਾਨੂੰਨ ਅਤੇ ਨਜ਼ਰਬੰਦੀ ਕਾਨੂੰਨ, ਪੀ.ਐੱਸ.ਏ. (ਪਬਲਿਕ ਸਕਿਊਰਿਟੀ ਐਕਟ) ਤਹਿਤ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਉੱਚ ਅਦਾਲਤ ਨੇ ਜੰਮੂ ਕਸ਼ਮੀਰ ਪ੍ਰਸ਼ਾਸਨ ਦੀਆਂ ਮਨਮਾਨੀਆਂ ਉੱਪਰ ਜੋ ਟਿੱਪਣੀਆਂ ਕੀਤੀਆਂ ਉਹ ਸਖਤ ਤਾਂ ਹਨ ਪਰ ਹੈ ਅਧੂਰਾ ਸੱਚ। ਅਸਲੀਅਤ ਇਹ ਹੈ ਕਿ ਪੁਲਿਸ, ਫ਼ੌਜ ਜਾਂ ਪ੍ਰਸ਼ਾਸਨਿਕ ਅਧਿਕਾਰੀ ਇਹ ਮਨਮਾਨੀਆਂ ਭਾਰਤੀ ਹੁਕਮਰਾਨਾਂ ਦੀ ਬਾਕਾਇਦਾ ਨੀਤੀ ਦੇ ਤਹਿਤ ਕਰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਜਵਾਬਦੇਹੀ/ਕਾਨੂੰਨੀ ਕਾਰਵਾਈ ਦਾ ਡਰ ਨਹੀਂ ਹੈ। ਜੰਮੂ ਕਸ਼ਮੀਰ ਵਿਚ ਪੀ.ਐੱਸ.ਏ. ਅਜਿਹਾ ਕਾਨੂੰਨ ਹੈ ਜਿਸ ਤਹਿਤ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਕਿਸੇ ਨੂੰ ਵੀ ਇਸ ਬਹਾਨੇ ਦੋ ਸਾਲ ਲਈ ਜੇਲ੍ਹ 'ਚ ਡੱਕਿਆ ਜਾ ਸਕਦਾ ਹੈ ਕਿ ਉਸ ਦੇ ਬਾਹਰ ਰਹਿਣ ਨਾਲ ਕਾਨੂੰਨ ਵਿਵਸਥਾ ਵਿਗੜਨ ਦਾ ਖ਼ਦਸ਼ਾ ਹੈ; ਇਸੇ ਕਰ ਕੇ ਐਮਨੈਸਟੀ ਇੰਟਰਨੈਸ਼ਨਲ ਨੇ ਪੀ.ਐੱਸ.ਏ. ਨੂੰ 'ਲਾਕਾਨੂੰਨੀ ਕਾਨੂੰਨ' ਕਿਹਾ ਸੀ। ਦੋਵੇਂ ਪੱਤਰਕਾਰ ਮੈਗਜ਼ੀਨ ਅਤੇ ਆਨਲਾਈਨ ਪੋਰਟਲ 'ਦਿ ਕਸ਼ਮੀਰ ਵਾਲਾ' ਨਾਲ ਸਬੰਧਿਤ ਹਨ। ਇਸ ਸਾਲ 19 ਅਗਸਤ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਕੇਂਦਰੀ ਮੰਤਰਾਲੇ ਕੋਲੋਂ ਇਨਫਰਮੇਸ਼ਨ ਐਂਡ ਟੈਕਨਾਲੋਜੀ ਐਕਟ-2000 ਦੀਆਂ ਧਾਰਾਵਾਂ ਤਹਿਤ ਪੋਰਟਲ ਵੀ ਬੰਦ ਕਰਵਾ ਦਿੱਤਾ। ਕਿਉਂਕਿ ਇਹ ਪੋਰਟਲ ਉਨ੍ਹਾਂ ਮੁੱਠੀ ਭਰ ਮੀਡੀਆ ਸੰਸਥਾਵਾਂ ਵਿਚੋਂ ਇਕ ਸੀ ਜੋ ਕਸ਼ਮੀਰ ਦੇ ਹਾਲਾਤ, ਖ਼ਾਸ ਕਰ ਕੇ ਅਗਸਤ 2019 'ਚ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਤੋਂ ਬਾਅਦ ਦੇ ਹਾਲਾਤ ਬਾਰੇ ਸੱਚੀ ਰਿਪੋਰਟਿੰਗ ਕਰਦਾ ਸੀ। ਭਗਵਾ ਹਕੂਮਤ ਹੇਠ ਇਹ ਵਰਤਾਰਾ ਹੈਰਾਨੀਜਨਕ ਨਹੀਂ ਜਿੱਥੇ ਪ੍ਰੈੱਸ ਦੀ ਆਜ਼ਾਦੀ 2022 ਦੇ ਮੁਕਾਬਲੇ 11 ਰੈਂਕ ਹੋਰ ਘਟਕੇ 180 ਮੁਲਕਾਂ ਵਿਚੋਂ 161 ਸਥਾਨ 'ਤੇ ਜਾ ਡਿਗੀ ਹੈ।

ਪੱਤਰਕਾਰ ਸਜਾਦ ਗੁੱਲ ਨੂੰ ਪਬਲਿਕ ਸੇਫਟੀ ਐਕਟ ਦੇ ਤਹਿਤ ਜੇਲ੍ਹ ਬੰਦ ਰੱਖੇ ਜਾਣ ਨੂੰ "ਨਜ਼ਰਬੰਦੀ ਕਾਨੂੰਨ ਦੀ ਦੁਰਵਰਤੋਂ" ਕਰਾਰ ਦਿੰਦਿਆਂ 9 ਨਵੰਬਰ ਨੂੰ ਜੰਮੂ ਕਸ਼ਮੀਰ ਹਾਈ ਕੋਰਟ ਦੇ ਬੈਂਚ ਨੇ ਕਿਹਾ ਕਿ ਉਸ ਵਿਰੁੱਧ ਪੀ.ਐੱਸ.ਏ. ਲਗਾਏ ਜਾਣ ਨੂੰ ਮਨਜ਼ੂਰੀ ਦੇਣ ਸਮੇਂ ਜੰਮੂ ਕਸ਼ਮੀਰ ਪ੍ਰਸ਼ਾਸਨ ਨੇ "ਦਿਮਾਗ ਤੋਂ ਕੰਮ ਨਹੀਂ ਲਿਆ।" ਉਸ ਦੇ ਕੇਸ ਦੀ ਮਿਸਲ ਵਿਚ "ਕੋਈ ਠੋਸ ਦੋਸ਼" ਨਹੀਂ ਹੈ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਉਸ ਦੀਆਂ ਸਰਗਰਮੀਆਂ "ਸਟੇਟ ਦੀ ਸੁਰੱਖਿਆ ਲਈ ਹਾਨੀਕਾਰਕ" ਹਨ। ਅਦਾਲਤ ਨੇ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤਾ ਕਿ ਜੇ ਉਹ ਕਿਸੇ ਹੋਰ ਮਾਮਲੇ 'ਚ ਲੋੜੀਂਦਾ ਨਹੀਂ ਤਾਂ ਉਸ ਨੂੰ ਇਹਤਿਆਤੀ ਹਿਰਾਸਤ ਤੋਂ ਤੁਰੰਤ ਰਿਹਾ ਕੀਤਾ ਜਾਵੇ। ਚੇਤੇ ਰਹੇ ਕਿ ਦਸੰਬਰ 2022 'ਚ ਇਸੇ ਹਾਈਕੋਰਟ ਦੇ ਇਕ ਮੈਂਬਰੀ ਬੈਂਚ ਨੇ ਪੀ.ਐੱਸ.ਏ. ਤਹਿਤ ਇਹਤਿਆਤੀ ਨਜ਼ਰਬੰਦੀ ਦੇ ਹੁਕਮ ਵਿਰੁੱਧ ਗੁੱਲ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ।

ਇਸੇ ਤਰ੍ਹਾਂ 17 ਨਵੰਬਰ ਨੂੰ ਜੰਮੂ ਕਸ਼ਮੀਰ ਹਾਈ ਕੋਰਟ ਨੇ ਪੱਤਰਕਾਰ ਫ਼ਹਦ ਸ਼ਾਹ ਨੂੰ ਜ਼ਮਾਨਤ ਦੇ ਦਿੱਤੀ ਅਤੇ ਉਸ ਵਿਰੁੱਧ ਯੂ.ਏ.ਪੀ.ਏ. ਤਹਿਤ ਲਗਾਏ "ਦਹਿਸ਼ਤਵਾਦ ਦੀ ਮੱਦਦ ਕਰਨ, ਮੁਲਕ ਵਿਰੁੱਧ ਯੁੱਧ ਛੇੜਨ ਅਤੇ ਦੁਸ਼ਮਣ ਭੜਕਾਉਣ" ਦੇ ਦੋਸ਼ ਰੱਦ ਕਰ ਦਿੱਤੇ। ਇਹ ਜ਼ਮਾਨਤ ਜੰਮੂ ਕਸ਼ਮੀਰ ਹਾਈ ਕੋਰਟ ਵੱਲੋਂ ਪੀ.ਐੱਸ.ਏ. ਤਹਿਤ ਉਸ ਦੀ ਹਿਰਾਸਤ ਨੂੰ ਰੱਦ ਕੀਤੇ ਜਾਣ ਤੋਂ ਸੱਤ ਮਹੀਨੇ ਬਾਅਦ ਦਿੱਤੀ ਗਈ ਹੈ। ਅਪਰੈਲ 'ਚ ਹਾਈ ਕੋਰਟ ਨੇ ਉਸ ਦੀ ਨਜ਼ਰਬੰਦੀ ਕਰਨ ਵਾਲੀ ਅਥਾਰਟੀ ਨੂੰ ਡਾਂਟਿਆ ਸੀ ਕਿ ਉਨ੍ਹਾਂ ਨੇ ਉਸ ਦੇ "ਸੰਵਿਧਾਨਕ ਅਤੇ ਕਾਨੂੰਨੀ ਹੱਕ" ਖੋਹੇ ਹਨ, ਉਸ ਵਿਰੁੱਧ ਲਾਏ ਦੋਸ਼ "ਅਸਪਸ਼ਟ ਤੇ ਵੇਰਵੇ ਰਹਿਤ" ਹਨ; ਕਿ "ਪਬਲਿਕ ਵਿਵਸਥਾ ਉੱਪਰ ਪ੍ਰਤੀਕੂਲ ਅਸਰ ਪੈਣ ਦਾ ਖ਼ਦਸ਼ਾ ਹਿਰਾਸਤ ਵਿਚ ਲੈਣ ਵਾਲੇ ਅਧਿਕਾਰੀ ਦਾ ਮਹਿਜ਼ ਇਕ ਅੰਦਾਜ਼ਾ ਹੈ।"

ਇਨ੍ਹਾਂ ਦੋ ਮਾਮਲਿਆਂ ਤੋਂ ਸਮਝਿਆ ਜਾ ਸਕਦਾ ਹੈ ਕਿ ਜਿੱਥੇ ਪੂਰੇ ਮੁਲਕ 'ਚ ਹੀ ਮੀਡੀਆ ਅਤੇ ਪ੍ਰਗਟਾਵੇ ਦੀ ਆਜ਼ਾਦੀ ਭਗਵਾ ਸੈਂਸਰਸ਼ਿਪ ਦੇ ਹਮਲੇ ਦੀ ਬੁਰੀ ਤਰ੍ਹਾਂ ਮਾਰ ਹੇਠ ਹੈ ਉੱਥੇ ਕਸ਼ਮੀਰ ਅਤੇ ਛੱਤੀਸਗੜ੍ਹ ਵਿਚ ਤਾਂ ਪੱਤਰਕਾਰਾਂ ਨੂੰ ਹਰ ਵਕਤ ਹੀ ਰਾਜਕੀ ਦਹਿਸ਼ਤਵਾਦ ਦੇ ਸਾਏ ਹੇਠ ਕੰਮ ਕਰਨ ਪੈਂਦਾ ਹੈ। ਜੋ ਐਨਾ ਜੋਖ਼ਮ ਭਰਿਆ ਹੈ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਤੋਂ ਇਲਾਵਾ, ਕਸ਼ਮੀਰੀ ਪੱਤਰਕਾਰ ਆਸਿਫ਼ ਸੁਲਤਾਨ ਅਗਸਤ 2018 ਤੋਂ ਅਤੇ ਇਰਫ਼ਾਨ ਮਹਿਰਾਜ ਮਾਰਚ 2023 ਤੋਂ ਜੇਲ੍ਹ 'ਚ ਬੰਦ ਹਨ। ਉੱਘੀ ਫੋਟੋ ਜਰਨਲਿਸਟ ਮਸਰਤ ਜ਼ਾਹਰਾ ਵਿਰੁੱਧ ਅਪਰੈਲ 2020 ਤੋਂ ਕੇਸ ਦਰਜ ਹੈ। ਨਿਧੜਕ ਪੱਤਰਕਾਰੀ ਕਰਨ ਵਾਲਿਆਂ ਨੂੰ ਪੁੱਛਗਿੱਛ ਦੇ ਬਹਾਨੇ ਖੱਜਲ-ਖ਼ੁਆਰੀ, ਧਮਕੀਆਂ, ਵਿਦੇਸ਼ ਜਾਣ 'ਤੇ ਰੋਕ, ਪਰਿਵਾਰ ਦੀ ਅਸੁਰੱਖਿਆ ਸਮੇਤ ਬੇਸ਼ੁਮਾਰ ਦਬਾਅ ਹੇਠ ਕੰਮ ਕਰਨਾ ਪੈਂਦਾ ਹੈ। ਸਤੰਬਰ ਮਹੀਨੇ 'ਵਾਸ਼ਿੰਗਟਨ ਪੋਸਟ' ਨੇ ਰਿਪੋਰਟ ਛਾਪੀ ਸੀ ਕਿ ਕਸ਼ਮੀਰ ਵਿਚ ਭਾਰਤੀ ਫ਼ੌਜ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਝੂਠੇ ਬਿਰਤਾਂਤ ਫੈਲਾਉਣ ਲਈ ਸੋਸ਼ਲ ਮੀਡੀਆ ਦੇ ਜਾਅਲੀ ਅਕਾਊਂਟ ਇਸਤੇਮਾਲ ਕਰਦੀ ਹੈ ਤਾਂ ਜੋ ਪੱਤਰਕਾਰ ਆਪਣੇ ਉਨ੍ਹਾਂ ਅਕਾਊਂਟਾਂ ਨੂੰ ਫਾਲੋ ਕਰਨ ਵਾਲਿਆਂ ਦੇ ਨਿਸ਼ਾਨੇ 'ਤੇ ਆ ਜਾਣ ਅਤੇ ਉਨ੍ਹਾਂ ਨੂੰ 'ਭਾਰਤ ਵਿਰੋਧੀ ਸਮੱਗਰੀ' ਘੜਨ ਵਾਲਿਆਂ ਦੇ ਰੂਪ 'ਚ ਭੰਡ ਕੇ ਚੁੱਪ ਕਰਾਇਆ ਜਾ ਸਕੇ।



ਪੱਤਰਕਾਰ ਫ਼ਹਦ ਸ਼ਾਹ ਅਤੇ ਸਜਾਦ ਗੁੱਲ

ਫ਼ਹਦ ਸ਼ਾਹ 'ਦਿ ਕਸ਼ਮੀਰ ਵਾਲਾ' ਦੇ ਸੰਪਾਦਕ ਹਨ। ਉਸ ਨੂੰ ਪਿਛਲੇ ਸਾਲ ਪੰਜ ਫਰਵਰੀ ਨੂੰ ਇਕ ਰਿਪੋਰਟ ਨੂੰ ਬਹਾਨਾ ਬਣਾ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਰਿਪੋਰਟ ਨੇ ਪੁਲਵਾਮਾ ਦੇ ਇਕ ਕਸ਼ਮੀਰੀ ਪਰਿਵਾਰ ਦੇ ਹਵਾਲੇ ਨਾਲ ਲਿਖਿਆ ਸੀ ਕਿ ਕਥਿਤ ਮੁਕਾਬਲੇ 'ਚ ਮਾਰਿਆ ਗਿਆ ਉਨ੍ਹਾਂ ਦਾ ਪੁੱਤਰ ਖਾੜਕੂ ਨਹੀਂ ਸੀ ਜਦਕਿ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਮ੍ਰਿਤਕ "ਖ਼ੁਫ਼ੀਆ ਖਾੜਕੂ" ਸੀ ਅਤੇ ਉਹ ਆਪਣੇ ਘਰ 'ਚ ਤਿੰਨ ਬਾਗ਼ੀਆਂ ਦੇ ਨਾਲ ਮਾਰਿਆ ਗਿਆ ਸੀ। ਪੁਲਿਸ ਨੇ ਫ਼ਹਦ ਨੂੰ ਖਾੜਕੂਵਾਦ ਦੇ ਗੁਣ ਗਾਉਣ, ਝੂਠੀਆਂ ਖ਼ਬਰਾਂ ਫੈਲਾਉਣ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸਰਕਾਰ ਵਿਰੁੱਧ ਭੜਕਾਉਣ ਦਾ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਕਿ ਉਹ ਉਨ੍ਹਾਂ ਸੋਸ਼ਲ ਮੀਡੀਆ ਵਰਤੋਂਕਾਰਾਂ ਵਿਚੋਂ ਹੈ ਜਿਨ੍ਹਾਂ ਦੀਆਂ ਪੋਸਟਾਂ "ਦਹਿਸ਼ਤਵਾਦੀ ਕਾਰਵਾਈਆਂ ਦੇ ਗੁਣ ਗਾਉਣ ਸਮਾਨ" ਹਨ। ਉਸ ਵਿਰੁੱਧ ਤਿੰਨ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ। ਉਸ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿਚ ਸਾੜਨ ਲਈ ਸਟੇਟ ਜਾਂਚ ਏਜੰਸੀ ਨੇ ਉਸ ਉੱਪਰ "ਬਿਰਤਾਂਤ ਦਹਿਸ਼ਤਵਾਦ" ਫੈਲਾਉਣ ਦਾ ਦੋਸ਼ ਲਾਇਆ। ਇਹ ਭਾਰਤੀ ਜਾਂਚ ਏਜੰਸੀਆਂ ਦੀ ਨਵੀਂ 'ਖੋਜ' ਹੈ ਜਿਸ ਦੇ ਬਹਾਨੇ ਕਿਸੇ ਨੂੰ ਵੀ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ ਤਹਿਤ ਜੇਲ੍ਹ 'ਚ ਡੱਕਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਉਸ ਨੂੰ ਜੁਲਾਈ 2017 ਅਤੇ ਜਨਵਰੀ 2021 ਦਰਮਿਆਨ ਵੀ ਛੇ ਕੇਸਾਂ ਦਾ ਸਾਹਮਣਾ ਕਰਨਾ ਪਿਆ ਸੀ।

ਉਸ ਨੂੰ ਤਿੰਨ ਕੇਸਾਂ 'ਚ ਜ਼ਮਾਨਤ ਮਿਲ ਗਈ ਸੀ ਪਰ ਉਹ "ਗੁਲਾਮੀ ਦੀਆਂ ਬੇੜੀਆਂ ਟੁੱਟ ਜਾਣਗੀਆਂ" ਨਾਂ ਦੇ 'ਦੇਸ਼ਧ੍ਰੋਹੀ' ਅਤੇ 'ਅਤਿਅੰਤ ਭੜਕਾਊ' ਲੇਖ ਨੂੰ ਲੈ ਕੇ ਜੇਲ੍ਹ ਵਿਚ ਸੀ। ਇਹ ਲੇਖ ਛਪਣ ਤੋਂ ਗਿਆਰਾਂ ਸਾਲ ਬਾਅਦ ਅਪਰੈਲ 2022 'ਚ ਐੱਫ.ਆਈ.ਆਰ. ਕੀਤੀ ਗਈ। ਨਵੰਬਰ 2011 'ਚ ਛਪਿਆ ਲੇਖ ਕਸ਼ਮੀਰ ਯੂਨੀਵਰਸਿਟੀ ਦੇ ਸਕਾਲਰ ਆਲਾ ਫਾਜ਼ਿਲੀ ਦਾ ਲਿਖਿਆ ਸੀ ਅਤੇ ਉਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਬੇਸ਼ੱਕ ਫ਼ਹਦ ਨੂੰ ਦੋ ਸਾਲ ਜੇਲ੍ਹ 'ਚ ਸੜਨ ਤੋਂ ਬਾਅਦ ਜ਼ਮਾਨਤ ਮਿਲ ਗਈ ਹੈ ਪਰ ਉਸ ਵਿਰੁੱਧ ਯੂ.ਏ.ਪੀ.ਏ. ਦੀ ਧਾਰਾ 13 (ਗ਼ੈਰ-ਕਾਨੂੰਨੀ ਕਾਰਵਾਈਆਂ ਦੀ ਮਦਦ ਕਰਨ ਅਤੇ ਵਿਦੇਸ਼ੀ ਧਨ ਐਕਟ (ਐੱਫ.ਸੀ.ਆਰ.ਏ.) ਦੇ ਸੈਕਸ਼ਨ 35 (ਵਿਦੇਸ਼ਾਂ ਤੋਂ ਗ਼ੈਰ-ਕਾਨੂੰਨੀ ਫੰਡ ਹਾਸਲ ਕਰਨ) ਅਤੇ ਸੈਕਸ਼ਨ 39 (ਕੰਪਨੀਆਂ ਉੱਪਰ ਵਿਦੇਸ਼ੀ ਫੰਡਾਂ ਦੇ ਦੋਸ਼) ਦਾ ਮੁਕੱਦਮਾ ਬਰਕਰਾਰ ਹੈ। ਇਹ ਆਉਣ ਵਾਲੇ ਦਿਨਾਂ 'ਚ ਸਾਹਮਣੇ ਆਵੇਗਾ ਕਿ ਉਸ ਨੂੰ ਜੇਲ੍ਹ ਤੋਂ ਬਾਹਰ ਆਉਣ ਦਿੱਤਾ ਜਾਂਦਾ ਹੈ ਜਾਂ ਕੋਈ ਹੋਰ ਨਵਾਂ ਕੇਸ ਪਾ ਕੇ ਉਸ ਦੀ ਰਿਹਾਈ ਰੋਕ ਲਈ ਜਾਂਦੀ ਹੈ।

ਇਸੇ ਮੀਡੀਆ ਅਦਾਰੇ ਨਾਲ ਕੰਮ ਕਰ ਰਹੇ ਸਜਾਦ ਗੁੱਲ ਉੱਪਰ ਜਦੋਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਜਨਵਰੀ 2022 'ਚ ਪਬਲਿਕ ਸੇਫ਼ਟੀ ਐਕਟ ਲਗਾਏ ਜਾਣ ਨੂੰ ਮਨਜ਼ੂਰੀ ਦਿੱਤੀ, ਉਦੋਂ ਉਹ ਪਹਿਲਾਂ ਹੀ (5 ਜਨਵਰੀ ਤੋਂ) ਕਥਿਤ ਤੌਰ 'ਤੇ ਤਿੰਨ ਕੇਸਾਂ 'ਚ ਸ਼ਾਮਲ ਹੋਣ ਕਾਰਨ ਜੰਮੂ ਕਸ਼ਮੀਰ ਪੁਲਿਸ ਦੀ ਹਿਰਾਸਤ 'ਚ ਸੀ। ਫਿਰ ਉਸ ਨੂੰ ਉਸ ਦੇ ਘਰ ਤੋਂ ਸਾਢੇ ਤਿੰਨ ਸੌ ਕਿਲੋਮੀਟਰ ਦੂਰ ਕੇਂਦਰੀ ਜੇਲ੍ਹ ਜੰਮੂ 'ਚ ਭੇਜ ਦਿੱਤਾ ਗਿਆ। ਸੰਗੀਨ ਜੁਰਮਾਂ 'ਚ ਉਸ ਨੂੰ ਫਸਾਉਣ ਦੀ ਵਜ੍ਹਾ ਉਸ ਦੀ ਰਿਪੋਰਟਿੰਗ ਸੀ। ਮਿਸਾਲ ਵਜੋਂ ਫਰਵਰੀ 2019 'ਚ ਉਸ ਨੇ ਰਿਪੋਰਟਿੰਗ ਕੀਤੀ ਕਿ ਸਥਾਨਕ ਤਹਿਸੀਲਦਾਰ ਨਜਾਇਜ਼ ਕਬਜ਼ਿਆਂ ਵਿਰੁੱਧ ਮੁਹਿੰਮ ਰਾਹੀਂ ਸਥਾਨਕ ਲੋਕਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਅਤੇ ਡਰਾ-ਧਮਕਾ ਰਿਹਾ ਹੈ। ਅਗਲੇ ਦਿਨ ਹੀ ਤਹਿਸੀਲਦਾਰ ਨੇ ਜਦੋਂ ਬਿਨਾਂ ਕੋਈ ਨੋਟਿਸ ਦਿੱਤੇ ਗੁੱਲ ਦੇ ਜੱਦੀ ਪਿੰਡ 'ਚ ਉਸ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਦੇ ਘਰਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਸਥਾਨਕ ਲੋਕਾਂ ਅਤੇ ਅਧਿਕਾਰੀਆਂ ਦਰਮਿਆਨ ਮਾਮੂਲੀ ਤਕਰਾਰ ਹੋ ਗਿਆ। ਉਸ ਵਿਰੁੱਧ ਦੰਗੇ ਕਰਾਉਣ, ਲੋਕਾਂ ਨੂੰ ਭੜਕਾਉਣ, ਸਰਕਾਰੀ ਡਿਊਟੀ 'ਚ ਵਿਘਨ ਪਾਉਣ ਦਾ ਕੇਸ ਦਰਜ ਹੋ ਗਿਆ। ਬਾਂਦੀਪੋਰਾ ਦੇ ਇਕ ਪਿੰਡ 'ਚ ਇਕ ਸਥਾਨਕ ਖਾੜਕੂ ਦੇ ਮਾਰੇ ਜਾਣ ਦੀ ਉਸ ਵੱਲੋਂ ਰਿਪੋਰਟਿੰਗ ਕੀਤੇ ਜਾਣ 'ਤੇ ਪੁਲਿਸ ਨੇ ਉਸ ਵਿਰੁੱਧ ਖਾੜਕੂਵਾਦ ਵਿਰੁੱਧ ਮੁਹਿੰਮ ਬਾਰੇ "ਝੂਠਾ ਅਤੇ ਜਾਅਲੀ ਬਿਰਤਾਂਤ ਪ੍ਰਚਾਰਨ" ਦਾ ਦੋਸ਼ ਲਾ ਕੇ ਇਕ ਹੋਰ ਐੱਫ.ਆਈ.ਆਰ. ਦਰਜ ਕਰ ਲਈ। ਇਕ ਤੀਜੀ ਐੱਫ.ਆਈ.ਆਰ. ਉਸ ਵੱਲੋਂ ਸੋਸ਼ਲ ਮੀਡੀਆ ਉੱਪਰ ਇਕ ਵੀਡੀਓ ਕਲਿੱਪ ਪੋਸਟ ਕੀਤੇ ਜਾਣ 'ਤੇ ਦਰਜ ਕੀਤੀ ਗਈ ਜਿਸ ਵਿਚ ਲਸ਼ਕਰ-ਏ-ਤੋਇਬਾ ਦੇ ਇਕ ਕਮਾਂਡਰ ਦੇ ਮਾਰੇ ਜਾਣ ਤੋਂ ਬਾਅਦ ਉਸ ਦੇ ਘਰ ਵਿਖੇ ਕੁਝ ਅਣਪਛਾਤੀਆਂ ਔਰਤਾਂ "ਰਾਸ਼ਟਰ ਵਿਰੋਧੀ ਨਾਅਰੇ" ਲਾਉਂਦੀਆਂ ਨਜ਼ਰ ਆ ਰਹੀਆਂ ਸਨ।

ਇਨ੍ਹਾਂ ਕੇਸਾਂ ਉੱਪਰ ਸਰਸਰੀ ਨਜ਼ਰ ਮਾਰਨ 'ਤੇ ਹੀ ਸਮਝ ਆ ਜਾਂਦਾ ਹੈ ਕਿ ਜੰਮੂ ਕਸ਼ਮੀਰ ਵਿਚ ਪ੍ਰੈੱਸ ਅਤੇ ਪ੍ਰਗਟਾਵੇ ਦੀ ਆਜ਼ਾਦੀ ਕਿੰਨਾ ਖ਼ਤਰੇ 'ਚ ਹੈ। ਪਿਛੇ ਜਿਹੇ ਜਦੋਂ ਬੀ.ਬੀ.ਸੀ. ਨੇ ਇਕ ਸਾਲ ਛਾਣਬੀਣ ਕਰਨ ਤੋਂ ਬਾਅਦ ਕਸ਼ਮੀਰ ਵਿਚ ਪੱਤਰਕਾਰੀ ਉੱਪਰ ਹਮਲੇ ਬਾਰੇ ਆਪਣੀ ਰਿਪੋਰਟ 'ਤੁਹਾਡੀ ਕੋਈ ਵੀ ਸਟੋਰੀ ਆਖ਼ਰੀ ਹੋ ਸਕਦੀ ਹੈ' ਛਾਪੀ, ਜਿਸ ਵਿਚ ਫ਼ਹਦ ਸ਼ਾਹ ਵਾਲੇ ਕੇਸ ਦਾ ਜ਼ਿਕਰ ਕਰਦੀ ਸਿਰਫ਼ ਇਕ ਸਤਰ ਸੀ, ਤਾਂ ਜੰਮੂ ਕਸ਼ਮੀਰ ਪੁਲਿਸ ਨੇ ਬੀ.ਬੀ.ਸੀ. ਨੂੰ ਕਾਨੂੰਨੀ ਕਾਰਵਾਈ ਦੀ ਧਮਕੀ ਦੇ ਦਿੱਤੀ। ਪੈਰਿਸ ਸਥਿਤ ਪ੍ਰੈੱਸ ਦੀ ਆਜ਼ਾਦੀ ਦੀ ਨਿਗਰਾਨ ਸੰਸਥਾ, ਰਿਪੋਰਟਰਜ਼ ਵਿਦਾਊਟ ਬਾਰਡਰਜ਼, ਅਨੁਸਾਰ ਭਾਰਤ ਵਿਚ ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਵਿਰੁੱਧ ਮਾਣਹਾਨੀ, ਰਾਜਧ੍ਰੋਹ, ਅਦਾਲਤ ਦੀ ਹੱਤਕ ਅਤੇ ਕੌਮੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਨ ਦੇ ਦੋਸ਼ ਲਾਉਣਾ ਅਤੇ ਉਨ੍ਹਾਂ ਨੂੰ 'ਰਾਸ਼ਟਰ ਵਿਰੋਧੀ' ਕਰਾਰ ਦੇਣਾ ਆਮ ਗੱਲ ਬਣ ਚੁੱਕੀ ਹੈ। ਭਾਰਤੀ ਹੁਕਮਰਾਨਾਂ ਕੋਲ ਇਨ੍ਹਾਂ ਦੋਸ਼ਾਂ ਦਾ ਬਸ ਇਕ ਹੀ ਜਵਾਬ ਹੁੰਦਾ ਹੈ, ਉਹ ਇਹ ਕਿ ਇਹ ਸੰਸਥਾਵਾਂ ਭਾਰਤ ਨੂੰ ਬਦਨਾਮ ਕਰਨ ਲਈ ਬੇਬੁਨਿਆਦ ਰਿਪੋਰਟਾਂ ਪੇਸ਼ ਕਰਦੀਆਂ ਹਨ ਅਤੇ ਇਹ "ਪੂਰੀ ਦੁਨੀਆ 'ਚ ਲੋਕਤੰਤਰੀ ਆਜ਼ਾਦੀਆਂ ਨੂੰ ਨਸ਼ਟ ਕਰ ਰਹੀਆਂ ਹਨ।"

ਮੀਡੀਆ ਦੀ ਜ਼ੁਬਾਨਬੰਦੀ ਕਰਨ ਲਈ ਜਿਸ ਤਰ੍ਹਾਂ ਦੇ ਜਾਬਰ ਤੌਰ-ਤਰੀਕੇ ਆਰ.ਐੱਸ.ਐੱਸ.-ਭਾਜਪਾ ਹਕੂਮਤ ਜੰਮੂ ਕਸ਼ਮੀਰ ਅਤੇ ਪੂਰੇ ਮੁਲਕ ਵਿਚ ਅਪਨਾ ਰਹੀ ਹੈ, ਉਹ ਨਿਰੋਲ ਫਾਸ਼ੀਵਾਦੀ ਤਰਜ਼ ਦੀ ਮੀਡੀਆ ਸੈਂਸਰਸ਼ਿਪ ਹੈ। ਇਸ ਦੀ ਤਾਜ਼ਾ ਮਿਸਾਲ 16 ਨਵੰਬਰ ਨੂੰ ਕੌਮੀ ਪ੍ਰੈੱਸ ਦਿਵਸ 'ਤੇ ਮਕਤੂਬ ਮੀਡੀਆ ਦੇ ਸੰਪਾਦਕ ਨੂੰ ਕੇਰਲ ਪੁਲਿਸ ਵੱਲੋਂ ਜਾਂਚ ਲਈ ਬੁਲਾਉਣਾ ਹੈ। ਆਨਲਾਈਨ ਬਲਾਗ ਨੇ ਰਿਪੋਰਟ ਛਾਪੀ ਸੀ ਕਿ ਅਕਤੂਬਰ 2023 'ਚ ਕੇਰਲ 'ਚ ਹੋਏ ਇਕ ਬੰਬ ਕਾਂਡ 'ਚ ਪੁਲਿਸ ਨੂੰ ਬਿਨਾਂ ਸਬੂਤ ਤੋਂ ਇਕ ਮੁਸਲਿਮ ਨੌਜਵਾਨ ਨੂੰ ਹਿਰਾਸਤ 'ਚ ਲੈਣ ਕਾਰਨ ਜ਼ੋਰਦਾਰ ਵਿਰੋਧ ਦਾ ਸਾਹਮਣਾ ਕਰਨਾ ਪਿਆ। ਕੇਰਲ ਪੁਲਿਸ ਨੇ ਐਨੀ ਫੁਰਤੀ ਦਿਖਾਈ ਕਿ ਉਸ ਰਿਪੋਰਟ ਦਾ ਫਟਾਫਟ ਨੋਟਿਸ ਲੈ ਕੇ ਕੇਸ ਦਰਜ ਕਰ ਲਿਆ। ਪਿੱਛੇ ਜਿਹੇ ਅਮਰੀਕਾ ਫੇਰੀ ਸਮੇਂ ਅਮਰੀਕੀ ਦਬਾਅ ਹੇਠ ਜੋ ਬਾਇਡਨ ਨਾਲ ਕੀਤੀ ਸਾਂਝੀ ਪ੍ਰੈੱਸ ਕਾਨਫਰੰਸ 'ਚ ਕੀਤੇ ਅਜਿਹੇ ਇਕ ਸਵਾਲ ਦਾ ਜਵਾਬ ਮਿਸਟਰ ਮੋਦੀ ਨੇ ਇਹ ਦਿੱਤਾ ਸੀ ਕਿ ਸਾਡੇ ਤਾਂ "ਡੀ.ਐੱਨ.ਏ. 'ਚ ਹੀ ਡੈਮੋਕਰੇਸੀ" ਹੈ! ਪਿਛਲੇ ਦਿਨੀਂ ਪਾਸ ਕੀਤਾ ਡੇਟਾ ਪ੍ਰੋਟੈਕਸ਼ਨ ਕਾਨੂੰਨ ਅਤੇ ਬਸਤੀਵਾਦੀ ਵਿਰਾਸਤ ਕਾਨੂੰਨ ਪ੍ਰਣਾਲੀ ਨੂੰ ਬਦਲਣ ਦੇ ਨਾਂ ਹੇਠ ਪਾਰਲੀਮੈਂਟ ਵਿਚ ਪੇਸ਼ ਕੀਤੇ ਤਿੰਨ ਬਿੱਲ ਪਾਸ ਹੋਣ ਨਾਲ ਮੀਡੀਆ ਦੀ ਨਾਮਨਿਹਾਦ ਆਜ਼ਾਦੀ ਵੀ ਖ਼ਤਮ ਹੋ ਜਾਵੇਗੀ।

# ਝੋਨਾ, ਪਰਾਲੀ ਅਤੇ ਧੂੰਆਂ

ਮਈ-ਜੂਨ ਵਿਚ ਪਾਣੀ ਅਤੇ ਅਕਤੂਬਰ ਦੇ ਅਖ਼ੀਰਲੇ ਹਫ਼ਤੇ ਤੋਂ 15 ਨਵੰਬਰ ਤੱਕ ਧੂੰਏ ਕਾਰਨ ਕਿਸਾਨਾਂ ਨੂੰ ਕੋਸਿਆ ਜਾਂਦਾ ਹੈ। ਇਹ ਸਮੱਸਿਆ 2009 ਵਿਚ ਵਾਟਰ ਕੰਜ਼ਰਵੇਸ਼ਨ ਐਕਟ ਪਾਸ ਹੋਣ ਤੋਂ ਬਾਅਦ ਸ਼ੁਰੂ ਹੋਈ। ਅੱਜ 14 ਸਾਲ ਬਾਅਦ ਸਮੱਸਿਆ ਉੱਥੇ ਹੀ ਖੜ੍ਹੀ ਹੈ। ਹਰ ਸਾਲ ਨਵੰਬਰ ਵਿਚ ਕਿਸਾਨਾਂ ਨੂੰ ਜੁਰਮਾਨੇ, ਕੇਸ, ਅਸਲ੍ਹਾ ਲਾਇਸੈਂਸ ਰੱਦ, ਨੰਬਰਦਾਰੀ ਰੱਦ, ਜਮ੍ਹਾਂਬੰਦੀ ਵਿਚ ਲਾਲ ਲਕੀਰ ਆਦਿ ਜਿਹੀਆਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ। ਪਿਛਲੇ 6 ਸਾਲ ਤੋਂ ਹਰ ਸਾਲ ਧੂੰਏ ਦਾ ਮਸਲਾ ਸੁਪਰੀਮ ਕੋਰਟ ਵਿਚ ਜਾਂਦਾ ਹੈ ਅਤੇ ਸੁਪਰੀਮ ਕੋਰਟ ਤੋਂ ਬਾਅਦ ਸਰਕਾਰਾਂ

**ਡਾ. ਅਮਨਪ੍ਰੀਤ ਸਿੰਘ ਬਰਾੜ**

ਕਿਸਾਨਾਂ ਦੇ ਪੇਚ ਕੱਸਦੀਆਂ ਹਨ। ਸੁਪਰੀਮ ਕੋਰਟ ਜਿਹੜੇ ਕੰਮ ਸਰਕਾਰ ਜ਼ਿੰਮੇ ਲਾਉਂਦੀ ਹੈ, ਉਸ 'ਤੇ ਸਰਕਾਰਾਂ ਚੁੱਪ ਰਹਿੰਦੀਆਂ ਹਨ। ਜੇ ਸਰਕਾਰ ਇਸ ਮਸਲੇ ਬਾਰੇ ਸੰਜੀਦਗੀ ਨਾਲ ਸੋਚਦੀ ਤਾਂ ਅੱਜ ਤੱਕ ਮਸਲਾ ਹੱਲ ਹੋ ਜਾਂਦਾ। ਹਰ ਸਰਕਾਰ ਨੇ ਸਮਾਂ ਟਪਾਉਣ ਦੀ ਗੱਲ ਕੀਤੀ ਹੈ। ਦੋ ਗੱਲਾਂ ਜਿਹੜੀਆਂ ਅੱਜ ਤੱਕ ਹੋਣੀਆਂ ਚਾਹੀਦੀਆਂ ਸੀ ਅਤੇ ਕਰਨੀਆਂ ਸਰਕਾਰ ਨੇ ਸਨ, ਨਹੀਂ ਹੋਈਆਂ। ਪਹਿਲੀ, ਪਾਣੀ ਪੱਖੋਂ ਝੋਨੇ ਦਾ ਰਕਬਾ ਕਿੰਨਾ ਹੋਣਾ ਚਾਹੀਦਾ ਹੈ ਅਤੇ ਦੂਜੀ, ਕੀ ਪਰਾਲੀ ਨੂੰ ਖੇਤ ਵਿਚ ਦੱਬਣਾ ਲਾਹੇਵੰਦ ਹੈ ਜਾਂ ਇਸ ਦੀ ਸਨਅਤ ਵਿਚ ਵਰਤੋਂ ਹੋਵੇ।

ਜੇ ਝੋਨੇ ਦੀ ਕਾਸ਼ਤ ਬੰਦ ਵੀ ਹੋ ਗਈ ਤਾਂ ਵੀ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣਾ ਨਹੀਂ ਰੁਕਣਾ ਜਦੋਂ ਤੱਕ ਸਿੰਜਾਈ ਲਈ ਨਹਿਰੀ ਪਾਣੀ ਨਹੀਂ ਵਧਾਇਆ ਜਾਂਦਾ। ਧਰਤੀ ਹੇਠਲਾ ਪਾਣੀ ਨੀਵਾਂ ਜਾਣ ਦਾ ਕਾਰਨ ਸੰਘਣੀ ਖੇਤੀ ਹੈ। ਹਰ ਕਿਸਾਨ ਦੀ ਕੋਸ਼ਿਸ਼ ਹੈ ਕਿ ਤੀਜੀ ਫ਼ਸਲ ਲਈ ਜਾਵੇ। ਕੋਈ ਵੀ ਫ਼ਸਲ ਬਿਨਾਂ ਪਾਣੀ ਤੋਂ ਨਹੀਂ ਹੁੰਦੀ। ਫਿਰ ਵੀ ਜੇ ਕਿਸੇ ਨੂੰ ਸ਼ੱਕ ਹੈ ਕਿ ਝੋਨਾ ਬੰਦ ਕਰ ਕੇ ਪਾਣੀ ਬਚਾਇਆ ਜਾ ਸਕਦਾ ਹੈ ਤਾਂ ਮਾਹਿਰਾਂ ਦੀ ਕਮੇਟੀ ਬਣਾਈ ਜਾਵੇ ਜਿਹੜੀ ਇਹ ਤੈਅ ਕਰੇ ਕਿ ਪੜਾਅਵਾਰ ਕਿੰਨਾ ਰਕਬਾ ਘਟਾਉਣਾ ਹੈ। ਫਿਰ ਉਸ ਅਨੁਸਾਰ ਕਾਨੂੰਨ ਬਣਾ ਦਿਓ ਕਿ ਕਿੰਨੀ ਜ਼ਮੀਨੀ ਮਲਕੀਅਤ ਪਿਛੇ ਝੋਨੇ ਹੇਠੋਂ ਕਿੰਨੇ ਫ਼ੀਸਦੀ ਰਕਬਾ ਕੱਢਣਾ ਹੈ।

ਜਿੱਥੋਂ ਤੱਕ ਪਰਾਲੀ ਦਾ ਸਬੰਧ ਹੈ, ਇਹ ਸਾਡੇ ਖੇਤ ਦੀ ਉਪਜ ਹੈ ਤੇ ਉਪਜ ਨੂੰ ਦੁਬਾਰਾ ਖੇਤ ਵਿਚ ਦੱਬਣਾ ਕਿੱਥੋਂ ਦੀ ਸਿਆਣਪ ਹੈ? ਇਹ ਘੱਟ ਆਬਾਦੀ ਵਾਲੇ ਅਮੀਰ ਦੇਸ਼ਾਂ ਲਈ ਠੀਕ ਹੋ ਸਕਦੀ ਹੈ। ਸਾਡੇ ਵਰਗੇ ਵਿਕਾਸਸ਼ੀਲ ਦੇਸ਼ ਵਿਚ ਇਸ ਨੂੰ ਵਰਤਣਾ ਚਾਹੀਦਾ ਹੈ। ਪਰਾਲੀ ਅਸਲ ਵਿਚ ਸੈਲੂਲੋਜ਼ ਹੈ ਜਿਸ ਤੋਂ ਕਈ ਤਰ੍ਹਾਂ ਦੇ ਪਦਾਰਥ ਬਣ ਸਕਦੇ ਹਨ; ਇੱਥੋਂ ਤੱਕ ਕਿ ਏਥਨੋਲ ਵੀ ਬਣ ਸਕਦੀ ਹੈ। ਜੇ ਕੁਝ ਵੀ ਨਹੀਂ ਬਣਾਉਣਾ ਤਾਂ ਇਸ ਨੂੰ ਬਾਲਣ ਦੇ ਤੌਰ 'ਤੇ ਤਾਂ ਵਰਤਿਆ ਹੀ ਜਾ ਸਕਦਾ ਹੈ। ਇਕ ਕਿਲੋ ਕੋਲੇ ਵਿਚੋਂ 4200 ਕਿਲੋ ਕੈਲਰੀਜ਼ ਨਿਕਲਦੀਆਂ ਹਨ; ਪਰਾਲੀ ਵਿਚੋਂ 3600 ਕਿਲੋ ਕੈਲਰੀਜ਼। ਜਦੋਂ ਸਰਕਾਰ ਇਹ ਹੁਕਮ ਜਾਰੀ ਕਰ ਸਕਦੀ ਹੈ ਕਿ ਹਰ ਥਰਮਲ ਪਲਾਂਟ ਨੇ 4 ਫ਼ੀਸਦੀ ਕੋਲਾ ਦਰਾਮਦ ਕਰ ਕੇ ਵਰਤਣਾ ਹੈ ਤਾਂ ਕੀ ਇਹ ਨਹੀਂ ਆਖ ਸਕਦੀ ਕਿ ਹਰ ਥਰਮਲ ਪਲਾਂਟ 'ਚ 4 ਫ਼ੀਸਦੀ ਪਰਾਲੀ ਬਾਲਣੀ ਲਾਜ਼ਮੀ ਹੈ?

ਜੇ ਸ਼ੁਰੂ ਤੋਂ ਹੀ ਸਿਰਫ਼ ਗੰਢਾਂ ਬੰਨ੍ਹਣ ਵਾਲੀ ਮਸ਼ੀਨਰੀ 'ਤੇ ਧਿਆਨ ਦਿੱਤਾ ਹੁੰਦਾ ਤਾਂ ਹੁਣ ਤੱਕ ਸਮੱਸਿਆ ਹੱਲ ਹੋ ਜਾਂਦੀ।

ਜਿਹੜੇ ਲੋਕ ਝੋਨੇ ਨੂੰ ਪਾਣੀ ਅਤੇ ਵਾਤਾਵਰਨ ਦੀ ਬਰਬਾਦੀ ਦਾ ਕਾਰਨ ਗਿਣਦੇ ਹਨ, ਉਹ ਝੋਨੇ ਦੀ ਪੰਜਾਬ ਤੇ ਮੁਲਕ ਨੂੰ ਦੇਣ ਤੋਂ ਅਣਜਾਣ ਹਨ। ਇਹੀ ਨਹੀਂ, ਜੇ ਝੋਨਾ ਬੰਦ ਕਰ ਦਿੱਤਾ ਗਿਆ ਤਾਂ ਕਿਸਾਨਾਂ ਦੀ ਆਰਥਿਕਤਾ ਤੋਂ ਇਲਾਵਾ ਮੁਲਕ ਦੀ ਖੁਰਾਕ ਸੁਰੱਖਿਆ 'ਤੇ ਮਾੜਾ ਅਸਰ ਪਵੇਗਾ।

ਝੋਨੇ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜ਼ਮੀਨਾਂ ਵਿਚ ਸੁਧਾਰ। ਜ਼ਮੀਨ ਵਿਚੋਂ ਕੱਲਰ, ਸੇਮ ਦੂਰ, ਮੂੰਗਫਲੀ ਵਾਲੀ ਜ਼ਮੀਨ ਵਿਚੋਂ ਰੇਤ ਇਕੱਠਾ ਕਰ ਕੇ ਹੇਠੋਂ ਦਰਮਿਆਨੀ ਜ਼ਮੀਨ ਕੱਢ ਕੇ ਇਕ ਸਾਰ ਖੇਤ ਅਤੇ ਫ਼ਸਲ ਨਜ਼ਰ ਆਉਂਦੀ ਹੈ। ਬਰੂ, ਮਧਾਣਾ, ਬਾਬੂ ਅਤੇ ਸਵਾਂਕ ਵਰਗੇ ਨਦੀਨਾਂ ਦਾ ਖ਼ਾਤਮਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਉਤਪਾਦਕਤਾ ਵਿਚ ਵਾਧਾ।

ਕਿਸੇ ਵੇਲੇ ਪੰਜਾਬ ਵਿਚ 7 ਲੱਖ ਹੈਕਟੇਅਰ ਰਕਬਾ ਸੇਮ ਹੇਠਾਂ ਸੀ। ਪਹਿਲਾਂ ਸੇਮ ਮਾਝੇ ਵਿਚ ਆਈ, ਫਿਰ ਦਰਿਆਵਾਂ ਦੇ ਨੇੜਲੇ ਇਲਾਕਿਆਂ ਵਿਚ ਤੇ ਫਿਰ ਮਾਲਵੇ ਵੱਲ ਵਧੀ। 1961 ਵਿਚੋਂ ਹਰੀਕੇ ਤੋਂ ਨਿਕਲਦੀਆਂ ਨਹਿਰਾਂ ਨੇ ਬਲਦੀ 'ਤੇ ਤੇਲ ਪਾਉਣ ਵਾਲੀ ਗੱਲ ਕੀਤੀ। ਜਿੱਥੇ ਸੇਮ ਆ ਗਈ, ਉੱਥੇ ਕੱਲਰ ਵੀ ਬਣ ਜਾਂਦਾ ਹੈ। ਇਨ੍ਹਾਂ ਜ਼ਮੀਨਾਂ ਦੇ ਸੁਧਾਰ ਵਿਚ ਝੋਨੇ ਦੀ ਫ਼ਸਲ ਦਾ ਵੱਡਾ ਯੋਗਦਾਨ ਹੈ। ਝੋਨੇ ਦੀ ਫ਼ਸਲ ਨੇ ਸਮੁੱਚੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ। ਸਰਕਾਰ ਨੂੰ ਵੀ ਇਸ ਤੋਂ ਚੋਖਾ ਲਾਭ ਪ੍ਰਾਪਤ ਹੋਇਆ ਹੈ ਕਿਉਂਕਿ ਇਹ ਦੌਲਤ ਦਾ ਮੁੱਢਲਾ ਸਰੋਤ ਹੈ। ਅੱਜ ਪਿੰਡਾਂ ਵਿਚ ਕੋਠੀਆਂ ਕਾਰਾਂ ਅਤੇ ਹੋਰ ਚੰਗੀਆਂ ਸਹੂਲਤਾਂ ਵਿਚ ਝੋਨੇ ਦਾ ਅਹਿਮ ਯੋਗਦਾਨ ਹੈ। ਇਸ ਪੈਸੇ ਨਾਲ ਸਨਅਤ ਤੇ ਵਪਾਰ ਵਧਿਆ ਅਤੇ ਸਰਕਾਰ ਨੂੰ ਵੱਧ ਮਾਲੀਆ ਮਿਲਿਆ।

ਝੋਨੇ ਨੇ ਪਿੰਡਾਂ ਤੋਂ ਇਲਾਵਾ ਸ਼ਹਿਰਾਂ ਵਿਚ ਵੀ ਹਰ ਗ਼ਰੀਬ-ਅਮੀਰ ਨੂੰ ਰੁਜ਼ਗਾਰ ਦਿੱਤਾ। ਇਹ ਵੱਖਰੀ ਗੱਲ ਹੈ ਕਿ ਅਮੀਰਾਂ ਨੇ ਸ਼ੈਲਰਾਂ, ਆਟੋਮੋਬਾਈਲ ਏਜੰਸੀਆਂ, ਸ਼ੋਅਰੂਮ ਆਦਿ ਖੋਲ੍ਹ ਲਏ ਅਤੇ ਮੱਧ ਵਰਗ ਤੇ ਗ਼ਰੀਬ ਉਨ੍ਹਾਂ ਦੇ ਅੱਗੇ ਸਬ-ਏਜੰਟ ਅਤੇ ਮੁਲਾਜ਼ਮ ਬਣ ਗਏ।

ਸੁਪਰੀਮ ਕੋਰਟ ਨੇ ਪ੍ਰਦੂਸ਼ਣ ਦੀ ਸੁਣਵਾਈ ਦੌਰਾਨ ਟਿੱਪਣੀ ਕੀਤੀ- 'ਕਿਉਂ ਨਾ ਪੰਜਾਬ 'ਚ ਝੋਨਾ ਲਾਉਣਾ ਬੰਦ ਕਰ ਦਿੱਤਾ ਜਾਵੇ ਕਿਉਂਕਿ ਅਸੀਂ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਤੋਂ ਵੀ ਚਿੰਤਤ ਹਾਂ'। ਕੋਰਟ ਦੀ ਟਿੱਪਣੀ ਨੂੰ ਮੁੱਖ ਰੱਖਦੇ ਹੋਏ ਇਸ ਫ਼ਸਲ ਸਬੰਧੀ ਫ਼ੈਸਲਾ ਸੰਘਣੀ ਖੇਤੀ, ਪਾਣੀ ਦੀ ਲਾਗਤ, ਪੰਜਾਬ ਦੀ ਆਰਥਿਕਤਾ ਅਤੇ ਰੁਜ਼ਗਾਰ ਨੂੰ ਸਮੁੱਚੇ ਰੂਪ ਵਿਚ ਲੈ ਕੇ ਕਰਨਾ ਚਾਹੀਦਾ ਹੈ। ਝੋਨਾ ਅਜਿਹੀ ਫ਼ਸਲ ਹੈ ਜਿਸ ਦਾ ਰਕਬਾ ਤਾਂ ਘਟਾਇਆ ਜਾ ਸਕਦਾ ਹੈ ਪਰ ਇਸ ਨੂੰ ਛੱਡਿਆ ਨਹੀਂ ਜਾ ਸਕਦਾ। ਬਾਇਓਤਕਨਾਲੋਜੀ ਦੀ ਸਹਾਇਤਾ ਨਾਲ ਝੋਨੇ ਦੀਆਂ ਘੱਟ ਪਾਣੀ ਅਤੇ ਸਮਾਂ ਲੈਣ ਵਾਲੀਆਂ, ਦਾਣੇ ਜ਼ਿਆਦਾ ਤੇ ਪਰਾਲੀ ਘੱਟ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਜਾਣ। ਪਰਾਲੀ ਨੂੰ ਉਦਯੋਗ ਵਿਚ ਵਰਤਣਾ ਜ਼ਰੂਰੀ ਕੀਤਾ ਜਾਵੇ ਅਤੇ ਇਸ ਦੀ ਘੱਟੋ-ਘੱਟ ਕੀਮਤ ਤੈਅ ਹੋਵੇ।

# ‘ਧਰਤੀ ਹੇਠਲਾ ਬੌਲਦ’ ਸੀ ਨ੍ਰਿਪਇੰਦਰ ਸਿੰਘ ਰਤਨ

18 ਨਵੰਬਰ ਨੂੰ ਨ੍ਰਿਪਇੰਦਰ ਸਿੰਘ ਰਤਨ ਦੀ ਅੰਤਿਮ-ਅਰਦਾਸ ਸੀ। ਮੈ ਇਸ ਅਰਦਾਸ ਵਿਚ ਸ਼ਾਮਲ ਨਹੀਂ ਹੋ ਸਕਿਆ, ਪਰ ਮੈਂ ਉਨ੍ਹਾਂ ਨਾਲ ਜੁੜੀਆਂ ਕੁਝ ਕੁ ਮਹੱਤਵ ਪੂਰਨ ਯਾਦਾਂ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ।

ਰਤਨ ਪਰਿਵਾਰ ਨਾਲ ਮੇਰੀ ਸਾਂਝ ਵੱਡੇ ਭਾ ਜੀ ਸਾਧੂ ਸਿੰਘ ਰਾਹੀਂ ਹੋਈ। ਰਤਨ ਉਦੋਂ ਲੁਧਿਆਣੇ ਦਾ ਡੀ ਸੀ ਹੁੰਦਾ ਸੀ ਤੇ ਉਹਦੀ ਭੈਣ ਰਮਾ ਰਤਨ ਪੀਏਯੂ ਵਿਚ। ਸਾਧੂ ਭਾ ਜੀ ਨੇ ਰਤਨ ਪਰਿਵਾਰ ਦੀ ਸਾਦਗੀ ਤੇ ਮਿਲਣਸਾਰਤਾ ਬਾਰੇ ਦੱਸਿਆ। ਸੱਚੀ ਗੱਲ ਸੀ, ਰਤਨ ਹੁਰਾਂ ਵਿਚ ਅਫ਼ਸਰੀ ਦੀ ਉੱਕਾ ਫੂੰ-ਫਾਂ ਨਹੀਂ ਸੀ। ਰਮਾ ਵਿਚ ਤਾਂ ਕੀ ਹੋਣੀ ਸੀ! ਬਾਅਦ ਵਿਚ



**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਮਿਲਣਾ-ਗਿਲਣਾ ਆਮ ਹੋ ਗਿਆ। ਰਮਾ ਹੁਰਾਂ ਨਾਲ ਤਾਂ ਕਾਫ਼ਿਲੇ ਵਿਚ ਵੀ ਸ਼ਿਰਕਤ ਕਰਦੇ ਰਹੇ। ਰਤਨ ਹੁਰਾਂ ਨਾਲ ਵੀ ਸਾਂਝ ਲਗਾਤਾਰ ਵਧਦੀ ਗਈ। ਮੇਲ-ਮਿਲਾਪ ਹੁੰਦਾ ਰਹਿੰਦਾ। ਚਿੱਠੀ-ਪੱਤਰੀ ਵੀ ਅਕਸਰ ਹੁੰਦੀ ਰਹਿੰਦੀ। ਲੋੜ ਪੈਣ ਵੇਲੇ ਅਸੀਂ ਫ਼ੋਨ ਵੀ ਕਰ ਲੈਂਦੇ। ਤਰੱਕੀ ਦੀਆਂ ਪੌੜੀਆਂ ਚੜ੍ਹਦੇ-ਚੜ੍ਹਦੇ ਉਹ ਵੱਡੇ ਤੋਂ ਵੱਡੇ ਅਫ਼ਸਰ ਬਣਦੇ ਰਹੇ, ਪਰ ਸਦਾ ਜ਼ਮੀਨ ਨਾਲ ਜੁੜੇ ਰਹੇ। ਸਾਦਾ ਦਿਲ, ਸਹਿਜ, ਸੁਹਿਰਦ ਸੰਵੇਦਨਸ਼ੀਲ, ਦ੍ਰਿੜ੍ਹ ਤੇ ਮਿਲਣਸਾਰ। ਸਭ ਦੇ ਕੰਮ ਆ ਕੇ ਖ਼ੁਸ਼ ਹੁੰਦੇ।

ਮੇਰਾ ਉਨ੍ਹਾਂ ਨੇ ਬਹੁਤ ਵੱਡਾ ਕੰਮ ਕੀਤਾ। ਕਿਹਾ ਜਾਵੇ ਤਾਂ ਝੂਠ ਨਹੀਂ ਹੋਵੇਗਾ ਮੇਰਾ ਜਲੰਧਰ ਵਾਲਾ ਘਰ ਰਤਨ ਹੁਰਾਂ ਦੀ ਕਿਰਪਾ ਨਾਲ ਹੀ ਬਣਿਆ। ਗੱਲ ਮੁਕਾਉਣੀ ਹੋਵੇ ਤਾਂ ਇੱਕੋ ਸਤਰ ਵਿਚ ਵੀ ਕਹੀ ਜਾ ਸਕਦੀ ਹੈ ਕਿ ਮੇਰੀ ਜ਼ਮੀਨ ਦਾ ਵਰ੍ਹਿਆਂ ਤੋਂ ਅੜਿਆ ਹੋਇਆ ਕੰਮ ਰਤਨ ਹੁਰਾਂ ਨੇ ਹੱਲ ਕਰਵਾਇਆ ਸੀ। ਪਰ ਕੰਮ ਕਿੱਡਾ ਵੱਡਾ ਸੀ, ਇਹ ਜਾਨਣ ਲਈ ਥੋੜਾ ਕੁ ਪਿਛੋਕੜ ਜਾਨਣਾ ਹੀ ਪਵੇਗਾ। ਗੱਲ ਕੁਝ ਇੰਝ ਹੈ:

-ਪਾਕਿਸਤਾਨ ਬਣਨ ਤੋਂ ਬਾਅਦ ਅਸੀਂ ਭੜਾਣੇ ਤੋਂ (ਜਿੱਥੇ ਮੇਰਾ ਪਿਤਾ ਤਿੰਨ ਕੁ ਸਾਲ ਪਹਿਲਾਂ ਹੀ ਸੁਰ ਸਿੰਘ ਤੋਂ ਆਪਣੇ ਪਿਤਾ ਦੇ ਜ਼ੋਰ ਦੇਣ ’ਤੇ ਜਾ ਵੱਸਿਆ ਸੀ ਤੇ ਓਥੇ ਹੀ ਉਹਦਾ ਵਿਆਹ ਹੋਇਆ ਤੇ ਮੇਰਾ ਜਨਮ ਵੀ) ਸੁਰ ਸਿੰਘ ਆ ਗਏ। ਮੇਰਾ ਪਿਤਾ ਬਚਪਨ ਤੋਂ ਸੁਰ ਸਿੰਘ ਹੀ ਪਲਿਆ-ਪੜ੍ਹਿਆ ਤੇ ਵੱਡਾ ਹੋਇਆ ਸੀ। ਸੁਰ ਸਿੰਘ ਮੇਰੇ ਪਿਤਾ ਦੇ ਨਾਨਕੇ ਸਨ ਤੇ ਉਹਦੇ ਬੇਔਲਾਦ ਮਾਮਾ-ਮਾਮੀ ਨੇ ਮੇਰੀ ਦਾਦੀ ਦੇ ਮਰਨ ਤੋਂ ਬਾਅਦ, ਉਹਨੂੰ ਛੇ ਕੁ ਮਹੀਨੇ ਦੇ ਨੂੰ ਆਪਣਾ ਪੁੱਤ ਬਣਾ ਕੇ ਪਾਲਿਆ ਸੀ ਤੇ ਆਪਣੀ ਲਗਭਗ ਸੌ ਏਕੜ ਜ਼ਮੀਨ ਵਿਚੋਂ ਕੁਝ ਜ਼ਮੀਨ ਮੇਰੇ ਪਿਤਾ ਦੇ ਨਾਂ ਵੀ ਕਰਵਾ ਦਿੱਤੀ ਸੀ, ਭਾਵੇਂ ਕਿ ਉਹਦੀ ਸਾਰੀ ਜ਼ਮੀਨ ਦੀ ਦੇਖ-ਰੇਖ ਮੇਰਾ ਪਿਤਾ ਹੀ ਕਰਦਾ ਸੀ। ਪਾਕਿਸਤਾਨ ਵਾਲੇ ਪਿੰਡ ਭੜਾਣੇ ਵਾਲੀ ਜ਼ਮੀਨ ਦੇ ਬਦਲੇ ਸਾਨੂੰ ਦੋ ਥਾਵਾਂ ’ਤੇ ਜ਼ਮੀਨ ਅਲਾਟ ਹੋਈ। ਇੱਕ ਅਬੋਹਰ ਨੇੜੇ ਚਰਾਗ ਢਾਣੀ ਵਿਚ ਤੇ ਦੂਜਾ ਮਲੋਟ ਨੇੜੇ ਪਿੰਡ ਸਾਉਂਕੇ ਵਿਚ। ਅਬੋਹਰ ਵਾਲੀ ਜ਼ਮੀਨ ਮੇਰਾ ਦਾਦਾ ਚੰਦਾ ਸਿੰਘ ਸਾਂਭਦਾ ਰਿਹਾ ਤੇ ਸਾਉਂਕੇ ਵਾਲੀ ਜ਼ਮੀਨ ਉਹ ਹਿੱਸੇ ਠੇਕੇ ’ਤੇ ਦੇ ਛੱਡਦਾ। 1965 ਵਿਚ ਅਸੀਂ ਅਬੋਹਰ ਵਾਲੀ ਜ਼ਮੀਨ ਵੇਚ ਕੇ ਸੁਰ ਸਿੰਘ ਵਿਚ ਨਾਲ-ਲੱਗਦੀ ਕੁਝ ਜ਼ਮੀਨ ਹੋਰ ਖ਼ਰੀਦ ਲਈ। ਮੇਰਾ ਦਾਦਾ ਵੀ ਸੁਰ ਸਿੰਘ ਆ ਕੇ ਰਹਿਣ ਲੱਗਾ ਤੇ ਸਾਉਂਕਿਆਂ ਵਾਲੀ ਜ਼ਮੀਨ ਦਾ ਛੇਆਂ ਮਹੀਨਿਆਂ ਬਾਅਦ ਹਿੱਸਾ-ਠੇਕਾ ਲੈ ਆਉਂਦਾ। ਮੇਰੇ ਦਾਦੇ ਦੀ ਮੌਤ ਤੋਂ ਬਾਅਦ ਇਹ ਜ਼ਿੰਮੇਵਾਰੀ ਮੇਰੇ ਪਿਤਾ ਨੇ ਸੰਭਾਲ ਲਈ। ਪਿਤਾ ਦੀ ਮੌਤ ਤੋਂ ਬਾਅਦ ਵਿਰਾਸਤ ਦਾ ਇੰਤਕਾਲ ਮੇਰੀ ਮਾਂ ਤੇ ਭੈਣ-ਭਰਾਵਾਂ ਦੇ ਨਾਂ ਹੋ ਗਿਆ। ਅਸੀਂ ਸੋਚਿਆ ਕਿ ਸਾਡੇ ਕੋਲੋਂ ‘ਹਿੱਸਾ-ਠੇਕਾ’ ਲੈਣ ਵਾਲੀ ਔਖੀ ਘਾਟੀ ਸਰ ਨਹੀਂ ਹੋਣੀ। ਵੱਡਾ ਹੋਣ ਕਰ ਕੇ ਸਾਰੀ ਜ਼ਿੰਮੇਵਾਰੀ ਮੇਰੇ ਸਿਰ ’ਤੇ ਸੀ। ਮੇਰਾ ਕੰਮ ਲਿਖਣ-ਪੜ੍ਹਨ ਦਾ ਸੀ। ਸਿਆਸਤ ਦੇ ਪੁੱਠੇ-ਸਿੱਧੇ ਕੰਮ ਵਿਚ ਪੈ ਕੇ ਜੇਲ੍ਹ ਜਾਣਾ, ਆ ਜਾਣਾ ਤੇ ਮੁੜ ਜੇਲ੍ਹ ਚਲੇ ਜਾਣਾ। ਇਹ ਹੀ ਸਿਲਸਿਲਾ ਬਣ ਗਿਆ ਸੀ। ਜ਼ਮੀਨ ਵਾਲਾ ਕੰਮ ਮੇਰੇ ਕੋਲੋਂ ਹੋ ਨਹੀਂ ਸੀ ਸਕਣਾ। ਮੈਂ ਸੋਚਿਆ ਕਿ ਜਿਹੜੇ ਲੋਕ ਲੰਮੇ ਸਮੇਂ ਤੋਂ ਜ਼ਮੀਨ ਵਾਹ ਰਹੇ ਨੇ, ਉਨ੍ਹਾਂ ਨਾਲ ਹੀ ਘੱਟ-ਵੱਧ ਕਰ ਕੇ ਜ਼ਮੀਨ ਵੇਚਣ ਦਾ ਸੌਦਾ ਕਰ ਲਿਆ ਜਾਵੇ।

ਮੈਂ ਤੇ ਮੇਰਾ ਮਾਮਾ ਸਾਉਂਕੇ ਗਏ ਤੇ ਜ਼ਮੀਨ ਵਾਹੁਣ ਵਾਲੇ ਬੰਦਿਆਂ ਨਾਲ ਗੱਲਬਾਤ ਕੀਤੀ। ਉਹ ਪੰਜ ਭਰਾ ਸਨ। ਡਾਢੇ ਮਾਰ-ਖ਼ੋਰੇ। ਪਿਛਲੇ ਕਈ ਸਾਲਾਂ ਤੋਂ ਦੋ ਵੱਡੇ ਭਰਾ ਹੀ ਜ਼ਮੀਨ ਵਾਹ ਰਹੇ ਸਨ। ਪਿੰਡੋਂ ਦੂਰ ਸਾਡੀ ਜ਼ਮੀਨ ਵਿਚ ਹੀ ਉਹ ਘਰ ਬਣਾ ਕੇ ਰਹਿ ਰਹੇ ਸਨ। ਦੋਵਾਂ ਵਿਚੋਂ ਇੱਕ ਤਾਂ ਛੱਟਿਆ ਬਦਮਾਸ਼ ਸੀ। ਪਾਕਿਸਤਾਨ ਵਿਚ ਸਜ਼ਾ ਵੀ ਕੱਟ ਆਇਆ ਸੀ। ਦੋਵਾਂ ਨੇ ਬੰਦੂਕਾਂ ਰੱਖੀਆਂ ਹੋਈਆਂ ਸਨ। ਉਨ੍ਹਾਂ ਦੇ ਨਾਂ ਚੌਤੀ ਸਾਲ ਦੀਆਂ ਗਿਰਦੌਰੀਆਂ ਸਨ। ਅਸੀਂ ਉਨ੍ਹਾਂ ਤੋਂ ਕਬਜ਼ਾ ਲੈ ਕੇ ਕਿਸੇ ਹੋਰ ਨੂੰ ਵਾਜਬ ਮੁੱਲ ’ਤੇ ਜ਼ਮੀਨ ਨਹੀਂ ਸਾਂ ਵੇਚ ਸਕਦੇ। ‘ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਲੁਟਾ’, ਦੇ ਕਥਨ ਮੁਤਾਬਕ ਅਸੀਂ ਘੱਟ ਤੋਂ ਘੱਟ ਮੁੱਲ ’ਤੇ ਉਨ੍ਹਾਂ ਨਾਲ ਨਾ-ਮਾਤਰ ਜਿਹਾ ਬਿਆਨਾ ਲੈ ਕੇ ਰਜਿਸਟਰੀ ਦੀ ਤਰੀਕ ਮਿਥ ਲਈ। ਜਦੋਂ ਅਸੀਂ ਰਜਿਸਟਰੀ ਕਰਾਉਣ ਗਏ ਤਾਂ ਉਹ ਮਾਮੂਲੀ ਜਿਹੀ ਰਾਸ਼ੀ ਦੇ ਕੇ ਕਹਿਣ, ‘ਤੁਸੀਂ ਅੱਜ ਰਜਿਸਟਰੀ ਕਰਵਾ ਦਿਉ। ਰੱਬ ਦੀ ਸੌਂਹ ਤਿੰਨਾਂ ਮਹੀਨਿਆਂ ਨੂੰ ਆ ਕੇ ਸਾਰੇ ਪੈਸੇ ਲੈ ਜਾਇਉ।’

ਇਹ ਗੱਲ ਤਾਂ ਮੰਨਣ ਵਾਲੀ ਹੀ ਨਹੀਂ ਸੀ। ਰਜਿਸਟਰੀ ਹੋ ਗਈ, ਫੇਰ ਕਿਸ ਨੇ ਦੇਹ-ਦਿਵਾਲ ਹੋਣਾ ਸੀ। ਉਨ੍ਹਾਂ ਵੱਲੋਂ ਨਵਾਂ ਭਰੋਸਾ ਦੇਣ ’ਤੇ ਅਸੀਂ ਰਜਿਸਟਰੀ ਦੀ ਹੋਰ ਤਰੀਕ ਮਿਥ ਕੇ ਆ ਗਏ। ਅਗਲੀ ਵਾਰ ਵੀ ਉਹੋ ਹਾਲ। ਅਸੀਂ ਬੜੇ ਖੱਜਲ ਹੋਏ। ਉਹ ਮੈਨੂੰ ਮਾਰਨ ਦੀਆਂ ਧਮਕੀਆਂ ਵੀ ਦੇਣ ਲੱਗੇ। ਉਧਰੋਂ 84 ਵਾਲਾ ਦੌਰ ਆ ਗਿਆ। ਮੈਂ ਜਲੰਧਰ ਸਾਂ ਕਿ ਪਿੱਛੋਂ ‘ਬਦਮਾਸ਼ ਭਰਾ’ ਹਥਿਆਰ ਤੇ ਦੋ ਬੰਦੇ ਨਾਲ ਲੈ ਕੇ ਪਿੰਡ ਆ ਕੇ ਮੇਰੀ ਮਾਂ ਤੇ ਭਰਾ ਨੂੰ ਵੀ ਧਮਕਾ ਗਿਆ ਕਿ ਅਸੀਂ ਰਜਿਸਟੀ ਕਰਵਾ ਦੇਈਏ। ਅੱਗੇ ਮਲੋਟ ਵੱਲ ਮੇਰਾ ਮਾਮਾ ਮੇਰੇ ਨਾਲ ਜਾਂਦਾ ਸੀ। ਹੁਣ ਸਾਡੀ ਮਾਮੀ ਨੇ ਕਿਹਾ ਕਿ ‘ਵਰਿਆਮ ਨੇ ਤਾਂ ਮਰਨਾ ਹੀ ਹੈ, ਤੂੰ ਕਿਉਂ ਮੁਫ਼ਤ ਵਿਚ ਜਾਨ ਗਵਾਉਂਦੈਂ! ਪੈਸੇ ਤਾਂ ਉਨ੍ਹਾਂ ਨੂੰ ਮਿਲਣੇ ਨੇ, ਤੈਨੂੰ ਵਿਚੋਂ ਕੀ ਮਿਲਣਾ?।’


ਜਾਨ ਤਾਂ ਮੈਨੂੰ ਵੀ ਚਾਹੀਦੀ ਸੀ। ਮੈਂ ਵੀ ਹਾਲ ਦੀ ਘੜੀ ਜ਼ਮੀਨ ਦਾ ਖਹਿੜਾ ਛੱਡ ਦਿੱਤਾ ਤੇ ਭਲੇ ਸਮੇਂ ਦੀ ਉਡੀਕ ਕਰਨ ਲੱਗਾ। ਪਰ ਮਨ ਵਿਚ ਜੱਟਾਂ ਵਾਲੀ ਰੜਕ ਵੀ ਕਿ ਕੰਜਰ ਮੁੱਫ਼ਤ ’ਚ ਜ਼ਮੀਨ ਦੱਬ ਕੇ ਬਹਿ ਗਏ! ਹੋਰ ਕੋਈ ਉਹ ਜ਼ਮੀਨ ਲੈਣ ਲਈ ਤਿਆਰ ਹੀ ਨਹੀਂ ਸੀ। ਚੌਤੀ ਸਾਲਾਂ ਦੀਆਂ ਗਿਰਦੌਰੀਆਂ ਹੋਣ ਕਰ ਕੇ ਉਹ ਤਾਂ ਆਪਣੇ ਆਪ ਨੂੰ ਹੀ ਜ਼ਮੀਨ ਦੇ ਮਾਲਕ ਸਮਝਦੇ ਸਨ। ਐਵੇਂ ਤਾਂ ਨਹੀਂ ਸਨ ਸਾਡੀ ਹੀ ਜ਼ਮੀਨ ਵਿਚ ਘਰ ਪਾ ਕੇ ਬੈਠੇ ਹੋਏ।

ਭਲਾ ਸਮਾਂ ਵੀ ਆ ਗਿਆ। ਨ੍ਰਿਪਇੰਦਰ ਸਿੰਘ ਰਤਨ ਉਹਨੀ ਦਿਨੀਂ ਫ਼ਿਰੋਜ਼ਪੁਰ ਡਵੀਜ਼ਨ ਦੇ ਕਮਿਸ਼ਨਰ ਸਨ। ਮੇਰੀ ਜ਼ਮੀਨ ਦੀ ਸਮੱਸਿਆ ਦਾ ਮੇਰੇ ਵੱਡੇ ਭਰਾਵਾਂ ਵਰਗੇ ਡਾ ਰਘਬੀਰ ਸਿੰਘ ਸਿਰਜਣਾ ਨੂੰ ਪਤਾ ਸੀ। ਉਨ੍ਹਾਂ ਨੇ ਮੇਰੇ ਆਖਣ ਤੋਂ ਬਿਨਾਂ ਹੀ ਇੱਕ ਦਿਨ ਰਤਨ ਹੁਰਾਂ ਨਾਲ ਗੱਲ ਕੀਤੀ ਕਿ ਵਰਿਆਮ ਦੀ ਜ਼ਮੀਨ ਮਲੋਟ ਨੇੜੇ ਕੁਝ ਲੋਕ ਦੱਬੀ ਬੈਠੇ ਹਨ। ਤੁਹਾਡਾ ‘ਇਲਾਕਾ’ ਹੈ। ਕੁਝ ਹੋ ਸਕਦਾ ਏ?

ਰਤਨ ਹੁਰਾਂ ਨੇ ਮਿੱਠੀ ਜਿਹੀ ਨਰਾਜ਼ਗੀ ਜ਼ਾਹਿਰ ਕਰਦਿਆਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਪਹਿਲਾਂ ਕਿਉਂ ਨਾ ਦੱਸਿਆ! ਇਹਦੇ ਵਿਚ ਝਕਣ-ਝਕਾਉਣ ਦੀ ਕੀ ਲੋੜ ਸੀ! ਫਿਰ ਉਨ੍ਹਾਂ ਨੇ ਕਿਹਾ ਕਿ ਫ਼ਲਾਂ ਤਰੀਕ ਨੂੰ ਵਰਿਆਮ ਨੂੰ ਨਾਲ ਲੈ ਕੇ ਮੇਰੇ ਕੋਲ ਫ਼ਿਰੋਜ਼ਪੁਰ ਆ ਜਾਣਾ। ਅਗਲਾ ਕੰਮ ਮੇਰਾ ਰਿਹਾ।

ਨਿਸਚਿਤ ਤਰੀਕ ਨੂੰ ਮੈਂ ਆਪਣੇ ਅਜ਼ੀਜ਼ ਬਲਦੇਵ ਧਾਲੀਵਾਲ ਨੂੰ ਨਾਲ ਲੈ ਕੇ (ਕਿਉਂਕਿ ਬਲਦੇਵ ਦਾ ਪਿੰਡ ਸਾਉਂਕਿਆਂ ਦੇ ਨੇੜੇ ਪੈਂਦਾ ਹੈ ਤੇ ਮੈਂ ਸੋਚਿਆ ਉਹਦਾ ਆਸਰਾ ਹੋ ਜਾਊ) ਫ਼ਿਰੋਜ਼ਪੁਰ ਪਹੁੰਚ ਗਿਆ। ਰਘਬੀਰ ਸਿੰਘ ਹੁਰੀਂ ਵੀ ਪਹੁੰਚੇ ਹੋਏ ਸਨ। ਰਤਨ ਹੁਰੀਂ ਬੜੇ ਤਪਾਕ ਨਾਲ ਮਿਲੇ। ਮਿਲਣਾ ਹੀ ਸੀ। ਚਾਹ-ਪਾਣੀ ਪੀਤਾ। ਏਧਰ-ਓਧਰ ਦੀਆਂ ਗੱਲਾਂ ਕੀਤੀਆਂ ਤੇ ਫਿਰ ਸੇਵਾਦਾਰ ਨੂੰ ਕਿਹਾ ਕਿ ‘ਉਹਨੂੰ ਅੰਦਰ ਭੇਜ’

ਉਸੇ ਵੇਲੇ ਮਲੋਟ ਦਾ ਤਹਿਸੀਲਦਾਰ ਹੱਥ ਬੰਨ੍ਹੀ ਸਾਹਮਣੇ ਖਲੋਤਾ ਸੀ, ਜਿਸ ਨੂੰ ਉਨ੍ਹਾਂ ਨੇ ਹੁਕਮ ਦੇ ਕੇ ਦਫ਼ਤਰ ਬੁਲਾਇਆ ਹੋਇਆ ਸੀ।



ਰਤਨ ਹੁਰਾਂ ਨੇ ਤਹਿਸੀਲਦਾਰ ਨੂੰ ਕਿਹਾ, “ਇਹ ਮੇਰੇ ਦੋਸਤ ਨੇ। ਇਨ੍ਹਾਂ ਦਾ ਕੰਮ ਮੇਰਾ ਕੰਮ ਹੈ। ਕੰਮ ਇਹ ਤੈਨੂੰ ਆਪੇ ਦੱਸ ਦੇਣਗੇ। ਹੁਣ ਇਹ ਤੇਰੀ ਜ਼ਿੰਮੇਵਾਰੀ ਹੈ ਕਿ ਤੂੰ ਇਨ੍ਹਾਂ ਦਾ ਕੰਮ ਕਰਵਾਉਣਾ ਹੈ। ਇਹ ਮੇਰੇ ਦੋਸਤ ਨੇ ਤੇ ਮੈਨੂੰ ਏਥੇ ਜਾਂ ਚੰਡੀਗੜ੍ਹ ਆ ਕੇ ਸੌ ਵਾਰ ਮਿਲ ਸਕਦੇ ਨੇ। ਪਰ ਇਨ੍ਹਾਂ ਨੂੰ ਦੂਜੀ ਵਾਰ ਮੈਨੂੰ ਇਸ ਕੰਮ ਵਾਸਤੇ ਨਾ ਮਿਲਣਾ ਪਵੇ! ਸਮਝਿਆ?”

ਉਨ੍ਹਾਂ ਨੇ ਤਾੜਨਾ ਭਰੇ ਲਹਿਜੇ ਵਿਚ ਤਹਿਸੀਲਦਾਰ ਨੂੰ ਕਿਹਾ। ਤਹਿਸੀਲਦਾਰ ਅੱਧਾ ਝੁਕ ਕੇ ਹੱਥ ਜੋੜ ਕੇ ਕਹਿੰਦਾ, “ਜੀ ਸਰ! ਤੁਹਾਨੂੰ ਕੋਈ ਸ਼ਿਕਾਇਤ ਨਹੀਂ ਆਉਣ ਲੱਗੀ।”

ਤਹਿਸੀਲਦਾਰ ਦਾ ਨਾਂ ਜੀ ਡੀ ਗਾਬਾ ਸੀ। ਰਘਬੀਰ ਸਿੰਘ ਹੁਰੀਂ ਤਾਂ ਚੰਡੀਗੜ੍ਹ ਨੂੰ ਚਲੇ ਗਏ ਤੇ ਤਹਿਸੀਲਦਾਰ ਨੇ ਸਾਨੂੰ ਆਪਣੀ ਕਾਰ ਵਿਚ ਬਿਠਾ ਲਿਆ। ਰਾਹ ਵਿਚ ਨਾਲੇ ਸਾਡੀ ਸੇਵਾ ਕੀਤੀ ਤੇ ਨਾਲੇ ‘ਜੀ, ਜੀ’ ਕਰ ਕੇ ਸਾਰਾ ਕੇਸ ਸਮਝੀ ਜਾਵੇ।

ਅਗਲੀ ਕਹਾਣੀ ਛੇ ਮਹੀਨੇ ਲੰਮੀ ਹੈ। ਤਹਿਸੀਲਦਾਰ ਨੇ ਅਗਲਿਆਂ ਨੂੰ ਮੇਰੇ ਸਾਹਮਣੇ ਸੱਦ ਕੇ ਕਿਹਾ, “ਭਾਈ! ਜ਼ਮੀਨ ਤੁਹਾਨੂੰ ਛੱਡਣੀ ਪੈਣੀ ਏਂ। ਜ਼ਮੀਨ ਸਾਹਬ-ਬਹਾਦਰ ਦੀ ਏ! ਅੜੀ ਫੜੀ ਕਰੋਗੇ ਤਾਂ ਸਾਹਿਬ ਨੇ ਆਪਣਾ ਯਾਰ ਫ਼ੌਜੀ ਕਰਨਲ ਜ਼ਮੀਨ ਲੈਣ ਲਈ ਤਿਆਰ ਕੀਤਾ ਹੋਇਆ ਹੈ। ਫ਼ੌਜੀਆਂ ਨੇ ਬੰਦੂਕਾਂ ਬੀੜ ਕੇ ਕਬਜ਼ਾ ਤਾਂ ਲੈ ਲੈਣਾ ਦੋਂ ਘੰਟਿਆਂ ’ਚ।”

“ਲੈ ਕਬਜ਼ਾ ਕੋਈ ਕਿਵੇਂ ਕਰ ਲੂ। ਅਸੀਂ ਚੂੜੀਆਂ ਪਾਈਆਂ ਹੋਈਆਂ? ਚਾਲੀ ਸਾਲਾਂ ਤੋਂ ਜ਼ਮੀਨ ਵਾਹ ਰਹੇ ਆਂ। ਜ਼ਮੀਨ ਦੇ ਮਾਲਕ ਆਂ ਅਸੀਂ।”

ਬੰਦੇ ਉਹ ਵੀ ਪਹੁੰਚ ਵਾਲੇ ਸਨ। ਬਾਦਲਾਂ ਤੱਕ ਪਹੁੰਚ ਕੀਤੀ, ਬੜੇ ਹੱਥ ਪੈਰ ਮਾਰੇ ਪਰ ਤਹਿਸੀਲਦਾਰ ਆਖੇ ਕਿ ਜ਼ਮੀਨ ਤਾਂ ਸਾਹਬ ਬਹਾਦਰ ਦੇ ਭਰਾ ਦੀ ਹੈ। ਚਾਹੋ ਤਾਂ ਘੱਟ ਮੁੱਲ ’ਤੇ ਤੁਹਾਨੂੰ ਦਿਵਾ ਦਿੰਦੇ ਆਂ।

ਮੁੱਕਦੀ ਗੱਲ ਉਹ ਸਾਰਾ ਜ਼ੋਰ ਲਾ ਚੁੱਕੇ! ਮੇਰੇ ਵੀ ਕਈ ਫੇਰੇ ਲੱਗੇ। ਪਰ ਆਖ਼ਰ ਮੋਰਚਾ ਫ਼ਤਿਹ ਹੋ ਹੀ ਗਿਆ। ਭਾਵੇਂ ਜ਼ਮੀਨ ਅੱਧ-ਪ-ਚੱਧੇ ਮੁੱਲ ’ਤੇ ਹੀ ਦਿੱਤੀ, ਪਰ ਜੇ ਉਹ ਅਦਾਲਤ ਵਿਚ ਚਲੇ ਜਾਂਦੇ ਤਾਂ ਗਿਰਦੌਰੀਆਂ ਉਨ੍ਹਾਂ ਦੇ ਨਾਂ ਹੋਣ ਕਰ ਕੇ ਮੁਕੱਦਮਾ ਸਾਲਾਂ ਤੱਕ ਲਮਕਣਾ ਸੀ ਤੇ ਮੈਨੂੰ ਦਵਾਨੀ ਨਹੀਂ ਸੀ ਮਿਲਣੀ।

ਮੈਂ ਮੁਕਤਸਰ ਰਹਿੰਦੇ ਆਪਣੇ ਦੋਸਤ ਪ੍ਰੋ ਲੋਕ ਨਾਥ ਨੂੰ ਕਿਹਾ ਕਿ ਰਜਿਸਟਰੀ ਵਾਲੇ ਦਿਨ ਉਹ ਕੁਝ ਆਪਣੇ ਬੰਦੇ ਓਥੇ ਨਾਲ ਲੈ ਆਵੇ ਤਾਂ ਚੰਗਾ ਹੋਵੇਗਾ। ਉਹਨੇ ਮੁਕਤਸਰੋਂ ਤੇ ਮਲੋਟ ਦੁਆਲਿਉਂ ਲਗ ਭਗ ਵੀਹ ਬੰਦੇ ਉਸ ਦਿਨ ’ਕੱਠੇ ਕਰ ਲਏ। ਸੁਖ-ਸੁਖਾਂ ਨਾਲ ਰਜਿਸਟਰੀ ਹੋ ਗਈ। ਕਿਸੇ ਨੇ ‘ਉਨ੍ਹਾਂ’ ਨੂੰ ਵਧਾਈ ਦਿੱਤੀ ਕਿ ਮੁਬਾਰਕ ਹੋਵੇ, ਜ਼ਮੀਨ ਦੇ ਮਾਲਕ ਬਣ ਗਏ ਹੋ। ਤਾਂ ਬਦਮਾਸ਼ ਭਰਾ ਕਹਿੰਦਾ, “ਵਧਾਈ ਕਾਹਦੀ! ਜ਼ਮੀਨ ਤਾਂ ਸਾਡੀ ਸੀ। ਇਹ ਜੱਟ ਹਿੱਕ ਦੇ ਜ਼ੋਰ ਨਾਲ ਸਾਡੇ ਬੋਝੇ ’ਚੋਂ ਪੈਸੇ ਕੱਢ ਕੇ ਲੈ ਗਿਆ!”

ਇਹ ਹਿੱਕ ਦਾ ਜ਼ੋਰ ਤਾਂ ਨ. ਸ. ਰਤਨ ਦਾ ਸੀ।

ਇਨ੍ਹਾਂ ਦਿਨਾਂ ਵਿਚ ਹੀ ਇੱਕ ਦਿਨ ਜਦੋਂ ਮੈਂ ਏਸੇ ਸਿਲਸਿਲੇ ਵਿਚ ਤਹਿਸੀਲਦਾਰ ਨੂੰ ਮਿਲ ਕੇ ਆ ਰਿਹਾ ਸਾਂ ਤਾਂ ਉਨ੍ਹਾਂ ਵਿਚੋਂ ਇੱਕ ਭਰਾ ਮਲੋਟ ਦੇ ਬਜ਼ਾਰ ਵਿਚ ਫਿਰਦਾ ਮਿਲ ਗਿਆ। ਮੈਨੂੰ ਕਹਿੰਦਾ, “ਜੇ ਤੈਨੂੰ ਐਥੇ ਕਤਲ ਕਰ ਦਈਏ, ਤੇਰਾ ਦਵਾਨੀ ਮੁੱਲ ਨਹੀਂ ਪੈਣਾ।”

ਮੈਂ ਉਹਨੂੰ ਕਿਹਾ, “ਜੇ ਮੈਂ ਏਨੇ ਸਾਲ ਏਧਰ ਵੱਟੀ ਨਹੀਂ ਸੀ ਵਾਹੀ ਤਾਂ ਉਹਦਾ ਵੀ ਕਾਰਨ ਸੀ। ਤੇ ਹੁਣ ਜਦੋਂ ਮੈਂ ਮਲੋਟ ਦੀਆਂ ਸੜਕਾਂ ’ਤੇ ਇਕੱਲ੍ਹਾ ਫਿਰ ਰਿਹਾਂ ਤਾਂ ਮੈਨੂੰ ਪਤੈ ਕਿ ਮੇਰੇ ਪਿੱਛੇ ਕਿਹੜੀ ਤਾਕਤ ਹੈ! ਤੁਸੀਂ ਮੇਰੀ ਵਾ ਵੱਲ ਨਹੀਂ ਵੇਖ ਸਕਦੇ।”

ਉਹ ਛਿੱਥਾ ਜਿਹਾ ਹੋ ਕੇ ਅੱਗੇ ਤੁਰ ਗਿਆ।

ਮੇਰੀ ਇਹ ਤਾਕਤ ਨ੍ਰਿਪਇੰਦਰ ਸਿੰਘ ਰਤਨ ਸੀ।

ਰਜਿਸਟਰੀ ਕਰਵਾਉਣ ਤੋਂ ਬਾਅਦ ਅਸੀਂ ਪੈਸਿਆਂ ਦਾ ਬੈਗ ਭਰਿਆ। ਮੇਰੇ ਨਾਲ ਮੇਰਾ ਸਹਿਕਰਮੀ ਇਕਬਾਲ ਭੋਮਾ ਵੀ ਸੀ। ਰਾਤ ਅਸੀਂ ਲੋਕ ਨਾਥ ਕੋਲ ਰਹੇ। ਅਗਲੇ ਦਿਨ ਜਲੰਧਰ ਗਏ। ਅਗਲੇਰੇ ਦਿਨ ਅੱਧੇ ਪੈਸੇ ਛੋਟੇ ਭਰਾ ਨੂੰ ਦੇ ਆਇਆ ਤੇ ਬਾਕੀ ਅੱਧਿਆਂ ਨਾਲ ਜਲੰਧਰ ਵਾਲਾ ਘਰ ਬਣਵਾਇਆ।

ਹੁਣ ਤੁਹਾਨੂੰ ਅਹਿਸਾਸ ਹੋਇਆ ਹੋਵੇਗਾ ਕਿ ਰਤਨ ਹੁਰਾਂ ਨੇ ਜ਼ਮੀਨ ਦਾ ਕਿੱਡਾ ਵੱਡਾ ਅੜਿਆ ਹੋਇਆ ਕੰਮ ਕਢਵਾਇਆ ਸੀ ਤੇ ਮੇਰੇ ਸਿਰ ’ਤੇ ਜਲੰਧਰ ਵਾਲੇ ਘਰ ਦੀ ਛੱਤ ਦਾ ਜੁਗਾੜ ਕਰ ਦਿੱਤਾ ਸੀ।

ਡਾ ਰਘਬੀਰ ਸਿੰਘ ਹੁਰਾਂ ਨੇ ਰਤਨ ਹੁਰਾਂ ਦਾ ਧੰਨਵਾਦੀ ਡਿਨਰ ਕੀਤਾ। ਮੈਂ ਜਲੰਧਰੋਂ ਗਿਆ। ਨਾ ਰਘਬੀਰ ਸਿੰਘ ਹੁਰਾਂ ਤੇ ਨਾ ਮੈਂ ਜ਼ਮੀਨ ਦੇ ਕਰਵਾਏ ਕੰਮ ਬਾਰੇ ਰਤਨ ਹੁਰਾਂ ਨੂੰ ਕੋਈ ਧੰਨਵਾਦੀ ਸ਼ਬਦ ਕਿਹਾ। ਉਨ੍ਹਾਂ ਨੇ ਪਹਿਲਾਂ ਹੀ ਕਹਿ ਛੱਡਿਆ ਸੀ ਕਿ ਇਸ ਬਾਰੇ ਕੋਈ ਗੱਲ ਹੀ ਨਹੀਂ ਕਰਨੀ।

ਇਹ ਸੀ ਇਨਸਾਨੀ ਵਡਿਆਈ ਦੀ ਬੁਲੰਦੀ ਕਿ ਕੀਤੇ ਉਪਕਾਰ ਲਈ ਧੰਨਵਾਦ ਦੇ ਸ਼ਬਦ ਵੀ ਸੁਣਨ ਲਈ ਵੀ ਤਿਆਰ ਨਾ ਹੋਣਾ!

ਦੂਜਾ ਵੱਡਾ ਕੰਮ ਜੋ ਉਨ੍ਹਾਂ ਮੇਰੇ ਆਖੇ ਕੀਤਾ:-

ਕਾਲਜ ਅਧਿਆਪਕਾਂ ਨੂੰ ਸੀਨੀਅਰ ਤੇ ਸਿਲੈਕਸ਼ਨ ਗਰੇਡ ਲੈਣ ਲਈ ਕੁਝ ਨਿਸਚਿਤ ਰਿਫ਼ਰੈਸ਼ਰ ਕੋਰਸ ਕਰਨੇ ਪੈਂਦੇ ਨੇ। ਡਾ ਜੋਗਿੰਦਰ ਸਿੰਘ ਪੁਆਰ ਦੀ ਮੈਸੂਰ ਵਿਚਲੇ ਭਾਸ਼ਾਵਾਂ ਦੇ ਵਿਭਾਗ ਦੇ ਮੁਖੀ ਡਾ ਕੌਲ ਨਾਲ ਦੋਸਤੀ ਸੀ। ਡੀ ਏ ਵੀ ਕਾਲਜ ਵਿਚ ਡਾ ਕੌਲ ਦੀ ਅਗਵਾਈ ਵਿਚ ਪੰਜਾਹ-ਸੱਠ ਅਧਿਆਪਕਾਂ ਨੇ ਇਹ ਕੋਰਸ ਕਰ ਲਿਆ। ਸਾਲ-ਡੇਢ ਸਾਲ ਬਾਅਦ ਮੇਰੇ ਜਾਣੂ ਅਧਿਆਪਕ ਕਹਿੰਦੇ ਕਿ ਜੇ ਮੈਂ ਉੱਦਮ ਕਰਾਂ ਤਾਂ ਲਾਇਲਪੁਰ ਖ਼ਾਲਸਾ ਕਾਲਜ ਵਿਚ ਡਾ ਕੌਲ ਹੁਰਾਂ ਨੂੰ ਕਹਿ ਕੇ ਇਕ ਹੋਰ ਰਿਫ਼ਰੈਸ਼ਰ ਕੋਰਸ ਕਰਵਾ ਲਿਆ ਜਾਵੇ। ਇੰਝ ਹੀ ਕੀਤਾ।

ਮੇਰੀ ਪਹਿਲਕਦਮੀ ’ਤੇ ਮੈਸੂਰ ਤੋਂ ਰਣਜੀਤ ਸਿੰਘ ਰੰਗੀਲਾ ਆ ਗਿਆ। ਪੰਜਾਹ-ਸੱਠ ਹੋਰ ਅਧਿਆਪਕ ਇਹ ਕੋਰਸ ਕਰ ਗਏ। ਪਰ ਮਸਲਾ ਉਦੋਂ ਬਣ ਗਿਆ ਜਦੋਂ ਅਧਿਆਪਕਾਂ ਨੇ ਅਗਲੇ ਗਰੇਡ ਲਈ ਆਪਣੇ ਕੇਸ ਭੇਜੇ ਤਾਂ ਡੀ ਪੀ ਆਈ ਦਫ਼ਤਰ ਨੇ ਇਤਰਾਜ਼ ਲਾ ਦਿੱਤਾ ਕਿ ਮੈਸੂਰ ਵਾਲੇ ਦੋਵੇਂ ਰਿਫ਼ਰੈਸ਼ਰਾਂ ਨੂੰ ਉਹ ਮਾਨਤਾ ਨਹੀਂ ਦਿੰਦੇ। ਡੀ ਪੀ ਆਈ ਦਫ਼ਤਰ ਨੂੰ ਅਧਿਆਪਕ ਡੈਪੂਟੇਸ਼ਨ ਲੈ ਕੇ ਮਿਲਦੇ ਰਹੇ, ਪਰ ਕਲਰਕਾਂ ਨੇ ਕੋਈ ਰਾਹ ਨਾ ਦਿੱਤਾ। ਦੋਸਤ ਮੈਨੂੰ ਕਹਿਣ ਲੱਗੇ ਕਿ ਮੈਂ ਰਤਨ ਹੁਰਾਂ ਨੂੰ ਮਿਲ ਕੇ ਸਭ ਦਾ ਦੁੱਖ ਦੱਸਾਂ ਜੋ ਇਨ੍ਹੀਂ ਦਿਨੀ ਐਜੂਕੇਸ਼ਨ ਸੈਕਟਰੀ ਦੇ ਅਹੁਦੇ ’ਤੇ ਤਾਇਨਾਤ ਸਨ। ਮੈਂ ਉਨ੍ਹਾਂ ਨੂੰ ਚੰਡੀਗੜ੍ਹ ਦਫ਼ਤਰ ਵਿਚ ਜਾ ਮਿਲਿਆ ਤੇ ਦੋਸਤੀ ਦੇ ਮਾਣ ’ਤੇ ਅਧਿਆਪਕਾਂ ਦੇ ਭਵਿੱਖ ਨਾਲ ਹੋ ਰਹੇ ਖ਼ਿਲਵਾੜ ਬਾਰੇ ਦੱਸਿਆ। ਉਨ੍ਹਾਂ ਮੇਰਾ ਮਾਣ ਰੱਖਦਿਆਂ ਡੀ ਪੀ ਆਈ ਦਫ਼ਤਰ ਨੂੰ ਪੱਤਰ ਲਿਖਿਆ।

ਮੈਂ ਮੋਰਚਾ ਜਿੱਤ ਕੇ ਘਰ ਆਇਆ ਤਾਂ ਕੁਝ ਦਿਨਾਂ ਬਾਅਦ ਪਤਾ ਲੱਗਿਆ ਕਿ ਕਲਰਕ ਬਾਬੂਆਂ ਨੇ ਕਾਨੂੰਨੀ ਨੁਕਤੇ ਕੱਢ ਕੇ ਕੇਸ ਫੇਰ ਰੱਦ ਕਰ ਦਿੱਤੇ। ਦੋਸਤਾਂ ਦੇ ਜ਼ੋਰ ਪਾਉਣ ’ਤੇ ਮੈਨੂੰ ਦੋਬਾਰਾ ਰਤਨ ਹੁਰਾਂ ਨੂੰ ਮਿਲਣਾ ਪਿਆ। ਕਲਰਕਾਂ ਦੀ ਚਾਲ ਸਮਝਾਈ ਤੇ ਬੇਨਤੀ ਕੀਤੀ ਕਿ ਐਤਕੀਂ ਕਰੜਾਈ ਨਾਲ ਆਖੋ ਕਿ ਕਲਰਕਾਂ ਨੂੰ ਵੀ ‘ਕਾਨੂੰਨ’ ਸਮਝ ਆ ਜਾਵੇ।

ਇੰਝ ਹੀ ਹੋਇਆ। ਰਤਨ ਹੁਰਾਂ ਦੀ ਮਿਹਰਬਾਨੀ ਨਾਲ ਲਗ ਭਗ ਸੌ ਸਵਾ ਸੌ ਅਧਿਆਪਕਾਂ ਨੂੰ ਕੀਤੇ ਰਿਫ਼ਰੈਸ਼ਰ ਕੋਰਸਾਂ ਦਾ ਲਾਭ ਮਿਲ ਸਕਿਆ ਤੇ ਉਹ ਅਗਲੇ ਗਰੇਡ ਦੇ ਹੱਕਦਾਰ ਬਣੇ।

ਗੱਲਾਂ ਤਾਂ ਹੋਰ ਵੀ ਬਹੁਤ ਨੇ ਕਰਨ ਵਾਲੀਆਂ ਪਰ ਮੈਂ ਸੌ ਹੱਥ ਰੱਸੇ ਦੇ ਸਿਰੇ ’ਤੇ ਗੰਢ ਮਾਰਨ ਲੱਗਾ ਹਾਂ।

ਰਤਨ ਹੁਰਾਂ ਦਾ ਜਨਮ ਦਿਨ ਸੀ। ਮੈਂ ਉਸ ਰਾਤ ਉਨ੍ਹਾਂ ਨੂੰ ਜਨਮ ਦਿਨ ਦੀ ਮੁਬਾਰਕ ਦੇਣ ਲਈ ਫ਼ੋਨ ਕੀਤਾ। ਉਨ੍ਹਾਂ ਬੜੇ ਉਤਸ਼ਾਹ ਤੇ ਪਿਆਰ ਨਾਲ ਮੇਰੀ ਮੁਬਾਰਕ ਸਵੀਕਾਰ ਕੀਤੀ। ਚਾਰ-ਪੰਜ ਮਿੰਟ ਗੱਲਾਂ-ਬਾਤਾਂ ਹੁੰਦੀਆਂ ਰਹੀਆਂ।

ਸਵੇਰੇ ਉੱਠਿਆ ਤਾਂ ਮੇਰੇ ਦੋਸਤ ਕੁਲਵੰਤ ਸੰਧੂ ਨੇ, ਜਿਹੜਾ ਸਾਡੀ ਨੇੜਤਾ ਤੋਂ ਜਾਣੂ ਸੀ, ਫ਼ੋਨ ਕਰ ਕੇ ਮੇਰੇ ਨਾਲ ਰਤਨ ਹੁਰਾਂ ਦੀ ਪਤਨੀ ਦੇ ਚਲਾਣੇ ਦਾ ਅਫ਼ਸੋਸ ਕੀਤਾ। ਮੈਂ ਤਾਂ ਸੁੰਨ ਹੋ ਕੇ ਰਹਿ ਗਿਆ। ਉਹ ਕਹਿੰਦਾ, ‘ਕੱਲ੍ਹ ਦੀ ਅਖ਼ਬਾਰ ਨਹੀਂ ਸੀ ਵੇਖੀ? ਖ਼ਬਰ ਲੱਗੀ ਹੋਈ ਸੀ।’

ਮੈਂ ਸੱਚਮੁੱਚ ਅਖ਼ਬਾਰ ਨਹੀਂ ਸੀ ਵੇਖੀ। ਮੈਂ ਸ਼ਰਮ ਨਾਲ ਪਾਣੀ ਪਾਣੀ ਹੋਏ ਨੇ ਰਾਤ ਨੂੰ ਫ਼ੋਨ ਕਰ ਕੇ ਰਤਨ ਹੁਰਾਂ ਤੋਂ ਮੁਆਫ਼ੀ ਮੰਗਦਿਆਂ ਅਫ਼ਸੋਸ ਕੀਤਾ, ‘ਮੈਂ ਤਾਂ ਖ਼ਬਰ ਪੜ੍ਹੀ ਨਹੀਂ ਸੀ। ਪਰ ਤੁਸੀਂ ਵੀ ਮੇਰੇ ਨਾਲ ਵਰਤ ਗਏ ਭਾਣੇ ਬਾਰੇ ਕੋਈ ਜ਼ਿਕਰ ਤੱਕ ਨਹੀਂ ਕੀਤਾ ਕਿ ਇੱਕ ਦਿਨ ਪਹਿਲਾਂ…’

ਰਤਨ ਹੁਰੀਂ ਕਹਿੰਦੇ, “ਤੂੰ ਜਿੰਨੇ ਪਿਆਰ ਅਤੇ ਉਮਾਹ ਨਾਲ ਮੁਬਾਰਕ ਦੇ ਰਿਹਾ ਸੈਂ, ਮੈਂ ਖ਼ਬਰ ਦੇ ਕੇ ਕਿਵੇਂ ਤੈਨੂੰ ਉਦਾਸ ਕਰ ਦਿੰਦਾ। ਮੈਂ ਤੇਰੇ ਵਾਲੇ ਉਤਸ਼ਾਹ ਤੇ ਉਮਾਹ ਨਾਲ ਹੀ ਜਵਾਬ ਦੇਣਾ ਸੀ ਨਾ!”

ਧੰਨ ਸੀ ਨ੍ਰਿਪਇੰਦਰ ਸਿੰਘ ਰਤਨ। ਆਪਣੇ ਮਹਾ-ਦੁੱਖ ਨੂੰ ਕਸੀਸ ਵੱਟ ਕੇ ਪੀ ਜਾਣਾ ਤਾਕਿ ਦੂਜੇ ਦੇ ਉਤਸ਼ਾਹ ਅਤੇ ਖ਼ੁਸ਼ੀ ਵਿਚ ਉਹਦੇ ਆਪਣੇ ਸੰਘਣੇ ਦੁੱਖ ਦਾ ਪ੍ਰਛਾਵਾਂ ਤੱਕ ਨਾ ਪੈ ਸਕੇ!

ਮੈਨੂੰ ਲੱਗਾ ‘ਧਰਤੀ ਹੇਠਲਾ ਬੌਲਦ’ ਕੇਵਲ ਕਹਾਣੀਆਂ ਵਿਚ ਹੀ ਨਹੀਂ ਹੁੰਦਾ!

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# Mahan Kirtan Darbar

## November 23rd to 27th, 2023 at

# GURDWARA SANT SAGAR

**242-25 Braddock Ave., Bellerose NY 11426. Ph. 718-343-1030**

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।

ਇਸ ਸਾਲ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 27 ਨਵੰਬਰ ਦਿਨ ਸੋਮਵਾਰ ਨੂੰ ਆ ਰਿਹਾ ਹੈ। ਸੰਗਤਾਂ ਦੇ ਪਿਆਰ ਤੇ ਉੱਦਮ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਉਲੀਕੇ ਗਏ ਪ੍ਰੋਗਰਾਮਾਂ ਦਾ ਵੇਰਵਾ ਇਸ ਤਰਾਂ ਹੈ।

23 ਤੋਂ 25 ਨਵੰਬਰ 2023 ਸ਼ਾਮ 5:30 ਤੋਂ 9:00 ਵਜੇ ਤਕ ਹਰ ਰੋਜ਼ ਵਿਸ਼ੇਸ਼ ਦੀਵਾਨ ਸੱਜਣਗੇ। ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜੱਥੇ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਰਾਏ ਸਿੰਘ (ਹਜ਼ੂਰੀ ਰਾਗੀ ਦਰਬਾਰ ਸਾਹਿਬ), ਕਥਾ ਵਾਚਕ ਗਿਆਨੀ ਜਸਬੀਰ ਸਿੰਘ ਖੁਸ਼ਦਿਲ ਅਤੇ ਬਾਬਾ ਬੰਤਾ ਸਿੰਘ ਜੀ (8:00 ਵਜੇ ਤੋਂ 9:00 ਵਜੇ ਤੱਕ) ਕਥਾ ਦੀ ਹਾਜ਼ਰੀ ਭਰਣਗੇ।

25 ਨਵੰਬਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਸਦੀ ਸੇਵਾ ਸਰਦਾਰ ਜਸਵੀਰ ਸਿੰਘ (ਲਾਲੀ) ਤੇ ਪਰਿਵਾਰ ਵੱਲੋਂ ਹੋਵੇਗੀ। ਸ਼ਾਮ 5 ਵਜੇ ਦੋ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੀ ਸੇਵਾ ਸਰਦਾਰ ਮਸਤਾਨ ਸਿੰਘ ਤੇ ਪਰਿਵਾਰ ਅਤੇ ਸਰਦਾਰ ਨਿਸ਼ਾਨ ਸਿੰਘ ਤੇ ਪਰਿਵਾਰ ਵਲੋਂ ਹੋਵੇਗੀ।

26 ਨਵੰਬਰ ਦਿਨ ਐਤਵਾਰ ਸਵੇਰੇ 5:00 ਵਜੇ ਤੋਂ ਆਸਾ ਦੀ ਵਾਰ ਨਾਲ ਦੀਵਾਨ ਆਰੰਭ ਹੋਣਗੇ। ਦੀਵਾਨ ਦੀ ਸਮਾਪਤੀ ਦੁਪਹਿਰ 2:30 ਵਜੇ ਹਵੇਗੀ। ਜਿਸ ਵਿੱਚ 1:30 ਵਜੇ ਤੋਂ 2:30 ਵਜੇ ਤੱਕ ਬਾਬਾ ਬੰਤਾ ਸਿੰਘ ਜੀ ਕਥਾ ਕਰਣਗੇ।

ਸ਼ਾਮ 5:30 ਤੋਂ 12:30 ਵਜੇ ਤੱਕ ਮਹਾਨ ਕੀਰਤਨ ਦਰਬਾਰ ਹੋਵੇਗਾ।ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜੱਥੇ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਰਾਏ ਸਿੰਘ (ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਗੁਰਪ੍ਰੀਤ ਸਿੰਘ ਬਲ਼ੜਵਾਲ, ਭਾਈ ਅਮਰੀਕ ਸਿੰਘ ਗੁਰਦਾਸਪੁਰੀ, ਕਥਾ ਵਾਚਕ ਗਿਆਨੀ ਜਸਬੀਰ ਸਿੰਘ ਖੁਸ਼ਦਿਲ ਦੀਵਾਨ ਦੀ ਹਾਜ਼ਰੀ ਭਰਣਗੇ। ਬਾਬਾ ਬੰਤਾ ਸਿੰਘ ਜੀ 11:00 ਵਜੇ ਤੋ 12:00 ਵਜੇ ਤੱਕ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਦਿਹਾੜੇ ਦੀ ਕਥਾ ਕਰਣਗੇ, ਉਪਰੰਤ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

27 ਨਵੰਬਰ 2023 ਸਵੇਰੇ 10:00 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ। ਉਪਰੰਤ ਦੁਪਹਿਰ 2:00 ਵਜੇ ਤੱਕ ਦੀਵਾਨ ਸਜਣਗੇ। ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਤੇ ਪਰਚਾਰਕ ਹਿੱਸਾ ਲੈਣਗੇ। 1:00 ਵਜੇ ਤੋਂ 2:00 ਵਜੇ ਤੱਕ ਬਾਬਾ ਬੰਤਾ ਸਿੰਘ ਜੀ ਕਥਾ ਕਰਣਗੇ।

ਸ਼ਾਮ 5:00 ਵਜੇ ਰੱਖੇ ਹੋਏ ਦੋ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ। ਉਪਰੰਤ ਰਾਤ 10:00 ਵਜੇ ਤੱਕ ਦੀਵਾਨ ਸਜਣਗੇ। 8:45 ਵਜੇ ਤੋਂ 9:45 ਵਜੇ ਤੱਕ ਬਾਬਾ ਬੰਤਾ ਸਿੰਘ ਜੀ ਕਥਾ ਕਰਣਗੇ।

**ਸਮੂਹ ਸੰਗਤ ਅੱਗੇ ਬੇਨਤੀ ਹੈ ਕਿ ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਜਿੱਥੇ ਆਪ ਆਉਣਾ ਹੈ ਉਥੇ ਹੋਰਨਾ ਨੂੰ ਵੀ ਪ੍ਰੇਰਨਾ ਹੈ ਅਤੇ ਜਨਮ ਸਫਲ ਕਰਨਾ ਹੈ।**

## ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 27 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕੀ 26 ਨਵੰਬਰ ਨੂੰ ਸਮਾਪਤ ਹੋਣਗੀਆ।

**ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।**

**ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।**

ਵਧੇਰੇ ਜਾਣਕਾਰੀ ਲਈ
718-343-1030 ਤੇ ਕਾਲ ਕਰੋ ਜੀ ।

**ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ**
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718.343.1030



LIVE
ਕੀਰਤਨ ਦਰਬਾਰ ਦਾ ਸਿੱਧਾ ਪ੍ਰਸਾਰਣ ਫੇਸਬੁਕ ਅਤੇ ਯੂਟਿਊਬ ਤੇ ਦੇਖ ਸਕਦੇ ਹੋ ।
Watch live Kirtan Darbar on Facebook & YouTube

YouTube
facebook

Print by : PrintLinkers.com # 347-475-5555 ( Dilpreet Singh )

# ਕਿਰਦਾਰ ਦਾ ਵੀ ਇੱਕ ਮਿਆਰ ਹੁੰਦਾ ਹੈ

'ਆਪਣੇ ਕਿਰਦਾਰ ਨੂੰ ਨਿਭਾਓ ਕੁੱਝ ਇਸ ਤਰ੍ਹਾਂ ਕਿ ਜ਼ਿੰਦਗੀ ਦਾ ਪਰਦਾ ਡਿੱਗਣ ਤੋਂ ਬਾਅਦ ਵੀ ਤਾੜੀਆਂ ਵੱਜਦੀਆਂ ਰਹਿਣ'। ਜੇਕਰ ਮਨੁੱਖ ਇਨ੍ਹਾਂ ਸਤਰਾਂ ਦੇ ਅਰਥ ਸਮਝ ਕੇ ਉਨ੍ਹਾਂ ਨੂੰ ਆਪਣੇ ਲੜ ਬੰਨ੍ਹ ਲਵੇ ਤਾਂ ਉਸਨੂੰ ਜ਼ਿੰਦਗੀ ਜਿਊਣ ਦੇ ਅਰਥ ਬਹੁਤ ਛੇਤੀ ਸਮਝ ਆ ਜਾਣਗੇ ਅਤੇ ਜ਼ਿੰਦਗੀ ਜਿਊਣ ਦਾ ਮਕਸਦ ਸਮਝ ਆ ਜਾਵੇਗਾ। ਉਹ ਕਿਸੇ ਨਾਲ ਬੇਈਮਾਨੀ, ਹੇਰਾਫੇਰੀ, ਜਾਲਸਾਜ਼ੀ, ਧੋਖਾਧੜੀ, ਨੌਸਰਬਾਜ਼ੀ, ਧੱਕੇਸ਼ਾਹੀ ਅਤੇ ਹੈਂਕੜਬਾਜ਼ੀ ਕਰਨ ਲੱਗਿਆਂ ਸੌ ਵਾਰ ਸੋਚੇਗਾ। ਸਾਡੇ ਦੇਸ਼ ਦੇ ਮਰਹੂਮ ਰਾਸ਼ਟਰਪਤੀ ਡਾਕਟਰ ਏ.ਪੀ.ਜੇ.ਅਬਦੁਲ ਕਲਾਮ ਆਪਣੀ ਇੱਕ ਪੁਸਤਕ ਵਿਚ ਮਨੁੱਖ ਦੇ ਕਿਰਦਾਰ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਮਨੁੱਖ ਦੀ ਜ਼ਿੰਦਗੀ 'ਚ ਇਹ ਗੱਲ ਮਾਇਨਾ ਨਹੀਂ ਰੱਖਦੀ ਕਿ ਉਸਨੇ ਬਹੁਤ ਸਾਰੀ ਧਨ ਦੌਲਤ ਇੱਕਠੀ ਕੀਤੀ ਹੋਈ ਹੈ। ਉਹ ਆਲੀਸ਼ਾਨ ਜ਼ਿੰਦਗੀ ਜਿਉਂਦਾ ਹੈ। ਉਸਦੀ ਸਰਕਾਰੇ-ਦੁਆਰੇ ਬਹੁਤ ਪਹੁੰਚ ਹੈ। ਮਾਇਨਾ ਇਹ ਗੱਲ ਰੱਖਦੀ ਹੈ ਕਿ ਉਸਦਾ ਕਿਰਦਾਰ ਕਿਹੋ ਜਿਹਾ ਹੈ। ਉਸਨੇ ਧਨ-ਦੌਲਤ ਦੀ ਅਮੀਰੀ ਹਾਸਲ ਕਰਨ ਲਈ ਆਪਣੀ ਜ਼ਮੀਰ ਨੂੰ ਕਿੰਨਾ ਕੁ ਜਾਗਦਾ ਰੱਖਿਆ ਹੈ। ਉਸਨੇ ਆਲੀਸ਼ਾਨ ਜ਼ਿੰਦਗੀ ਜਿਊਣ ਲਈ ਕਿਹੋ ਜਿਹੇ ਸਾਧਨਾ ਦਾ ਸਹਾਰਾ ਲਿਆ ਹੈ। ਸਰਕਾਰੇ-ਦੁਆਰੇ ਤੱਕ ਪਹੁੰਚਣ ਲਈ ਸਿਆਸੀ ਲੋਕਾਂ ਦੀ ਕਿੰਨੀ ਜੀ ਹਜੂਰੀ ਕੀਤੀ ਹੈ।

ਕੋਈ ਵੀ ਬੰਦਾ ਆਪਣੇ ਕਿਰਦਾਰ ਨੂੰ ਮਾੜਾ ਕਹਿਣ ਲਈ ਤਿਆਰ ਨਹੀਂ ਹੁੰਦਾ ਪਰ ਮਨੁੱਖ ਦੇ ਕਿਰਦਾਰ ਦੇ ਮਿਆਰ ਦੀ ਨਿਸ਼ਾਨਦੇਹੀ ਉਦੋਂ ਹੁੰਦੀ ਹੈ ਜਦੋਂ ਉਹ ਕਿਸੇ ਨਾਲ ਹੋ ਰਹੀ ਬੇ-ਇਨਸਾਫੀ ਨੂੰ ਵੇਖ ਕੇ ਚੁੱਪ ਰਹਿੰਦਾ ਹੈ ਜਾ ਉਸ ਬੇਇਨਸਾਫ਼ੀ ਦੇ ਵਿਰੁੱਧ ਅਵਾਜ਼ ਉਠਾਉਣ ਲਈ ਤਿਆਰ ਹੋ ਜਾਂਦਾ ਹੈ। ਅਮੀਰ, ਤਾਕਤਵਾਰ, ਸਰਕਾਰਾਂ ਤੱਕ ਪਹੁੰਚ ਰੱਖਣ ਵਾਲੇ ਤੇ ਅਸਰ ਰਸੂਖ ਰੱਖਣ ਵਾਲੇ ਲੋਕ ਚਾਹੇ ਜਿੰਨੇ ਮਰਜ਼ੀ ਗਲਤ ਕੰਮ ਕਰੀ ਜਾਣ, ਕਿਸੇ ਨਾਲ ਜਿੰਨਾ ਮਰਜ਼ੀ ਧੱਕਾ ਕਰੀ ਜਾਣ, ਜਿੰਨੀਆਂ ਵੀ ਮਰਜ਼ੀ ਮਨਮਰਜ਼ੀਆਂ ਕਰੀ ਜਾਣ, ਲੋਕ ਉਨ੍ਹਾਂ ਵਿਰੁੱਧ ਇਹ ਸੋਚ ਕੇ ਗਵਾਹੀ ਦੇਣ, ਬੋਲਣ ਅਤੇ ਉਨ੍ਹਾਂ ਨੂੰ ਬੁਰਾ ਕਹਿਣ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਕਿਧਰੇ ਉਨ੍ਹਾਂ ਲੋਕਾਂ ਨਾਲ ਕੰਮ ਨਾ ਪੈ ਜਾਵੇ। ਇਹੋ ਜਿਹੇ ਲੋਕਾਂ ਨਾਲ ਕਾਹਦੇ ਲਈ ਬਿਗਾੜਨੀ ਹੈ ਪਰ ਕੁੱਝ ਜਾਗਦੀ ਜਮੀਰ ਵਾਲੇ ਲੋਕ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਜ਼ਮੀਰ ਨਾਲ ਕਦੇ ਵੀ ਸਮਝੌਤਾ ਨਹੀਂ ਕਰਦੇ। ਉਹ ਕਿਸੇ 'ਤੇ ਹੋਣ ਵਾਲੇ ਜੁਲਮ ਅਤੇ ਕਿਸੇ ਨਾਲ ਹੋਣ ਵਾਲੇ ਅਨਿਆਂ ਨੂੰ ਵੇਖ ਕੇ ਨਾ ਆਪਣਾ ਮੂੰਹ ਬੰਦ ਰੱਖ ਸਕਦੇ ਹਨ ਤੇ ਨਾ ਹੀ ਅੱਖਾਂ ਮੀਟ ਸਕਦੇ ਹਨ।




ਇੱਕ ਵੇਰ ਇੱਕ ਸਕੂਲ ਮੁਖੀ ਵਿਰੁੱਧ ਕੁੱਝ ਮੌਕਾਪ੍ਰਸਤ ਅਤੇ ਕੰਮ-ਚੋਰ ਅਧਿਆਪਕਾਂ ਨੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਝੂਠੀ ਸ਼ਿਕਾਇਤ ਕਰਕੇ ਉਸਦੇ ਵਿਰੁੱਧ ਇਨਕੁਆਰੀ ਖੁਲਵਾ ਦਿੱਤੀ। ਕਿਉਂਕਿ ਉਹ ਉਨ੍ਹਾਂ ਕੰਮ-ਚੋਰ ਅਧਿਆਪਕਾਂ ਨੂੰ ਕੰਮ ਕਰਨ ਲਈ ਮਜਬੂਰ ਕਰ ਰਿਹਾ ਸੀ। ਉਨ੍ਹਾਂ ਕੰਮਚੋਰਾਂ ਦੀ ਸਿਆਸੀ ਪਹੁੰਚ ਵੀ ਕਾਫੀ ਸੀ। ਇਨਕੁਆਰੀ ਕਰਨ ਆਏ ਅਧਿਕਾਰੀਆਂ ਨੂੰ ਸਿਆਸੀ ਪੱਧਰ ਉਤੇ ਇਸ਼ਾਰਾ ਕੀਤਾ ਗਿਆ ਸੀ ਕਿ ਸਕੂਲ ਮੁਖੀ ਵਿਰੁੱਧ ਲਿਖ ਕੇ ਉਸਦੀ ਉਸ ਸਕੂਲ ਤੋਂ ਬਦਲੀ ਕਰਨੀ ਹੈ। ਸਿੱਖਿਆ ਅਧਿਕਾਰੀਆਂ ਨੇ ਸਕੂਲ ਮੁਖੀ ਨੂੰ ਗੱਲਾਂ ਗੱਲਾਂ ਵਿੱਚ ਇਸ਼ਾਰਾ ਵੀ ਕੀਤਾ ਕਿ ਉਸਦੇ ਵਿਰੁੱਧ ਕੋਈ ਦੋਸ਼ ਨਹੀਂ ਬਣਦਾ, ਪਰ ਉਹ ਉਸਦੇ ਵਿਰੁੱਧ ਲਿਖਣ ਲਈ ਮਜਬੂਰ ਹਨ। ਚੰਗਾ ਹੋਵੇਗਾ ਕਿ ਜੇ ਉਹ ਸ਼ਿਕਾਇਤ ਕਰਨ ਵਾਲੇ ਅਧਿਆਪਕਾਂ ਨਾਲ ਸਮਝੌਤਾ ਕਰ ਲਵੇ। ਸਕੂਲ ਮੁਖੀ ਨੇ ਉਨ੍ਹਾਂ ਉੱਚ ਅਧਿਕਾਰੀਆਂ ਨੂੰ ਕਿਹਾ, ਮੈਂ ਆਪਣੀ ਜ਼ਿੰਦਗੀ 'ਚ ਆਪਣੇ ਸਿਧਾਂਤ ਨਾਲ ਕਦੇ ਸਮਝੌਤਾ ਨਹੀਂ ਕੀਤਾ, ਇਨ੍ਹਾਂ ਕੰਮ-ਚੋਰ ਅਧਿਆਪਕਾਂ ਨਾਲ ਤਾਂ ਸਮਝੌਤਾ ਕਰਨ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ। ਤੁਸੀਂ ਜੋ ਕੁੱਝ ਲਿਖਣਾ ਚਾਹੋ ਲਿਖ ਸਕਦੇ ਹੋ। ਸਿੱਖਿਆ ਅਧਿਕਾਰੀ ਗੱਲ ਕਰ ਹੀ ਰਹੇ ਸਨ ਕਿ ਸਕੂਲ ਦੀਆਂ ਦੋ ਅਧਿਆਪਿਕਾਵਾਂ ਉਨ੍ਹਾਂ ਨੂੰ ਆਕੇ ਕਹਿਣ ਲੱਗੀਆਂ, ਸਰ! ਤੁਸੀਂ ਉਨ੍ਹਾਂ ਕੰਮ-ਚੋਰ ਅਧਿਆਪਕਾਂ ਦੀ ਗੱਲ ਤਾਂ ਸੁਣ ਲਈ, ਬਾਕੀ ਸਟਾਫ ਦੀ ਗੱਲ ਵੀ ਸੁਣ ਲਓ। ਬੜੇ ਸਮੇਂ ਬਾਅਦ ਸਕੂਲ ਨੂੰ ਇੱਕ ਮਿਹਨਤੀ ਸਕੂਲ ਮੁਖੀ ਮਿਲਿਆ ਹੈ। ਸਿੱਖਿਆ ਅਧਿਕਾਰੀਆਂ ਨੂੰ ਗੱਲ ਸਮਝ ਆ ਗਈ। ਉਨ੍ਹਾਂ ਨੇ ਬਾਕੀ ਸਟਾਫ ਦੀ ਵੀ ਗੱਲ ਸੁਣੀ। ਉਹ ਕੰਮ-ਚੋਰ ਅਧਿਆਪਕ ਸਕੂਲ ਮੁਖੀ ਦਾ ਕੁੱਝ ਨਹੀਂ ਬਿਗਾੜ ਸਕੇ। ਉਸ ਸਕੂਲ ਮੁਖੀ ਅਤੇ ਉਨ੍ਹਾਂ ਅਧਿਆਪਕਾਵਾਂ ਦੇ ਕਿਰਦਾਰ ਦੇ ਮਿਆਰ ਦੀ ਮਨੋ ਸ਼ਲਾਘਾ ਕਰਨੀ ਬਣਦੀ ਹੈ।

ਇਸ ਸਮਾਜ ਵਿਚ ਵਿਚਰਦਿਆਂ ਸਾਡਾ ਤਿੰਨ ਕਿਸਮ ਦੇ ਬੰਦਿਆਂ ਨਾਲ ਵਾਹ ਪੈਂਦਾ ਹੈ ਇੱਕ ਕਿਸਮ ਉਨ੍ਹਾਂ ਲੋਕਾਂ ਦੀ ਹੁੰਦੀ ਹੈ, ਜੋ ਦੂਜਿਆਂ ਦੀ ਤਰੱਕੀ ਨੂੰ ਵੇਖ ਕੇ ਮਨੋ ਖੁਸ਼ ਹੁੰਦੇ ਹਨ। ਉਨ੍ਹਾਂ ਵਲੋਂ ਤਰੱਕੀ ਲਈ ਕੀਤੇ ਯਤਨਾਂ ਲਈ ਉਨ੍ਹਾਂ ਦੀ ਪਿੱਠ ਥਾਪੜ ਕੇ ਉਨ੍ਹਾਂ ਨੂੰ ਹੋਰ ਅੱਗੇ ਵੱਧਣ ਲਈ ਉਤਸਾਹਿਤ ਕਰਦੇ ਹਨ। ਅਜਿਹੇ ਲੋਕਾਂ ਦੇ ਕਿਰਦਾਰ ਦਾ ਮਿਆਰ ਉੱਚਾ ਮੰਨਿਆ ਜਾਂਦਾ ਹੈ।

ਇੱਕ ਪਿੰਡ ਦੇ ਸਰਪੰਚ ਨੇ ਆਪਣੇ ਪਿੰਡ ਦੇ ਬਜੁਰਗਾਂ ਦੇ ਬੈਠਣ ਉੱਠਣ ਲਈ ਪੰਚਾਇਤ ਦੀ ਜਗ੍ਹਾ 'ਚ ਦਾਨੀ ਸੱਜਣਾਂ ਤੋਂ ਦਾਨ ਲੈ ਕੇ ਇੱਕ ਆਲੀਸ਼ਾਨ ਕਮਰਾ ਬਣਾਇਆ। ਬਜੁਰਗਾਂ ਦੇ ਮਨੋਰੰਜਨ ਲਈ ਉਸ ਵਿਚ ਟੈਲੀਵਿਜ਼ਨ ਲਗਵਾਇਆ ਤੇ ਪੜ੍ਹਨ ਲਈ ਅਖ਼ਬਾਰ ਵੀ ਲਗਵਾ ਦਿੱਤੀ। ਪਿੰਡ ਵਿਚ ਉਸ ਸਰਪੰਚ ਦੀ ਪ੍ਰਸ਼ੰਸ਼ਾ ਹੋਣ ਲੱਗੀ। ਸਰਪੰਚ ਦੀ ਵਿਰੋਧੀ ਪਾਰਟੀ ਵਾਲੇ ਉਸਦੀ ਪ੍ਰਸ਼ੰਸਾ ਸਹਿ ਨਾ ਸਕੇ। ਉਨ੍ਹਾਂ ਨੇ ਪਿੰਡ 'ਚ ਉਸਦੇ ਵਿਰੁੱਧ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਕਮਰਾ ਬਣਾਉਣ ਲਈ ਇੱਕਠੇ ਕੀਤੇ ਦਾਨ ਦੇ ਪੈਸੇ ਖਾ ਗਿਆ। ਉਹ ਕੁੱਝ ਦੇਰ ਤਾਂ ਚੁੱਪ ਰਿਹਾ ਪਰ ਜਦੋਂ ਵਿਰੋਧੀਆਂ ਵੱਲੋਂ ਉਸਦੇ ਵਿਰੁੱਧ ਬੋਲੇ ਜਾਣ ਵਾਲੇ ਝੂਠ ਦੀ ਹੱਦ ਹੋ ਗਈ ਤਾਂ ਉਸਨੇ ਪੰਚਾਇਤ ਦਾ ਆਮ ਇਜਲਾਸ ਬੁਲਾ ਕੇ ਆਪਣੀ ਵਿਰੋਧੀ ਪਾਰਟੀ ਦੇ ਲੋਕਾਂ ਸਮੇਤ ਸਾਰੇ ਪਿੰਡ ਨੂੰ ਸੱਦਾ ਦਿੱਤਾ। ਉਸ ਇਜਲਾਸ ਵਿੱਚ ਪਿੰਡ ਦੇ ਬਹੁਤ ਸਾਰੇ ਲੋਕ ਹਾਜਰ ਹੋਏ। ਸਰਪੰਚ ਦੇ ਵਿਰੋਧੀ ਵੀ ਉਸ ਇਜਲਾਸ ਵਿਚ ਹਾਜਰ ਸਨ।

ਸਰਪੰਚ ਨੇ ਹਾਜਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ, ਭਰਾਵੋ! ਮੇਰੇ ਵਲੋਂ ਬਣਾਏ ਗਏ ਕਮਰੇ ਦੇ ਹਿਸਾਬ ਦਾ ਰਜਿਸਟਰ ਇਹ ਪਿਆ ਹੈ। ਮੈਂ ਤੁਹਾਡੇ ਸਾਹਮਣੇ ਬੈਠਾ ਹਾਂ। ਤੁਸੀਂ ਇਹ ਸਾਬਤ ਕਰ ਦਿਓ ਕਿ ਮੈਂ ਪੈਸੇ ਖਾਧੇ ਹਨ, ਮੈਂ ਹੁਣੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿਆਂਗਾ। ਵਿਰੋਧੀ ਪਾਰਟੀ ਵਾਲੇ ਤਾਂ ਅਜੇ ਬੋਲਣ ਦੀ ਤਿਆਰੀ ਹੀ ਕਰ ਰਹੇ ਸਨ ਕਿ ਐਨੇ ਨੂੰ ਦੋ ਬਜੁਰਗ ਪੁਰਾਣੇ ਹਾਰੇ ਹੋਏ ਸਰਪੰਚ ਨੂੰ ਸੰਬੋਧਨ ਕਰਦਿਆਂ ਹੋਇਆਂ ਕਹਿਣ ਲੱਗੇ, ਭਾਈ ਸਾਹਿਬ, ਤੁਸੀਂ ਦਸ ਸਾਲ ਸਰਪੰਚ ਰਹੇ ਹੋ, ਤੁਸੀਂ ਦੱਸੋ, ਤੁਸੀਂ ਪਿੰਡ ਵਿੱਚ ਕਿਹੜਾ ਕੰਮ ਕੀਤਾ ਹੈ। ਇਸ ਸਰਪੰਚ ਨੇ ਪਿੰਡ ਦੀ ਨੁਹਾਰ ਬਦਲ ਦਿੱਤੀ ਹੈ। ਅਸੀਂ ਤੁਹਾਨੂੰ ਐਨੇ ਪੈਸੇ ਦਿੰਦੇ ਹਾਂ, ਤੁਸੀਂ ਐਨਾ ਆਲੀਸ਼ਾਨ ਕਮਰਾ ਬਣਵਾ ਦਿਓ। ਇਸ ਸਰਪੰਚ ਨੇ ਬਜੁਰਗਾਂ ਨੂੰ ਜਿਊਣ ਜੋਗਾ ਕਰ ਦਿੱਤਾ ਹੈ। ਪਿਛਲੀ ਵੇਰ ਤਾਂ ਅਸੀਂ ਤੁਹਾਡੀ ਮਦਦ ਕੀਤੀ ਸੀ ਪਰ ਇਸ ਵੇਰ ਅਸੀਂ ਇਸਨੂੰ ਹੀ

ਪਿੰਡ ਦਾ ਸਰਪੰਚ ਬਣਾਵਾਂਗੇ। ਇਹ ਚੁੱਕੋ ਰਜਿਸਟਰ ਕਰੋ ਹਿਸਾਬ ਚੈਕ। ਉਨ੍ਹਾਂ ਬਜੁਰਗਾਂ ਦੀਆਂ ਗੱਲਾਂ ਸੁਣ ਕੇ ਪਿੰਡ ਦੇ ਬਾਕੀ ਲੋਕ ਵੀ ਪਿੰਡ ਦੇ ਨਵੇਂ ਸਰਪੰਚ ਦੇ ਹੱਕ ਵਿੱਚ ਬੋਲ ਪਏ। ਉਸ ਸਰਪੰਚ ਅਤੇ ਉਨ੍ਹਾਂ ਬਜੁਰਗਾਂ ਦੇ ਕਿਰਦਾਰ ਦੇ ਮਿਆਰ ਅੱਗੇ ਹਰ ਇੱਕ ਵਿਅਕਤੀ ਦਾ ਸਿਰ ਝੁਕਦਾ ਹੈ।

ਕੋਈ ਸਮਾਂ ਸੀ ਜਦੋਂ ਸਿਆਸਤ ਦੇ ਖੇਤਰ 'ਚ ਵਿਚਰਦਿਆਂ ਸਿਆਸੀ ਲੋਕ ਆਪਣੀ ਸਾਰੀ ਜ਼ਿੰਦਗੀ ਹੀ ਇੱਕ ਸਿਆਸੀ ਪਾਰਟੀ ਨਾਲ ਰਹਿ ਕੇ ਗੁਜਾਰ ਦਿੰਦੇ ਸਨ। ਉਹ ਸਿਆਸੀ ਪਾਰਟੀ ਦੀ ਸੱਤਾ ਨਾਲ ਨਹੀਂ ਸਗੋਂ ਵਿਚਾਰਧਾਰਾ ਨਾਲ ਜੁੜੇ ਹੁੰਦੇ ਸਨ। ਪਰ ਅਜੋਕੇ ਸਮੇਂ 'ਚ ਸਿਆਸੀ ਲੋਕ ਪਾਰਟੀ ਦੀ ਵਿਚਾਰਧਾਰਾ ਨਹੀਂ, ਸਗੋਂ ਉਸਦੀ ਸੱਤਾ ਵੇਖ ਕੇ ਉਸ ਵਿੱਚ ਰਹਿੰਦੇ ਹਨ, ਇਸੇ ਲਈ ਉਹ ਕਈ ਕਈ ਪਾਰਟੀਆਂ ਬਦਲ ਲੈਂਦੇ ਹਨ। ਇੱਕ ਆਜ਼ਾਦ ਰੂਪ 'ਚ ਚੋਣ ਜਿੱਤੇ ਵਿਧਾਇਕ ਨੂੰ ਇੱਕ ਸੂਬੇ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਉਨ੍ਹਾਂ ਦੀ ਪਾਰਟੀ 'ਚ ਆ ਜਾਵੇ, ਉਸਨੂੰ ਉਪ ਮੁੱਖ ਮੰਤਰੀ ਬਣਾ ਦਿਆਂਗੇ। ਵਿਧਾਇਕ ਨੇ ਕਿਹਾ, ਮੁੱਖ ਮੰਤਰੀ ਸਾਹਿਬ, ਲੋਕਾਂ ਨੇ ਮੈਨੂੰ ਤੁਹਾਡੀ ਪਾਰਟੀ ਦੇ ਵਿਰੁੱਧ ਫਤਵਾ ਦੇ ਕੇ ਵਿਧਾਇਕ ਬਣਾਇਆ ਹੈ, ਮੈਂ ਆਪਣੇ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਕਿਵੇਂ ਤੋੜ ਦਿਆਂ? ਰਹੀ ਗੱਲ ਉਪ ਮੁੱਖ ਮੰਤਰੀ ਬਣਨ ਦੀ, ਉਪ ਮੁੱਖ ਮੰਤਰੀ ਦੇ ਅਹੁਦੇ ਨਾਲੋਂ ਲੋਕਾਂ ਦੇ ਵਿਸ਼ਵਾਸ ਦਾ ਅਹੁਦਾ ਵੱਡਾ ਹੈ। ਉਸ ਅਜਾਦ ਵਿਧਾਇਕ ਦੇ ਕਿਰਦਾਰ ਦੇ ਮਿਆਰ ਤੋਂ ਸਿਆਸੀ ਲੋਕਾਂ ਨੂੰ ਸਿੱਖਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਦੇ ਕਿਰਦਾਰ ਦਾ ਮਿਆਰ ਉੱਚਾ ਹੁੰਦਾ ਹੈ, ਲੋਕ ਉਨ੍ਹਾਂ ਦੀ ਜਿੰਨੀ ਮਰਜੀ ਆਲੋਚਨਾ ਕਰੀ ਜਾਣ, ਉਹ ਲੋਕਾਂ ਦੇ ਮਨਾਂ ਵਿਚ ਵਸੇ ਰਹਿੰਦੇ ਹਨ ਅਤੇ ਮਰਨ ਤੋਂ ਬਾਅਦ ਵੀ ਜਿਉਂਦੇ ਰਹਿੰਦੇ ਹਨ।

*-ਪ੍ਰਿੰਸੀਪਲ ਵਿਜੈ ਕੁਮਾਰ*




ਮਾਧਵ ਨਗਰ ਨੰਗਲ ਟਾਊਨ ਸ਼ਿਪ

ੴ ਸਤਿਗੁਰ ਪ੍ਰਸਾਦਿ॥

ਸਤਿਗੁਰੂ ਨਾਨਕ ਪਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

ਜਗਤ ਜਲੰਦੇ ਨੂੰ ਤਾਰਣ ਲਈ, ਵਹਿਮਾਂ-ਭਰਮਾਂ 'ਚੋਂ ਕੱਢ ਕੇ ਸੱਚ ਹੱਕ ਦਾ ਹੋਕਾ ਦੇ ਕੇ ਜਗਾਉਣ ਆਈ ਨਿਰੰਕਾਰੀ ਜੋਤ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਮੂਹ ਸੰਗਤ ਨੂੰ

# ਲੱਖ ਲੱਖ ਵਧਾਈ




## ਵਲੋਂ: ਗੁਰਮੀਤ ਸਿੰਘ ਜੋਸਨ ਅਤੇ ਜੋਸਨ ਪਰਿਵਾਰ

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥

ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ



*ਆਓ, ਸਾਰੇ ਰਲ ਕੇ ਬਾਬੇ ਨਾਨਕ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਈਏ ਤੇ ਇਸ ਦੁਨੀਆਂ ਨੂੰ ਬਿਹਤਰ ਬਣਾਈਏ*

## ਸੁਖਪਾਲ ਸਿੰਘ ਚੰਦੀ ਅਤੇ ਪਰਿਵਾਰ

E-Mail: sukhpalchandi1991@gmail.com

# ਹਰਪ੍ਰੀਤ ਸੇਖਾ ਦੀ 'ਲੂਣਦਾਨੀ'

ਕਲਾ ਪਰਿਕਰਮਾ

ਹਰਪ੍ਰੀਤ ਸੇਖਾ ਦਾ ਤਾਜ਼ਾ ਕਹਾਣੀ ਸੰਗ੍ਰਹਿ 'ਲੂਣਦਾਨੀ' ਪੜ੍ਹ ਕੇ ਹਟੀ ਹਾਂ। ਪੜ੍ਹਨਾ ਸ਼ੁਰੂ ਕਰਨ ਸਾਰ ਹੀ ਮਨ 'ਚ ਸੀ ਕਿ 'ਲੂਣਦਾਨੀ' ਸਿਰਲੇਖ ਵਾਲੀ ਕਹਾਣੀ ਸਭ ਤੋਂ ਪਹਿਲਾਂ ਪੜ੍ਹਾਂਗੀ; ਮੈਨੂੰ ਲੱਗਦਾ ਸੀ ਕਿ ਆਮ ਕਰ ਕੇ ਕਹਾਣੀਕਾਰ ਸਭ ਤੋਂ ਵੱਧ ਮਹੱਤਵਪੂਰਨ ਕਹਾਣੀ ਦੇ ਸਿਰਲੇਖ 'ਤੇ ਹੀ ਆਪਣੀ ਕਿਤਾਬ ਦਾ ਸਿਰਲੇਖ ਲਿਖ ਦਿੰਦੇ ਹਨ। ਤਤਕਰਾ ਦੇਖਿਆ ਤਾਂ 9 ਕਹਾਣੀਆਂ ਵਿਚੋਂ 'ਲੂਣਦਾਨੀ' ਕਿਤੇ ਵੀ ਨਹੀਂ ਸੀ। ਫਿਰ ਤਸੱਲੀ ਨਾਲ ਇੱਕ-ਇੱਕ ਕਹਾਣੀ ਪੜ੍ਹਨੀ ਸ਼ੁਰੂ ਕੀਤੀ; ਕਿਤਾਬ ਖਤਮ ਕੀਤੀ 'ਲੂਣਦਾਨੀ' ਦਾ ਤਾਂ ਕਿਤੇ ਜ਼ਿਕਰ ਤੱਕ




**ਨਵਜੋਤ ਢਿੱਲੋਂ**

ਨਹੀਂ ਸੀ। ਕਿਤਾਬ ਦਾ ਟਾਈਟਲ ਗ਼ੌਰ ਨਾਲ ਦੇਖਿਆ ਤਾਂ 'ਲੂਣਦਾਨੀ' ਮਿਲ ਗਈ!

ਫਿਰ ਸੋਚਾਂ ਕਿ ਅਸੀਂ ਟਾਈਟਲ ਨੂੰ ਇੰਨਾ ਹਲਕੇ 'ਚ ਕਿਉਂ ਲੈ ਲੈਂਦੇ ਹਾਂ। ਆਪਣੇ ਘਰ ਦੀ 'ਲੂਣਦਾਨੀ' ਕਦੇ ਖੋਲ੍ਹ ਕੇ ਦੇਖਦੇ ਹਾਂ ਤਾਂ ਲੂਣ-ਮਿਰਚ-ਮਸਾਲਿਆਂ ਦੀਆਂ ਆਪੋ-ਆਪਣੀਆਂ ਡੱਬੀਆਂ 'ਚੋਂ ਬਾਹਰ ਡੁੱਲ੍ਹ-ਡੁੱਲ੍ਹ ਕੇ ਬਹੁਤ ਕੁਝ ਪਿਆ ਹੁੰਦਾ, ਖਿਲਰਿਆ ਹੁੰਦਾ, ਉਹ ਅਸੀ ਜਾਣ-ਬੁੱਝ ਕੇ ਨਹੀਂ ਕਰਦੇ ਹੁੰਦੇ। ਕਦੀ ਸਾਡੀ ਅਣਗਹਿਲੀ ਨਾਲ ਹੋ ਜਾਂਦਾ, ਕਦੀ ਬਹੁਤ ਸਾਵਧਾਨ ਰਹਿਣ ਦੇ ਬਾਵਜੂਦ ਹੋ ਜਾਂਦਾ ਪਰ ਉਹ ਅਜਿਹਾ ਮਿਸ਼ਰਣ ਬਣ ਜਾਂਦਾ ਕਿ ਉਸ ਨੂੰ ਅੱਡ-ਅੱਡ ਕਰਨਾ ਅਸੰਭਵ ਹੁੰਦਾ। ਕਈ ਲੋਕ ਉਸ ਮਿਸ਼ਰਣ ਨੂੰ ਬੜੀ ਸਿਆਣਪ ਨਾਲ ਵਰਤ ਲੈਂਦੇ ਹਨ, ਤੇ ਕਈਆਂ ਨੂੰ ਲਗਦਾ ਹੁੰਦਾ ਕਿ ਇਸ ਨੂੰ ਕੂੜੇ 'ਚ ਸੁੱਟਣ ਜਾਂ 'ਸਿੰਕ' 'ਚ ਰੋੜ੍ਹ ਦੇਣ ਤੋਂ ਬਿਨਾ ਕੋਈ ਚਾਰਾ ਨਹੀਂ ਹੈ।

ਖ਼ੈਰ! ਲੂਣਦਾਨੀ ਨੂੰ ਸਮੇਂ ਸਮੇਂ 'ਤੇ ਸਾਫ਼ ਕਰਨਾ ਪੈਂਦਾ; ਨਹੀਂ ਤਾਂ ਉਸ 'ਚ ਪਿਆ ਖਿਲਾਰਾ ਤੁਹਾਨੂੰ ਤੰਗ ਕਰਦਾ, ਪਰੇਸ਼ਾਨ ਕਰਦਾ। ਹਰਪ੍ਰੀਤ ਸੇਖਾ ਦੀ 'ਲੂਣਦਾਨੀ' 'ਚ ਪਈਆਂ ਕਹਾਣੀਆਂ ਸਾਡੇ ਰਿਸ਼ਤਿਆਂ ਦੀ ਲੂਣਦਾਨੀ ਦੀ ਤਸਵੀਰ ਪੇਸ਼ ਕਰ ਰਹੀਆ ਹਨ, ਉਹ ਰਿਸ਼ਤੇ ਜਦ ਆਪੋ-ਆਪਣੀਆਂ ਡੱਬੀਆਂ 'ਚ ਹੁੰਦੇ ਹਨ, ਕਿੰਨੇ ਸਾਫ਼-ਸੁਥਰੇ ਹੁੰਦੇ ਹਨ। ਬਹੁਤ ਪਿਆਰੇ। ਸੁਰੱਖਿਅਤ ਤੇ ਖ਼ੂਬਸੂਰਤ ਲੱਗਦੇ ਹਨ, ਸੁਆਦਲ਼ੇ ਪ੍ਰਤੀਤ ਹੁੰਦੇ ਹਨ ਪਰ ਜਦੋਂ ਡੋਲਦੇ ਹਨ, ਡੁੱਲ੍ਹ ਜਾਂਦੇ ਹਨ, ਡੋਲ ਜਾਂਦੇ ਹਨ; ਜਾਂ ਡੁੱਲ੍ਹ ਜਾਂਦੇ ਹਨ ਤਾਂ ਉਹ ਤੁਹਾਨੂੰ ਡੋਬ ਦਿੰਦੇ ਨੇ, ਜਾਂ ਤੁਸੀਂ ਉਨ੍ਹਾਂ ਨੂੰ ਡੋਬ ਦਿੰਦੇ ਹੋ, ਜਾਂ ਉਹ ਆਪੇ ਡੁੱਬ-ਮਰ ਜਾਂਦੇ ਨੇ।

'ਉਹ ਰਾਤ', 'ਮੋਹਜਾਲ, 'ਰੀਟ੍ਰੀਟ', 'ਗੁੰਮ ਪੰਨੇ', 'ਸਕੰਕ', ਵਰਗੀਆਂ ਕਹਾਣੀਆਂ ਵਿਚ ਰਿਸ਼ਤਿਆਂ ਦੇ ਵੱਖ-ਵੱਖ ਰੰਗ 'ਲੂਣਦਾਨੀ' ਵਿਚਲੇ ਰੰਗਾਂ ਵਰਗੇ ਹਨ। ਅਫ਼ਸੋਸ ਕਿ ਲੂਣਦਾਨੀ ਵਿਚਲੇ ਰੰਗਾਂ ਨੂੰ ਦੇਖ ਕੇ ਸਾਨੂੰ ਕਦੀ ਵੀ ਉਹ ਖ਼ੁਸ਼ੀ ਨਹੀਂ ਮਿਲਦੀ ਜਿਹੜੀ ਸਤਰੰਗ ਜਾਂ ਸਤਰੰਗੀ ਪੀਂਘ ਦੇਖ ਕੇ ਮਹਿਸੂਸ ਹੁੰਦੀ ਹੈ ਪਰ ਮੈਨੂੰ




*'ਲੂਣਦਾਨੀ' ਦਾ ਮੁਖੜਾ।*




*ਹਰਪ੍ਰੀਤ ਸੇਖਾ*

'ਲੂਣਦਾਨੀ' ਵਿਚਲੀ ਕਹਾਣੀ 'ਕਮੈਂਸਮੈਂਟ' ਪੜ੍ਹਦਿਆਂ ਉਹ ਸਤਰੰਗੀ ਪੀਂਘ ਦੇਖਣ ਵਾਲੀ ਖ਼ੁਸ਼ੀ ਵੀ ਹਾਸਲ ਹੋ ਗਈ। ਇਸ ਵਿਚ ਹਮਜਿਨਸੀ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਦਰਮਿਆਨ ਰਿਸ਼ਤਿਆਂ ਦੇ ਰੰਗ ਦਾ ਜਿਹੜਾ 'ਸ਼ੇਡ' ਹਰਪ੍ਰੀਤ ਸੇਖਾ ਨੇ ਉਘਾੜਿਆ ਹੈ, ਉਹ ਦੇਖ ਕੇ ਆਸ ਬੱਝੀ ਹੈ ਕਿ ਅਸੀਂ ਇਨਸਾਨ ਬਣਨ ਦੀ ਰਾਹ 'ਤੇ ਹਾਂ, ਹੌਲੀ-ਹੌਲੀ ਪੂਰੇ ਇਨਸਾਨ ਬਣ ਜਾਵਾਂਗੇ।

'ਬੇਵਿਸਾਹੀ ਦੀ ਰੁੱਤ', 'ਮੋਹਜਾਲ', 'ਗੁੰਮ ਪੰਨੇ' , ''ਕਮੈਂਸਮੈਂਟ' ਅਤੇ 'ਸਕੰਕ' ਵਰਗੀਆਂ ਕਹਾਣੀਆਂ ਵਿਚ ਮੁੱਖ ਪਾਤਰ ਕੈਨੇਡੀਅਨ ਨੌਜਵਾਨ ਮੁੰਡੇ-ਕੁੜੀਆਂ ਹਨ। ਹਰਪ੍ਰੀਤ ਸੇਖਾ ਨੇ ਉਹਨਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਮਨੋਦਸ਼ਾ ਨੂੰ ਬਹੁਤ ਡੂੰਘਾਈ ਨਾਲ ਪੜ੍ਹਨ ਤੇ ਫੜਨ ਦੀ ਕਾਮਯਾਬ ਕੋਸ਼ਿਸ਼ ਕੀਤੀ ਹੈ। 'ਬੇਵਿਸਾਹੀ ਦੀ ਰੁੱਤ' ਕਹਾਣੀ ਜਦੋਂ 'ਸਿਰਜਣਾ' ਮੈਗਜ਼ੀਨ 'ਚ ਛਪੀ ਸੀ ਤਾਂ ਮੈਂ ਉਸ ਬਾਰੇ ਬਹੁਤ ਵਿਸਥਾਰ 'ਚ ਲਿਖਿਆ ਸੀ। ਮੈਟਰੋ ਵੈਨਕੂਵਰ 'ਚ ਗੈਂਗਵਾਰ, ਨਸ਼ਿਆਂ ਦੇ ਵਪਾਰ, ਡਰੱਗ ਓਵਰਡੋਜ਼ ਕਾਰਨ ਹੁੰਦੀਆਂ ਮੌਤਾਂ, ਮਾਪਿਆਂ ਦੀ ਆਪਣੇ ਜਵਾਨ ਹੋ ਰਹੇ ਬੱਚਿਆਂ ਲਈ ਫਿਕਰਮੰਦੀ ਤੇ ਬੇਵਿਸਾਹੀ, ਕੰਮਾਂ ਦੇ ਤਾਣੇ-ਬਾਣੇ, ਨੌਜਵਾਨਾਂ ਦੀਆਂ ਮਾਨਸਿਕ ਉਲਝਣਾਂ, ਤਣਾਅ, ਪਛਾਣ ਅਤੇ ਹੋਂਦ ਲਈ ਜੱਦੋ-ਜਹਿਦ ਦੇ ਮਸਲਿਆਂ ਤੋਂ ਇਲਾਵਾ ਇਸ ਕਹਾਣੀ ਵਿਚ ਹੋਰ ਬਹੁਤ ਕੁਝ ਹੈ ਜੋ ਇਸ ਕਹਾਣੀ ਦੇ ਪਾਤਰ ਹੰਢਾ ਰਹੇ ਹਨ। ਕਹਾਣੀ ਪੜ੍ਹਦੇ ਵਕਤ ਤੁਸੀਂ ਝੱਟ ਪਛਾਣ ਲੈਂਦੇ ਹੋ ਕਿ ਤੁਸੀਂ ਕਿਹੜਾ ਪਾਤਰ ਹੋ; ਮੈਨੂੰ ਪੱਕਾ ਵਿਸ਼ਵਾਸ ਹੈ ਕਿ ਇਸ ਕਹਾਣੀ 'ਚੋਂ ਤੁਸੀਂ ਆਪਣੇ ਆਪ ਨੂੰ ਪਾਤਰ ਵਜੋਂ ਪਛਾਣਦਿਆਂ ਦੇਰ ਨਹੀਂ ਲਾਉਣੀ। ਜਦੋਂ ਮੈਂ ਪਹਿਲੀ ਵਾਰ ਇਹ ਕਹਾਣੀ ਪੜ੍ਹੀ ਸੀ ਤਾਂ ਇੱਕ ਅਸਲ ਕਹਾਣੀ ਵੀ ਨਾਲੋ-ਨਾਲ ਵਾਪਰ ਰਹੀ ਸੀ ਅਤੇ ਮੈਂ ਉਸ ਵੇਲੇ 'ਕਹਾਣੀ 'ਚੋਂ ਕਹਾਣੀ' ਸਿਰਲੇਖ ਵਾਲੀ ਪੋਸਟ ਪਾਈ ਸੀ।

'ਵਿਰਾਸਤ' ਅਤੇ 'ਵੀਡਜ਼' ਕਹਾਣੀਆਂ ਕੈਨੇਡਾ 'ਚ ਕੰਮਾਂ 'ਤੇ ਚਲਦੇ ਵਰਤਾਰਿਆਂ ਨਾਲ ਸਬੰਧਿਤ ਹਨ। 'ਵੀਡਜ਼' ਕਹਾਣੀ ਮੇਰੇ ਦਿਲ 'ਤੇ ਡੂੰਘੀ ਛਪ ਗਈ ਹੈ ਕਿਉਂਕਿ ਇਹ ਰੇਡੀਓ ਨਾਲ ਜੁੜੀ ਹੋਈ ਕਹਾਣੀ ਹੈ ਅਤੇ ਇਸ ਵਿਚਲਾ ਸਾਰਾ ਘਟਨਾਕ੍ਰਮ ਮੈਂ ਪ੍ਰਤੱਖ ਰੂਪ 'ਚ ਦੇਖ ਸਕਦੀ ਹਾਂ, ਮਹਿਸੂਸ ਕਰ ਸਕਦੀ ਹਾਂ ਕਿਉਂਕਿ ਮੈਨੂੰ ਰੇਡੀਓ 'ਚ ਕੰਮ ਕਰਨ ਦਾ 27 ਸਾਲ ਦਾ ਤਜਰਬਾ ਹੋ ਚੁੱਕਾ ਹੈ ਅਤੇ ਇਸ ਤਜਰਬੇ 'ਚੋਂ 17 ਸਾਲ ਕੈਨੇਡਾ ਦੇ ਹਨ। 'ਵੀਡਜ਼' 'ਚ ਦਿਖਾਇਆ ਗਿਆ ਹੈ ਕਿ ਲੋਕ ਹਿੱਤਾਂ ਲਈ ਕੰਮ ਕਰਨ ਦੇ ਚਾਹਵਾਨ ਰੇਡੀਓ ਮੇਜ਼ਬਾਨਾਂ/ਨਿਊਜ਼ ਡਾਇਰੈਕਟਰਾਂ ਨੂੰ ਲੋਕ ਹਿੱਤ ਅੱਖੋਂ ਓਹਲੇ ਕਰ ਕੇ ਕਿਵੇਂ ਰੇਡੀਓ ਮਾਲਕਾਂ-ਚਾਲਕਾਂ ਮੂਹਰੇ ਚੁੱਪ ਕਰਨਾ ਪੈਂਦਾ, ਜਦਕਿ ਸਰੋਤੇ ਉਨ੍ਹਾਂ ਦੀ 'ਬੁਲੰਦ ਆਵਾਜ਼' ਦਾ ਮਾਲਕ ਹੋਣ ਦਾ ਭੁਲੇਖਾ ਸਿਰਜੀ ਬੈਠੇ ਹੁੰਦੇ ਹਨ। ਰੇਡੀਓ ਦੇ ਮਾਲਕ-ਚਾਲਕ ਉਨ੍ਹਾਂ ਵਪਾਰਕ ਅਦਾਰਿਆਂ ਦੀਆਂ ਉਂਗਲਾਂ 'ਤੇ ਨੱਚਦੇ ਹਨ ਜਿਹੜੇ ਉਹਨਾਂ ਨੂੰ ਮਸ਼ਹੂਰੀਆਂ ਕਰਨ ਲਈ ਮੋਟੀਆਂ ਰਕਮਾਂ ਦੇ ਨਾਲ-ਨਾਲ ਹੋਰ 'ਲਾਹੇ' ਵੀ ਵਾਧੂ ਹੀ ਦਿੰਦੇ ਹਨ। ਕਮਿਨਿਊਟੀ ਦੇ ਨਾਂ 'ਤੇ ਰੇਡੀਓਜ਼ ਲੈਣ ਅਤੇ ਚਲਾਉਣ ਵਾਲੇ ਨਾ ਸਿਰਫ਼ ਖ਼ੁਦ ਵਪਾਰੀਆਂ ਅਤੇ ਰਾਜਨੀਤਕ ਲੋਕਾਂ ਦੀ ਬੀਨ 'ਤੇ ਮੇਲ੍ਹਦੇ ਹਨ ਸਗੋਂ ਉਹ ਰੇਡੀਓ ਮੇਜ਼ਬਾਨਾਂ ਨੂੰ ਵੀ ਅਜਿਹਾ ਕਰਨ ਲਈ ਮਜਬੂਰ ਕਰਦੇ ਹਨ। ਇਹ ਕਹਾਣੀ ਉਨ੍ਹਾਂ ਮੀਡੀਆਕਾਰਾਂ ਅਤੇ ਸਰੋਤਿਆਂ-ਦਰਸ਼ਕਾਂ ਵਲੋਂ ਜ਼ਰੂਰ ਪੜ੍ਹੀ ਜਾਣੀ ਚਾਹੀਦੀ ਹੈ ਜਿਹੜੇ ਸ਼ੀਸ਼ਾ ਦੇਖਣ ਦੇ ਚਾਹਵਾਨ ਹਨ।

ਹਰਪ੍ਰੀਤ ਸੇਖਾ ਬਹੁਤ ਸੰਵੇਦਨਸ਼ੀਲ ਕਹਾਣੀਕਾਰ ਹਨ। ਉਨ੍ਹਾਂ ਨੇ ਆਪਣੀਆਂ ਕਹਾਣੀਆਂ ਵਿਚ ਜਿੱਥੇ ਅਣਗਿਣਤ ਸਵਾਲ ਖੜ੍ਹੇ ਕੀਤੇ ਹਨ, ਉੱਥੇ ਸੰਕੇਤਕ ਰੂਪ 'ਚ ਕੁਝ ਜੁਆਬ ਵੀ ਪੇਸ਼ ਕੀਤੇ ਹਨ। 'ਲੂਣਦਾਨੀ' ਲਿਖਣ ਲਈ ਉਨ੍ਹਾਂ ਨੂੰ ਮੁਬਾਰਕਬਾਦ ਅਤੇ ਪੰਜਾਬੀ ਪਾਠਕਾਂ ਨੂੰ ਵੀ ਮੁਬਾਰਕਾਂ ਕਿਉਂਕਿ ਉਨ੍ਹਾਂ ਕੋਲ ਅਜਿਹੀ ਕਿਤਾਬ ਪੁੱਜ ਗਈ ਹੈ ਜਿਹੜੀ ਉਨ੍ਹਾਂ ਦੀ ਸੋਚ ਅਤੇ ਤਜਰਬੇ ਨੂੰ ਹੋਰ ਵਿਸ਼ਾਲ ਕਰੇਗੀ।




*ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ ਦੇ ਪਹਿਲਾਂ ਛਪੇ ਕਹਾਣੀ ਸੰਗ੍ਰਹਿਆਂ ਦੇ ਮੁਖੜੇ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਦਸੰਬਰ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-614



*ਗੁਰੂ ਜੀ ਸਿੱਖੀ ਖੰਡਿਉਂ ਤਿੱਖੀ, ਤੇ ਨਵੀਂ ਪਨੀਰੀ ਲਾਈਂ,*
*ਪੜ੍ਹ ਲਿਖ ਕੇ ਸਮਾਜ ਦੀ ਸੇਵਾ, ਚੰਗੇ ਕਿਰਦਾਰ ਬਣਾਈਂ!*
*ਪ੍ਰਭ-ਸਿਮਰਨ ਧਰਮ ਦੇ ਪੱਕੇ, ਤੂੰ ਆਚਰਣ ਪੱਲੇ ਪਾਈਂ,*
*ਸ਼ਾਲਾ! ਵਧੇ ਫੁੱਲੇ ਨਿਸ ਦਿਨ, ਚੜ੍ਹਦੀ ਕਲਾ ਦਿਖਾਈਂ!*

## ਕੈਪਸ਼ਨ ਮੁਕਾਬਲਾ-612



ਆਪਣੀ ਲੁੱਟ ਮਚਾਵਣ ਖਾਤਰ
ਜਦ ਜਰਵਾਣਾ ਧੌਂਸ ਜਮਾਵੇ।
ਹੱਦ ਜ਼ੁਲਮ ਦੀ ਕਰ ਦਿੰਦਾ ਹੈ
ਬੱਚਿਆਂ 'ਤੇ ਵੀ ਤਰਸ ਨਾ ਖਾਵੇ।
ਪਰ ਹੰਕਾਰੀ ਭੁੱਲ ਜਾਂਦਾ ਹੈ
ਵਕਤ ਹਮੇਸ਼ਾ ਪਲਟਾ ਖਾਵੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਮਾਨਵਤਾ ਦੇ ਦੁਸ਼ਮਣ ਲੋਕਾਂ ਨੇ,
ਕਿੰਨਾ ਮਚਾਇਆ ਹੈ ਕਹਿਰ,
ਮਲਬੇ ਦੇ ਵਿਚ ਬਦਲ ਦਿੱਤਾ ਹੈ,
ਇੱਕ ਹੱਸਦਾ ਵੱਸਦਾ ਸ਼ਹਿਰ।
ਅਣਗਿਣਤ ਮਾਸੂਮ ਨੇ ਥੱਲੇ ਦੱਬੇ,
ਬੰਬਾਂ ਕੀਤੇ ਹਜ਼ਾਰਾਂ ਅਨਾਥ,
ਦਇਆ ਵਾਲ਼ੇ ਹਮਦਰਦੀ ਹਾਲੇ,
ਕੱਢ ਬੱਚਿਆਂ ਨੂੰ ਦਿੰਦੇ ਸਾਥ।
***-ਸੇਵਾ ਸਿੰਘ ਨੂਰਪੁਰੀ***

---

ਸਰਮਾਏਦਾਰਾਨਾ ਘੋਰ ਮੁਜਰਮਾਨਾ
ਘਰ-ਬਾਰ ਢਹਿ-ਢੇਰੀ
ਮਲਬਾ ਹੀ ਮਲਬਾ, ਦੱਬੇ ਬਹੁਤੇ ਥੱਲੇ
ਬੱਚੇ ਜਿਉਂਦੇ ਹੀ ਖਤਰੇ ਦੇ ਸਾਏ ਹੇਠ
ਜੂਝ ਰਿਹਾ ਫਲਸਤੀਨ ਭਾਂਬੜ ਬਲ ਰਹੇ
ਜਿਸ ਡੋਡੀ ਨੇ ਫੁੱਲ ਬਣਨਾ ਸੀ
ਮਸਲ ਮਸਲ ਰੋਲ ਦਿੱਤਾ ਜਾ ਰਿਹਾ
ਆਪਣਾ ਘਰ, ਆਪਣਾ ਖਿੱਤਾ
ਖਿੱਚ ਧੂਹ ਬਾਹਰ ਕੱਢਿਆ ਜਾ ਰਿਹਾ।
ਲੜੂ ਮਰੂ ਨਾ
ਤਾਂ ਹੋਰ ਕੀ ਕਰੂ
ਬਿਨ ਆਇਆਂ ਮੌਤੇ ਮਰਨਾ
ਸਵਾਲੀਆ ਫ਼ਿਕਰਾ ਹੈ।
***-ਦਰਸ਼ਨ ਪਾਲ ਦੋਸਾਂਝ।***

## ਹੱਕ ਪਰਾਇਆ

ਤੁਰ ਪਿਆ ਬਾਬਾ ਸੋਧਣ ਲੁਕਾਈ।
ਛੱਡ ਘਰ ਬਾਰ ਮਾਪੇ ਤੇ ਲੁਗਾਈ।
ਸੰਨ ਪੰਦਰਾਂ ਸੌ ਤੋਂ ਉਦਾਸੀ ਭਰੀ।
ਪੂਰਬ ਦਿਸ਼ਾ ਤੁਰੇ ਮੂੰਹ ਸੀ ਕਰੀ।
ਚੱਲ ਪਏ ਲੈ ਮਰਦਾਨੇ ਨੂੰ ਸੰਗ।
ਜਿੱਤਣ ਕਰਮ ਕਾਂਡ ਵਾਲੀ ਜੰਗ।
ਸੋਧਣ ਵਹਿਮ, ਭਰਮ ਪਖੰਡ।
ਮੁਕਾਉਣ ਭੇਦ ਭਾਵ ਵਾਲੀ ਡੰਡ।

ਪਹਿਲੇ ਗਏ ਏਮਨਾਬਾਦ ਨਗਰ।
ਠਹਿਰੇ ਜਾ ਭਾਈ ਲਾਲੋ ਦੇ ਘਰ।
ਰਹਿੰਦਾ ਸੀ ਉੱਥੇ ਭਾਗੋ ਹੰਕਾਰੀ।
ਲੁੱਟਦਾ ਕਿਰਤ ਕਾਮੇ ਦੀ ਭਾਰੀ।
ਭਾਰਾ ਉਨ੍ਹੇ ਸੀ ਯੱਗ ਰਚਾਇਆ।
ਬਾਬੇ ਤਾਈਂ ਸੀ ਸੱਦ ਬੁਲਾਇਆ।
ਸਾਧ ਸੰਤ ਨੂੰ ਸੀ ਵੱਡੀ ਦਾਅਵਤ।
ਨਾਲ ਗਰੀਬਾਂ ਸੀ ਨਹੀ ਮੁਹੱਬਤ।

ਚੱਲਦਾ ਯੱਗ ਪਰ ਗੁਰੂ ਨਾ ਪਹੁੰਚੇ।
ਕੋਧਰੇ ਦੀ ਖਾ ਸੀ ਬੱਸ ਰਸ ਭੁੰਚੇ।
ਭਾਗੋ ਡਾਢਾ ਗੁੱਸੇ 'ਚ ਫਿਰ ਆਵੇ।
ਝੱਟ ਬਾਬੇ ਤਾਈਂ ਉਹ ਸੱਦ ਬੁਲਾਵੇ।

"ਰੁੱਖੀ ਮਿੱਸੀ ਕਿਉਂ ਲਾਲੋ ਦੀ ਖਾਵੋ।
ਕਿਉਂ ਖੀਰ ਪੂੜੇ ਤੁਸੀਂ ਮੇਰੇ ਠੁਕਰਾਵੋ?
ਕਾਹਤੋਂ ਗਈ ਹੈ ਤੁਹਾਡੀ ਮੱਤ ਮਾਰੀ?"
ਆਖਿਆ ਇੰਝ ਭਾਗੋ ਨੇ ਹੋ ਹੰਕਾਰੀ।

ਪਰ ਬਾਬਾ ਬੈਠੇ ਰਹੇ ਸੀ ਸ਼ਾਂਤ ਸੁਭਾਅ।
ਆਖਣ ਚੱਲ ਭਾਈ ਤੂੰ ਵੀ ਲੈ ਆ।
ਇੱਕ ਹੱਥ ਲਾਲੋ ਦੀ ਫੜੀ ਸੀ ਰੋਟੀ।
ਦੂਜੇ ਹੱਥ ਹੱਕ-ਮਾਰ ਕਮਾਈ ਖੋਟੀ।
ਫਿਰ ਬਾਬੇ ਨੇ ਸੁਣੋ ਬਚਨ ਫੁਰਮਾਏ।
ਦੋਹਾਂ ਵਿੱਚ ਕੀ ਸੀ ਫਰਕ ਸਮਝਾਏ।
ਸੁੱਚੀ ਕਿਰਤ ਵਾਲ਼ੀ ਜਾਪਦੀ ਅੰਮ੍ਰਿਤ।
ਨਿਰੀ ਜ਼ਹਿਰ ਲੁੱਟ ਵਾਲ਼ੀ ਸੀ ਕਿਰਤ।

ਮਾਰ ਕੇ ਹੱਕ ਜੋ ਦੂਜੇ ਦਾ ਖਾ ਜਾਵੇ।
ਸੱਚਾ ਹਿੰਦੂ ਮੁਸਲਿਮ ਨ ਕਦੇ ਕਹਾਵੇ।
ਇੰਵ ਸੱਚੇ ਕਾਮੇ ਸੀ ਮੁੱਢੋਂ ਵਡਿਆਏ।
ਮਲਕ ਭਾਗੋ ਜਿਹੇ ਦੇ ਹੰਕਾਰ ਦੁੜਾਏ।
ਹੱਕ ਪਰਾਇਆ ਦੱਸੇ ਜ਼ਹਿਰ ਹਮੇਸ਼।
ਚਹੁੰ ਵਰਨਾਂ ਨੂੰ ਦਿੱਤਾ ਸੀ ਉਪਦੇਸ਼।
ਸਾਂਝੀਵਾਲਤਾ ਦਾ ਸਭ ਨੂੰ ਦੇਹ ਸੰਦੇਸ਼।
ਬਾਬਾ ਨਾਨਕ ਸੀ ਬੜਾ ਦੂਰ ਅੰਦੇਸ਼।
**– ਸੇਵਾ ਸਿੰਘ" ਨੂਰਪੁਰੀ"**

# ਹਾਅ ਦਾ ਨਾਅਰਾ: ਗਾਜ਼ਾ ਦੇ ਬੱਚਿਆਂ ਦੇ ਨਾਂ ਚਿੱਠੀ

***ਉੱਘੇ ਅਮਰੀਕਨ ਪੱਤਰਕਾਰ, ਤਬਸਰਾਕਾਰ ਅਤੇ ਦਰਜਨਾਂ ਕਿਤਾਬਾਂ ਦੇ ਲੇਖਕ ਕ੍ਰਿਸ ਹੈਜਸ ਦੀ ਇਹ ਚਿੱਠੀ ਬਹੁਤ ਮਾਰਮਿਕ ਹੈ। ਇਸ ਵਿਚ ਜੰਗ ਕਾਰਨ ਤਬਾਹ ਹੋ ਰਹੀ ਮਨੁੱਖਤਾ ਬਾਰੇ ਫਿਕਰ ਹੈ। ਇਹ ਅਸਲ ਵਿਚ ਮਨੁੱਖਤਾ ਬਾਰੇ ਜ਼ਾਹਿਰ ਕੀਤਾ ਫਿਕਰ ਹੀ ਹੈ। ਉਹ ਜੰਗ ਦੌਰਾਨ ਅਣਗੌਲੇ ਗਏ ਨੰਨ੍ਹੇ ਬੱਚਿਆਂ ਦੇ ਬਹਾਨੇ ਜੰਗ ਦੀ ਭਿਆਨਕਤਾ ਦੀ ਬਾਤ ਪਾ ਰਿਹਾ ਹੈ।***


**ਕ੍ਰਿਸ ਹੈਜਸ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਪਿਆਰੇ ਬੱਚੇ। ਅੱਧੀ ਰਾਤ ਹੋ ਚੁੱਕੀ ਹੈ। ਮੈਂ ਅੰਧ ਮਹਾਂਸਾਗਰ ਤੋਂ ਹਜ਼ਾਰਾਂ ਫੁੱਟ ਉੱਪਰ ਹਨੇਰੇ 'ਚ ਸੈਂਕੜੇ ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉੱਡ ਰਿਹਾ ਹਾਂ। ਮੈਂ ਮਿਸਰ ਦੀ ਯਾਤਰਾ ਕਰ ਰਿਹਾ ਹਾਂ। ਮੈਂ ਰਾਫਾਹ 'ਚ ਗਾਜ਼ਾ ਸਰਹੱਦ 'ਤੇ ਜਾਵਾਂਗਾ। ਮੈਂ ਤੁਹਾਡੇ ਕਰ ਕੇ ਜਾ ਰਿਹਾ ਹਾਂ।

ਤੁਸੀਂ ਕਦੇ ਹਵਾਈ ਜਹਾਜ਼ 'ਚ ਨਹੀਂ ਬੈਠੇ ਹੋਵੋਗੇ। ਤੁਸੀਂ ਕਦੇ ਗਾਜ਼ਾ ਤੋਂ ਬਾਹਰ ਨਹੀਂ ਗਏ ਹੋਵੋਗੇ। ਤੁਸੀਂ ਸਿਰਫ਼ ਭੀੜ-ਭੜੱਕੇ ਵਾਲੀਆਂ ਸੜਕਾਂ ਅਤੇ ਗਲੀਆਂ ਹੀ ਜਾਣਦੇ ਹੋਵੋਗੇ ਜਾਂ ਕੰਕਰੀਟ ਦੇ ਢੇਰ। ਤੁਸੀਂ ਸਿਰਫ਼ ਸੁਰੱਖਿਆ ਨਾਕਿਆਂ ਅਤੇ ਵਾੜਾਂ ਬਾਰੇ ਹੀ ਜਾਣਦੇ ਹੋਵੋਗੇ ਜਿਨ੍ਹਾਂ ਉੱਪਰ ਗਾਜ਼ਾ ਦੇ ਚਾਰੇ-ਪਾਸੇ ਸਿਪਾਹੀ ਗਸ਼ਤ ਕਰਦੇ ਰਹਿੰਦੇ ਹਨ। ਜਹਾਜ਼ ਤੁਹਾਡੇ ਲਈ ਭਿਆਨਕ ਹਨ। ਲੜਾਕੂ ਜੈੱਟ ਜਹਾਜ਼। ਹਮਲਾ ਕਰਨ ਵਾਲੇ ਹੈਲੀਕਾਪਟਰ। ਡਰੋਨ। ਇਹ ਤੁਹਾਡੇ ਉੱਪਰ ਮੰਡਰਾਉਂਦੇ ਰਹਿੰਦੇ ਹਨ। ਉਹ ਮਿਜ਼ਾਈਲਾਂ ਅਤੇ ਬੰਬ ਸੁੱਟਦੇ ਹਨ। ਕੰਨ ਬੋਲ਼ੇ ਕਰ ਦੇਣ ਵਾਲੇ ਧਮਾਕੇ ਹੁੰਦੇ ਹਨ। ਧਰਤੀ ਕੰਬ ਜਾਂਦੀ ਹੈ। ਇਮਾਰਤਾਂ ਢਹਿ ਜਾਂਦੀਆਂ ਹਨ। ਮੌਤਾਂ। ਚੀਕਾਂ। ਮਲਬੇ ਹੇਠਾਂ ਦੱਬੀ ਹੋਈ ਆਵਾਜ਼ ਮਦਦ ਲਈ ਪੁਕਾਰਦੀ ਹੈ। ਇਹ ਸਿਲਸਿਲਾ ਰੁਕਦਾ ਨਹੀਂ ਹੈ। ਰਾਤ-ਦਿਨ ਚੱਲਦਾ ਰਹਿੰਦਾ ਹੈ। ਮਲਬਾ ਬਣੇ ਕੰਕਰੀਟ ਢੇਰ ਹੇਠ ਫਸੇ ਹੋਏ। ਤੁਹਾਡੇ ਸਾਥੀ। ਤੁਹਾਡਾ ਸਹਿਪਾਠੀ। ਤੁਹਾਡੇ ਗੁਆਂਢੀ ਪਲਾਂ 'ਚ ਤੁਰ ਗਏ। ਜਦੋਂ ਉਨ੍ਹਾਂ ਨੂੰ ਖੋਦ ਕੇ ਬਾਹਰ ਕੱਢਿਆ ਜਾਂਦਾ ਹੈ ਤਾਂ ਤੁਸੀਂ ਦੇਖਦੇ ਹੋ ਕਿ ਉਨ੍ਹਾਂ ਦੇ ਚਿਹਰੇ ਸਲੇਟੀ ਰੰਗੇ ਹੋ ਚੁੱਕੇ ਹਨ ਅਤੇ ਸਰੀਰ ਝੂਲ ਰਹੇ ਹਨ। ਮੈਂ ਰਿਪੋਰਟਰ ਹਾਂ। ਇਹ ਦੇਖਣਾ ਮੇਰਾ ਕੰਮ ਹੈ। ਤੁਸੀਂ ਬੱਚੇ ਹੋ। ਤੁਹਾਨੂੰ ਇਹ ਕਦੇ ਨਹੀਂ ਦੇਖਣਾ ਚਾਹੀਦਾ।

ਮੌਤ ਦੀ ਬਦਬੂ। ਕੰਕਰੀਟ ਦੇ ਮਲਬੇ ਹੇਠ ਸੜਦੀਆਂ ਲਾਸ਼ਾਂ। ਤੁਸੀਂ ਆਪਣਾ ਸਾਹ ਬੰਦ ਕਰ ਲੈਂਦੇ ਹੋ। ਆਪਣਾ ਮੂੰਹ ਕੱਪੜੇ ਨਾਲ ਢੱਕ ਲੈਂਦੇ ਹੋ। ਤੁਸੀਂ ਤੇਜ਼ ਤੇਜ਼ ਤੁਰਨ ਲੱਗ ਪੈਂਦੇ ਹੋ। ਤੁਹਾਡਾ ਆਂਢ-ਗੁਆਂਢ ਕਬਰਿਸਤਾਨ ਬਣ ਗਿਆ ਹੈ। ਹਰ ਜਾਣੀ-ਪਛਾਣੀ ਹਰ ਸ਼ੈਅ ਖ਼ਤਮ ਹੋ ਗਈ ਹੈ। ਤੁਸੀਂ ਹੈਰਾਨੀ ਨਾਲ ਤੱਕਦੇ ਰਹਿ ਜਾਂਦੇ ਹੋ। ਤੁਸੀਂ ਹੈਰਾਨ ਹੋ ਕਿ ਤੁਸੀਂ ਕਿੱਥੇ ਹੋ।

ਤੁਸੀਂ ਭੈਭੀਤ ਹੋ। ਵਿਸਫੋਟ ਦਰ ਵਿਸਫੋਟ। ਤੁਸੀਂ ਚੀਕਦੇ-ਚਿਲਾਉਂਦੇ ਹੋ। ਤੁਸੀਂ ਆਪਣੀ ਮਾਂ ਜਾਂ ਬਾਪ ਨਾਲ ਚਿੰਬੜ ਜਾਂਦੇ ਹੋ। ਤੁਸੀਂ ਆਪਣੇ ਕੰਨ ਬੰਦ ਕਰ ਲੈਂਦੇ ਹੋ। ਤੁਸੀਂ ਮਿਜ਼ਾਈਲ ਦੀ ਚਿੱਟੀ ਲੋਅ ਦੇਖਦੇ ਹੋ ਅਤੇ ਧਮਾਕੇ ਦੀ ਉਡੀਕ ਕਰਦੇ ਹੋ। ਉਹ ਬੱਚਿਆਂ ਨੂੰ ਕਿਉਂ ਮਾਰਦੇ ਹਨ? ਤੁਸੀਂ ਆਖ਼ਿਰ ਕੀ ਗੁਨਾਹ ਕੀਤਾ ਹੈ? ਕੋਈ ਤੁਹਾਡੀ ਰੱਖਿਆ ਕਿਉਂ ਨਹੀਂ ਕਰ ਸਕਦਾ? ਕੀ ਤੁਸੀਂ ਜ਼ਖ਼ਮੀ ਹੋ ਜਾਓਗੇ? ਕੀ ਤੁਸੀਂ ਇਕ ਲੱਤ ਜਾਂ ਬਾਂਹ ਗੁਆ ਬੈਠੋਗੇ? ਕੀ ਤੁਸੀਂ ਅੰਨ੍ਹੇ ਹੋ ਜਾਵੋਗੇ ਜਾਂ ਵ੍ਹੀਲਚੇਅਰ 'ਤੇ ਰਹੋਗੇ? ਤੁਸੀਂ ਕਿਉਂ ਜਨਮ ਲਿਆ ਸੀ? ਕੀ ਇਹ ਇਕ ਚੰਗੇ ਕੰਮ ਲਈ ਸੀ? ਜਾਂ ਇਹ ਏਸ ਲਈ ਸੀ? ਕੀ ਤੁਸੀਂ ਵੱਡੇ ਹੋ ਸਕੋਗੇ? ਕੀ ਤੁਸੀਂ ਖ਼ੁਸ਼ ਹੋਵੋਗੇ? ਆਪਣੇ ਦੋਸਤਾਂ ਤੋਂ ਬਿਨਾਂ ਇਹ ਤੁਹਾਨੂੰ ਕਿਹੋ ਜਿਹਾ ਲੱਗੇਗਾ? ਮਰਨ ਦੀ ਅਗਲੀ ਵਾਰੀ ਕਿਸ ਦੀ ਹੋਵੇਗੀ? ਤੁਹਾਡੀ ਮਾਂ? ਤੁਹਾਡੇ ਪਿਤਾ? ਤੁਹਾਡੇ ਭੈਣ-ਭਰਾ? ਤੁਹਾਡਾ ਕੋਈ ਜਾਣੂ ਜ਼ਖ਼ਮੀ ਹੋ ਜਾਵੇਗਾ। ਛੇਤੀ ਹੀ।



*ਗਾਜ਼ਾ ਦੇ ਬੱਚਿਆਂ ਬਾਰੇ ਮਿਸਟਰ ਫਿਸ਼ ਦਾ ਬਣਾਇਆ ਚਿੱਤਰ।*

ਰਾਤ ਨੂੰ ਤੁਸੀਂ ਹਨੇਰੇ ਵਿਚ ਠੰਢੇ ਸੀਮਿੰਟ ਦੇ ਫਰਸ਼ 'ਤੇ ਪਏ ਰਹਿੰਦੇ ਹੋ। ਫੋਨ ਕੱਟ ਦਿੱਤੇ ਗਏ ਹਨ। ਇੰਟਰਨੈੱਟ ਬੰਦ ਹੈ। ਤੁਸੀਂ ਨਹੀਂ ਜਾਣਦੇ ਕਿ ਕੀ ਹੋ ਰਿਹਾ ਹੈ। ਚਾਨਣ ਦੀਆਂ ਲਿਸ਼ਕਾਂ ਪੈ ਰਹੀਆਂ ਹਨ। ਧਮਾਕੇ ਦੇ ਝਟਕੇ ਦੀਆਂ ਲਹਿਰਾਂ ਹਨ। ਚੀਕਾਂ ਹੀ ਚੀਕਾਂ ਹਨ। ਇਹ ਸਿਲਸਿਲਾ ਰੁਕ ਨਹੀਂ ਰਿਹਾ।

ਜਦੋਂ ਤੁਹਾਡੇ ਪਿਤਾ ਜਾਂ ਮਾਤਾ ਭੋਜਨ ਜਾਂ ਪਾਣੀ ਦੀ ਭਾਲ 'ਚ ਜਾਂਦੇ ਹਨ ਤਾਂ ਤੁਸੀਂ ਇੰਤਜ਼ਾਰ ਕਰਦੇ ਹੋ। ਤੁਹਾਡੇ ਪੇਟ 'ਚ ਉਹ ਕਿੰਨਾ ਭਿਆਨਕ ਅਹਿਸਾਸ ਹੁੰਦਾ ਹੈ। ਕੀ ਉਹ ਵਾਪਸ ਆਉਣਗੇ? ਕੀ ਤੁਸੀਂ ਉਨ੍ਹਾਂ ਨੂੰ ਦੁਬਾਰਾ ਦੇਖ ਸਕੋਗੇ? ਕੀ ਅਗਲਾ ਨਿਸ਼ਾਨਾ ਤੁਹਾਡਾ ਛੋਟਾ ਜਿਹਾ ਘਰ ਹੋਵੇਗਾ? ਕੀ ਬੰਬ ਤੁਹਾਨੂੰ ਟੋਲ੍ਹ ਲੈਣਗੇ? ਕੀ ਇਹ ਧਰਤੀ 'ਤੇ ਤੁਹਾਡੇ ਆਖਰੀ ਪਲ ਹਨ?

ਤੁਹਾਨੂੰ ਖ਼ਾਰਾ, ਗੰਦਾ ਪਾਣੀ ਪੀਣਾ ਪੈਂਦਾ ਹੈ। ਇਹ ਤੁਹਾਨੂੰ ਬਹੁਤ ਬਿਮਾਰ ਕਰ ਦਿੰਦਾ ਹੈ। ਤੁਹਾਡਾ ਢਿੱਡ ਦੁਖ ਰਿਹਾ ਹੈ। ਤੁਸੀਂ ਭੁੱਖੇ ਹੋ। ਬੇਕਰੀਆਂ ਤਬਾਹ ਕਰ ਦਿੱਤੀਆਂ ਗਈਆਂ ਹਨ। ਰੋਟੀ ਨਹੀਂ ਹੈ। ਤੁਸੀਂ ਦਿਨ ਵਿਚ ਇਕ ਵਾਰ ਖਾ ਕੇ ਡੰਗ ਟਪਾਉਂਦੇ ਹੋ। ਪਾਸਤਾ। ਖੀਰਾ। ਛੇਤੀ ਹੀ ਇਹ ਕਿਸੇ ਦਾਅਵਤ ਵਰਗਾ ਲੱਗਣਾ ਸ਼ੁਰੂ ਹੋ ਜਾਵੇਗਾ।

ਤੁਸੀਂ ਲੀਰਾਂ ਦੀ ਬਣੀ ਆਪਣੀ ਖਿੱਦੋ ਨਾਲ ਨਹੀਂ ਖੇਡਦੇ। ਤੁਸੀਂ ਹੁਣ ਪੁਰਾਣੇ ਅਖ਼ਬਾਰਾਂ ਦੀ ਬਣਾਈ ਪਤੰਗ ਨਹੀਂ ਉਡਾਉਂਦੇ।

ਤੁਸੀਂ ਵਿਦੇਸ਼ੀ ਪੱਤਰਕਾਰਾਂ ਨੂੰ ਦੇਖਿਆ ਹੈ। ਅਸੀਂ ਫਲੈਕ ਜੈਕਟਾਂ ਪਹਿਨਦੇ ਹਾਂ ਜਿਸ 'ਤੇ ਪ੍ਰੈੱਸ ਸ਼ਬਦ ਲਿਖਿਆ ਹੁੰਦਾ ਹੈ। ਸਾਡੇ ਕੋਲ ਹੈਲਮਟ ਹੈ। ਸਾਡੇ ਕੋਲ ਕੈਮਰੇ ਹਨ। ਅਸੀਂ ਜੀਪ ਚਲਾ ਕੇ ਆਉਂਦੇ ਹਾਂ। ਅਸੀਂ ਬੰਬ ਧਮਾਕੇ ਜਾਂ ਗੋਲੀਬਾਰੀ ਤੋਂ ਬਾਅਦ ਆਉਂਦੇ ਹਾਂ। ਅਸੀਂ ਬਹੁਤ ਚਿਰ ਤੱਕ ਕੌਫ਼ੀ ਲੈ ਕੇ ਬੈਠੇ ਰਹਿੰਦੇ ਹਾਂ ਅਤੇ ਵੱਡਿਆਂ ਨਾਲ ਗੱਲਬਾਤ ਕਰਦੇ ਹਾਂ। ਫਿਰ ਅਸੀਂ ਗ਼ਾਇਬ ਹੋ ਜਾਂਦੇ ਹਾਂ। ਅਸੀਂ ਆਮ ਤੌਰ 'ਤੇ ਬੱਚਿਆਂ ਦੀ ਇੰਟਰਵਿਊ ਨਹੀਂ ਲੈਂਦੇ ਪਰ ਮੈਂ ਅਜਿਹੇ ਇੰਟਰਵਿਊ ਕੀਤੇ ਹਨ ਜਦੋਂ ਤੁਸੀਂ ਸਾਡੇ ਆਲੇ-ਦੁਆਲੇ ਝੁਰਮਟ ਪਾ ਲੈਂਦੇ ਹੋ। ਹੱਸਦੇ ਹੋ। ਇਸ਼ਾਰੇ ਕਰਦੇ ਹੋ। ਸਾਨੂੰ ਆਪਣੀ ਫੋਟੋ ਲੈਣ ਲਈ ਕਹਿੰਦੇ ਹੋ।

ਗਾਜ਼ਾ 'ਚ ਮੇਰੇ ਉੱਪਰ ਜੈੱਟ ਜਹਾਜ਼ ਦੁਆਰਾ ਬੰਬਾਰੀ ਕੀਤੀ ਗਈ ਹੈ। ਮੇਰੇ ਉੱਪਰ ਹੋਰ ਯੁੱਧਾਂ 'ਚ ਬੰਬਾਰੀ ਕੀਤੀ ਗਈ ਹੈ, ਉਹ ਯੁੱਧ ਜੋ ਤੁਹਾਡੇ ਜਨਮ ਤੋਂ ਪਹਿਲਾਂ ਹੋਏ ਸਨ। ਮੈਂ ਵੀ ਬਹੁਤ, ਬਹੁਤ ਸਹਿਮਿਆ ਹੋਇਆ ਸੀ। ਮੇਰੇ ਕੋਲ ਅਜੇ ਵੀ ਇਸ ਬਾਰੇ ਸੁਪਨੇ ਹਨ। ਜਦੋਂ ਮੈਂ ਗਾਜ਼ਾ ਦੀਆਂ ਤਸਵੀਰਾਂ ਦੇਖਦਾ ਹਾਂ ਤਾਂ ਇਹ ਯੁੱਧ ਗੜਗੱਜ ਅਤੇ ਬਿਜਲੀ ਦੀ ਤੇਜ਼ੀ ਨਾਲ ਮੇਰੇ ਕੋਲ ਪਰਤ ਆਉਂਦੇ ਹਨ। ਮੈਂ ਤੁਹਾਡੇ ਬਾਰੇ ਸੋਚਦਾ ਹਾਂ।

ਅਸੀਂ ਸਾਰੇ ਜੋ ਯੁੱਧ ਵਿਚ ਜੀ ਰਹੇ ਲੋਕ ਯੁੱਧ ਨੂੰ ਕਰਦੇ ਹਾਂ, ਸਭ ਤੋਂ ਜ਼ਿਆਦਾ ਨਫ਼ਰਤ ਉਸ ਕਰ ਕੇ ਜੋ ਅਸਰ ਇਸ ਦਾ ਬੱਚਿਆਂ ਉੱਪਰ ਪੈਂਦਾ ਹੈ।

ਮੈਂ ਤੁਹਾਡੀ ਕਹਾਣੀ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਦੁਨੀਆ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਜਦੋਂ ਤੁਸੀਂ ਲੋਕਾਂ 'ਤੇ ਜ਼ੁਲਮ ਕਰਦੇ ਹੋ, ਹਫ਼ਤਾ-ਹਫ਼ਤੇ, ਮਹੀਨੇ-ਦਰ-ਮਹੀਨੇ, ਸਾਲ-ਦਰ-ਸਾਲ, ਦਹਾਕੇ-ਦਹਾਕੇ, ਜਦੋਂ ਤੁਸੀਂ ਲੋਕਾਂ ਨੂੰ ਆਜ਼ਾਦੀ ਅਤੇ ਮਾਣ-ਸਨਮਾਨ ਤੋਂ ਵਾਂਝੇ ਕਰਦੇ ਹੋ, ਜਦੋਂ ਤੁਸੀਂ ਉਨ੍ਹਾਂ ਨੂੰ ਜਲੀਲ ਕਰਦੇ ਹੋ ਅਤੇ ਖੁੱਲ੍ਹੀ ਜੇਲ੍ਹ 'ਚ ਡੱਕ ਦਿੰਦੇ ਹੋ। ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਮਾਰਦੇ ਹੋ ਜਿਵੇਂ ਉਹ ਜਾਨਵਰ ਹੋਣ ਤਾਂ ਉਨ੍ਹਾਂ ਨੂੰ ਬਹੁਤ ਗੁੱਸਾ ਆ ਜਾਂਦਾ ਹੈ। ਉਹ ਦੂਜਿਆਂ ਨਾਲ ਉਹੀ ਕੁਝ ਕਰਦੇ ਹਨ ਜੋ ਉਨ੍ਹਾਂ ਨਾਲ ਕੀਤਾ ਗਿਆ ਸੀ। ਮੈਂ ਇਹ ਗੱਲ ਵਾਰ-ਵਾਰ ਕਹੀ ਹੈ। ਮੈਂ ਇਹ ਸੱਤ ਸਾਲ ਕਹਿੰਦਾ ਰਿਹਾ। ਕੁਝ ਨੇ ਮੇਰੀ ਗੱਲ ਸੁਣੀ; ਤੇ ਹੁਣ ਇਹ ਹੋ ਰਿਹਾ ਹੈ।

ਇੱਥੇ ਬਹੁਤ ਬਹਾਦਰ ਫ਼ਲਸਤੀਨੀ ਪੱਤਰਕਾਰ ਹਨ। ਇਹ ਬੰਬਾਰੀ ਸ਼ੁਰੂ ਹੋਣ ਤੋਂ ਲੈ ਕੇ ਉਨ੍ਹਾਂ ਵਿਚੋਂ 39 ਮਾਰੇ ਗਏ ਹਨ। ਉਹ ਹੀਰੋ ਹਨ। ਤੁਹਾਡੇ ਹਸਪਤਾਲਾਂ ਦੇ ਡਾਕਟਰ ਅਤੇ ਨਰਸਾਂ ਵੀ ਇਸੇ ਤਰ੍ਹਾਂ ਦੇ ਲੋਕ ਹਨ। ਸੰਯੁਕਤ ਰਾਸ਼ਟਰ ਦੇ ਮੁਲਾਜ਼ਮ ਵੀ ਇਸੇ ਮਿੱਟੀ ਦੇ ਬਣੇ ਹੋਏ ਹਨ। ਉਨ੍ਹਾਂ ਵਿਚੋਂ 89 ਮਾਰੇ ਜਾ ਚੁੱਕੇ ਹਨ। ਇਸੇ ਤਰ੍ਹਾਂ ਐਂਬੂਲੈਂਸ ਡਰਾਈਵਰ ਅਤੇ ਡਾਕਟਰ ਹਨ। ਬਚਾਅ ਟੀਮਾਂ ਵੀ ਅਜਿਹੀਆਂ ਹੀ ਹਨ ਜੋ ਆਪਣੇ ਹੱਥਾਂ ਨਾਲ ਕੰਕਰੀਟ ਦੀਆਂ ਸਲੈਬਾਂ ਨੂੰ ਚੁੱਕ ਕੇ ਥੱਲੇ ਦਬੇ ਲੋਕਾਂ ਨੂੰ ਕੱਢਦੀਆਂ ਹਨ। ਇਸੇ ਤਰ੍ਹਾਂ ਤੁਹਾਡੇ ਮਾਵਾਂ ਅਤੇ ਬਾਪ ਹਨ ਜੋ ਤੁਹਾਨੂੰ ਬੰਬਾਂ ਤੋਂ ਬਚਾਉਂਦੇ ਹਨ।

ਪਰ ਅਸੀਂ ਉੱਥੇ ਨਹੀਂ ਹਾਂ। ਇਸ ਵਾਰ ਨਹੀਂ। ਅਸੀਂ ਅੰਦਰ ਨਹੀਂ ਜਾ ਸਕਦੇ। ਅਸੀਂ ਬਾਹਰ ਡੱਕੇ ਹੋਏ ਹਾਂ।

ਦੁਨੀਆ ਭਰ ਦੇ ਰਿਪੋਰਟਰ ਰਾਫਾਹ ਵਿਖੇ ਸਰਹੱਦ ਪਾਰ ਕਰਨ ਜਾ ਰਹੇ ਹਨ। ਅਸੀਂ ਇਸ ਲਈ ਜਾ ਰਹੇ ਹਾਂ ਕਿਉਂਕਿ ਅਸੀਂ ਹੱਥ 'ਤੇ ਹੱਥ ਧਰ ਕੇ ਇਹ ਕਤਲੇਆਮ ਨਹੀਂ ਦੇਖ ਸਕਦੇ। ਅਸੀਂ ਇਸ ਲਈ ਜਾ ਰਹੇ ਹਾਂ ਕਿਉਂਕਿ ਇਕ ਦਿਨ 'ਚ ਸੈਂਕੜੇ ਲੋਕ ਮਾਰੇ ਜਾ ਰਹੇ ਹਨ ਜਿਨ੍ਹਾਂ ਵਿਚ 160 ਬੱਚੇ ਵੀ ਸ਼ਾਮਿਲ ਹਨ। ਅਸੀਂ ਜਾ ਰਹੇ ਹਾਂ ਕਿਉਂਕਿ ਇਹ ਨਸਲਕੁਸ਼ੀ ਰੁਕਣੀ ਚਾਹੀਦੀ ਹੈ। ਅਸੀਂ ਜਾ ਰਹੇ ਹਾਂ ਕਿਉਂਕਿ ਸਾਡੇ ਵੀ ਬੱਚੇ ਹਨ। ਤੁਹਾਡੇ ਵਰਗੇ। ਅਨਮੋਲ। ਮਾਸੂਮ। ਪਿਆਰੇ ਜਹੇ। ਅਸੀਂ ਜਾ ਰਹੇ ਹਾਂ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਜ਼ਿੰਦਾ ਰਹੋ।

ਮੈਨੂੰ ਉਮੀਦ ਹੈ ਕਿ ਅਸੀਂ ਇਕ ਦਿਨ ਮਿਲਾਂਗੇ। ਤੁਸੀਂ ਬਾਲਗ ਹੋ ਗਏ ਹੋਵੋਗੇ। ਮੈਂ ਬੁੱਢਾ ਹੋ ਗਿਆ ਹੋਵਾਂਗਾ, ਹਾਲਾਂਕਿ ਤੁਹਾਡੇ ਲਈ ਮੈਂ ਪਹਿਲਾਂ ਹੀ ਬਹੁਤ ਬੁੱਢਾ ਹਾਂ। ਆਪਣੇ ਸੁਪਨਿਆਂ ਵਿਚ ਮੈਂ ਤੁਹਾਨੂੰ ਆਜ਼ਾਦ, ਸੁਰੱਖਿਅਤ ਅਤੇ ਖ਼ੁਸ਼ ਦੇਖਾਂਗਾ। ਕੋਈ ਵੀ ਤੁਹਾਨੂੰ ਮਾਰਨ ਦੀ ਕੋਸ਼ਿਸ਼ ਨਹੀਂ ਕਰੇਗਾ। ਤੁਸੀਂ ਬੰਬਾਂ ਦੀ ਬਜਾਇ ਲੋਕਾਂ ਨਾਲ ਭਰੇ ਹਵਾਈ ਜਹਾਜ਼ 'ਚ ਉਡੋਗੇ। ਤੁਸੀਂ ਕਿਸੇ ਤਸੀਹਾ ਕੈਂਪ ਵਿਚ ਘਿਰੇ ਹੋਏ ਨਹੀਂ ਹੋਵੋਗੇ। ਤੁਸੀਂ ਦੁਨੀਆ ਦੇਖੋਗੇ। ਤੁਸੀਂ ਵੱਡੇ ਹੋਵੋਗੇ ਅਤੇ ਤੁਹਾਡੇ ਬੱਚੇ ਹੋਣਗੇ। ਤੁਸੀਂ ਬੁੱਢੇ ਹੋਵੋਗੇ। ਤੁਹਾਨੂੰ ਇਹ ਮੁਸੀਬਤਾਂ ਚੇਤੇ ਰਹਿਣਗੀਆਂ ਪਰ ਤੁਹਾਨੂੰ ਪਤਾ ਹੋਵੇਗਾ ਕਿ ਇਸ ਦਾ ਮਤਲਬ ਹੈ ਕਿ ਤੁਹਾਨੂੰ ਦੁਖੀ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਇਹੀ ਮੇਰੀ ਉਮੀਦ ਹੈ। ਇਹੀ ਮੇਰੀ ਪ੍ਰਾਰਥਨਾ ਹੈ।

ਅਸੀਂ ਤੁਹਾਨੂੰ ਅਸਫਲ ਬਣਾ ਦਿੱਤਾ ਹੈ। ਇਹ ਉਹ ਭਿਆਨਕ ਅਪਰਾਧ-ਬੋਧ ਹੈ ਜੋ ਅਸੀਂ ਢੋਅ ਰਹੇ ਹਾਂ। ਅਸੀਂ ਯਤਨ ਤਾਂ ਕੀਤੇ ਪਰ ਸਾਡੇ ਕੋਲੋਂ ਕਾਫ਼ੀ ਯਤਨ ਨਹੀਂ ਹੋਏ। ਅਸੀਂ ਰਾਫਾਹ ਜਾਵਾਂਗੇ। ਸਾਡੇ ਵਿਚੋਂ ਬਹੁਤ ਸਾਰੇ। ਪੱਤਰਕਾਰ। ਅਸੀਂ ਵਿਰੋਧ ਵਜੋਂ ਗਾਜ਼ਾ ਸਰਹੱਦ ਦੇ ਬਾਹਰ ਖੜ੍ਹੇ ਰਹਾਂਗੇ। ਅਸੀਂ ਲਿਖਾਂਗੇ ਅਤੇ ਫਿਲਮਾਂ ਬਣਾਵਾਂਗੇ। ਇਹੀ ਤਾਂ ਅਸੀਂ ਕਰਦੇ ਹਾਂ। ਇਹ ਬਹੁਤ ਕੁਝ ਤਾਂ ਨਹੀਂ ਹੈ ਪਰ ਇਹ ਕੁਝ ਤਾਂ ਹੈ। ਅਸੀਂ ਤੁਹਾਡੀ ਕਹਾਣੀ ਮੁੜ ਦੱਸਾਂਗੇ।

ਤੁਹਾਡੇ ਕੋਲੋਂ ਮੁਆਫ਼ੀ ਮੰਗਣ ਦਾ ਹੱਕ ਲੈਣ ਲਈ ਸ਼ਾਇਦ ਇਹ ਕਾਫ਼ੀ ਹੋਵੇਗਾ।

# ਗਾਜ਼ਾ ਦੀ ਘੇਰਾਬੰਦੀ ਮਨੁੱਖਤਾ ਵਿਰੁੱਧ ਜੁਰਮ

***ਮਕਬੂਲ ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ 16 ਨਵੰਬਰ ਨੂੰ ਮਿਊਨਿਖ ਸਾਹਿਤ ਮਹਾਂ ਉਤਸਵ ਵਿਚ ਖ਼ੁਦ ਸ਼ਾਮਿਲ ਨਹੀਂ ਹੋ ਸਕੀ ਕਿਉਂਕਿ ਭਾਰਤ ਵਿਚ ਉਸ ਨੂੰ 2010 ਦੇ ਇਕ ਭਾਸ਼ਣ ਸਬੰਧੀ ਰਾਜਧ੍ਰੋਹ ਦੇ ਮੁਕੱਦਮੇ 'ਚ ਉਲਝਾਇਆ ਗਿਆ ਹੈ। ਉਸ ਨੇ ਵੀਡੀਓ ਜ਼ਰੀਏ ਮਹਾਂ ਉਤਸਵ ਨੂੰ ਸੰਬੋਧਨ ਕਰਦਿਆਂ ਗਾਜ਼ਾ ਦੇ ਲੋਕਾਂ ਅਤੇ ਉਨ੍ਹਾਂ ਦੇ ਹੱਕ 'ਚ ਕੁਲ ਆਲਮ 'ਚ ਉੱਠ ਰਹੀਆਂ ਦਹਿ-ਲੱਖ ਆਵਾਜ਼ਾਂ ਨਾਲ ਇਕਮੁੱਠਤਾ ਪ੍ਰਗਟਾਈ।***



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮੈਂ ਕਿਸੇ ਜਨਤਕ ਮੰਚ ਉੱਪਰ ਹਾਜ਼ਰ ਨਹੀਂ ਹੋ ਸਕਦੀ; ਨਹੀਂ, ਜਰਮਨੀ 'ਚ ਵੀ ਨਹੀਂ ਜਿੱਥੇ ਮੈਨੂੰ ਪਤਾ ਹੈ ਕਿ ਮੇਰੇ ਵਰਗੇ ਵਿਚਾਰਾਂ ਉੱਪਰ ਲੱਗਭੱਗ ਪਾਬੰਦੀ ਲਾ ਦਿੱਤੀ ਗਈ ਹੈ। ਗਾਜ਼ਾ ਵਿਚ ਤੁਰੰਤ ਯੁੱਧਬੰਦੀ ਦੀ ਮੰਗ ਕਰਦੇ ਹੋਏ ਦੁਨੀਆ ਭਰ 'ਚ ਸੜਕਾਂ ਉੱਪਰ ਮਾਰਚ ਕਰ ਰਹੇ ਉਨ੍ਹਾਂ ਲੱਖਾਂ ਲੋਕਾਂ ਜਿਨ੍ਹਾਂ ਵਿਚ ਯਹੂਦੀ, ਮੁਸਲਮਾਨ, ਇਸਾਈ, ਹਿੰਦੂ, ਕਮਿਊਨਿਸਟ, ਨਾਸਤਿਕ, ਸੰਦੇਹਵਾਦੀ, ਸਭ ਤਰ੍ਹਾਂ ਦੇ ਲੋਕ ਸ਼ਾਮਿਲ ਹਨ, ਦੀ ਆਵਾਜ਼ 'ਚ ਮੈਂ ਆਪਣੀ ਆਵਾਜ਼ ਨਹੀਂ ਮਿਲਾ ਸਕੀ ਹਾਂ।

ਇਹ ਬੇਹਯਾ ਕਤਲੇਆਮ ਭਾਵੇਂ ਸਾਡੀ ਨਿੱਜੀ ਜ਼ਿੰਦਗੀ ਦੇ ਸਭ ਤੋਂ ਨਿੱਜੀ ਹਿੱਸਿਆਂ 'ਚ ਵੀ ਸਿੱਧਾ ਪ੍ਰਸਾਰਿਤ ਕੀਤਾ ਜਾ ਰਿਹਾ ਹੈ, ਫਿਰ ਵੀ ਜੇ ਅਸੀਂ ਇਸ ਨੂੰ ਜਾਰੀ ਰਹਿਣ ਦਿੰਦੇ ਹਾਂ ਤਾਂ ਅਸੀਂ ਖ਼ੁਦ ਵੀ ਇਸ ਕਤਲੇਆਮ 'ਚ ਭਾਈਵਾਲ ਹਾਂ। ਸਾਡੇ ਨੈਤਿਕ ਖ਼ਾਸੇ 'ਚ ਕੁਝ ਸਦਾ ਲਈ ਬਦਲ ਜਾਵੇਗਾ। ਉੱਥੇ ਹਸਪਤਾਲਾਂ ਉੱਪਰ ਬੰਬਾਰੀ ਹੋ ਰਹੀ ਹੈ, ਦਸ ਲੱਖ ਲੋਕ ਉਜਾੜ ਦਿੱਤੇ ਗਏ ਹਨ ਅਤੇ ਹਜ਼ਾਰਾਂ ਦੀ ਤਾਦਾਦ 'ਚ ਮ੍ਰਿਤਕ ਬੱਚਿਆਂ ਨੂੰ ਮਲ਼ਬੇ ਹੇਠੋਂ ਕੱਢਿਆ ਜਾ ਰਿਹਾ ਹੈ। ਤਾਂ ਐਸੇ ਮੰਜ਼ਰ 'ਚ ਕੀ ਅਸੀਂ ਬਸ ਤਮਾਸ਼ਬੀਨ ਬਣ ਕੇ ਦੇਖਦੇ ਰਹਾਂਗੇ? ਕੀ ਅਸੀਂ ਇਕ ਵਾਰ ਫਿਰ ਸਮੁੱਚੇ ਲੋਕਾਂ ਨੂੰ ਇਸ ਹੱਦ ਤੱਕ ਅਮਾਨਵੀ ਹੁੰਦੇ ਦੇਖਾਂਗੇ ਕਿ ਉਨ੍ਹਾਂ ਦੇ ਵਿਨਾਸ਼ ਦਾ ਕੋਈ ਮਾਇਨਾ ਨਹੀਂ ਰਹਿ ਜਾਵੇਗਾ?

ਪੱਛਮੀ ਕੰਢੇ ਉੱਪਰ ਇਜ਼ਰਾਇਲੀ ਕਬਜ਼ਾ ਅਤੇ ਗਾਜ਼ਾ ਦੀ ਘੇਰਾਬੰਦੀ ਮਨੁੱਖਤਾ ਵਿਰੁੱਧ ਜੁਰਮ ਹੈ। ਅਮਰੀਕਾ ਅਤੇ ਹੋਰ ਮੁਲਕ ਜੋ ਇਸ ਕਬਜ਼ੇ ਨੂੰ ਵਿਤੀ ਖ਼ੁਰਾਕ ਦੇ ਰਹੇ ਹਨ ਉਹ ਇਸ ਜੁਰਮ 'ਚ ਭਾਈਵਾਲ ਹਨ। ਹੁਣ ਅਸੀਂ ਹਮਾਸ ਅਤੇ ਇਜ਼ਰਾਈਲ ਦੁਆਰਾ ਨਾਗਰਿਕਾਂ ਦੇ ਅਕਾਰਨ ਕਤਲੇਆਮ ਦੀ ਜੋ ਭਿਆਨਕਤਾ ਦੇਖ ਰਹੇ ਹਾਂ, ਉਹ ਲੰਮੇ ਸਮੇਂ ਤੋਂ ਜਾਰੀ ਫ਼ਲਸਤੀਨ ਦੀ ਘੇਰਾਬੰਦੀ ਅਤੇ ਕਬਜ਼ੇ ਦਾ ਨਤੀਜਾ ਹੈ।

ਇਕ ਇਕ ਜਾਂ ਦੂਜੀ ਧਿਰ ਵੱਲੋਂ ਕੀਤੀ ਗਈ ਕਰੂਰਤਾ ਉੱਪਰ ਚਾਹੇ ਜਿਹੋ ਜਹੀਆਂ ਟਿੱਪਣੀਆਂ ਵੀ ਕੀਤੀਆਂ ਜਾਣ, ਜ਼ੁਲਮਾਂ ਦੀ ਚਾਹੇ ਜਿੰਨੀ ਵੀ ਨਿੰਦਾ ਕੀਤੀ ਜਾਵੇ, ਕਿਸ ਵੱਲੋਂ ਕੀਤੇ ਜ਼ੁਲਮ ਦੂਜੇ ਨਾਲੋਂ ਜ਼ਿਆਦਾ ਜਾਂ ਘੱਟ ਹਨ, ਇਸ ਦੀਆਂ ਜਿੰਨੀਆਂ ਮਰਜ਼ੀ ਝੂਠੀਆਂ ਤੁਲਨਾਵਾਂ ਕੀਤੀਆਂ ਜਾਣ, ਇਸ ਨਾਲ ਕੋਈ ਹੱਲ ਹੋਣ ਵਾਲਾ ਨਹੀਂ ਹੈ।

ਇਹ ਕਬਜ਼ਾ ਹੀ ਹੈ ਜੋ ਇਸ ਦਰਿੰਦਗੀ ਭਰੇ ਰਵੱਈਏ ਨੂੰ ਵਧਾ ਰਿਹਾ ਹੈ। ਇਹ ਮੁਜਰਿਮਾਂ ਅਤੇ ਪੀੜਤਾਂ ਦੋਹਾਂ ਉੱਪਰ ਹਿੰਸਾ ਕਰ ਰਿਹਾ ਹੈ। ਜਿਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ, ਉਹ ਮਾਰੇ ਜਾ ਚੁੱਕੇ ਹਨ। ਉਨ੍ਹਾਂ ਦੇ ਮੁਜਰਿਮਾਂ ਨੂੰ ਆਪਣੇ ਕੁਕਰਮਾਂ ਦੇ ਨਾਲ ਹੀ ਜਿਊਣਾ ਪਵੇਗਾ। ਉਨ੍ਹਾਂ ਦੇ ਬੱਚੇ ਵੀ ਅਜਿਹਾ ਹੀ ਕਰਨਗੇ। ਅਜਿਹਾ ਪੀੜ੍ਹੀਆਂ ਤੱਕ ਚੱਲੇਗਾ।

ਇਸ ਮਸਲੇ ਦਾ ਹੱਲ ਫ਼ੌਜਾਂ ਦੇ ਜ਼ੋਰ ਨਹੀਂ ਕੀਤਾ ਜਾ ਸਕਦਾ। ਹੱਲ ਸਿਰਫ਼ ਰਾਜਨੀਤਕ ਹੋ ਸਕਦਾ ਹੈ ਜਿਸ ਦੇ ਅਨੁਸਾਰ ਇਜ਼ਰਾਇਲੀ ਅਤੇ ਫ਼ਲਸਤੀਨੀ ਦੋਵੇਂ ਬਰਾਬਰ ਹੱਕਾਂ ਅਤੇ ਮਾਣ-ਸਨਮਾਨ ਨਾਲ ਜਾਂ ਤਾਂ ਨਾਲ-ਨਾਲ ਰਹਿਣ, ਜਾਂ ਗੁਆਂਢੀ ਮੁਲਕਾਂ ਦੇ ਰੂਪ 'ਚ ਰਹਿਣ। ਦੁਨੀਆ ਨੂੰ ਲਾਜ਼ਮੀ ਦਖ਼ਲ ਦੇਣਾ ਚਾਹੀਦਾ ਹੈ। ਇਹ ਕਬਜ਼ਾ ਖ਼ਤਮ ਅਵੱਸ਼ ਹੀ ਹੋਣਾ ਚਾਹੀਦਾ ਹੈ। ਫ਼ਲਸਤੀਨੀਆਂ ਕੋਲ ਇਕ ਪੱਕਾ ਵਤਨ ਹੋਣਾ ਚਾਹੀਦਾ ਹੈ।

ਜੇ ਨਹੀਂ, ਤਾਂ ਪੱਛਮੀ ਉਦਾਰਵਾਦ ਦੇ ਨੈਤਿਕ ਢਾਂਚੇ ਦੀ ਹੋਂਦ ਮਿਟ ਜਾਵੇਗੀ। ਅਸੀਂ ਜਾਣਦੇ ਹਾਂ ਕਿ ਇਹ ਢਾਂਚਾ ਹਮੇਸ਼ਾ ਹੀ ਦੰਭੀ ਰਿਹਾ ਹੈ। ਪਰ ਉਸ ਨਾਲ ਵੀ ਥੋੜ੍ਹੀ ਉਮੀਦ ਬਣੀ ਰਹਿੰਦੀ ਸੀ। ਉਹ ਉਮੀਦ ਸਾਡੀਆਂ ਅੱਖਾਂ ਦੇ ਸਾਹਮਣੇ ਅਲੋਪ ਹੁੰਦੀ ਜਾ ਰਹੀ ਹੈ।


ਇਸ ਲਈ ਕਿਰਪਾ ਕਰ ਕੇ, ਫ਼ਲਸਤੀਨ ਅਤੇ ਇਜ਼ਰਾਈਲ ਦੀ ਖ਼ਾਤਰ, ਜ਼ਿੰਦਾ ਬਚੇ ਹੋਏ ਲੋਕਾਂ ਦੀ ਖ਼ਾਤਰ ਅਤੇ ਮਾਰੇ ਗਏ ਲੋਕਾਂ ਦੇ ਨਾਂ 'ਤੇ, ਹਮਾਸ ਵੱਲੋਂ ਬੰਦੀ ਬਣਾਏ ਇਜ਼ਰਾਇਲੀਆਂ ਅਤੇ ਇਜ਼ਰਾਈਲ ਦੀਆਂ ਜੇਲ੍ਹਾਂ 'ਚ ਬੰਦ ਫ਼ਲਸਤੀਨੀਆਂ ਦੀ ਖ਼ਾਤਰ, ਪੂਰੀ ਮਨੁੱਖਤਾ ਦੀ ਖ਼ਾਤਰ, ਹੁਣ ਇਹ ਯੁੱਧ ਹੁਣ ਰੋਕ ਦਿਓ।

## ਕਤਲੇਆਮ 84 ਅਤੇ ਜਾਂਚ ਕਮਿਸ਼ਨਾਂ ਦੇ ਪਾਪ

# ਸਰਕਾਰੀ ਜਾਂਚਾਂ ਨੇ ਸਚਾਈ ਨੂੰ ਧੁੰਦਲਾ ਕਿਵੇਂ ਕੀਤਾ?-3

***ਨਵੰਬਰ ਦਾ ਪਹਿਲਾ ਹਫਤਾ ਸਿੱਖਾਂ ਲਈ ਬਹੁਤ ਭਿਆਨਕ ਸੁਫਨਾ ਹੋ ਨਿੱਬੜਿਆ ਸੀ। 31 ਅਕਤੂਬਰ ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਮੁਲਕ ਦੇ ਕੁਝ ਹੋਰ ਸ਼ਹਿਰਾਂ ਵਿਚ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਇਸ ਲੰਮੇ ਲੇਖ ਵਿਚ ਉਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਨੇ ਉਸ ਵੇਲੇ ਦੇ ਹਾਲਾਤ ਕਲਮਬੱਧ ਕੀਤੇ ਹਨ। ਇਹ ਲਿਖਤ ਤਕਰੀਬਨ ਇਕ ਦਹਾਕਾ ਪੁਰਾਣੀ ਹੈ ਪਰ ਇਸ ਵਿਚ ਦਰਜ ਤੱਥ ਦੱਸਦੇ ਹਨ ਕਿ ਕਿਸ ਤਰ੍ਹਾਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਜਾਂਚ ਕਮਿਸ਼ਨਾਂ ਨੇ ਕੀ ਕੁਝ ਕੀਤਾ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਦੀ ਤੀਜੀ ਕਿਸ਼ਤ ਪੇਸ਼ ਹੈ।***

ਦਿੱਲੀ ਕਤਲੇਆਮ ਤੋਂ 8 ਹਫ਼ਤੇ ਬਾਅਦ ਭਾਰਤ ਵਿਚ ਹੋਈਆਂ ਚੋਣਾਂ ਨੇ ਮੁਲਕ ਦੇ ਇਤਿਹਾਸ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਚੋਣ ਫ਼ਤਵਾ ਦਿੱਤਾ। ਕਾਂਗਰਸ ਦੀ ਲੀਡਰਸ਼ਿਪ ਮਹੀਨਿਆਂ ਤੋਂ ਆਮ ਚੋਣਾਂ ਦੀ ਤਿਆਰੀ ਕਰ ਰਹੀ ਸੀ। ਸ਼ੁਰੂ ਤੋਂ ਹੀ ਸਿੱਖ ਖਾੜਕੂਵਾਦ ਨੂੰ ਦਬਾਉਣਾ ਉਨ੍ਹਾਂ ਦੀ ਯੁੱਧਨੀਤੀ ਦਾ ਕੇਂਦਰ ਸੀ। ਇੰਦਰਾ ਗਾਂਧੀ ਦੇ ਨਿੱਜੀ ਸਕੱਤਰ ਆਰ.ਕੇ. ਧਵਨ ਅਨੁਸਾਰ ਰਾਜੀਵ ਗਾਂਧੀ, ਅਰੁਣ ਨਹਿਰੂ ਅਤੇ ਅਰੁਣ ਸਿੰਘ (ਪ੍ਰਧਾਨ ਮੰਤਰੀ ਦਾ ਇਕ ਹੋਰ ਸਲਾਹਕਾਰ) ਸਾਰੇ ਇਸ ਗੱਲ 'ਤੇ ਸਹਿਮਤ ਸਨ ਕਿ ਜਰਨੈਲ ਸਿੰਘ ਭਿੰਡਰਾਂਵਾਲੇ ਖਿਲਾਫ ਸਫ਼ਲ ਫ਼ੌਜੀ ਕਾਰਵਾਈ ਉਨ੍ਹਾਂ ਨੂੰ ਵੋਟਾਂ 'ਚ ਸੌਖਿਆਂ ਹੀ ਜਿੱਤ ਦਿਵਾ ਦੇਵੇਗੀ।



ਉਸ ਸਾਲ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮਾਨਸੂਨ ਦੌਰਾਨ ਕਾਂਗਰਸ ਦੀ ਜੋ ਇਸ਼ਤਿਹਾਰਬਾਜ਼ੀ ਮੁਹਿੰਮ ਸੋਚੀ ਗਈ ਸੀ, ਉਹ ਇਸ ਦੇ ਸਨਕੀਪੁਣੇ ਲਈ ਚੇਤੇ ਕੀਤੀ ਜਾਂਦੀ ਹੈ। 1984 ਦੀ 25ਵੀਂ ਵਰ੍ਹੇਗੰਢ ਦੇ ਮੌਕੇ 'ਤੇ 'ਆਉਟਲੁੱਕ' ਦੇ ਵਿਸ਼ੇਸ਼ ਐਡੀਸ਼ਨ ਵਿਚ ਇਸ਼ਤਿਹਾਰ ਕਾਰਜਕਾਰੀ ਅਧਿਕਾਰੀ ਅਜੀਤ ਬਾਲਾਕ੍ਰਿਸ਼ਨਨ ਨੇ ਕਹਾਣੀ ਦੱਸੀ ਕਿ ਇਹ ਮੁਹਿੰਮ ਕਿਵੇਂ ਵਿਕਸਿਤ ਕੀਤੀ ਗਈ ਸੀ। ਰਾਜੀਵ ਗਾਂਧੀ ਨੇ "ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਦੀਆਂ ਤੇਜ਼ੀ ਨਾਲ ਘਟ ਰਹੀਆਂ ਸੰਭਾਵਨਾਵਾਂ ਨੂੰ ਸੁਧਾਰਨ 'ਚ ਮਦਦ ਲਈ ਆਪਣੇ ਮਿੱਤਰਾਂ ਅਰੁਣ ਸਿੰਘ ਅਤੇ ਅਰੁਣ ਨਹਿਰੂ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਸੀ।" ਉਹ ਦੱਸਦਾ ਹੈ, ਅਰੁਣ ਸਿੰਘ ਅਤੇ ਅਰੁਣ ਨਹਿਰੂ ਨੇ ਉਨ੍ਹਾਂ ਕੰਪਨੀਆਂ ਵਿਚ ਕੰਮ ਕੀਤਾ ਸੀ ਜਿਨ੍ਹਾਂ ਲਈ ਬਾਲਾਕ੍ਰਿਸ਼ਨਨ ਦੀ ਫਰਮ ਰੀਡੀਫਿਊਜ਼ਨ ਨੇ "ਹੁਣੇ ਹੀ ਮਸ਼ਹੂਰ ਇਸ਼ਤਿਹਾਰੀ ਮੁਹਿੰਮਾਂ ਕੀਤੀਆਂ ਸਨ।... ਸੋ ਜਦੋਂ ਸਾਡੇ ਗਾਹਕਾਂ ਨੂੰ ਦਿੱਲੀ ਬੁਲਾਇਆ ਗਿਆ ਤਾਂ ਅਸੀਂ ਵੀ ਉੱਥੇ ਹੀ ਸੀ।"


ਬਾਲਾਕ੍ਰਿਸ਼ਨਨ ਨੇ ਕਈ ਬਣਾਏ ਗਏ ਪ੍ਰਿੰਟ-ਇਸ਼ਤਿਹਾਰਾਂ ਬਾਰੇ ਚਰਚਾ ਕੀਤੀ। "ਕੀ ਭਵਿੱਖ 'ਚ ਤੁਹਾਡੀ ਕਰਿਆਨੇ ਦੀ ਸੂਚੀ ਵਿਚ ਐਸਿਡ ਬਲਬ, ਲੋਹੇ ਦੀਆਂ ਰਾਡਾਂ, ਖੰਜਰ ਸ਼ਾਮਲ ਹੋਣਗੇ?" ਪਹਿਲੇ ਨੂੰ ਸਵਾਲ ਪੁੱਛਿਆ। ਅਸੀਂ ਦਲੀਲ ਦਿੱਤੀ ਕਿ ਆਮ ਨਾਗਰਿਕਾਂ ਨੂੰ ਉਦੋਂ ਹੀ ਆਪਣੇ ਆਪ ਨੂੰ ਹਥਿਆਰਬੰਦ ਕਰਨ ਦੀ ਲੋੜ ਹੁੰਦੀ ਹੈ ਜਦੋਂ ਸਰਕਾਰਾਂ ਕਮਜ਼ੋਰ ਹੋ ਜਾਂਦੀਆਂ ਹਨ। ਕਾਂਗਰਸ ਨੂੰ ਵੋਟ ਦਿਓ।

"ਕੀ ਮੁਲਕ ਦੀ ਸਰਹੱਦ ਆਖ਼ਿਰਕਾਰ ਤੁਹਾਡੀ ਸਰਦਲ ਤੱਕ ਆ ਜਾਵੇਗੀ?" ਜ਼ੋਰ ਫੜ ਰਹੇ ਵੱਖਵਾਦੀ ਅੰਦੋਲਨਾਂ 'ਤੇ ਅੱਖ ਰੱਖਦੇ ਹੋਏ ਅਗਲੇ ਇਸ਼ਤਿਹਾਰ 'ਚ ਸਵਾਲ ਪੁੱਛਿਆ ਗਿਆ। ਕੀ ਤੁਸੀਂ ਛੇਤੀ ਹੀ ਆਪਣੇ ਗੁਆਂਢੀ ਨੂੰ ਸਿਰਫ਼ ਇਸ ਲਈ ਬੇਚੈਨੀ ਨਾਲ ਦੇਖੋਗੇ ਕਿਉਂਕਿ ਉਹ ਕਿਸੇ ਹੋਰ ਫਿਰਕੇ ਨਾਲ ਸਬੰਧਿਤ ਹੈ? ਕਾਂਗਰਸ ਨੂੰ ਵੋਟ ਦਿਓ ਅਤੇ ਏਕਤਾ ਨੂੰ ਵੋਟ ਦਿਓ, ਨਹੀਂ ਤਾਂ ਇਹ ਵੱਖਵਾਦ ਨੂੰ ਵੋਟ ਹੈ।

ਪ੍ਰਤੱਖ ਤੌਰ 'ਤੇ ਮਾਨਸੂਨ ਦੇ ਅੰਤ ਤੱਕ ਇਸ਼ਤਿਹਾਰਾਂ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਸੀ ਪਰ ਅਜੇ ਪ੍ਰਕਾਸ਼ਿਤ ਨਹੀਂ ਸੀ ਕੀਤੇ ਗਏ। ਫਿਰ ਇੰਦਰਾ ਗਾਂਧੀ ਦਾ ਕਤਲ ਹੋ ਗਿਆ। ਬਾਲਾਕ੍ਰਿਸ਼ਨਨ ਨੇ ਦੱਸਿਆ, "ਅਚਾਨਕ ਜੋ ਸ਼ਬਦ ਅਸੀਂ ਕਈ ਮਹੀਨੇ ਪਹਿਲਾਂ ਘੜੇ ਸਨ, ਉਹ ਹੁਣ ਉਦੋਂ ਨਾਲੋਂ ਵੀ ਜ਼ਿਆਦਾ ਟੁਣਕਣ ਲੱਗ ਪਏ।"

ਇਸ ਤੋਂ ਤੁਰੰਤ ਬਾਅਦ ਚੋਣਾਂ ਦਾ ਬਿਗਲ ਵੱਜ ਗਿਆ। ਇਸ਼ਤਿਹਾਰ ਮੁਹਿੰਮ ਉਸੇ ਤਰ੍ਹਾਂ ਚੱਲੀ, ਜਿਵੇਂ ਇਹ ਉਸ ਤੋਂ ਕਈ ਮਹੀਨੇ ਪਹਿਲਾਂ ਤਿਆਰ ਕੀਤੀ ਗਈ ਸੀ; ਘਟਨਾਵਾਂ ਦੇ ਅਦਭੁਤ ਮੋੜ ਲੈਣ ਨਾਲ ਅਸਲੀਅਤ ਵੀ ਪਹੁੰਚ ਗਈ ਸੀ, ਤੇ ਸਾਡੀ ਕਲਪਨਾ ਨਾਲੋਂ ਵੀ ਭਿਆਨਕ ਇਸ ਹਕੀਕਤ ਨੇ ਸਾਡੇ ਦੁਆਰਾ ਵਰਤੇ ਗਏ ਸ਼ਬਦਾਂ ਅਤੇ ਤਸਵੀਰਾਂ ਦੀਆਂ ਬਾਰੀਕੀਆਂ ਨੂੰ ਹੋਰ ਉਘਾੜਿਆ ਅਤੇ ਉਨ੍ਹਾਂ ਨੂੰ ਅਜਿਹਾ ਮਹੱਤਵ ਮੁਹੱਈਆ ਕੀਤਾ ਜੋ ਅਸੀਂ ਉਨ੍ਹਾਂ ਨੂੰ ਬਣਾਉਣ ਵੇਲੇ ਨਹੀਂ ਦੇਖਿਆ ਸੀ।"

ਇਸ ਮੁਹਿੰਮ ਨੇ ਜ਼ਿਆਦਾਤਰ ਸਿੱਖਾਂ 'ਚ ਜੋ ਖ਼ੌਫ਼ ਪੈਦਾ ਕੀਤਾ, ਉਸ ਨੂੰ ਸਵੀਕਾਰ ਕਰਨ ਵਿਚ ਉਸ ਦੀ ਨਾਕਾਮੀ ਤੋਂ ਮੈਂ ਹੈਰਾਨ ਸੀ। ਇਸ ਸਾਲ ਅਗਸਤ 'ਚ ਮੈਂ ਚੋਣ ਮੁਹਿੰਮ ਬਾਰੇ ਪੁੱਛਣ ਲਈ ਬਾਲਾਕ੍ਰਿਸ਼ਨਨ ਨਾਲ ਸੰਪਰਕ ਕੀਤਾ ਜੋ ਹੁਣ ਰੈਡਿਫ ਡਾਟ ਕਾਮ ਦਾ ਮੁਖੀ ਹੈ ਅਤੇ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਕਲਕੱਤਾ ਦੇ ਬੋਰਡ ਆਫ ਗਵਰਨਰਜ਼ ਦਾ ਚੇਅਰਮੈਨ ਹੈ। ਮੈਨੂੰ ਉਮੀਦ ਸੀ ਕਿ ਇਸ ਨਾਲ 1984 'ਚ ਰਾਜੀਵ ਗਾਂਧੀ ਦੇ ਵਿਸ਼ਵਾਸਪਾਤਰ ਬੰਦਿਆਂ ਦੀ ਸੋਚ ਬਾਰੇ ਕੁਝ ਸਮਝ ਹਾਸਲ ਹੋ ਸਕਦੀ ਹੈ। ਬਾਲਾਕ੍ਰਿਸ਼ਨਨ ਨੇ ਬੇਨਤੀ ਕੀਤੀ ਕਿ ਮੈਂ ਉਸ ਨੂੰ ਈਮੇਲ ਰਾਹੀਂ ਆਪਣੇ ਸਵਾਲ ਭੇਜਾਂ। ਹੋਰ ਗੱਲਾਂ ਦੇ ਨਾਲ-ਨਾਲ ਮੈਂ ਉਸ ਨੂੰ ਪੁੱਛਿਆ: "ਇੰਞ ਜਾਪਦਾ ਹੈ ਕਿ ਜ਼ਿਆਦਾਤਰ ਮੁਹਿੰਮ 1984 ਦੇ ਸਿੱਖ ਕਤਲੇਆਮ ਤੋਂ ਪਹਿਲਾਂ ਚੱਲੀ ਸੀ, ਕੀ ਉਨ੍ਹਾਂ ਘਟਨਾਵਾਂ ਤੋਂ ਬਾਅਦ ਮੁਹਿੰਮ ਨੂੰ ਢਾਲਿਆ ਗਿਆ ਜਾਂ ਮੁੜ ਢਾਲਿਆ ਗਿਆ ਸੀ? ਕੀ ਕਤਲੇਆਮ ਤੋਂ ਬਾਅਦ ਮੁਹਿੰਮ ਦੇ ਜ਼ੋਰ ਉੱਪਰ ਕੋਈ ਚਰਚਾ ਹੋਈ?



'ਆਉਟਲੁੱਕ' ਵਿਚ ਆਪਣੀ ਲਿਖਤ ਵਿਚ ਤੁਸੀਂ ਵਿਵਾਦਪੂਰਨ ਇਸ਼ਤਿਹਾਰ ਦਾ ਜ਼ਿਕਰ ਨਹੀਂ ਕੀਤਾ ਜਿਸ ਵਿਚ ਇਹ ਪੁੱਛਿਆ ਗਿਆ ਸੀ: ਕੀ ਤੁਸੀਂ ਆਪਣੇ ਟੈਕਸੀ ਡਰਾਈਵਰ 'ਤੇ ਭਰੋਸਾ ਕਰ ਸਕਦੇ ਹੋ ਜੋ ਕਿਸੇ ਸਿੱਖ ਦੇ ਪ੍ਰਛਾਵੇਂ ਵਰਗਾ ਜਾਪਦਾ ਹੈ? ਇਸ ਦੀ ਕਲਪਨਾ ਕਦੋਂ ਕੀਤੀ ਗਈ ਸੀ?

ਘਟਨਾਵਾਂ ਦੇ 25 ਸਾਲ ਬਾਅਦ ਲਿਖਿਆ ਗਿਆ ਤੁਹਾਡਾ ਲੇਖ ਅਜੇ ਵੀ ਇਸ ਇਸ਼ਤਿਹਾਰ ਮੁਹਿੰਮ ਨੂੰ ਮੁਲਕ ਵਿਚ 'ਚ ਚੋਣ ਪ੍ਰਚਾਰ ਮੀਲ ਪੱਥਰ ਮੰਨਦਾ ਜਾਪਦਾ ਹੈ ਪਰ ਇਸ ਦੇ ਸਮੱਸਿਆ ਵਾਲੇ ਪਹਿਲੂਆਂ ਬਾਰੇ ਕਹਿਣ ਲਈ ਕੁਝ ਨਹੀਂ ਹੈ। ਮੇਰੇ ਵਰਗੇ ਬਹੁਤ ਸਾਰੇ (ਤੇ ਮੈਂ ਉਦੋਂ ਸਿਰਫ਼ 17 ਸਾਲ ਦਾ ਸੀ) ਮੁਹਿੰਮ ਦੀ ਉੱਚੀ ਸੁਰ ਤੋਂ ਡਰੇ ਹੋਏ ਸਨ ਜੋ ਇਸ ਦਾ ਇਰਾਦਾ ਕੁਝ ਵੀ ਹੋਵੇ, ਸਮੁੱਚੇ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਰੂਪ ਵਿਚ ਸਾਹਮਣੇ ਆਈ। ਕੀ ਇਸ ਜਾਇਜ਼ੇ ਨੂੰ ਤੁਸੀਂ ਪੂਰੀ ਤਰ੍ਹਾਂ ਅਣਡਿੱਠ ਕਰਦੇ ਹੋ?"

ਜਿਸ ਸਮੇਂ ਇਹ ਲੇਖ ਛਾਪਿਆ ਗਿਆ, ਜਵਾਬ ਲੈਣ ਲਈ ਕੀਤੀਆਂ ਵਾਰ-ਵਾਰ ਗੁਜ਼ਾਰਿਸ਼ਾਂ ਅਸਫਲ ਰਹੀਆਂ।

19 ਨਵੰਬਰ 1984 ਨੂੰ ਰਾਜੀਵ ਗਾਂਧੀ ਨੇ ਆਪਣੀ ਮਾਂ ਦੇ ਜਨਮ ਦੀ ਵਰ੍ਹੇਗੰਢ ਮਨਾਉਣ ਲਈ ਦਿੱਲੀ ਦੇ ਇੰਡੀਆ ਗੇਟ ਨੇੜੇ ਬੋਟ ਕਲੱਬ ਵਿਖੇ ਰੈਲੀ ਨੂੰ ਸੰਬੋਧਨ ਕੀਤਾ। ਆਪਣੇ ਭਾਸ਼ਣ ਦੌਰਾਨ ਉਸ ਨੇ ਇੰਦਰਾ ਦੇ ਕਤਲ ਬਾਰੇ ਬਿਆਨ ਦਿੱਤਾ ਜਿਸ ਨੇ ਬਾਅਦ ਦੇ ਕਤਲੇਆਮ ਲਈ ਰਾਜ ਦੇ ਸਮੁੱਚੇ ਪ੍ਰਤੀਕਰਮ ਦਾ ਖ਼ਾਸਾ ਬਿਆਨ ਕਰ ਦਿੱਤਾ: "ਜਦੋਂ ਵੱਡਾ ਦਰੱਖਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ।" ਇਕ ਮਹੀਨੇ ਬਾਅਦ ਕਾਂਗਰਸ ਨੇ ਲੋਕ ਸਭਾ ਚੋਣਾਂ ਵਿਚ ਹੂੰਝਾ ਫੇਰ ਦਿੱਤਾ ਅਤੇ ਰਾਜੀਵ ਜਿੱਤ ਹਾਸਲ ਕਰ ਕੇ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਪਰਤਿਆ। ਇਸ ਨੁਕਤੇ ਤੋਂ ਕਤਲੇਆਮ ਪੀੜਤਾਂ ਨੂੰ ਨਿਆਂ ਦੇਣ ਲਈ ਤਿਆਰ ਕੀਤੇ ਗਏ ਅਮਲ ਉਲਟਾ ਇਸ ਨੂੰ ਦਬਾਉਣ ਲਈ ਵਰਤੇ ਗਏ।

ਐੱਸ.ਐੱਸ. ਜੋਗ ਜੋ ਹੁਣ 87 ਸਾਲ ਦੇ ਹਨ, ਅਮਰਾਵਤੀ (ਮਹਾਰਾਸ਼ਟਰ) ਵਿਚ ਰਹਿੰਦੇ ਹਨ। ਨਵੰਬਰ 1984 'ਚ, ਮਹਾਰਾਸ਼ਟਰ ਕਾਡਰ ਦੇ ਬੇਦਾਗ਼ ਰਿਕਾਰਡ ਵਾਲੇ ਭਾਰਤੀ ਪੁਲਿਸ ਸੇਵਾ ਦੇ ਅਧਿਕਾਰੀ ਜੋਗ ਨੂੰ ਸੁਭਾਸ਼ ਟੰਡਨ ਦੀ ਥਾਂ 'ਤੇ ਦਿੱਲੀ ਪੁਲਿਸ ਦਾ ਕਮਿਸ਼ਨਰ ਲਾਇਆ ਗਿਆ।

ਇਸ ਸਾਲ ਅਗਸਤ 'ਚ ਜੋਗ ਨੇ ਅਮਰਾਵਤੀ ਤੋਂ ਮੇਰੇ ਨਾਲ ਫੋਨ 'ਤੇ ਗੱਲ ਕੀਤੀ। ਜੋਗ ਨੇ ਮੈਨੂੰ ਦੱਸਿਆ, "ਜਦੋਂ ਮੈਂ ਕਤਲ ਤੋਂ ਬਾਅਦ ਅਹੁਦਾ ਸੰਭਾਲਿਆ ਤਾਂ ਫੋਰਸ ਦੀਆਂ ਕਈ ਸਮੱਸਿਆਵਾਂ ਸਨ - ਕਾਨੂੰਨ ਅਤੇ ਵਿਵਸਥਾ ਦੀਆਂ ਸਮੱਸਿਆਵਾਂ, ਸੰਚਾਲਨ ਦੀਆਂ ਸਮੱਸਿਆਵਾਂ। ਮੈਨੂੰ ਪਹਿਲਾਂ ਇਹ ਸੁਲਝਾਉਣੀਆਂ ਪੈਣੀਆਂ ਸਨ।" ਉਸ ਨੇ ਕਿਹਾ ਕਿ ਉਸ ਨੇ ਪ੍ਰਬੰਧਕੀ ਅਤੇ ਸੰਚਾਰ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਸ਼ੁਰੂਆਤ ਕੀਤੀ। ਹਿੰਸਾ ਦੌਰਾਨ ਹਰ ਪੁਲਿਸ ਜ਼ਿਲ੍ਹੇ 'ਚ ਕੰਟਰੋਲ ਰੂਮ ਨੂੰ ਸੂਚਨਾ ਮਿਲ ਤਾਂ ਰਹੀ ਸੀ "ਪਰ ਇਹ ਅੱਗੇ ਮੁੱਖ ਕੰਟਰੋਲ ਰੂਮ ਨੂੰ ਭੇਜੀ ਨਹੀਂ ਜਾ ਰਹੀ ਸੀ। ਨਤੀਜੇ ਵਜੋਂ ਦੋ ਸੌ ਮੌਤਾਂ ਹੋ ਗਈਆਂ ਸਨ ਜਿਨ੍ਹਾਂ ਦੀ ਮੁੱਖ ਕੰਟਰੋਲ ਰੂਮ ਨੂੰ ਕੋਈ ਜਾਣਕਾਰੀ ਨਹੀਂ ਸੀ।"

ਜੋਗ ਨੇ ਕਿਹਾ ਕਿ ਪੁਲਿਸ ਕੋਲ ਮਹੱਤਵਪੂਰਨ ਸਾਧਨਾਂ ਦੀ ਵੀ ਘਾਟ ਸੀ। "ਵਾਇਰਲੈੱਸ ਪ੍ਰਣਾਲੀਆਂ ਦੀ ਘਾਟ ਸੀ। ਅਸੀਂ ਇਸ ਨੂੰ ਮੁਖ਼ਾਤਿਬ ਹੋਏ। ਫੋਰਸਾਂ ਦੀ ਘਾਟ ਸੀ। ਬਹੁਤੇ ਪੁਲਿਸ ਮੁਲਾਜ਼ਮ ਹਰਿਆਣਾ ਦੇ ਸਨ; ਉਹ ਉੱਥੇ ਰਹਿੰਦੇ ਸਨ ਅਤੇ ਦਿਨ ਲਈ ਹੀ ਸ਼ਹਿਰ ਵਿਚ ਆਉਂਦੇ ਸਨ। ਨਤੀਜੇ ਵਜੋਂ ਲੋੜ ਪੈਣ 'ਤੇ ਸਾਡੇ ਕੋਲ ਕੋਈ ਸਟੈਂਡ-ਬਾਈ ਫੋਰਸ ਨਹੀਂ ਸੀ।" ਇਸ ਤੋਂ ਇਲਾਵਾ ਪੁਲਿਸ ਨੇ ਛੇ ਸਾਲ ਪੁਰਾਣੀ ਕਮਾਂਡ ਪ੍ਰਣਾਲੀ ਨੂੰ ਨਹੀਂ ਢਾਲਿਆ ਸੀ।" ਜੋਗ ਨੇ ਕਿਹਾ, "ਅਜੇ ਵੀ ਇਹ ਅਹਿਸਾਸ ਨਹੀਂ ਹੋਇਆ ਸੀ ਕਿ ਪੁਲਿਸ ਦੀਆਂ ਸ਼ਕਤੀਆਂ ਪੁਲਿਸ ਕੋਲ ਹਨ।... ਫੋਰਸ ਅਜੇ ਵੀ ਮੈਜਿਸਟ੍ਰੇਟ ਦੇ ਆਉਣ ਅਤੇ ਗੋਲੀ ਚਲਾਉਣ ਦਾ ਹੁਕਮ ਦੇਣ ਦੀ ਉਡੀਕ ਕਰਦੀ ਸੀ। ਮੈਂ ਉਨ੍ਹਾਂ ਦੇ ਰਵੱਈਏ ਨੂੰ ਮੁੜ ਸੇਧ ਦਿੱਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਹੈੱਡ ਕਾਂਸਟੇਬਲ ਵੀ ਗੋਲੀ ਚਲਾਉਣ ਦਾ ਹੁਕਮ ਦੇ ਸਕਦਾ ਹੈ ਅਤੇ ਕੁਝ ਨਹੀਂ ਹੋਵੇਗਾ - ਮੈਂ ਹਰ ਤਰ੍ਹਾਂ ਨਾਲ ਉਸ ਨਾਲ ਖੜ੍ਹਾਂਗਾ।"

ਜੋਗ ਨੇ ਕਤਲੇਆਮ ਦੀ ਜਾਂਚ ਲਈ ਪਹਿਲਾ ਕਮਿਸ਼ਨ ਬਣਾਇਆ। ਜਾਂਚ ਦੀ ਅਗਵਾਈ ਲਈ ਉਸ ਨੇ ਆਪਣੇ ਡਿਪਟੀ ਵੇਦ ਮਰਵਾਹ ਨਾਂ ਦੇ ਦਿੱਲੀ ਪੁਲਿਸ ਦੇ ਅਫਸਰ ਨੂੰ ਚੁਣਿਆ।

ਜੋਗ ਨੇ ਦੱਸਿਆ, "ਵੇਦ ਮਰਵਾਹ ਮੇਰਾ ਨੰਬਰ ਦੋ ਸੀ। ਉਹ ਲੰਮੇ ਸਮੇਂ ਤੋਂ ਦਿੱਲੀ ਪੁਲਿਸ ਵਿਚ ਸੀ ਅਤੇ ਕੁਦਰਤੀ ਤੌਰ 'ਤੇ ਮੈਂ ਉਸ 'ਤੇ ਨਿਰਭਰ ਸੀ। ਮੈਂ ਦਿੱਲੀ ਵਿਚ ਨਵਾਂ ਬੰਦਾ ਸੀ ਅਤੇ ਉਹ ਪੁਰਾਣਾ ਤਜਰਬੇਕਾਰ ਸੀ, ਇਸ ਲਈ ਮੈਂ ਉਸ ਦੀ ਸਲਾਹ 'ਤੇ ਨਿਰਭਰ ਕਰਦਾ ਸੀ।

"ਮੈਂ ਉਸ ਨੂੰ 84 ਦੇ ਦੰਗਿਆਂ ਦੌਰਾਨ ਜੋ ਕੁਝ ਵਾਪਰਿਆ ਸੀ, ਉਸ ਦੀ ਪ੍ਰਸ਼ਾਸਨਿਕ ਜਾਂਚ ਕਰਨ ਲਈ ਨਿਯੁਕਤ ਕੀਤਾ ਸੀ।" ਜੋਗ ਨੇ ਅੱਗੇ ਕਿਹਾ, "ਇੱਥੇ ਦੋ ਤਰ੍ਹਾਂ ਦੀਆਂ ਪੜਤਾਲਾਂ ਹੋਈਆਂ ਹਨ। ਇਕ, ਪ੍ਰਸ਼ਾਸਨਿਕ - ਇਹ ਪਤਾ ਲਾਉਣ ਲਈ ਕਿ ਪੁਲਿਸ ਅਤੇ ਪ੍ਰਸ਼ਾਸਨ ਵਿਚ ਕੀ ਗ਼ਲਤ ਹੋਇਆ। ਦੂਜੀ, ਵਿਅਕਤੀਗਤ ਜ਼ਿੰਮੇਵਾਰੀ। ਕਿਸੇ ਨੂੰ ਤਾਂ ਕਰਨੀ ਹੀ ਪੈਣੀ ਸੀ ਅਤੇ ਇਹ ਕੰਮ ਮਰਵਾਹ ਨੂੰ ਸੌਂਪਿਆ ਗਿਆ। ਇਹ ਕੰਮ ਉਸ ਨੂੰ ਮੈਂ ਸੌਂਪਿਆ।" ਜੋਗ ਨੇ ਕਿਹਾ ਕਿ ਪੜਤਾਲ ਪੂਰੀ ਹੋਣ ਤੋਂ ਪਹਿਲਾਂ ਹੀ ਉਹ ਦਿੱਲੀ ਤੋਂ ਚਲਾ ਗਿਆ ਸੀ।

ਮਰਵਾਹ ਦਾ ਵੇਰਵਾ ਵੱਖਰਾ ਸੀ। ਜਦੋਂ ਮੈਂ ਉਸ ਮਹੀਨੇ ਦੇ ਸ਼ੁਰੂ 'ਚ ਉਸ ਨਾਲ ਗੱਲ ਕੀਤੀ ਤਾਂ ਉਸ ਨੇ ਮੈਨੂੰ ਦੱਸਿਆ ਕਿ ਜਦੋਂ ਪੜਤਾਲ ਪੂਰੀ ਹੋਣ ਵਾਲੀ ਸੀ ਤਾਂ ਉਸ ਨੂੰ ਇਸ ਨੂੰ ਬੰਦ ਕਰ ਦੇਣ ਦਾ ਹੁਕਮ ਦਿੱਤਾ ਗਿਆ ਸੀ। ਉਸ ਨੇ ਕਿਹਾ, ਹੁਕਮ ਜੋਗ ਤੋਂ ਆਏ ਸਨ।

ਜਦੋਂ ਮੈਂ ਇਸ ਦਾ ਜ਼ਿਕਰ ਜੋਗ ਕੋਲ ਕੀਤਾ ਤਾਂ ਉਸ ਦਾ ਲਹਿਜਾ ਇਕਦਮ ਬਦਲ ਗਿਆ: "ਹੈਂ, ਉਸ ਨੇ ਇਹ ਕਿਹਾ ਹੈ? ਹੁਣ ਮੈਨੂੰ ਸਮਝ ਨਹੀਂ ਆਉਂਦਾ। ਤੁਸੀਂ ਮੈਨੂੰ 25 ਸਾਲ ਪਹਿਲਾਂ ਦੀਆਂ ਗੱਲਾਂ ਬਾਰੇ ਕਿਉਂ ਪੁੱਛ ਰਹੇ ਹੋ? ਮੈਨੂੰ ਹੁਣ ਕੁਝ ਵੀ ਚੇਤੇ ਨਹੀਂ ਏ।" ਤੇ ਉਸ ਨੇ ਫੋਨ ਬੰਦ ਕਰ ਦਿੱਤਾ।

ਮਈ 1985 ਵਿਚ ਮਰਵਾਹ ਜਾਂਚ ਬੰਦ ਕਰਨ ਦਾ ਅਧਿਕਾਰਤ ਕਾਰਨ ਇਹ ਸੀ ਕਿ ਕਮਿਸ਼ਨ ਆਫ ਇਨਕੁਆਇਰੀ ਐਕਟ ਤਹਿਤ ਇਕ ਸੰਸਥਾ ਬਣਾਈ ਜਾ ਰਹੀ ਸੀ। ਉਸੇ ਮਹੀਨੇ ਬਣਾਏ ਇਸ ਨਵੇਂ ਕਮਿਸ਼ਨ ਨੂੰ "ਮਰਹੂਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿਚ ਵਾਪਰੀਆਂ ਜਥੇਬੰਦ ਹਿੰਸਾ ਦੀਆਂ ਘਟਨਾਵਾਂ ਸਬੰਧੀ ਦੋਸ਼ਾਂ ਦੀ ਜਾਂਚ ਕਰਨ ਦਾ ਹੁਕਮ ਦਿੱਤਾ ਗਿਆ ਸੀ।" ਇਹ ਮਿਸ਼ਰਾ ਕਮਿਸ਼ਨ ਸੀ ਜਿਸ ਦੀ ਰਿਪੋਰਟ ਅਗਸਤ 1986 ਵਿਚ ਸਰਕਾਰ ਨੂੰ ਸੌਂਪੀ ਗਈ ਸੀ ਅਤੇ ਅਗਲੇ ਫਰਵਰੀ ਵਿਚ ਜਨਤਕ ਕੀਤੀ ਗਈ ਸੀ।

ਸ਼ੁਰੂ ਤੋਂ ਹੀ ਮਿਸ਼ਰਾ ਕਮਿਸ਼ਨ ਵਿਧੀਗਤ ਤਰੀਕੇ ਨਾਲ ਪੱਖਪਾਤੀ ਸੀ। ਪੁਲਿਸ ਅਧਿਕਾਰੀਆਂ ਅਤੇ ਪ੍ਰਸ਼ਾਸਕਾਂ ਨੂੰ ਕੈਮਰੇ ਅੱਗੇ ਬਿਆਨ ਦੇਣ ਦੀ ਇਜਾਜ਼ਤ ਦਿੱਤੀ ਗਈ ਸੀ; ਇੱਥੋਂ ਤੱਕ ਕਿ ਪੀੜਤਾਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੂੰ ਹਾਜ਼ਰ ਹੋਣ ਤੋਂ ਰੋਕ ਦਿੱਤਾ ਗਿਆ ਸੀ - ਗਵਾਹਾਂ ਦੀ ਜਾਂਚ ਕਰਨ ਦੀ ਗੱਲ ਹੀ ਛੱਡੋ। ਐੱਚ.ਐੱਸ. ਫੂਲਕਾ ਅਨੁਸਾਰ, ਇਹ ਲੁਕਵੇਂ ਬਿਆਨ ਲਏ ਜਾਣ ਤੋਂ ਬਾਅਦ ਵੀ ਲੰਮੇ ਸਮੇਂ ਤੱਕ ਨਾ ਤਾਂ ਇਨ੍ਹਾਂ ਦੀ ਭਿਣਕ ਵਕੀਲਾਂ ਨੂੰ ਪਈ ਸੀ ਅਤੇ ਨਾ ਹੀ ਮੀਡੀਆ ਨੂੰ।

ਪੁਲਿਸ ਵਾਲਿਆਂ ਦੇ ਪੱਖ ਵਿਚ ਗਵਾਹੀ ਘੜਨ ਲਈ ਠੋਸ ਯਤਨ ਵੀ ਕੀਤਾ ਗਿਆ ਸੀ। ਇਕ ਹਲਫ਼ਨਾਮੇ ਵਿਚ ਕਲਿਆਣਪੁਰੀ ਨਿਵਾਸੀ ਪਰਸਾ ਸਿੰਘ ਨੇ ਕਿਹਾ ਕਿ ਉਸ ਨੂੰ ਸੂਰਵੀਰ ਸਿੰਘ ਤਿਆਗੀ ਦੇ ਥਾਣੇ ਵਿਚ ਬੁਲਾਇਆ ਗਿਆ ਸੀ: "ਤਿਆਗੀ ਨਾਲ ਮੇਰੇ ਚੰਗੇ ਸਬੰਧ ਸਨ। ਉਸ ਨੇ ਮੈਨੂੰ ਕਿਹਾ- 'ਮੈਂ ਕਈ ਵਾਰ ਤੇਰੀ ਮਦਦ ਕੀਤੀ ਸੀ ਅਤੇ ਤੇਰੇ ਨਾਲ ਮੇਰੇ ਚੰਗੇ ਸਬੰਧ ਰਹੇ ਹਨ। ਨਵੰਬਰ ਦੌਰਾਨ ਜੋ ਹੋਇਆ, ਉਸ ਲਈ ਮੈਨੂੰ ਬਹੁਤ ਅਫਸੋਸ ਹੈ ਪਰ ਮੈਂ ਬਿਲਕੁਲ ਬੇਕਸੂਰ ਹਾਂ ਅਤੇ ਤੈਨੂੰ ਮੇਰੀ ਮਦਦ ਕਰਨੀ ਚਾਹੀਦੀ ਹੈ'।" ਮੈਂ ਜਵਾਬ ਦਿੱਤਾ, "ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ 1 ਨਵੰਬਰ 1984 ਨੂੰ ਜਦੋਂ ਭੀੜ ਆਈ ਤਾਂ ਤੁਹਾਡੇ ਬੰਦਿਆਂ ਨੇ ਸਾਡੇ ਲੋਕਾਂ ਤੋਂ ਬੰਦੂਕਾਂ ਖੋਹ ਲਈਆਂ ਅਤੇ ਜਦੋਂ ਭੀੜ ਨੇ ਸਾਡੇ 'ਤੇ ਹਮਲਾ ਕੀਤਾ ਅਤੇ ਅਸੀਂ ਉਨ੍ਹਾਂ ਦੇ ਹਮਲੇ ਨੂੰ ਨਾਕਾਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਤੁਸੀਂ ਸਾਡੇ 'ਤੇ ਗੋਲੀ ਚਲਾਈ ਅਤੇ ਤੁਸੀਂ ਨਿੱਜੀ ਤੌਰ 'ਤੇ ਆਪਣਾ ਰਿਵਾਲਵਰ ਮੇਰੀ ਛਾਤੀ 'ਤੇ ਤਾਣਿਆ ਅਤੇ ਮੈਨੂੰ ਕਿਹਾ ਕਿ ਮੈਂ ਉੱਥੋਂ ਚਲੇ ਜਾਵਾਂ, ਨਹੀਂ ਤਾਂ ਤੁਸੀਂ ਮੈਨੂੰ ਗੋਲੀ ਮਾਰ ਦਿਓਗੇ। ਅਸੀਂ ਡਰ ਕੇ ਭੱਜ ਗਏ। ਤੁਸੀਂ ਲੋਕਾਂ ਨੂੰ ਸਾਡੇ ਘਰਾਂ ਨੂੰ ਅੱਗ ਲਾਉਣ ਲਈ ਉਕਸਾਇਆ ਅਤੇ ਸਾਡੀ ਜਾਇਦਾਦ ਲੁੱਟ ਲਈ। ਅਸੀਂ ਮੁਸ਼ਕਿਲ ਨਾਲ ਆਪਣੀ ਜਾਨ ਬਚਾਈ, ਤੁਸੀਂ ਸਾਨੂੰ ਗ੍ਰਿਫ਼ਤਾਰ ਕਰ ਕੇ ਝੂਠੇ ਕੇਸਾਂ ਵਿਚ ਫਸਾਇਆ। ਤੁਸੀਂ ਹੁਣ ਸਾਨੂੰ ਮਦਦ ਕਰਨ ਲਈ ਕਿਵੇਂ ਕਹਿ ਸਕਦੇ ਹੋ।"

ਹਲਫ਼ਨਾਮਾ ਅੱਗੇ ਕਹਿੰਦਾ ਹੈ, "ਤਿਆਗੀ ਨੇ ਕਿਹਾ ਕਿ ਉਸ ਨੇ ਆਪਣੇ ਤੌਰ 'ਤੇ ਕੁਝ ਨਹੀਂ ਕੀਤਾ। ਉਸ ਨੂੰ ਉੱਪਰੋਂ ਅਜਿਹਾ ਕਰਨ ਦੇ ਹੁਕਮ ਸਨ। ਜਦੋਂ ਮੈਂ ਉਸ ਨੂੰ ਕਿਹਾ ਕਿ ਉਹ ਮੌਕੇ 'ਤੇ ਮੌਜੂਦ ਅਧਿਕਾਰੀ ਸੀ ਅਤੇ ਉਸ ਨੇ ਸਭ ਕੁਝ ਕੀਤਾ ਹੈ ਤਾਂ ਉਸ ਨੇ ਜਵਾਬ ਦਿੱਤਾ ਕਿ ਉਹ ਤਾਂ ਬੇਵੱਸ ਸੀ, ਉਸ ਨੂੰ ਆਪਣੇ ਅਫਸਰ ਦੇ ਹੁਕਮ ਸਨ। ਮਿਸਟਰ ਜਾਟਵ ਅਤੇ ਡਾ. ਅਸ਼ੋਕ (ਹੁਕਮ ਚੰਦ ਜਾਟਵ ਅਤੇ ਇਕ ਕਾਂਗਰਸੀ ਸਿਆਸਤਦਾਨ ਤੇ ਕਲਿਆਣਪੁਰੀ ਤੋਂ ਮਿਉਂਸਿਪਲ ਨੁਮਾਇੰਦਾ ਅਸ਼ੋਕ ਗੁਪਤਾ) "ਉਸ ਉੱਪਰ ਲਗਾਤਾਰ ਦਬਾਅ ਪਾ ਰਹੇ ਸਨ ਅਤੇ ਇੱਥੋਂ ਤੱਕ ਕਿ ਕੇਂਦਰ ਸਰਕਾਰ ਦਾ ਮੰਤਰੀ ਐੱਚ.ਕੇ.ਐੱਲ. ਭਗਤ ਵੀ ਉਨ੍ਹਾਂ ਉੱਪਰ ਦਬਾਅ ਪਾ ਰਿਹਾ ਸੀ।" ਪਰਸਾ ਸਿੰਘ ਨੇ ਦੱਸਿਆ ਕਿ ਉਸ ਨੂੰ ਪੇਸ਼ੀ ਤੋਂ ਤਿੰਨ-ਚਾਰ ਦਿਨ ਪਹਿਲਾਂ ਕਲਿਆਣਪੁਰੀ ਥਾਣੇ ਵਿਚ ਤਲਬ ਕੀਤਾ ਗਿਆ ਸੀ; ਹੋਰ ਗਵਾਹਾਂ ਅਤੇ ਪੀੜਤਾਂ ਨੇ ਵੀ ਇਸੇ ਤਰ੍ਹਾਂ ਦੇ ਵੇਰਵੇ ਦਿੱਤੇ। ਇਸ ਤੋਂ ਪਤਾ ਲੱਗਦਾ ਹੈ ਕਿ ਪੁਲਿਸ ਅਧਿਕਾਰੀ ਉਨ੍ਹਾਂ ਤਰੀਕਾਂ ਦੀ ਜਾਣਕਾਰੀ ਹਾਸਲ ਤੋਂ ਲੈ ਰਹੇ ਸਨ ਜਿਨ੍ਹਾਂ ਤਰੀਕਾਂ 'ਤੇ ਉਨ੍ਹਾਂ ਵਿਰੁੱਧ ਗਵਾਹੀ ਦੇਣ ਵਾਲੇ ਪੇਸ਼ ਹੋਣਗੇ ਪਰ ਇਨ੍ਹਾਂ ਧਮਕਾਊ ਕਾਰਵਾਈਆਂ ਦੇ ਬਾਵਜੂਦ ਹਲਫ਼ਨਾਮੇ ਦਾਇਰ ਕੀਤੇ ਗਏ ਸਨ।

ਹਿੰਸਾ ਦੇ ਨਿਰਦੇਸ਼ ਦੇਣ 'ਚ ਭਗਤ ਦੀ ਭੂਮਿਕਾ ਦੀ ਪੁਸ਼ਟੀ ਹਿੰਦੂ ਸਬਜ਼ੀ ਵਿਕਰੇਤਾ ਸੁਖਨ ਸਿੰਘ ਸੈਣੀ ਦੇ ਹਲਫ਼ਨਾਮੇ ਦੁਆਰਾ ਕੀਤੀ ਗਈ ਸੀ। 31 ਅਕਤੂਬਰ ਦੀ ਰਾਤ ਨੂੰ 8 ਵਜੇ ਦੇ ਕਰੀਬ ਸੈਣੀ ਨੇ ਸ਼ਿਆਮ ਸਿੰਘ ਤਿਆਗੀ ਨਾਂ ਦੇ ਵਿਅਕਤੀ ਦੇ ਘਰ ਦੇ ਸਾਹਮਣੇ ਭੀੜ ਖੜ੍ਹੀ ਦੇਖੀ: "ਮੈਂ ਉਨ੍ਹਾਂ ਸਾਰਿਆਂ ਨੂੰ ਪਛਾਣਦਾ ਹਾਂ। ਮੈਂ ਐੱਚ.ਕੇ.ਐੱਲ. ਭਗਤ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ ਕਿਉਂਕਿ ਮੈਂ ਉਸ ਦੀ ਕੋਠੀ ਕਈ ਵਾਰ ਗਿਆ ਹਾਂ ਅਤੇ ਉਹ ਮੰਤਰੀ ਹਨ। ਭਗਤ ਜੀ ਨੂੰ ਦੇਖ ਕੇ ਮੈਂ ਉੱਥੇ ਰੁਕ ਗਿਆ ਅਤੇ ਦੇਖਿਆ ਕਿ ਭਗਤ ਜੀ ਆਪਣੀਆਂ ਜੇਬਾਂ ਵਿਚੋਂ ਨੋਟਾਂ ਦੇ ਬੰਡਲ ਕੱਢ ਰਹੇ ਸਨ ਤੇ ਭੂਪ ਸਿੰਘ ਤਿਆਗੀ ਨੂੰ ਦੇ ਰਹੇ ਸਨ ਅਤੇ ਕਹਿ ਰਹੇ ਸਨ ਕਿ "ਇਹ ਦੋ ਹਜ਼ਾਰ ਰੁਪਏ ਸ਼ਰਾਬ ਲਈ ਰੱਖ ਲੈ ਅਤੇ ਜਿਵੇਂ ਮੈਂ ਤੈਨੂੰ ਕਿਹਾ ਹੈ, ਉਹੀ ਕਰ।" ਉਸ ਨੇ ਅੱਗੇ ਕਿਹਾ, "ਤੈਨੂੰ ਬਿਲਕੁਲ ਵੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਮੈਂ ਸਭ ਕੁਝ ਦੇਖ ਲਵਾਂਗਾ।" ਮੈਂ ਘਰ ਚਲਾ ਗਿਆ।

ਅਗਲੇ ਦਿਨ, ਸੈਣੀ ਨੇ ਦਰਿਆਗੰਜ ਸਬਜ਼ੀ ਮੰਡੀ ਵਿਚ ਇਕ ਭੀੜ ਵਿਚ ਸ਼ਿਆਮ ਸਿੰਘ ਤਿਆਗੀ, ਭੂਪ ਸਿੰਘ ਤਿਆਗੀ ਅਤੇ ਮੀਟਿੰਗ ਦੇ ਕਈ ਹੋਰ ਮੈਂਬਰਾਂ ਨੂੰ "ਸਰਦਾਰਾਂ ਨੂੰ ਕੁੱਟਦੇ ਅਤੇ ਸਾੜਦੇ ਹੋਏ" ਦੇਖਿਆ। ਪੀੜਤਾਂ ਅਤੇ ਗਵਾਹਾਂ ਦੇ ਹਲਫ਼ਨਾਮਿਆਂ ਨੂੰ ਰਿਕਾਰਡ ਉੱਪਰ ਲਿਆਉਣ ਦੇ ਬਾਵਜੂਦ ਮਿਸ਼ਰਾ ਕਮਿਸ਼ਨ ਨੇ ਭਗਤ ਅਤੇ ਉਸ ਦੇ ਨਜ਼ਦੀਕੀ ਲੋਕਾਂ ਦੁਆਰਾ ਦਿੱਤੀਆਂ ਧਮਕੀਆਂ ਅਤੇ ਹਿੰਸਾ ਨੂੰ ਨਜ਼ਰਅੰਦਾਜ਼ ਕਰਨ ਦੀ ਚੋਣ ਕੀਤੀ। ਕਮਿਸ਼ਨ ਦੇ ਨਤੀਜਿਆਂ 'ਚ ਨੋਟ ਕੀਤਾ ਗਿਆ ਕਿ ਗਵਾਹਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਇਸ ਨੁਕਤੇ ਉੱਪਰ ਕੋਈ ਹੋਰ ਟਿੱਪਣੀ ਜਾਂ ਸਿਫ਼ਾਰਸ਼ ਨਹੀਂ ਕੀਤੀ ਗਈ। **(ਚੱਲਦਾ)**

## ਹੱਡ ਬੀਤੀ ਤਰਾਸਦੀ ਦੇ ਅੰਗ-ਸੰਗ

# ਇਕ ਨਵੰਬਰ ਉਨੀ ਸੌ ਚੁਰਾਸੀ

ਨਵੰਬਰ 1984 ਦੇ ਪਹਿਲੇ ਹਫ਼ਤੇ ਇੰਡੀਅਨ ਪੀਪਲਜ਼ ਫਰੰਟ ਦੀ ਦੂਜੀ ਕੌਮੀ ਕਾਨਫਰੰਸ ਕਲਕੱਤਾ ਵਿਖੇ ਹੋ ਰਹੀ ਸੀ। ਮੈਨੂੰ ਉਸ ਵਿਚ ਦਰਸ਼ਕ ਵਜੋਂ ਸ਼ਾਮਲ ਹੋਣ ਦਾ ਸੱਦਾ ਸੀ ਤੇ ਮੇਰੀ ਰੇਲ ਗੱਡੀ ਦੀ ਸੀਟ ਬੁੱਕ ਕਰਵਾ ਦਿੱਤੀ ਗਈ ਸੀ। ਅਸੀਂ ਕਲਕੱਤੇ ਲਈ ਚੰਡੀਗੜ੍ਹ ਤੋਂ 31 ਅਕਤੂਬਰ ਰਾਤ ਨੂੰ ਕਾਲਕਾ ਮੇਲ ਫੜਨੀ ਸੀ। 31 ਅਕਤੂਬਰ ਨੂੰ ਹੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਹੋ ਗਈ, ਜਿਸ ਨੇ ਸਾਰੇ ਦੇਸ਼ ਨੂੰ ਹੀ ਸੁੰਨ ਕਰ ਕੇ ਰੱਖ ਦਿੱਤਾ ਸੀ।

ਮੈਂ ਦੋਚਿੱਤੀ 'ਚ ਸੀ ਪਰ ਫੇਰ ਵੀ ਮੈਂ ਮਿੱਥੇ ਸਮੇਂ 'ਤੇ ਜਥੇਬੰਦੀ ਦੇ ਆਗੂ ਕਾਮਰੇਡ ਤੇਜਿੰਦਰ ਸੰਧੂ ਦੇ ਚੰਡੀਗੜ੍ਹ ਸਥਿਤ ਘਰ ਪਹੁੰਚ ਗਿਆ। ਪੰਜਾਬ ਦੇ ਪ੍ਰਮੁੱਖ ਨਕਸਲੀ ਆਗੂ ਕਾਮਰੇਡ ਹਾਕਮ ਸਿੰਘ ਸਮਾਓਂ, ਕਾਮਰੇਡ ਅਮਰ ਸਿੰਘ ਅੱਚਰਵਾਲ ਤੇ ਚਾਰ ਹੋਰ ਡੈਲੀਗੇਟ ਸਾਥੀ ਪਹਿਲਾਂ ਹੀ ਉੱਥੇ ਪਹੁੰਚੇ ਹੋਏ ਸੀ।

ਗੰਭੀਰ ਜਿਹੇ ਮਾਹੌਲ ਵਿਚ ਹੋ ਰਹੀਆਂ ਗੱਲਾਂ-ਬਾਤਾਂ ਵਿਚ ਸਾਡਾ ਸਾਰਿਆਂ ਦਾ ਵਿਚਾਰ

**ਉਜਾਗਰ ਲਲਤੋਂ**
**ਫੋਨ: 98724-48221**

ਸੀ ਕਿ ਪ੍ਰਧਾਨ ਮੰਤਰੀ ਦੀ ਹੱਤਿਆ ਦੇ ਪ੍ਰਤੀਕਰਮ ਵਜੋਂ ਦਿੱਲੀ ਵਿਚ ਸਿੱਖਾਂ 'ਤੇ ਹਿੰਸਕ ਹਮਲੇ ਹੋ ਸਕਦੇ ਹਨ, ਪਰ ਸਾਡੇ ਕਿਸੇ ਦੇ ਵੀ ਦਿਮਾਗ ਵਿਚ ਇਹ ਨਹੀਂ ਆਇਆ ਕਿ ਸਾਡੀ ਰੇਲਗੱਡੀ 'ਤੇ ਵੀ ਕੋਈ ਹਮਲਾ ਹੋ ਸਕਦਾ ਹੈ, ਪਰ ਉੱਤਰ ਪ੍ਰਦੇਸ਼ ਦੇ ਟੂੰਡਲਾ ਸਟੇਸ਼ਨ 'ਤੇ ਸਾਡੇ ਵਾਲੀ ਰੇਲ-ਗੱਡੀ 'ਤੇ ਹੋਏ ਹਮਲੇ ਵਿਚ ਸਾਡਾ ਤਾਂ ਕਿਵੇਂ ਵੀ ਬਚਾ ਹੋ ਗਿਆ ਪਰ ਹੋਰ ਡੱਬਿਆਂ ਵਿਚ ਸਿੱਖ ਯਾਤਰੀਆਂ ਨਾਲ ਜੋ ਬੀਤੀ, ਉਹ ਵੱਖਰੀ ਕਹਾਣੀ ਸੀ।

ਰੇਲ ਦੇ ਇਸ ਸਫ਼ਰ ਦੌਰਾਨ ਜੋ ਕੁੱਝ ਅਸੀਂ ਝੱਲਿਆ ਤੇ ਦੇਖਿਆ, ਉਸਦੇ ਕਈ ਦ੍ਰਿਸ਼ ਤੇ ਵਿਅਕਤੀਆਂ ਦੇ ਚਿਹਰੇ ਅੱਜ ਵੀ ਮੇਰੇ ਜ਼ਿਹਨ ਵਿਚ ਇਉਂ ਸਾਖਿਆਤ ਹਨ, ਜਿਵੇਂ ਇਹ ਸਾਰਾ ਕੁੱਝ ਇਕ ਦੋ ਦਿਨ ਪਹਿਲਾਂ ਹੀ ਵਾਪਰਿਆ ਹੋਵੇ। ਸਾਡੀ ਗੱਡੀ ਪਹਿਲੀ ਨਵੰਬਰ ਨੂੰ ਦਿਨ ਚੜ੍ਹਦੇ ਨਾਲ ਦਿੱਲੀ ਪਹੁੰਚ ਗਈ। ਭਾਰੀ ਭੀੜ ਭੜੱਕੇ ਵਾਲੇ ਪਲੇਟਫਾਰਮ 'ਤੇ ਸੁੰਨ ਪਸਰੀ ਹੋਈ ਸੀ, ਪਰ ਚਾਹ ਤੇ ਹੋਰ ਖਾਣ-ਪੀਣ ਦਾ ਸਮਾਨ ਵੇਚਣ ਵਾਲੇ ਪਲੇਟਫਾਰਮ 'ਤੇ ਹੋਕੇ ਦਿੰਦੇ ਫਿਰਦੇ ਸੀ।

ਚਾਹ ਪੀਣ ਵਾਸਤੇ ਪਲੇਟਫਾਰਮ 'ਤੇ ਉਤਰਨ ਲਈ ਅਜੇ ਅਸੀਂ ਸੀਟਾਂ ਤੋਂ ਉੱਠ ਹੀ ਰਹੇ ਸੀ ਕਿ ਜਥੇਬੰਦੀ ਦਾ ਇਕ ਹੋਰ ਆਗੂ ਕਾਮਰੇਡ ਪਾਂਡੇ ਸਾਡੇ ਕੋਲ ਆ ਪ੍ਰਗਟ ਹੋਇਆ। ਉਹ ਦਿੱਲੀ ਤੋਂ ਹੀ ਗੱਡੀ ਚੜ੍ਹਿਆ ਸੀ। ਉਹਨੇ ਮੈਨੂੰ ਤੇ ਕਾਮਰੇਡ ਸੰਧੂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਗੱਡੀ 'ਚੋਂ ਉਤਰਨ ਤੋਂ ਰੋਕ ਦਿੱਤਾ।

ਕਾਮਰੇਡ ਹਾਕਮ ਸਿੰਘ ਸਮਾਓਂ ਤੋਂ ਬਿਨਾਂ ਅਸੀਂ ਸਾਰੇ ਹੀ ਸਿਰੋਂ ਰੋਡੇ ਤੇ ਕੁਤਰੀਆਂ ਦਾੜ੍ਹੀਆਂ ਵਾਲੇ ਸੀ, ਪਰ ਮੈਨੂੰ ਤੇ ਸੰਧੂ ਨੂੰ ਛੱਡ ਕੇ ਬਾਕੀ ਸਾਰੇ ਆਪਣੇ ਪਹਿਰਾਵੇ ਤੋਂ ਪੰਜਾਬੀ ਕਿਸਾਨ ਦਿਖਾਈ ਦੇ ਰਹੇ ਸੀ। ਮੈਂ ਤੇ ਸੰਧੂ ਪਲੇਟਫਾਰਮ 'ਤੇ ਉੱਤਰ ਗਏ। ਪਹਿਲਾਂ ਅਸੀਂ ਅਖ਼ਬਾਰਾਂ ਵਾਲੇ ਵੱਲ ਗਏ ਉਹਦੇ ਕੋਲ ਉਰਦੂ ਅਖਬਾਰ ਦਾ ਸਿਰਫ਼ ਇਕ ਹੀ ਪਰਚਾ ਪਿਆ ਸੀ ਤੇ ਉਹ ਕਾਪੀ ਦੇ ਪੰਜਾਹ ਰੁਪਏ ਮੰਗ ਰਿਹਾ ਸੀ।

ਸਾਡੇ ਵਿਚੋਂ ਕਾਮਰੇਡ ਅਮਰ ਸਿੰਘ ਹੀ ਉਰਦੂ ਪੜ੍ਹ ਸਕਦੇ ਸੀ, ਉਸਨੇ ਸਾਨੂੰ ਬਲੈਕ ਵਿਚ ਅਖ਼ਬਾਰ ਲੈਣ ਤੋਂ ਰੋਕ ਦਿੱਤਾ (ਪਰ ਸਾਡੇ ਨੇੜਲੀ ਸੀਟ 'ਤੇ ਬੈਠੇ ਇਕ ਮੱਖੀ ਮੁੱਛਾਂ ਵਾਲੇ ਸੱਜਣ ਨੇ ਅਖ਼ਬਾਰ ਖਰੀਦ ਲਿਆ) ਅਸੀਂ ਚਾਹ ਵਾਲੀ ਸਟਾਲ ਵੱਲ ਆ ਗਏ, ਜਿੱਥੇ ਇਕ ਸਰਦਾਰ ਜੀ ਚਾਹ ਪੀ ਰਹੇ ਸੀ। ਉਹ ਸਾਡੇ ਨਾਲ ਗੱਲਾਂ ਕਰਨ ਲੱਗ ਪਏ। ਉਹ ਪ੍ਰਧਾਨ ਮੰਤਰੀ ਦੀ ਹੱਤਿਆ ਨੂੰ ਸਿੱਖਾਂ ਦਾ ਸਿਰ ਉੱਚਾ ਹੋਇਆ ਦੱਸ ਰਹੇ ਸੀ। ਕਾਮਰੇਡ ਸੰਧੂ ਨੇ ਆਪਣੇ ਪੈਰ ਨਾਲ ਮੇਰੇ ਪੈਰ ਨੂੰ ਦਬਾਇਆ, ਮੈਂ ਚੌਕੰਨਾ ਹੋ ਗਿਆ। ਗੱਲ ਕਰ ਰਹੇ ਸਰਦਾਰ ਜੀ, ਸੀ.ਆਈ.ਡੀ. ਦੇ ਵੀ ਹੋ ਸਕਦੇ ਸੀ। ਪਰ ਮੈਂ ਉਨ੍ਹਾਂ ਦੀ ਗੱਲ ਸੁਣੀ ਜਾ ਰਿਹਾ ਸੀ। ਉਹ ਦੱਸ ਰਹੇ ਸੀ ਕਿ ਉਨ੍ਹਾਂ ਨੇ ਘਰੇ ਲੱਗੀ ਲੇਬਰ ਨੂੰ ਬਰਫ਼ੀ ਵੰਡ ਕੇ ਤੇ ਕੱਪੀ-ਕੱਪੀ ਦੁੱਧ ਪੱਤੀ ਦੀ ਪਿਆ ਕੇ ਦੋ ਘੰਟੇ ਪਹਿਲਾਂ ਹੀ ਛੁੱਟੀ ਕਰ ਦਿੱਤੀ ਸੀ ਤੇ ਆਪ ਕਲਕੱਤੇ ਲਈ ਗੱਡੀ ਚੜ੍ਹ ਆਏ ਸੀ। ਸਾਡੀ ਚਾਹ ਬਣ ਗਈ ਤਾਂ ਮੈਂ ਤੇ ਕਾਮਰੇਡ ਸੰਧੂ ਡੱਬੇ ਅੰਦਰ ਬੈਠੇ ਸਾਥੀਆਂ ਨੂੰ ਚਾਹ ਫੜਾਈ ਤੇ ਆਪਣੀ ਚਾਹ ਲੈ ਕੇ ਸੀਟਾਂ 'ਤੇ ਆ ਬੈਠੇ।

ਕੁਝ ਚਿਰ ਮਗਰੋਂ ਕਾਮਰੇਡ ਹਾਕਮ ਸਿੰਘ ਚਾਦਰ ਲੈ ਕੇ ਉੱਪਰਲੀ ਸੀਟ 'ਤੇ ਲੰਮਾ ਪੈ ਗਿਆ। ਉਰਦੂ ਦਾ ਅਖਬਾਰ ਕਾਮਰੇਡ ਅਮਰ ਸਿੰਘ ਦੇ ਹੱਥਾਂ ਵਿਚ ਆ ਗਿਆ ਸੀ। ਬਾਕੀ ਸਾਥੀ ਵੀ ਆਪੋ ਆਪਣੀਆਂ ਪੱਗਾਂ ਉਤਾਰ ਕੇ ਸੌਖੇ ਜਿਹੇ ਹੋ ਕੇ ਬੈਠ ਗਏ ਸਨ।

ਉੱਤਰ ਪ੍ਰਦੇਸ਼ ਦੇ ਟੂੰਡਲਾ ਸਟੇਸ਼ਨ ਨੇੜੇ ਪਹੁੰਚਦੇ ਹੀ, ਪਟੜੀ ਦੇ ਨਾਲ-ਨਾਲ ਭੜਕੇ ਹੋਏ ਲੋਕਾਂ ਦੇ ਟੋਲੇ ਦਿਖਾਈ ਦੇਣ ਲੱਗੇ। ਕੁੱਝ ਲੋਕ ਗੱਡੀ 'ਤੇ ਪੱਥਰਬਾਜ਼ੀ ਕਰਨ ਲੱਗੇ। ਸਾਰੇ ਡੱਬੇ ਵਿਚ ਖਿੜਕੀਆਂ 'ਬੰਦ ਕਰੋ-ਬੰਦ ਕਰੋ' ਦਾ ਰੌਲਾ ਪੈ ਗਿਆ ਤੇ ਦੇਖਦੇ ਹੀ ਦੇਖਦੇ ਸਾਰੀਆਂ ਖਿੜਕੀਆਂ ਤੇ ਦਰਵਾਜ਼ੇ ਬੰਦ ਹੋ ਗਏ। ਡੱਬੇ ਅੰਦਰ ਹਫੜਾ-ਦਫੜੀ ਜਿਹੀ ਪੈ ਗਈ।

ਗੱਡੀ ਦੇ ਪਲੇਟਫਾਰਮ 'ਤੇ ਰੁਕਦੇ ਹੀ ਖਿੜਕੀਆਂ ਦਰਵਾਜ਼ਿਆਂ ਨੂੰ ਬਾਹਰੋਂ ਜ਼ੋਰ-ਜ਼ੋਰ ਦੀ ਖੜਕਾਇਆ ਜਾਣ ਲੱਗਿਆ, ਜਿਸ ਨਾਲ ਸਿੱਖ ਯਾਤਰੀਆਂ ਵਿਚ ਹੋਰ ਵੀ ਘਬਰਾਹਟ ਪੈਦਾ ਹੋ ਗਈ ਤੇ ਉਹ ਸੀਟਾਂ ਦੇ ਉੱਪਰ ਥੱਲੇ ਲੁਕਣ ਲੱਗੇ।

ਅਸੀਂ ਵੀ ਚੌਕੰਨੇ ਹੋ ਕੇ ਬੈਠ ਗਏ। ਸਾਡੇ ਵਿਚ ਇਕੱਲਾ ਕਾਮਰੇਡ ਹਾਕਮ ਸਿੰਘ ਹੀ ਦਾੜ੍ਹੀ ਕੇਸਾਂ ਵਾਲਾ ਸੀ ਤੇ ਉਹ ਉੱਪਰਲੀ ਸੀਟ 'ਤੇ ਲੰਮਾ ਪਿਆ ਸੀ, ਉਸਦਾ ਮੂੰਹ ਸਿਰ ਵੀ ਚਾਦਰ ਨਾਲ ਢੱਕ ਦਿੱਤਾ ਗਿਆ। ਕਾਮਰੇਡ ਅਮਰ ਸਿੰਘ ਆਪਣੀ ਸੀਟ 'ਤੇ ਸ਼ਾਂਤ ਬੈਠਾ ਉਰਦੂ ਅਖਬਾਰ ਪੜ੍ਹੀ ਜਾ ਰਿਹਾ ਸੀ।

ਤਦੇ ਇਕ ਟੋਲਾ ਸਾਡੇ ਕੈਬਿਨ ਮੂਹਰੇ ਆ ਖੜ੍ਹਾ ਹੋਇਆ। ਮੈਂ ਤੇ ਕਾਮਰੇਡ ਸੰਧੂ ਵੀ ਉੱਠ ਖੜ੍ਹੇ ਹੋਏ।

ਯੇ ਹੈਂ ਸਰਦਾਰ ਉਨ੍ਹਾਂ ਦਾ ਮੋਹਰੀ ਬੋਲਿਆ।

ਯਹਾਂ ਕੋਈ ਸਰਦਾਰ ਨਹੀਂ ਅਸੀਂ ਕਿਹਾ।




ਤਦੇ ਕਮਾਲ ਦੀ ਫੁਰਤੀ ਨਾਲ ਬੰਗਾਲੀ ਕੁੜੀ ਉਨ੍ਹਾਂ ਦੇ ਵਿਚੀਂ ਲੰਘ ਕੇ ਸਾਡੇ ਮੂਹਰੇ ਆ ਖੜ੍ਹੀ ਹੋਈ ਤੇ ਟੋਲੇ ਦੇ ਮੋਹਰੀ ਨੂੰ ਬੋਲੀ, 'ਨਹੀਂ ਬ੍ਰਦਰ ਯਹਾਂ ਕੋਈ ਸਰਦਾਰ ਨਹੀਂ ਹੈ।' (ਇਹ ਬੰਗਾਲੀ ਕੁੜੀ ਵੀ ਸਾਡੇ ਨਾਲ ਹੀ ਚੰਡੀਗੜ੍ਹ ਸਟੇਸ਼ਨ ਤੋਂ ਗੱਡੀ ਚੜ੍ਹੀ ਸੀ। ਪੰਜਾਬ ਯੂਨੀਵਰਸਟੀ ਦੀ ਵਿਦਿਆਰਥਣ ਸੀ। ਉਹਨੂੰ ਇਕ ਸਰਦਾਰ ਜੀ ਤੇ ਉਨ੍ਹਾਂ ਦੀ ਪਤਨੀ ਗੱਡੀ ਚੜ੍ਹਾਉਣ ਆਏ ਸੀ ਤੇ ਸਾਨੂੰ ਸਫ਼ਰ ਦੌਰਾਨ ਉਸ ਬੱਚੀ ਦਾ ਖਿਆਲ ਰੱਖਣ ਨੂੰ ਕਹਿ ਕੇ ਗਏ ਸੀ। ਪਰ ਹੁਣ ਉਹ ਸਾਡੀ ਰਾਖੀ ਲਈ ਸਾਡੇ ਮੂਹਰੇ ਖੜ੍ਹੀ ਸੀ।)

ਤੇ ਉਸੇ ਵੇਲੇ ਐਨਕਾਂ ਵਾਲਾ ਇਕ ਹਿੰਦੂ ਨੌਜਵਾਨ ਵੀ ਸਾਡੀ ਹਮਾਇਤ 'ਤੇ ਆ ਖੜ੍ਹਾ ਹੋਇਆ ਤੇ ਉਨ੍ਹਾਂ ਨੂੰ ਸਮਝਾਉਣ ਲੱਗਿਆ ਕਿ ਏਥੇ ਕੋਈ ਸਰਦਾਰ ਨਹੀਂ ਹੈ।

ਉਨ੍ਹਾਂ ਦੋਹਾਂ ਦੇ ਆਉਣ ਨਾਲ ਮੈਂ ਤੇ ਕਾਮਰੇਡ ਸੰਧੂ ਹੋਰ ਵੀ ਹੌਂਸਲੇ ਵਿਚ ਹੋ ਗਏ। ਮੈਨੂੰ ਉਮੀਦ ਸੀ ਕਿ ਸਾਡੇ ਨੇੜੇ ਬੈਠੇ ਮੱਖੀ ਮੁੱਛਾਂ ਵਾਲੇ ਸੱਜਣ ਵੀ ਸਾਡੀ ਹਮਾਇਤ 'ਤੇ ਆਉਣਗੇ, ਮੈਂ ਕਈ ਵਾਰ ਉਨ੍ਹਾਂ ਵੱਲ ਦੇਖਿਆ ਵੀ; ਪਰ ਉਹ ਬੜੇ ਸ਼ਾਂਤ ਚਿੱਤ ਬੈਠੇ ਖਿੜਕੀ ਥਾਈਂ ਬਾਹਰ ਦੇਖਦੇ ਰਹੇ।

ਤਦੇ ਟੋਲੇ ਵਾਲਿਆਂ ਵਿਚੋਂ ਇਕ ਨੇ ਕਾਮਰੇਡ ਅਮਰ ਸਿੰਘ ਨੂੰ ਪੁੱਛਿਆ, 'ਆਪ ਸਰਦਾਰ ਹੈਂ?'

ਉਹਦੀ ਗੱਲ ਅਣਸੁਣੀ ਕਰ ਕੇ ਕਾਮਰੇਡ ਅਖਬਾਰ ਪੜ੍ਹਦਾ ਰਿਹਾ। ਉਹਨੇ ਆਪਣਾ ਸਵਾਲ ਹੋਰ ਉੱਚੀ ਆਵਾਜ਼ ਵਿਚ ਦੁਹਰਾਇਆ ਤੇ ਕਾਮਰੇਡ ਨੇ ਫਿਰ ਉਸਨੂੰ ਅਣਸੁਣਿਆ ਕਰ ਦਿੱਤਾ।

ਉਹਦੇ ਨਾਲ ਦੇ ਇਕ ਹੋਰ ਜਾਣੇ ਨੇ ਕਾਮਰੇਡ ਅਮਰ ਸਿੰਘ ਦੇ ਰੋਡੇ ਸਿਰ, ਠੋਡੀ ਤੋਂ ਚੱਪਾ ਕੁ ਵਧੀ ਹੋਈ ਕੁਤਰੀ ਦਾੜ੍ਹੀ ਅਤੇ ਹੱਥ ਵਿਚ ਉਰਦੂ ਦੇ ਅਖਬਾਰ ਵੱਲ ਦੇਖਦੇ ਹੋਏ ਪਹਿਲੇ ਨੂੰ ਸਮਝਾਇਆ, 'ਦਿਖਤਾ ਨਹੀਂ, ਮੁਹੰਮਡਨ ਹੈ।'

ਹੁਣ ਸਾਰੇ ਟੋਲੇ ਦਾ ਧਿਆਨ ਉੱਪਰਲੀ ਸੀਟ 'ਤੇ ਪਏ ਕਾਮਰੇਡ ਹਾਕਮ ਸਿੰਘ ਵੱਲ ਹੋ ਗਿਆ ਸੀ। ਉਹ ਚਾਦਰ ਹੇਠ ਲੰਮੇ ਪਏ ਕਾਮਰੇਡ ਦਾ ਮੂੰਹ ਦੇਖਣ ਦੀ ਗੱਲ 'ਤੇ ਅੜੇ ਹੋਏ ਸੀ ਤੇ ਸਾਡਾ ਕਹਿਣਾ ਸੀ ਕਿ ਉਹ ਬਿਮਾਰ ਆਦਮੀ ਹੈ, ਉਸਨੂੰ ਸੌਣ ਦਿੱਤਾ ਜਾਵੇ।

ਸਾਡੀ ਇਹ ਕਸ਼ਮਕਸ਼ ਚੱਲ ਹੀ ਰਹੀ ਸੀ ਕਿ ਕਾਮਰੇਡ ਅਮਰ ਸਿੰਘ ਦੀ ਆਵਾਜ਼ ਸੁਣਾਈ ਦਿੱਤੀ, 'ਦੇਖ ਲੈਣ ਦੋ ਕਾਮਰੇਡ, ਕੀ ਉਹ ਮੂੰਹ 'ਚ ਪਾ ਲੈਣਗੇ?'

ਤਦੇ ਕਾਮਰੇਡ ਹਾਕਮ ਸਿੰਘ ਆਪਣੇ ਮੂੰਹ ਤੋਂ ਚਾਦਰ ਲਾਹ ਕੇ ਉੱਠ ਕੇ ਬੈਠ ਗਿਆ। ਉਹਦੀ ਚਿੱਟੀ ਦਾੜ੍ਹੀ ਕੇਸ ਦੇਖਦੇ ਹੋਏ ਟੋਲੇ ਦਾ ਮੋਹਰੀ ਬੋਲਿਆ, 'ਯੇ ਤੋ ਬੁੱਢਾ ਹੈ।' ਤੇ ਉਹ ਸਾਡਾ ਖਹਿੜਾ ਛੱਡ ਕੇ ਅੱਗੇ ਚਲੇ ਗਏ।

ਉਨ੍ਹਾਂ ਦੇ ਜਾਣ ਨਾਲ ਮੈਂ ਸ਼ੁਕਰ ਕੀਤਾ, ਜਿਵੇਂ ਮਸੀਂ ਸੌਖਾ ਸਾਹ ਆਇਆ ਹੋਵੇ। ਗੱਡੀ ਚੱਲ ਪਈ ਤਾਂ ਉਹ ਲੋਕ ਗੱਡੀ 'ਚੋਂ ਉੱਤਰ ਗਏ।

ਗੱਡੀ ਨੇ ਗਤੀ ਫੜ ਲਈ ਤਾਂ ਖਿੜਕੀਆਂ ਦੇ ਸ਼ਟਰ ਫਿਰ ਤੋਂ ਖੁੱਲ੍ਹ ਗਏ, ਪਰ ਖਤਰਾ ਅਜੇ ਟਲਿਆ ਨਹੀਂ ਸੀ। ਸਾਡੀ ਹਮਾਇਤ 'ਤੇ ਆਏ ਐਨਕਾਂ ਵਾਲੇ ਹਿੰਦੂ ਨੌਜਵਾਨ ਨੇ ਆਪਣੇ ਬੈਗ 'ਚੋਂ ਕੱਢ ਕੇ ਸੇਫਟੀ ਤੇ ਛੋਟੀ ਕੈਂਚੀ ਸਾਨੂੰ ਦਿੱਤੀ।

ਦੋ ਕੁ ਘੰਟਿਆਂ ਵਿਚ ਹੀ, ਕਾਮਰੇਡ ਹਾਕਮ ਸਿੰਘ ਸਮੇਤ ਸਾਡਾ ਸਾਰਿਆਂ ਦਾ ਹੁਲੀਆ ਬਦਲਿਆ ਹੋਇਆ ਸੀ। ਹੁਣ ਅਸੀਂ ਸਾਰੇ ਸਫਾਚੱਟ ਚਿਹਰਿਆਂ ਨਾਲ ਸੌਖੇ ਹੋ ਕੇ ਬੈਠ ਗਏ ਸੀ।

ਕੁਝ ਚਿਰ ਮਗਰੋਂ ਮੈਂ ਬਾਥਰੂਮ ਜਾਣ ਵਾਸਤੇ ਉੱਠਿਆ। ਅੱਗੇ ਲਾਂਘੇ 'ਚ ਇਕ ਹਿੰਦੂ ਨੌਜਵਾਨ ਆਪਣੇ ਭਾਰੀ ਬੈਗ 'ਤੇ ਬੈਠਾ, ਸਾਹਮਣੇ ਕੈਬਨ 'ਚ ਬੈਠੀਆਂ ਸਵਾਰੀਆਂ ਨਾਲ ਹੱਥ ਮਾਰ-ਮਾਰ ਕੇ ਇਉਂ ਗੱਲ ਕਰ ਰਿਹਾ ਸੀ, ਜਿਵੇਂ ਉਹ ਆਪਣੀ ਸਫ਼ਾਈ ਦੇ ਰਿਹਾ ਹੋਵੇ। ਮੈਂ ਨੇੜੇ ਹੋਇਆ, ਤਾਂ ਮੇਰੇ ਵੱਲ ਦੇਖਦੇ ਹੋਏ ਉਹਨੇ ਮੈਨੂੰ ਵੀ ਆਪਣੀ ਗੱਲ-ਬਾਤ ਵਿਚ ਸ਼ਾਮਲ ਕਰ ਲਿਆ ਤੇ ਆਪਣੇ ਮੂੰਹ-ਸਿਰ ਵੱਲ ਇਸ਼ਾਰਾ ਕਰਦਾ ਹੋਇਆ ਬੋਲਿਆ, 'ਇਹ ਤਾਂ ਭਾਪਾ ਜੀ, ਮੈਂ ਪਹਿਲਾਂ ਈ ਕਟਵਾ ਦੇਣੇ ਸੀ, ਵੈਸੇ ਈ ਰੱਖੇ ਹੋਏ ਸੀ, ਮੇਰੀ ਮੰਮੀ ਨੇ ਸੁੱਖ ਸੁੱਖੀ ਹੋਈ ਸੀ ਤਾਂ ਹੀ ਰੱਖੇ ਹੋਏ ਸੀ।' ਉਹ ਇਸੇ ਗੱਲ ਨੂੰ ਵਾਰ-ਵਾਰ ਦੁਹਰਾਈ ਜਾ ਰਿਹਾ ਸੀ।

ਤਦੇ ਮੈਨੂੰ ਯਾਦ ਆਇਆ ਕਿ ਇਹ ਤਾਂ ਉਹੀ ਨੌਜਵਾਨ ਸੀ, ਜਿਹੜਾ ਚੰਡੀਗੜ੍ਹ ਸਟੇਸ਼ਨ 'ਤੇ ਸਾਡੇ ਨਾਲ ਹੀ ਗੱਡੀ ਚੜ੍ਹਿਆ ਸੀ, ਫਿਕਸੋ ਨਾਲ ਸੈਟ ਕਰ ਕੇ ਜਮਾਈ ਕਾਲੀ ਦਾੜ੍ਹੀ, ਰੰਗ-ਬਰੰਗੀ ਫਿਫਟੀ ਤੇ ਮਾਵੇ ਵਾਲੀ ਪੱਗੜੀ ਦੇ ਆਖਰੀ ਲੜ ਹੇਠ ਚਮਕਦਾ ਚਮਕੀਲਾ ਕਾਗਜ਼; ਅਸੀਂ ਅਜੇ ਆਪਣੀਆਂ ਸੀਟਾਂ 'ਤੇ ਬੈਠੇ ਵੀ ਨਹੀਂ ਸੀ ਕਿ ਭਾਰੀ ਬੈਗ ਮੋਢੇ 'ਤੇ ਲਟਕਾਈ, ਉਹ ਤੇਜ਼ੀ ਨਾਲ ਆਇਆ, ਪੋਲੇ ਜਿਹੇ ਹੱਥ ਨਾਲ ਕਾਮਰੇਡ ਅਮਰ ਸਿੰਘ ਨੂੰ ਇਕ ਪਾਸੇ ਕਰ ਕੇ ਸੀਟ ਨੰਬਰ ਦੇਖਿਆ ਤੇ 'ਸੌਰੀ ਭਾਪਾ ਜੀ...ਮੇਰੀ ਸੀਟ ਅੱਗੇ ਹੈ,' ਕਹਿੰਦਾ ਹੋਇਆ ਅੱਗੇ ਚਲਾ ਗਿਆ। ਉਸਦੀ ਦਿੱਖ, ਬੋਲ ਚਾਲ ਤੇ ਫੁਰਤੀਲਾਪਣ; ਕਈ ਸਾਥੀਆਂ ਦੇ ਬੁੱਲਾਂ 'ਤੇ ਮੱਲੋ-ਮੱਲੀ ਮੁਸਕਾਨ ਆ ਗਈ ਸੀ। ਪਰ ਹੁਣ ਉਹ ਆਪਣੇ ਬਦਲੇ ਹੋਏ ਹੁਲੀਏ ਵਿਚ ਜਿਵੇਂ ਸਫ਼ਾਈਆਂ ਦੇ ਰਿਹਾ ਸੀ, ਮੈਨੂੰ ਝਟਕਾ ਜਿਹਾ ਲੱਗਿਆ ਤੇ ਮੈਂ ਆਪਣੇ ਕਾਲਜੇ ਵਿਚ ਅਜੀਬ ਜਿਹੀ ਹਿੱਲ-ਜੁਲ ਮਹਿਸੂਸ ਕੀਤੀ। ਮੈਨੂੰ ਉਹਦੇ ਕੋਲ ਹੋਰ ਖੜ੍ਹੇ ਰਹਿਣਾ ਔਖਾ ਹੋ ਗਿਆ। ਵਾਪਸ ਆ ਕੇ ਮੈਂ ਆਪਣੇ ਸਾਥੀਆਂ ਨਾਲ ਗੱਲ ਕੀਤੀ ਤਾਂ ਉਹ ਵੀ ਗੰਭੀਰ ਜਿਹੇ ਹੋ ਕੇ ਬਹਿ ਗਏ। (ਮਗਰੋਂ ਪਤਾ ਲੱਗਿਆ ਕਿ ਉਹਦੇ ਨਾਲ ਦੀਆਂ ਸੀਟਾਂ 'ਤੇ ਇਕ ਹਿੰਦੂ ਪਰਿਵਾਰ ਸਫ਼ਰ ਕਰ ਰਿਹਾ ਸੀ, ਜਿਨ੍ਹਾਂ 'ਚ ਤਿੰਨ-ਚਾਰ ਔਰਤਾਂ ਸੀ। ਉਹਨੇ ਔਰਤਾਂ ਦੀਆਂ ਸੀਟਾਂ ਹੇਠ ਲੁਕ ਕੇ ਆਪਣੀ ਜਾਨ ਬਚਾਈ ਸੀ ਤੇ ਉਸੇ ਪਰਿਵਾਰ ਦੀ ਮਦਦ ਨਾਲ ਆਪਣਾ ਹੁਲੀਆ ਬਦਲਿਆ ਸੀ।)

ਅੱਗੇ ਕਿਸੇ ਛੋਟੇ ਸਟੇਸ਼ਨ ਤੋਂ ਪਹਿਲਾਂ ਗੱਡੀ ਖੇਤਾਂ ਵਿਚ ਹੀ ਰੁਕ ਗਈ। ਸ਼ਾਇਦ ਸਿਗਨਲ ਨਹੀਂ ਸੀ ਹੋਇਆ। ਅਚਾਨਕ ਉਹ ਨੌਜਵਾਨ ਉੱਛਲ ਕੇ ਖੜ੍ਹਾ ਹੋਇਆ, ਬੈਗ ਮੋਢੇ 'ਤੇ ਪਾਇਆ ਤੇ ਕਾਹਲੀ-ਕਾਹਲੀ ਗੱਡੀ 'ਚੋਂ ਉੱਤਰ ਕੇ ਦੌੜਦਾ ਹੋਇਆ ਔਹ ਗਿਆ, ਔਹ ਗਿਆ ਹੋ ਗਿਆ। ਡੱਬੇ ਵਿਚਲੀਆਂ ਸਵਾਰੀਆਂ ਉਸਨੂੰ ਹਾਕਾਂ ਮਾਰਦੀਆਂ ਰਹਿ ਗਈਆਂ। ਗੱਡੀ ਚੱਲ ਪਈ ਅਸੀਂ ਉਸਨੂੰ ਉਦੋਂ ਤੱਕ ਦੇਖਦੇ ਰਹੇ, ਜਦੋਂ ਤੱਕ ਉਸਦੀ ਹਲਕੀ ਜਿਹੀ ਝਲਕ ਵੀ ਦਿਖਾਈ ਦਿੰਦੀ ਰਹੀ।

ਸ਼ੁਕਰ-ਸ਼ੁਕਰ ਕਰ ਕੇ ਗੱਡੀ ਪੱਛਮੀ ਬੰਗਾਲ ਵਿਚ ਦਾਖਲ ਹੋਈ। ਬੰਗਾਲੀ ਕੁੜੀ ਤੇ ਐਨਕਾਂ ਵਾਲਾ ਨੌਜਵਾਨ ਵਰਧਮਾਨ ਉੱਤਰ ਗਏ। ਜਦੋਂ ਸਾਡੀ ਗੱਡੀ ਹਾਵੜਾ ਪਲੇਟਫਾਰਮ 'ਤੇ ਲੱਗੀ ਤਾਂ ਅਸੀਂ ਆਪਣੇ ਬੈਗ ਸੰਭਾਲਦੇ ਹੋਏ ਦਰਵਾਜ਼ੇ ਨੇੜੇ ਹੋਏ, ਉਥੇ ਉੱਤਰਨ ਵਾਲਿਆਂ ਦੀ ਪਹਿਲਾਂ ਹੀ ਭੀੜ ਹੋ ਗਈ ਸੀ।

ਅਸੀਂ ਆਪਸ 'ਚ ਗੱਲਾਂ ਕਰ ਰਹੇ ਸੀ, ਮੇਰੇ ਕੋਲ ਖੜ੍ਹੇ ਇਕ ਹਿੰਦੂ ਵਿਅਕਤੀ ਨੇ ਮੱਧਮ ਆਵਾਜ਼ ਵਿਚ ਮੈਨੂੰ ਸਮਝਾਇਆ, 'ਹਿੰਦੀ ਬੋਲੋ-ਹਿੰਦੀ'। ਮੈਂ ਉਨ੍ਹਾਂ ਵੱਲ ਦੇਖਿਆ ਚਿਹਰਾ ਤਾਂ ਜਾਣਿਆ ਪਛਾਣਿਆ ਲੱਗਿਆ ਪਰ ਮੈਂ ਉਨ੍ਹਾਂ ਨੂੰ ਪਛਾਣ ਨਹੀਂ ਸਕਿਆ। ਅਸੀਂ ਉਨ੍ਹਾਂ ਦੇ ਮਗਰ ਹੀ ਗੱਡੀ 'ਚੋਂ ਉੱਤਰ ਆਏ। ਕਾਮਰੇਡ ਸੰਧੂ ਨੇ ਉਸ ਭਲੇ ਪੁਰਸ਼ ਵੱਲ ਇਸ਼ਾਰਾ ਕਰਦੇ ਹੋਏ ਮੈਨੂੰ ਪੁਛਿਆ, 'ਪਛਾਣਿਆ?'

ਮੇਰੇ ਨਹੀਂ 'ਚ ਸਿਰ ਫੇਰਨ 'ਤੇ ਉਹਨੇ ਦੱਸਿਆ, 'ਉਹੀ ਮੁਹਾਲੀ ਵਾਲੇ ਸ੍ਰੀਮਾਨ, ਲੇਬਰ ਨੂੰ ਬਰਫੀ ਵੰਡਣ ਵਾਲੇ।'

ਮੈਂ ਚੌਂਕ ਗਿਆ, ਹਾਂ ਇਹ ਉਹੀ ਸ੍ਰੀਮਾਨ ਸੀ। ਮੈਂ ਆਪਣੇ ਮੂਹਰੇ ਤੁਰੇ ਜਾ ਰਹੇ ਉਸ ਵਿਅਕਤੀ ਵੱਲ ਦੇਖਿਆ, ਪਰ ਉਹ ਪਲੇਟਫਾਰਮ ਦੀ ਭੀੜ ਵਿਚ ਗੁੰਮ ਹੋ ਚੁੱਕਿਆ ਸੀ।

---

# ਉਹ ਜੋ ਕਾਲਾ ਦੌਰ ਸੀ, ਸਾਡਾ ਚਾਨਣ ਵੀ ਖੋਹ ਕੇ ਲੈ ਗਿਆ ਸੀ..

ਪੰਜਾਬ ਪਤਾ ਨੀ ਕਿਉਂ ਅਕਸਰ ਕੁਝ ਦੇਰ ਬਾਅਦ ਤਰਾਸਦੀਆਂ ਸ਼ਾਇਦ ਹੰਢਾਉਣ ਲਈ ਹੀ ਸਿਰਜਿਆ ਗਿਆ ਹੋਵੇ। ਵਾਰ ਵਾਰ ਇਸ ਧਰਤੀ 'ਤੇ ਕਿਸੇ ਨਾ ਕਿਸੇ ਰੂਪ 'ਚ ਹਕੂਮਤਾਂ ਤੋਂ ਲੈ ਕੇ ਵੱਖ ਵੱਖ ਕਿਸਮ ਦੇ ਅਤਿਵਾਦੀ ਢੰਗਾਂ ਨਾਲ ਮਾਨਵੀ ਤਰਾਸਦੀ ਦੇ ਸਨਮੁੱਖ ਪੰਜਾਬ ਨੂੰ ਹੋਣਾ ਪਿਆ ਹੈ।

**ਅਮਨਦੀਪ ਹਾਂਸ**

ਮੇਰੀ ਯਾਦ 'ਚ 8 ਅਕਤੂਬਰ 1991 ਦਾ ਵਾਕਿਆ ਮੈਨੂੰ ਬੜੀ ਵਾਰੀ ਬੇਚੈਨ ਕਰਦਾ ਹੈ। ਮੇਰੇ ਪਿਤਾ ਕਾਮਰੇਡ ਪਰਮਿੰਦਰ ਜੀਤ ਸਿੰਘ ਹਾਂਸ ਨੂੰ ਸਾਡੇ ਪਿੰਡ ਹਾਂਸ ਕਲਾਂ ਦੀ ਦਾਣਾ ਮੰਡੀ 'ਚ ਦੁਪਹਿਰੇ 12 ਵਜੇ ਇਕ ਅਤਿਵਾਦੀ ਗਰੁੱਪ ਨੇ ਸ਼ਹੀਦ ਕਰ ਦਿੱਤਾ ਸੀ। ਮੈਨੂੰ ਅੱਜ ਤੱਕ ਆਪਣੇ ਪਿਤਾ ਦੇ ਕਸੂਰ ਦੀ ਸਮਝ ਨਹੀਂ ਆਈ। ਕਿਉਂਕਿ ਉਹ ਤਾਂ ਸਦਾ ਹੀ ਲੋਕਾਂ ਦੇ ਦਰਦ ਨੂੰ ਦੂਰ ਕਰਨ ਵਾਸਤੇ ਦਿਨ ਰਾਤ ਇਕ ਕਰਦੇ ਸੀ ਅਤੇ ਇਕ ਚਾਨਣ ਦੀ ਕਿਰਨ ਬਿਖੇਰਨਾ ਚਾਹੁੰਦੇ ਸੀ। ਪ੍ਰੰਤੂ ਉਹ ਸਮਾਂ ਹਨੇਰ ਵੰਡਦੀ ਸੰਗੀਨਾਂ ਦੀ ਰੁੱਤ ਦਾ ਸੀ।



ਇਨ੍ਹਾਂ ਤੋਂ ਇਲਾਵਾ ਵੇਲੇ ਦੀ ਹਕੂਮਤ ਤੇ ਉਨ੍ਹਾਂ ਦੀ ਪੈਦਾਇਸ਼ ਵਾਲਿਆਂ ਨੇ ਕਿੰਨੇ ਹੀ ਬੇਕਸੂਰਾਂ ਨੂੰ ਸਦਾ ਲਈ ਆਪਣੇ ਪਰਿਵਾਰਾਂ ਤੋਂ ਦੂਰ ਕਰ ਕੇ ਖਤਮ ਕਰ ਦਿੱਤਾ ਸੀ। ਪਰ ਜਦੋਂ ਮੈਂ ਅੱਜ ਸੋਚਦੀ ਹਾਂ ਕਿ ਇੰਨਾ ਵੱਡਾ ਦਰਦ ਜੋ ਸਾਡੇ ਦਿਲਾਂ 'ਤੇ ਪਿਆ ਸੀ ਅੱਜ ਵੀ ਮੇਰੀ ਰਾਤਾਂ ਦੀ ਨੀਂਦ ਖਰਾਬ ਕਰ ਦਿੰਦਾ ਹੈ ਅਤੇ ਮੈਂ ਤਰਬਕੇ ਉਠਦੀ ਹਾਂ ਅਤੇ ਬੇਚੈਨ ਹੋ ਜਾਂਦੀ ਹਾਂ।

ਵੈਸੇ ਤਾਂ ਆਪਣੇ ਬਾਪ ਦੇ ਅਸੂਲਾਂ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦਿਆਂ ਹਰ ਸਾਹ ਉਨ੍ਹਾਂ ਲਈ ਜਿਉਂਈ ਦਾ ਹੈ। ਪਰ ਸਾਲ ਮਗਰੋਂ ਜਦੋਂ ਵੀ ਇਹ ਦਿਨ ਆਉਂਦਾ ਹੈ ਤਾਂ ਉਨ੍ਹਾਂ ਦੇ ਆਖਰੀ ਬੋਲ ਬੇਚੈਨ ਕਰ ਦਿੰਦੇ ਨੇ।

ਵਾਕਿਆ ਇੰਝ ਵਾਪਰਿਆ ਉਸ ਦਿਨ ਸਿਖਰ ਦੁਪਹਿਰੇ ਮੰਡੀ ਜਾਣ ਲੱਗੇ ਰੋਟੀ ਖਾ ਕੇ ਸਕੂਟਰ ਚੁੱਕ ਕੇ ਘਰ ਦੇ ਦਰਵਾਜ਼ੇ 'ਚੋਂ ਬਾਹਰ ਕੱਢਦਿਆਂ ਪਹਿਲੀ ਵਾਰ ਉਨ੍ਹਾਂ ਪਿੱਛੇ ਮੁੜ ਕੇ ਦੇਖਿਆ, ਆਦਤਨ ਮੈਂ ਹੀ ਦਰਵਾਜ਼ਾ ਖੋਲ੍ਹਣਾ ਬੰਦ ਕਰਨਾ ਹੁੰਦਾ ਸੀ, ਮੇਰੇ ਵੱਲ ਮੁੜ ਕੇ ਵੇਖਿਆ ਤੇ ਕਿਹਾ, "ਜਿਨ੍ਹਾਂ ਦੀ ਕੋਈ ਨਹੀਂ ਸੁਣਦਾ ਉਨ੍ਹਾਂ ਨੂੰ ਸਾਡੀ ਲੋੜ ਹੁੰਦੀ ਹੈ, ਆਪਣਾ ਖਿਆਲ ਰੱਖੀਂ, ਹੋਰਨਾਂ ਦਾ ਵੀ ਖਿਆਲ ਰੱਖੀਂ.." ਝੁਕਣਾ ਲਿਫਣਾ ਸਾਡੇ ਲਹੂ 'ਚ ਨਹੀਂ ਹੈ....

ਉਦੋਂ ਬੜਾ ਅਜੀਬ ਲੱਗਿਆ ਸੀ, ਕਿ ਬਾਪੂ ਹੁਰਾਂ ਨੂੰ ਅੱਜ ਕੀ ਹੋ ਗਿਆ, ਅਚਾਨਕ ਗਿਆਨ ਦਾ ਪਾਠ ਪੜ੍ਹਾਉਣ ਲੱਗ ਪਏ, ਅਕਸਰ ਇਹ ਗੱਲਾਂ ਉਹ ਕੋਈ ਕਿਤਾਬ, ਮੈਗਜ਼ੀਨ ਪੜ੍ਹਦਿਆਂ ਕਰਿਆ ਕਰਦੇ ਸਨ, ਲਿਖਤ ਦਾ ਸਾਰ ਤੱਤ ਸਾਡੇ ਨਾਲ ਸਾਂਝੇ ਕਰਦਿਆਂ ਅਜਿਹੇ ਬੋਲ ਬੋਲਿਆ ਕਰਦੇ ਸਨ..।

ਪਰ ਫੇਰ ਉਨ੍ਹਾਂ ਦੇ ਜਾਣ ਤੋਂ ਕੁਝ ਹੀ ਚਿਰ ਮਗਰੋਂ ਰੁਕ ਰੁਕ ਕੇ ਚੱਲੀਆਂ ਗੋਲੀਆਂ ਦੀ ਅਵਾਜ਼ ਆਈ ਤੇ ਕੁਝ ਮਿੰਟਾਂ ਮਗਰੋਂ ਜਦੋਂ ਮੰਡੀ 'ਚੋਂ ਝੋਨਾ ਹੂੰਝਣ ਗਈ ਗੁਆਂਢਣ ਵੈਣ ਪਾਉਂਦੀ ਦਰਵਾਜ਼ੇ ਮੂਹਰੇ ਦੁਹੱਥੜ ਮਾਰ ਕੇ ਪਿੱਟਣ ਲੱਗੀ ਸੀ ਤਾਂ ਘਰੋਂ ਤੁਰਦੇ ਬਾਪ ਦੇ ਬੋਲ ਸਮਝ ਆ ਗਏ ਸਨ .. ਹਾਲਾਂਕਿ ਉਦੋਂ ਸਮਝਣ ਜੋਗੀ ਉਮਰ ਨਹੀਂ ਸੀ..

ਜਿਸ ਸ਼ਖਸ ਨੂੰ ਪਹਿਲਾਂ ਹੀ ਪਤਾ ਹੋਵੇ ਕਿ 8 ਅਕਤੂਬਰ ਮੇਰੀ ਜ਼ਿੰਦਗੀ ਦਾ ਆਖਰੀ ਦਿਨ ਐਲਾਨਿਆ ਗਿਆ ਹੈ, ਪਰਚੀ ਮੁਤਾਬਕ.. ਓਸ ਸ਼ਖਸ ਦੇ ਚਿਹਰੇ 'ਤੇ ਕੋਈ ਸ਼ਿਕਨ ਨਹੀਂ, ਲੁਕਣ ਲਈ ਕੋਈ ਭੋਰਾ ਨਹੀਂ ਚੁਣਿਆ, ਓਸ ਸ਼ਖਸ ਦਾ ਅੰਸ਼ ਹੋਣ ਦਾ ਹਮੇਸ਼ਾ ਮਾਣ ਰਹੇਗਾ..।

ਤੇ ਮੈਂ ਆਖਰੀ ਦਮ ਤੱਕ ਕੋਸ਼ਿਸ਼ ਕਰੂੰ ਕਿ ਆਪਣਾ ਨਾ ਸਹੀ, ਹੋਰਨਾਂ ਦਾ ਜਿਨ੍ਹਾਂ ਦੀ ਕੋਈ ਨਹੀਂ ਸੁਣਦਾ, ਉਨ੍ਹਾਂ ਦਾ ਖਿਆਲ ਰੱਖ ਸਕਾਂ.. ਤੇ ਹਾਂ ਇਹ ਜ਼ਰੂਰ ਹੈ ਕਿ ਖੱਬੀ ਧਿਰ ਜੀਹਦੇ ਨਾਲ ਤੁਰਦਿਆਂ ਮੇਰੇ ਪਿਤਾ ਜੀ ਨੇ ਜਾਨ ਦਿੱਤੀ, ਉਹਦੇ ਵੱਡੇ ਨੇਤਾਵਾਂ ਦੀ ਸਾਡੇ ਵੱਲੇ ਕੀਤੀ ਕੰਡ ਵੱਲ ਕੰਡ ਕਰਨਾ ਤੇ ਵਿਅਕਤੀਗਤ ਤੌਰ 'ਤੇ ਸਾਡੇ ਲਈ ਦਿਨ-ਰਾਤ ਡਟਣ ਵਾਲੇ ਸੁਹਿਰਦ ਸੱਜਣਾਂ ਲਈ ਵਕਤ ਬੇਵਕਤ ਨਿਭ ਜਾਣਾ, ਮੇਰੇ ਪਿਤਾ ਜੀ ਨੂੰ ਸ਼ਰਧਾਂਜਲੀ ਹੋਵੇਗੀ..।

# ਵਰਤਮਾਨ ਪੰਜਾਬ ਦਾ ਧਾਰਮਿਕ ਪ੍ਰਸੰਗ

***ਲੋੜੀਂਦੀ ਸਿੱਖ ਲਹਿਰ ਵਾਸਤੇ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਹਰਿਆਣਾ ਕਮੇਟੀ ਅਤੇ ਦੁਨੀਆਂ ਭਰ ਦੇ ਗੁਰਦੁਆਰਿਆਂ ਅਤੇ ਦੁਨੀਆਂ ਭਰ ਦੇ ਗੁਰਦੁਆਰਾ ਪ੍ਰਬੰਧ ਅਤੇ ਸੰਸਥਾਈ ਪ੍ਰਬੰਧ ਨੂੰ ਸਿਰ ਜੋੜ ਕੇ ਤੁਰਨ ਦੀ ਲੋੜ ਹੈ। ਪ੍ਰੋ. ਬਲਕਾਰ ਸਿੰਘ ਵਲੋਂ 30 ਨਵੰਬਰ ਨੂੰ ਅਨੰਦਪੁਰ ਸਾਹਿਬ ਵਿਚ ਹੋਣ ਜਾ ਰਹੇ ਸੈਮੀਨਾਰ ਵਿਚ 'ਪੰਜਾਬ ਸਿੰਹਾਂ ਤੇਰਾ ਕੌਣ ਵਿਚਾਰਾ' ਵਿਸ਼ੇ 'ਤੇ ਪੜ੍ਹਿਆ ਜਾਣ ਵਾਲਾ ਪੇਪਰ ਪਾਠਕਾਂ ਦੀ ਨਜ਼ਰ ਹੈ।***

ਵਰਤਮਾਨ ਪੰਜਾਬ, ਪੁਰਾਣਾ ਪੰਜਾਬ ਨਾ ਰਹਿਣ ਦੇ ਬਾਵਜੂਦ ਪੰਜਾਬ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ ਅਤੇ ਆਲਮੀ ਪੰਜਾਬਾਂ (ਭਾਰਤ ਵਿਚ ਪੰਜਾਬੋਂ ਬਾਹਰ ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਪਰਵਾਸੀ ਪੰਜਾਬ) ਵਿਚਕਾਰ ਮੂਲ ਪੰਜਾਬ ਵਾਂਗ ਹੀ ਸਮਝਿਆ ਅਤੇ ਸਮਝਾਇਆ ਜਾ ਰਿਹਾ ਹੈ। ਇਸ ਦਾ ਕਾਰਨ ਤਾਂ ਗੁਰੂਆਂ ਦੀ ਧਰਤੀ ਤੇ ਸਿੱਖ-ਸੰਸਥਾਵਾਂ ਸਨ/ਹਨ, ਪਰ ਵਰਤਮਾਨ ਵਿਚ ਵੱਖ ਵੱਖ ਰੰਗਾਂ ਵਾਲੀ ਪੰਜਾਬੀ-ਸਿਆਸਤ ਇਸ ਦਾ ਕਾਰਨ ਬਣ ਰਹੀ ਹੈ। ਇਸ ਨਾਲ ਸਬੰਧਤ ਹੋਰ ਬਹੁਤ ਸਾਰੇ ਕਾਰਨਾਂ ਵਿਚੋਂ ਗੁਰਮਤਿ ਅਤੇ ਪੰਜਾਬੀ ਬੋਲੀ ਨੂੰ ਪੰਜਾਬੀ ਸੂਬੇ ਨੂੰ ਪੰਜਾਬ ਸਮਝਣ ਵਾਸਤੇ ਵਿਸ਼ੇਸ਼ ਕਾਰਨ ਮੰਨਿਆ ਜਾ ਸਕਦਾ ਹੈ। ਇਸ ਬਾਰੇ ਗੱਲ ਕਰਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਪੰਜਾਬ ਨੂੰ ਪੰਜਾਬ ਨਾ ਰਹਿਣ ਦੇਣ ਦੀ ਸ਼ੁਰੂਆਤ 1849 ਈ. ਤੋਂ ਬਾਅਦ ਕਲੋਨੀਅਲ ਹਕੂਮਤ ਵੱਲੋਂ ਸੋਚੇ ਸਮਝੇ ਢੰਗ ਨਾਲ ਹੋਈ ਸੀ। ਅੰਗਰੇਜ਼ਾਂ ਨੇ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅਤੇ ਸਿੱਖ ਰਿਆਸਤਾਂ ਦੇ ਰਾਜ



**ਬਲਕਾਰ ਸਿੰਘ ਪ੍ਰੋਫੈਸਰ**

ਵਿਚਕਾਰ ਸਤਲੁਜ ਨੂੰ ਹੱਦ ਬਣਵਾਇਆ ਸੀ ਅਤੇ ਰਾਖੀ-ਪ੍ਰਬੰਧ ਵਿਚੋਂ ਪੈਦਾ ਹੋਈਆਂ ਸਿੱਖ ਰਿਆਸਤਾਂ, ਅੰਗਰੇਜ਼ਾਂ ਦੀ ਸੁਰੱਖਿਆ ਵਿਚ ਚਲੀਆਂ ਗਈਆਂ ਸਨ। ਮਹਾਰਾਜਾ ਰਣਜੀਤ ਸਿੰਘ ਨਾਲ ਅੰਗਰੇਜ਼ਾਂ ਦੀ ਸੰਧੀ ਵੀ ਸਤਲੁਜ ਦੇ ਕੰਢੇ ਹੋਈ ਸੀ। 1849 ਤੋਂ 1947 ਵਾਲੇ ਪੰਜਾਬ ਦਾ ਇਤਿਹਾਸ ਇਕ ਵੱਖਰਾ ਮਸਲਾ ਹੈ। ਇਸ ਦੇ ਨਤੀਜੇ ਵਜੋਂ ਗੁਰੂ ਦੇ ਨਾਮ 'ਤੇ ਜਿਊਣ ਵਾਲੇ ਪੁਰਾਣੇ ਪੰਜਾਬ ਨੂੰ ਸਿੱਖ ਇਤਿਹਾਸ ਦਾ ਪੰਜਾਬ ਬਣਾ ਦਿੱਤਾ ਗਿਆ ਸੀ। ਇਸ ਦਾ ਸਿਧਾਂਤਕ ਪ੍ਰਸੰਗ ਸਮਝਣ ਵਾਸਤੇ ਪੂਰਬ ਨਾਨਕ ਕਾਲ ਅਤੇ ਉਤਰ ਨਾਨਕ ਕਾਲ ਵਿਚ ਫਰਕ ਕਰਕੇ ਸਮਝਣ ਦਾ ਯਤਨ ਕਰਾਂਗੇ ਤਾਂ ਧਾਰਮਿਕ ਪ੍ਰਸੰਗ ਵਿਚ ਇਹ ਗੱਲ ਸੌਖਿਆਂ ਸਮਝ ਸਕਾਂਗੇ ਕਿ ਪੰਜਾਬ ਵਿਚ ਬਹੁਤ ਕੁਝ ਪਹਿਲਾਂ ਉਸ ਤਰ੍ਹਾਂ ਨਹੀਂ ਸੀ, ਜਿਸ ਤਰ੍ਹਾਂ ਦੇ ਪੰਜਾਬ ਦੀ ਉਸਾਰੀ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਨਾਲ ਸ਼ੁਰੂ ਹੋ ਗਈ ਸੀ। ਮਿਸਾਲ ਦੇ ਤੌਰ 'ਤੇ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਵਿਚ ਪਹਿਲੀ ਵਾਰ ਧਰਮ ਨੂੰ ਸਭਿਆਚਾਰ ਨਾਲ ਪੈਰ ਮੇਚ ਕੇ ਤੁਰਨ ਦੀ ਜਾਚ ਸਿਖਾਈ ਸੀ। ਇਸ ਦੇ ਸਿਧਾਂਤਕ ਆਧਾਰ 'ਮਲਾਰ ਦੀ ਵਾਰ', 'ਆਸਾ ਦੀ ਵਾਰ' ਅਤੇ 'ਸਿਧਿ ਗੋਸਟਿ' ਵਿਚੋਂ ਲੱਭੇ ਜਾ ਸਕਦੇ ਹਨ। ਧਰਮ ਅਤੇ ਸਭਿਆਚਾਰ ਨੂੰ ਕਰਿੰਘੜੀ ਪਾ ਕੇ ਤੁਰਦਿਆਂ ਭੂਤ ਦੇ ਭੈਅ ਅਤੇ ਭਵਿਖ ਦੇ ਲਾਰਿਆਂ ਦੀ ਥਾਂ ਤੇ ਜੋ ਵਰਤਮਾਨ ਦਾ ਧਰਮ ਅਰਥਾਤ ਆਮ ਬੰਦੇ ਦਾ ਧਰਮ ਗੁਰੂ ਸਾਹਿਬਾਨ ਦੀ ਅਗਵਾਈ ਵਿਚ ਸਥਾਪਤ ਹੋ ਰਿਹਾ ਸੀ, ਉਹੀ ਸਿੱਖ ਧਰਮ ਦੇ ਨਾਮ ਨਾਲ ਸਥਾਪਤ ਹੋਇਆ ਪ੍ਰਾਪਤ ਹੈ।

ਆਮ ਬੰਦੇ ਦੀ ਬੋਲੀ ਨੂੰ ਧਰਮ ਦਾ ਮਾਧਿਅਮ ਵੀ ਪਹਿਲੀ ਵਾਰ 15ਵੀਂ ਸਦੀ ਵਿਚ ਹੀ ਬਣਾਇਆ ਗਿਆ ਸੀ। ਇਸ ਨਾਲ ਵੇਦ ਦੀ ਉਤਮਤਾ ਅਤੇ ਸੰਸਕ੍ਰਿਤ ਦੀ ਚੌਧਰ ਬਿਨਾਂ ਵੰਗਾਰੇ, ਪੰਜਾਬੀ ਮਾਨਸਿਕਤਾ ਦੀ ਲੋੜ ਨਹੀਂ ਰਹੀ ਸੀ। ਇਹ ਵਰਤਾਰਾ 1499 ਈ. ਵਿਚ ਵੇਈਂ ਨਦੀ ਪਰਵੇਸ਼ ਤੋਂ ਇਹ ਐਲਾਨ ਕੇ ਸ਼ੁਰੂ ਹੋਇਆ ਸੀ ਕਿ ਮਾਨਸ, ਸਭਿਆਚਾਰ ਵਿਚ ਜਨਮ ਲੈਂਦਾ ਹੈ ਅਤੇ ਧਰਮ ਨੂੰ ਧਾਰਨ ਜਨਮ ਤੋਂ ਬਾਅਦ ਕਰਦਾ ਹੈ। ਇਸ ਕਰਕੇ ਬੰਦਾ ਜਨਮ ਤੋਂ ਨਾ ਹਿੰਦੂ ਹੁੰਦਾ ਹੈ ਅਤੇ ਨਾ ਮੁਸਲਮਾਨ ਹੁੰਦਾ ਹੈ (ਨ ਕੋ ਹਿੰਦੂ ਨ ਕੋ ਮੁਸਲਮਾਨ)। ਧਰਮ ਵਿਚ ਜਨਮ ਲੈਣ ਦੀ ਵੈਦਿਕ ਪਰੰਪਰਾ ਬਰਾਸਤਾ ਸੰਤ ਪਰੰਪਰਾ ਅਤੇ ਭਗਤ ਪਰੰਪਰਾ, ਸਿੱਖ ਧਰਮ ਵਿਚ ਸਿਧਾਂਤਕ ਪੈਂਤੜਾ ਲੈ ਚੁੱਕੀ ਸੀ। ਏਸੇ ਨੂੰ ਭਗਤ ਕਬੀਰ ਜੀ ਦੇ ਹਵਾਲੇ ਨਾਲ ਗੁਰੂ ਅਰਜਨ ਦੇਵ ਜੀ, ਗੁਰੂ ਨਾਨਕ ਦੇਵ ਜੀ ਦੀ ਨਿਰੰਤਰਤਾ ਵਿਚ ਵਰਤ ਨੇਮ ਰੱਖਣ ਦੀ ਵੈਦਿਕ ਮਰਯਾਦਾ ਅਤੇ ਨਮਾਜ਼ ਰੋਜ਼ੇ ਰੱਖਣ ਦੀ ਇਸਲਾਮਿਕ ਮਰਯਾਦਾ ਨਾਲੋਂ ਲੀਹਾਂ ਪਾੜਵਾਂ ਗੁਰਮਤਿ ਗਾਡੀ ਰਾਹ ਇਸ ਤਰ੍ਹਾਂ ਸਥਾਪਤ ਕਰਦੇ ਹਨ:

ਭੈਰਉ ਮਹਲਾ ੫॥ਵਰਤ ਨ ਰਹਉ ਨ ਮਹ ਰਮਦਾਨਾ॥ਤਿਸੁ ਸੇਵੀ ਜੋ ਰਖੈ ਨਿਦਾਨਾ॥੧॥ਰਹਾਉ॥

ਹਜ ਕਾਬੈ ਜਾਉ ਨ ਤੀਰਥ ਪੂਜਾ॥ਏਕੋ ਸੇਵੀ ਅਵਰ ਨ ਦੂਜਾ॥੨॥

ਪੂਜਾ ਕਰਉ ਨ ਨਿਵਾਜ ਗੁਜਾਰਉ॥ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥

ਨ ਹਮ ਹਿੰਦੂ ਨ ਮੁਸਲਮਾਨ॥ਅਲਹ ਰਾਮ ਕੇ ਪਿੰਡੁ ਪਰਾਨ॥੪॥

ਕਹੁ ਕਬੀਰ ਇਹੁ ਕੀਆ ਵਖਾਨਾ॥ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥੫॥੧੧੩੬

ਇਸ ਨਾਲ ਇਹ ਸੌਖਿਆਂ ਸਮਝਿਆ ਜਾ ਸਕਦਾ ਹੈ ਕਿ ਗੁਰੂ-ਕਾਲ (1469-1708) ਵਿਚ ਧਰਮ ਅਤੇ ਸਭਿਆਚਾਰ ਜਿਸ ਤਰ੍ਹਾਂ ਕਰਿੰਘੜੀ ਪਾ ਕੇ ਤੋਰੇ ਗਏ ਸਨ, ਉਸ ਨੂੰ ਪ੍ਰੋ. ਪੂਰਨ ਸਿੰਘ ਨੇ ਇਸ ਤਰ੍ਹਾਂ ਸੰਭਾਲਿਆ ਹੋਇਆ ਹੈ:



ਪੰਜਾਬ ਵਿਚ ਸਤਿਗੁਰਾਂ ਦੀ ਨਿਗਾਹ ਵਿਚੋਂ  
ਜੀਵਨ-ਬਿਜਲੀਆਂ ਦੇ ਅਸਗਾਹ ਦਰਿਆ ਵਗ ਉਠੇ,  
ਝਨਾ ਤੇ ਰਾਵੀ ਤੇ ਸਤਲੁਜ ਤੇ ਬਿਆਸ  
ਤੇ ਜਿਹਲਮ ਤੇ ਅਟਕ ਸਭ ਬਲ ਉਠੇ,  
ਗੁਰੂ ਦਾ ਜਪੁ ਸਾਹਿਬ ਗਾਉਂਦੇ।  
ਇਉਂ ਅਸਗਾਹ ਪਰਵਾਹ ਹੋਇਆ,  
ਸੁੱਕਾ ਨਾਂਹ ਕੋਈ ਥਾਂ।  
ਹਿੰਦੂ, ਮੁਸਲਮਾਨ, ਪੰਛੀ, ਪਸ਼ੂ, ਆਦਮੀ ਸਭ ਭਿਜਿਆ,  
ਡੁਬਿਆ ਅੰਮ੍ਰਿਤ ਉਸ ਨਿਗਾਹ ਵਿਚ।  
ਇਥੇ ਜਾਨ ਆਈ, ਰੂਹ ਆਇਆ, ਰੱਬ ਆਇਆ,  
ਗੀਤ ਅਸਮਾਨੀ ਆਇਆ, ਦਿਲ ਆਇਆ ਬਖਸ਼ ਦਾ,  
ਇਥੇ ਚਾਅ ਦੇ ਅਸਮਾਨ ਟੁੱਟੇ,  
ਇਥੇ ਹੁਸਨ ਖੁਦਾਈ ਦਾ ਅਵਤਾਰ ਆਇਆ,  
ਇਥੇ ਦਿਲ ਚੁਭਵੀਆਂ ਮੂਰਤਾਂ,  
ਨਿਗਾਹਾਂ ਦੇ ਤੀਰਾਂ ਦੇ ਮੀਂਹ।  
ਇਥੇ ਦਾਤੇ ਬਲਕਾਰ ਆਏ,  
ਇਥੇ ਸਾਈਂ ਦੇ ਪਿਆਰੇ ਆਏ,  
ਇਸ ਧਰਤੀ ਵਿਚ ਕਲਗੀ ਵਾਲੇ ਦੇ ਘੋੜੇ ਦੇ ਸੁਮਾਂ ਦੀ ਟਾਪ ਲਗੀ  
ਇਥੇ ਸਤਿਗੁਰਾਂ, ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ।

ਇਸ ਟੂਕ ਨਾਲ ਇਹ ਇਸ਼ਾਰਾ ਹੋ ਗਿਆ ਹੈ ਕਿ ਟੋਟਿਆਂ ਵਿਚੋਂ ਜ਼ਿੰਦਗੀ ਲੱਭਣ ਦੀ ਥਾਂ ਤੇ ਸੁਤੰਤਰ ਅਤੇ ਭਰਪੂਰ ਜੀਵਨ ਜਿਊਣ ਦੀ ਵਿਧੀ ਆਮ ਮਾਨਸਿਕਤਾ ਵਿਚ ਗੁਰਮਤਿ ਰਾਹੀਂ ਉਤਰਨ ਲੱਗ ਪਈ ਸੀ। ਇਸ ਦੇ ਵਿਸਥਾਰ ਵਿਚ ਜਾਏ ਬਿਨਾ ਇਹ ਕਹਿਣਾ ਚਾਹ ਰਿਹਾ ਹਾਂ ਕਿ ਧਰਮ ਦੇ ਪ੍ਰਸੰਗ ਵਿਚ ਜਿਹੜੀ ਵਿਲੱਖਣਤਾ ਗੁਰਮਤਿ ਦਾ ਆਧਾਰ ਬਣੀ, ਉਸ ਨੂੰ ਬਿਨਸਣਹਾਰ ਅਗਵਾਈ (ਮਾਨਵ ਉਤਮਤਾ) ਦੀ ਥਾਂ ਤੇ ਅਬਿਨਸਣਹਾਰ ਅਗਵਾਈ (ਸ਼ਬਦ-ਗੁਰੂ) ਵਜੋਂ ਆਮ ਲੋਕਾਂ ਦੀ ਮਾਨਸਿਕਤਾ ਵਿਚ ਉਤਾਰਨ ਦੀ ਲਹਿਰ ਗੁਰੂ ਨਾਨਕ ਦੇਵ ਜੀ ਨਾਲ ਸ਼ੁਰੂ ਹੋ ਗਈ ਸੀ। 'ਸਿਧਿ ਗੋਸਟਿ' ਬਾਣੀ ਵਿਚ ਏਸੇ ਸਕਰਮਕ ਸੋਚ ਦਾ ਬਿਰਤਾਂਤ ਉਸਾਰਿਆ ਗਿਆ ਹੈ। ਏਸੇ ਦੀ ਰੌਸ਼ਨੀ ਵਿਚ ਗੁਰੂ-ਕਿਰਤਾਂ ਅਤੇ ਸਿੱਖ-ਕਿਰਤਾਂ ਅਰਥਾਤ ਪੰਥਕ ਕਿਰਤਾਂ 1708 ਤੱਕ ਸਾਹਮਣੇ ਆਉਂਦੀਆਂ ਰਹੀਆਂ ਸਨ। ਇਸੇ ਦਾ ਇਤਿਹਾਸ ਵਿਚ ਪ੍ਰਗਟਾਵਾ ਪੰਜਾਬ ਦੇ ਗੁਰਮਤਿ ਪ੍ਰਸੰਗ ਵਿਚ ਗੁਰੂ ਵਰੋਸਾਏ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਪੰਥਕ-ਲਹਿਰ ਵਜੋਂ ਸ਼ੁਰੂ ਹੋਇਆ ਸੀ ਅਤੇ ਇਸ ਨਾਲ ਸਿੱਖ-ਸਿਆਸਤ ਦੀ ਨੀਂਹ ਟਿਕ ਗਈ ਸੀ। ਇਸ ਸਿੱਖ-ਸਿਆਸਤ ਦੇ ਕੇਂਦਰ ਵਿਚ ਗੁਰਮਤਿ ਸੀ ਅਤੇ ਇਹ ਮਿਸਲ ਕਾਲ ਵਿਚ 1799 ਈ. ਤੱਕ ਕਾਇਮ ਰਹੀ ਸੀ। ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸਥਾਪਤ ਹੋਇਆ 'ਸਿੱਖ-ਰਾਜ' ਆਪਣੇ ਸੁਭਾ ਅਤੇ ਪ੍ਰਗਟਾਵੇ ਵਿਚ ਮੁਗ਼ਲ-ਸਿਆਸਤ ਦੀ ਨਿਰੰਤਰਤਾ ਵਿਚ ਹੋ ਜਾਣ ਕਰਕੇ ਪੰਥਕਤਾ ਨੂੰ ਉਸ ਮਾਤਰਾ ਵਿਚ ਹੀ ਨਾਲ ਰੱਖਦਾ ਰਿਹਾ ਸੀ, ਜਿਸ ਮਾਤਰਾ ਵਿਚ ਸਮਕਾਲੀ ਸਿਆਸਤ ਦੀ ਲੋੜ ਹੁੰਦੀ ਸੀ। ਇਸ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਆਮ ਪੰਜਾਬੀ ਮਾਨਸਿਕਤਾ ਵਿਚ 'ਸਰਕਾਰੇ ਖਾਲਸਾ' ਵਾਂਗ ਹੀ ਉਤਾਰਿਆ ਗਿਆ ਸੀ। ਪੰਜਾਬ ਨਾਲ ਜੁੜੀ ਹੋਈ ਵਰਤਮਾਨ ਸਿਆਸਤ ਏਸੇ ਸੁਰ ਵਿਚ ਹੀ ਤੁਰੀ ਜਾ ਰਹੀ ਹੈ ਕਿਉਂਕਿ ਸਿੱਖ ਸਰੋਕਾਰਾਂ ਦੀ ਧੁਰੋਹਰ ਗੁਰਮਤਿ ਨੂੰ ਕੇਂਦਰ ਵਿਚੋਂ ਹਾਸ਼ੀਏ ਤੇ ਧੱਕ ਕੇ ਗੁਰਮਤਿ ਦੀ ਥਾਂ ਤੇ ਵਰਤਮਾਨ ਸਿਆਸਤ ਨੂੰ ਕੇਂਦਰ ਵਿਚ ਸਥਾਨ ਮਿਲਣਾ ਸਿਰੇ ਲੱਗ ਗਿਆ ਹੈ। ਜਿਵੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਗੁਰਮਤਿ ਦੇ ਪ੍ਰਤੀਨਿਧ ਅਕਾਲੀ ਫੂਲਾ ਸਿੰਘ, ਬਾਬਾ ਸਾਹਿਬ ਸਿੰਘ ਬੇਦੀ, ਹਰੀ ਸਿੰਘ ਨਲੂਆ ਅਤੇ ਸ਼ਾਮ ਸਿੰਘ ਅਟਾਰੀਵਾਲਾ ਦੀ ਥਾਂ ਤੇ ਡੋਗਰਿਆਂ ਨੂੰ ਪਹਿਲ ਪ੍ਰਾਪਤ ਹੋ ਗਈ ਸੀ, ਓਵੇਂ ਹੀ ਪੰਜਾਬ ਦੀ ਵਰਤਮਾਨ ਸਿਆਸਤ ਨੇ ਗੁਰਮਤਿ ਦੇ ਚੇਤਨਾ-ਸਰੋਕਾਰਾਂ ਅਤੇ ਸਿੱਖ-ਵਿਸ਼ਵਾਸ਼ ਦੀਆਂ ਸੰਗਤੀ ਸੁਰਾਂ ਨੂੰ ਆਪਣੇ ਵੋਟ ਬੈਂਕ ਤੱਕ ਮਹਿਦੂਦ ਕਰ ਦਿੱਤਾ ਹੈ। ਇਸ ਨਾਲ ਗੁਰੂਆਂ ਦੀ ਧਰਤੀ ਅਖਵਾਉਣ ਵਾਲਾ ਵਰਤਮਾਨ ਪੰਜਾਬ ਨਾ ਕੇਵਲ ਆਪ ਉਜਾੜੇ ਦੇ ਰਾਹ ਪੈ ਗਿਆ ਹੈ, ਸਗੋਂ ਆਲਮੀ ਪੰਜਾਬਾਂ ਨੂੰ ਗੁਰਮਤਿ ਨਾਲ ਜੁੜਨ ਦੇ ਰਾਹ ਵਿਚ ਵੀ ਸਿਆਸੀ ਕੰਡੇ ਖਿਲਾਰੀ ਜਾ ਰਿਹਾ ਹੈ।

ਪੰਜਾਬੀ ਸੂਬੇ ਦੀ ਇਹੋ ਜਿਹੀ ਹਾਲਤ ਵਿਚ ਜੇ ਦਰਪੇਸ਼ ਮਸਲਿਆਂ ਦੀ ਅੱਖ ਵਿਚ ਅੱਖ ਪਾ ਕੇ ਵੇਖਾਂਗੇ ਤਾਂ ਔਝੜੀਂ ਪਏ ਹੋਏ ਸਰੋਕਾਰਾਂ ਦੇ ਸਨਮੁਖ ਹੋ ਕੇ ਹੀ ਗੱਲ ਕਰਨੀ ਪਵੇਗੀ। ਮਸਲਿਆਂ ਦੇ ਜੰਗਲ ਵਿਚ ਨੰਗੇ ਪੈਰੀਂ ਖਲੋਤਾ ਹੋਇਆ ਆਮ ਪੰਜਾਬੀ ਕਸੂਤਾ ਉਲਝਿਆ ਹੋਇਆ ਨਜ਼ਰ ਆ ਰਿਹਾ ਹੈ। ਦੁਖਾਂਤ ਇਹ ਵੀ ਹੈ ਕਿ ਜਿਨ੍ਹਾਂ ਨੇ ਇਹ ਹਾਲਾਤ ਅਤੇ ਮਸਲੇ ਪੈਦਾ ਕੀਤੇ ਹਨ, ਉਨ੍ਹਾਂ ਤੋਂ ਹੀ ਮਸਲੇ ਹੱਲ ਕਰਨ ਦੀ ਆਸ ਆਮ ਪੰਜਾਬੀ ਬੰਦਾ ਲਾਈ ਬੈਠਾ ਹੈ। ਇਸ ਤਰਸਯੋਗ ਹਾਲਤ ਵਿਚ ਉਹ ਇਹ ਵੀ ਭੁੱਲਿਆ ਬੈਠਾ ਹੈ ਕਿ ਉੱਖੜੇ ਹੋਏ ਪੈਰ ਮੰਜ਼ਲਾਂ ਨਹੀਂ ਮਾਰ ਸਕਦੇ। ਇਸ ਨੂੰ ਸਿਆਸਤ ਹੀ ਸਿਆਸਤ ਹੈ ਹੋਰ ਏਥੇ ਕੀ ਹੈ, ਕਹਿਣਾ ਚਾਹੁੰਦਾ ਹਾਂ। ਇਸ ਸਿਆਸਤ ਪ੍ਰਧਾਨ ਯੁੱਗ ਵਿਚ ਕੌਣ ਕਿਸ ਨੂੰ ਸਮਝਾਵੇ ਕਿ ਗੁਰੂਕਿਆਂ ਦੀਆਂ ਪ੍ਰਾਪਤੀਆਂ ਨੂੰ ਸਿਆਸੀ ਪ੍ਰਾਪਤੀਆਂ ਵਾਂਗ ਹੀ ਕਿਉਂ ਵੇਖਿਆ ਜਾ ਰਿਹਾ ਹੈ? ਦੇਸ਼ ਦੁਨੀਆਂ ਵਿਚ ਵੱਸਦੇ ਸਿੱਖਾਂ ਵਿਚ ਖਾਸ ਕਰਕੇ ਅਤੇ ਪੰਜਾਬੀਆਂ ਵਿਚ ਆਮ ਕਰਕੇ ਕਿਰਤ ਕਰਨ ਦੀ ਗੁੜ੍ਹਤੀ ਵੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਧਰਮ ਦਾ ਅੰਗ ਬਣਾ ਕੇ ਆਪ ਦਿਤੀ ਸੀ ਅਤੇ ਏਹੀ ਪੀੜ੍ਹੀ ਦਰ ਪੀੜ੍ਹੀ ਚੱਲਦੀ ਰਹਿਣ ਕਰਕੇ ਲਹੂ ਵਿਚ ਉਤਰ ਚੁੱਕੀ ਹੈ। ਪੰਜਾਬ ਦੀ ਸਫਲਤਾ ਦੀ ਜੜ੍ਹ ਵਿਚ ਪਈ ਸਿਧਾਂਤਕ ਤ੍ਰਿਕੜੀ (ਨਾਮ ਜਪਣ, ਕਿਰਤ ਕਰਣ ਅਤੇ ਵੰਡ ਛਕਣ) ਨਾਲ ਜੁੜੇ ਹੋਏ ਸਰਬੱਤ ਦੇ ਭਲੇ ਦੀ ਗੁਰਮਤਿ-ਗੁੜ੍ਹਤੀ ਵੀ ਬਹੁ-ਸਭਿਆਚਾਰਕ ਵਰਤਾਰਿਆਂ ਵਿਚ ਆਲਮੀ-ਪੰਜਾਬ ਦੇ ਬਹੁਤ ਕੰਮ ਆ ਰਹੀ ਹੈ। ਇਸ ਦੇ ਬਾਵਜੂਦ ਪੰਜਾਬ ਜਿਥੇ ਵੀ ਹੈ, ਉਥੇ ਸਿਆਸਤ ਦੇ ਪੈਰੋਂ ਪੈਦਾ ਹੋਈਆਂ ਸਮੱਸਿਆਵਾਂ ਨੂੰ ਵੀ ਭੁਗਤ ਰਿਹਾ ਹੈ। ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਵਾਸਤੇ ਜਦੋਂ ਦੁਸ਼ਵਾਰੀਆਂ ਬਾਹਰੋਂ ਜਾਂ ਵਿਰੋਧੀਆਂ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਰਹੀਆਂ ਸਨ/ਹਨ ਤਾਂ ਉਸ ਨਾਲ ਉਹੋ ਜਿਹੇ ਨੁਕਸਾਨ ਨਹੀਂ ਹੋਏ, ਜਿਹੋ ਜਿਹੇ ਅੰਦਰੋਂ ਪੈਦਾ ਕੀਤੀਆਂ ਦੁਸ਼ਵਾਰੀਆਂ ਨਾਲ ਹੋਏ ਅਤੇ ਹੋ ਰਹੇ ਹਨ। ਇਸ ਵੇਲੇ ਅਸੀਂ ਆਪ ਹੀ ਇਹ ਹਾਲਾਤ ਪੈਦਾ ਕਰ ਲਏ ਹਨ ਕਿ ਸਿੱਖ ਰਹਿ ਸਕਣ ਦਾ ਰਾਹ, ਖੁਲ੍ਹਾ ਘੱਟ ਅਤੇ ਬੰਦ ਵੱਧ ਨਜ਼ਰ ਆ ਰਿਹਾ ਹੈ।

ਗੁਰੂ-ਕਿਰਤਾਂ ਦੀ ਰੌਸ਼ਨੀ ਅਤੇ ਅਗਵਾਈ ਵਿਚ ਪੰਥਕ-ਕਿਰਤਾਂ ਲਗਾਤਾਰ ਪੈਦਾ ਹੁੰਦੀਆਂ ਰਹੀਆਂ ਹਨ ਅਤੇ ਪੈਦਾ ਹੁੰਦੀਆਂ ਰਹਿਣੀਆਂ ਵੀ ਚਾਹੀਦੀਆਂ ਹਨ। ਅਕਾਲ ਤਖਤ ਸਾਹਿਬ ਦੀ ਤਰਜ਼ ਤੇ ਚਾਰ ਤੋਂ ਪੰਜ ਤਖਤ ਪੰਥਕ ਸੁਰ ਵਿਚ ਹੋਏ, ਕਿਸੇ ਨੇ ਕੋਈ ਇਤਰਾਜ਼ ਨਹੀਂ ਕੀਤਾ। ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਦੁਨੀਆ ਵਿਚ ਗੁਰਦੁਆਰੇ ਗੁਰਮਤਿ ਦਾ ਪ੍ਰਚਾਰ/ਪਰਸਾਰ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਦੀ ਤਰਜ਼ 'ਤੇ ਦਿੱਲੀ ਕਮੇਟੀ ਅਤੇ ਹਰਿਆਣਾ ਕਮੇਟੀ ਸਾਹਮਣੇ ਆ ਗਈਆਂ ਹਨ। ਇਨ੍ਹਾਂ ਨੂੰ ਪੰਥਕ ਸੰਸਥਾਵਾਂ ਵਾਂਗ ਚਲਾਉਣ ਦੇ ਰਾਹ ਵਿਚ ਸਿਆਸਤ ਨੂੰ ਅਸੀਂ ਆਪ ਹੀ ਲਿਆਂਦਾ ਹੈ। ਸਿਆਸਤ ਦੇ ਸਾਰੇ ਰੰਗ ਇਨ੍ਹਾਂ ਸੰਸਥਾਵਾਂ ਨੂੰ ਜੇ ਸਰਕਾਰ ਵਾਂਗ ਚਲਾਉਣ ਦੀ ਕੋਸ਼ਿਸ਼ ਕਰਨਗੇ ਤਾਂ ਸਿੱਖ-ਸੰਸਥਾਵਾਂ ਅਤੇ ਸਿੱਖ-ਸਿਆਸਤ ਇਕ ਦੂਜੇ ਦੀ ਪੂਰਕਤਾ ਵਿਚੋਂ ਨਿਕਲ ਕੇ ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਰਾਹ ਪੰਜਾਬੀ ਸੂਬੇ ਵਾਂਗ ਸਾਰੇ ਪੰਜਾਬਾਂ ਵਿਚ ਵੀ ਪੈ ਜਾਵੇਗੀ ਅਤੇ ਕਿਸੇ ਹੱਦ ਤੱਕ ਪੈ ਵੀ ਚੁੱਕੀ ਹੈ।

ਇਸ ਤੋਂ ਸਪਸ਼ਟ ਹੈ ਕਿ ਜਿਸ ਤਰ੍ਹਾਂ ਸਿਆਸਤ ਨੂੰ ਸਬੰਧਤ ਦੇਸ਼ ਦੇ ਵਿਧਾਨ ਮੁਤਾਬਿਕ ਰਹਿਣਾ ਜ਼ਰੂਰੀ ਹੈ, ਓਸੇ ਤਰ੍ਹਾਂ ਸਿੱਖ ਸੰਸਥਾਵਾਂ ਨੂੰ ਪੰਥਕ ਰਹਿਣਾ ਜ਼ਰੂਰੀ ਹੈ। ਇਸ ਦਾ ਅਰਥ ਇਹ ਹੋਇਆ ਕਿ ਜਿਵੇਂ ਸਿਆਸਤਦਾਨ ਹੋਣ ਵਾਸਤੇ ਪੰਥਕ ਹੋਣ ਦੀ ਲੋੜ ਨਹੀਂ ਹੈ, ਓਵੇਂ ਹੀ ਪੰਥਕ ਹੋਣ ਵਾਸਤੇ ਸਿਆਸਤਦਾਨ ਹੋਣ ਦੀ ਲੋੜ ਵੀ ਨਹੀਂ ਹੈ। ਸਪਸ਼ਟ ਹੋਇਆ ਕਿ ਸਿੱਖ-ਸੰਸਥਾਵਾਂ ਦਾ ਸਿਆਸੀ ਅਪਹਰਣ ਜਿਵੇਂ ਇਸ ਵੇਲੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀ ਜੁਗਲਬੰਦੀ ਦੇ ਹਵਾਲੇ ਨਾਲ ਹੋ ਚੁੱਕਿਆ ਹੈ, ਉਸ ਨਾਲ ਜਿਸ ਮਾਤਰਾ ਵਿਚ ਪੰਥਕ-ਸੰਸਥਾਵਾਂ ਕਮਜ਼ੋਰ ਹੋਈਆਂ ਹਨ, ਉਸ ਮਾਤਰਾ ਵਿਚ ਸਿੱਖ-ਸਿਆਸਤ ਵੀ ਕਮਜ਼ੋਰ ਹੋ ਚੁੱਕੀ ਹੈ। ਇਸ ਦਾ ਅਸਰ ਪੰਜਾਬ ਤੇ ਇਹ ਹੋਇਆ ਹੈ ਕਿ ਆਮ ਸਿੱਖ ਦੇ ਸਾਹਮਣੇ ਸਮਕਾਲੀ ਸਿਆਸਤ ਅਤੇ ਪੰਥਕ-ਸੰਸਥਾਵਾਂ ਵਿਚੋਂ ਕਿਸੇ ਇਕ ਨੂੰ ਹੀ ਚੁਨਣ ਦਾ ਸਵਾਲ ਪੈਦਾ ਹੋ ਗਿਆ ਹੈ। ਇਸ ਦੁਬਿਧਾ ਵਿਚੋਂ ਬਾਣੀ ਦੀ ਅਗਵਾਈ ਵਿਚ ਹੀ ਬਾਹਰ ਆਉਣ ਦੀ ਲੋੜ ਹੈ। ਅਜਿਹਾ ਪਿਛਲੱਗ ਹੋ ਕੇ ਨਹੀਂ, ਸੁਜੱਗ ਹੋ ਕੇ ਹੀ ਸੰਭਵ ਹੋ ਸਕਦਾ ਹੈ।

ਇਹ ਸਥਿਤੀ, ਸਿੱਖ-ਸੰਸਥਾਵਾਂ ਦੇ ਸਿਆਸੀ ਅਪਹਰਣ ਕਾਰਨ ਪੈਦਾ ਹੋਈ ਹੈ। ਇਸ ਦਾ ਹੱਲ ਸਿਆਸਤ ਨੂੰ ਨਾਲ ਲੈ ਕੇ ਅਤੇ ਸਿਆਸਤ ਨੂੰ ਬਾਹਰ ਕਢ ਕੇ ਵਿਚੋਂ ਇਕ ਹੀ ਹੋ ਸਕਦਾ ਹੈ? ਸਿਆਸਤ ਨੂੰ ਨਾਲ ਲੈ ਕੇ ਸਿੱਖ-ਸੰਸਥਾਵਾਂ ਜਿਸ ਹਾਲਤ ਵਿਚ ਪਹੁੰਚ ਗਈਆਂ ਹਨ, ਉਸ ਨੂੰ ਲੈ ਕੇ ਤਾਂ "ਦੀਜੈ ਬੁਧ ਬਿਬੇਕਾ" ਦੀ ਅਰਦਾਸ ਹੀ ਕੀਤੀ ਜਾ ਸਕਦੀ ਹੈ। ਇਸ ਦੀ ਰੌਸਨੀ ਵਿਚ ਸਿੱਖ-ਚੇਤਨਾ ਨੂੰ ਪੁਨਰ ਵਿਚਾਰ (revisiting) ਅਤੇ ਪੁਨਰ ਉਸਾਰੀ (reconstructing) ਵਾਲੇ ਰਾਹ ਪੈਣ ਦੀ ਲੋੜ ਹੈ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਵਰਤਮਤਨ-ਸਿਆਸਤ ਰਾਹੀਂ ਸਿੱਖ-ਸੰਭਾਵਨਾਵਾਂ ਦੇ ਸਾਰੇ ਰਾਹ ਰੁਕ ਚੁੱਕੇ ਹਨ। ਇਸ ਦਾ ਤੁਰਤ ਕਾਰਨ ਸਿੱਖ-ਸੰਸਥਾਵਾਂ ਦਾ ਸਿਆਸੀ ਅਪਹਰਣ ਹੀ ਲੱਗਦਾ ਹੈ। ਸਿੱਖ-ਸੰਸਥਾਵਾਂ ਦੇ ਮੁਖੀਆਂ ਦੀ ਗੁਰਮਤਿ-ਭਾਵਨਾ ਅਤੇ ਪੰਥਕ-ਫਖਰ, ਬਰਾਸਤਾ ਉਦਾਸੀ ਗੁਆਚਣ ਵਾਲੇ ਰਾਹ ਪਿਆ ਹੋਇਆ ਹੈ। ਆਮ ਸਿੱਖ ਦੇ ਸਿੱਖ ਰਹਿ ਸਕਣ ਦੇ ਬਹੁਤੇ ਰਾਹ ਰੁਕੇ ਹੋਏ ਲੱਗਣ ਲੱਗ ਪਏ ਹਨ। ਫਿਕਰ ਹੀ ਫਿਕਰ ਹਨ, ਫਖਰ ਕਿਧਰੇ ਨਜ਼ਰ ਨਹੀਂ ਆਉਂਦਾ। ਪੰਚ ਪ੍ਰਧਾਨੀ ਪੰਥਕ ਵਿਧੀ ਦੀ ਥਾਂ 'ਤੇ ਸਿਆਸੀ ਮੁਖੀ ਦੀ ਮਰਜ਼ੀ ਪ੍ਰਧਾਨ ਹੋ ਗਈ ਹੈ। ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਇਹੀ ਲੱਗਦਾ ਹੈ ਕਿ ਪੰਜਾਬ ਦੇ ਆਮ ਸਿਆਸੀਕਰਣ ਵਿਚ ਬਰਾਸਤਾ ਸਿਆਸਤ, ਗੁਰਮਤਿ ਦਾ ਦਰਵਾਜ਼ਾ ਹਰ ਕਿਸਮ ਦੀ ਸਿਆਸਤ ਵਾਸਤੇ ਖੁਲ੍ਹ ਗਿਆ ਹੈ। ਬਰਾਸਤਾ ਸਿਆਸੀ ਡਰਾਮੇਬਾਜ਼ੀਆਂ ਅਤੇ ਸਿਆਸੀ ਡੇਰੇਦਾਰੀਆਂ, ਅੰਧ-ਮਾਨਸਿਕਤਾ ਨੂੰ ਸ਼ਹਿ ਮਿਲਦੀ ਨਜ਼ਰ ਆ ਰਹੀ ਹੈ। ਇਸ ਨਾਲ ਸਿੱਖੀ ਨੂੰ ਸਿਆਸੀ ਮੁਹਾਵਰੇ ਵਿਚ ਸਮਝਣ ਦੀ ਲੋੜ ਪੈਦਾ ਹੋ ਗਈ ਹੈ। ਅਕਾਲੀਨੁਮਾ ਸਿਆਸਤ ਨੇ ਕਬਜਾਉਣ ਦੀ ਵਿਧੀ ਨਾਲ ਸੰਗਤੀ ਚੇਤਨਾ ਨੂੰ ਸਿਆਸੀ ਉਗਲਾਹਟ ਵੱਲ ਧੱਕ ਦਿਤਾ ਹੈ। ਭਗਤੀ ਤੇ ਸ਼ਕਤੀ ਦੀ ਨਿਰੰਤਰਤਾ ਵਿਚ ਮੀਰੀ-ਪੀਰੀ ਵਰਗੇ ਸਿਧਾਂਤ ਨੂੰ ਸਿਆਸੀ ਕੁਤਕੇ ਵਾਂਗ ਵਰਤਿਆ ਜਾਣ ਲੱਗ ਪਿਆ ਹੈ। ਕਿਉਂ ਅਤੇ ਕਿਵੇਂ ਨੂੰ ਵਿਅਕਤੀਗਤ ਸਿਆਸੀ ਉਤਮਤਾ ਦਾ ਸ਼ਿਕਾਰ ਬਣਾ ਕੇ ਪੰਥਕ-ਸੰਸਥਾ ਦੀ ਥਾਂ ਤੇ ਸਿਆਸੀ-ਸੰਸਥਾ ਨੂੰ ਮਾਂ-ਸੰਸਥਾ ਬਣਾ ਦਿੱਤਾ ਗਿਆ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਸਮਕਾਲੀ-ਸਿਆਸਤ ਰਾਹੀਂ ਸਿੱਖ-ਸੰਸਥਾਵਾਂ ਜਿਸ ਹਾਲਤ ਵਿਚ ਪਹੁੰਚ ਗਈਆਂ ਹਨ, ਉਸ ਨੂੰ ਸਿਆਸਤ ਰਾਹੀਂ ਨਹੀਂ ਬਚਾਇਆ ਜਾ ਸਕਦਾ। ਬਾਣੀ ਵੱਲ ਮੁੜੇ ਬਿਨਾ ਮਗਰ ਮੁੜਨਾ ਮੁਸ਼ਕਲ ਹੋ ਗਿਆ ਹੈ। ਇਸ ਵਿਚੋਂ ਨਿਕਲਣ ਵਾਸਤੇ ਲੋੜੀਂਦੀ ਸਿੱਖ ਲਹਿਰ ਵਾਸਤੇ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਹਰਿਆਣਾ ਕਮੇਟੀ ਅਤੇ ਦੁਨੀਆਂ ਭਰ ਦੇ ਗੁਰਦੁਅਰਿਆਂ ਅਤੇ ਦੁਨੀਆਂ ਭਰ ਦੇ ਗੁਰਦੁਆਰਾ ਪ੍ਰਬੰਧ ਅਤੇ ਸ਼ੰਸਥਾਈ ਪ੍ਰਬੰਧ ਨੂੰ ਸਿਰ ਜੋੜ ਕੇ ਤੁਰਨ ਦੀ ਲੋੜ ਹੈ।

## ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ

## ਸਮੂਹ ਪਾਠਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

**ਆਓ ! ਅਸੀਂ ਗੁਰੂ ਨਾਨਕ ਦੇਵ ਜੀ ਨੂੰ ਤਸਵੀਰਾਂ ਦੀ ਥਾਂ ਉਨ੍ਹਾਂ ਦੀ ਬਾਣੀ ਵਿਚੋਂ ਦੇਖਣ ਦੀ ਕੋਸ਼ਿਸ਼ ਕਰੀਏ, ਤਸਵੀਰ ਕਿਸੇ ਦੀ ਕਲਪਨਾ ਹੈ, ਬਾਣੀ ਉਨ੍ਹਾਂ ਦੀ ਆਪਣੀ ਹੈ।**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ



ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ



ਰਾਜਿੰਦਰ ਸਿੰਘ ਬੈਂਸ


ਗੁਰਵੀਰ ਸਿੰਘ ਗਿੱਲ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਬਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ


ਅੰਮ੍ਰਿਤਪਾਲ ਸਿੰਘ ਸੰਘਾ


ਭੁਪਿੰਦਰ ਸਿੰਘ ਧਾਲੀਵਾਲ


ਰਘਬੀਰ ਸਿੰਘ ਘੁੰਨ


ਸਰਵਣ ਸਿੰਘ ਟਿਵਾਣਾ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

**ਪੰਜਾਬ ਟਾਈਮਜ਼**

Ph: 847-359-0746

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

**Published simultaneously from Chicago, California & New York.**

*e-mail: punjabtimes1@gmail.com, website: www.punjabtimesusa.com*

# ਮੌਮ ਆਈ ਐਮ ਸੌਰੀ

ਕਹਾਣੀ

ਡਾ. ਟੀਨਾ ਨੂੰ ਪੀਟਰ ਵਰਾਂਡੇ ਵਿਚ ਹੀ ਮਿਲ ਗਿਆ। ਉਸ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕਰਦੇ ਪੁੱਛਿਆ, "ਕੀ ਅੱਜ ਘਰ ਤੱਕ ਰਾਈਡ ਦੇ ਸਕਦਾ ਹੈਂ?"

ਪੀਟਰ ਨੇ ਹੱਸਦੇ ਹੋਏ ਕਿਹਾ, "ਜ਼ਰੂਰ, ਕਿਉਂ ਨਹੀਂ। ਪਰ ਤੁਹਾਡੀ ਇੰਨੀ ਮਹਿੰਗੀ ਗੱਡੀ ਨੂੰ ਕੀ ਹੋ ਗਿਆ?"

"ਹੋਇਆ ਤਾਂ ਕੁਝ ਨਹੀਂ। ਜਿਸ ਤਰ੍ਹਾਂ ਅਸੀਂ ਲੋਕਾਂ ਨੂੰ ਕਹਿ ਦਿੰਦੇ ਆਂ ਕਿ ਰੈਗੂਲਰ ਚੈਕ ਅੱਪ ਕਰਾਓ, ਉਸੇ ਤਰ੍ਹਾਂ ਕਾਰਾਂ ਵੇਚਣ ਵਾਲੇ ਵੀ ਕਹਿੰਦੇ ਹਨ ਕਿ ਵਰੰਟੀ ਨੂੰ ਤੁਰੀ ਫਿਰਦੀ ਰੱਖਣ ਲਈ, ਰੈਗੂਲਰ ਚੈਕ ਅੱਪ ਜ਼ਰੂਰ ਕਰਾਓ। ਸੋ ਇਸ ਲਈ ਉਹ ਵੀ ਅੱਜ ਆਪਣੇ ਕਾਰਾਂ ਵਾਲੇ ਹਸਪਤਾਲ ਗਈ ਹੈ। ਮੈਂ ਸਟਾਫ਼ ਰੂਮ ਵਿਚ ਤੇਰੀ ਉਡੀਕ ਕਰਦੀ ਆਂ। ਜਦੋਂ ਵਿਹਲਾ ਹੋਇਆ ਆ ਜਾਵੀਂ?"



ਸੰਨੀ ਧਾਲੀਵਾਲ
ਫੋਨ: 1-204-979-6757

"ਜ਼ਰੂਰ। ਬੱਸ ਪੰਜ-ਦੱਸ ਮਿੰਟ ਵਿਚ ਆਇਆ?" ਇਹ ਕਹਿੰਦਾ ਹੋਇਆ ਪੀਟਰ ਅੱਗੇ ਚਲਿਆ ਗਿਆ।

ਜਿਹੜੇ ਹਸਪਤਾਲ ਵਿਚ ਡਾ. ਟੀਨਾ ਕੰਮ ਕਰਦੀ ਸੀ, ਉਸੇ ਹੀ ਹਸਪਤਾਲ ਵਿਚ ਪੀਟਰ, ਰਿਸਪੋਟੋਰੀ ਥੈਰਾਪਿਸਟ ਸੀ। ਇੰਡੀਆ ਤੋਂ ਆ ਕੇ ਪੀਟਰ ਨੇ ਇਹ ਕੋਰਸ ਕਰ ਲਿਆ ਸੀ। ਟੀਨਾ ਵੀ ਥੋੜਾ ਬਹੁਤ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦਾ ਸੂਪ ਜਿਹਾ ਬਣਾ ਕੇ ਕੰਮ ਸਾਰ ਲੈਂਦੀ। ਬੋਲਣ ਦੀ ਤੇ ਸਮਝਣ ਦੀ ਗੱਡੀ ਚੱਲ ਜਾਂਦੀ ਸੀ। ਉਹ ਦੋਵੇਂ ਕੰਮ ਵੀ ਇੱਕੋ ਵਾਰਡ ਵਿਚ ਹੀ ਕਰਦੇ ਸੀ। ਟੀਨਾ ਨੂੰ ਡਾਕਟਰ ਬਣੀ ਨੂੰ ਅਜੇ ਦੋ ਕੁ ਸਾਲ ਹੀ ਹੋਏ ਸਨ, ਪਰ ਪੀਟਰ ਨੂੰ ਕਾਫ਼ੀ ਸਾਲ ਹੋ ਗਏ ਸਨ ਇਸ ਹਸਪਤਾਲ ਵਿਚ ਕੰਮ ਕਰਦਿਆਂ। ਦੋ ਤਿੰਨ ਹੋਰ ਸਾਊਥ ਇੰਡੀਅਨ ਵੀ ਕੰਮ ਕਰਦੇ ਸਨ, ਪਰ ਟੀਨਾ ਦਾ ਉਨ੍ਹਾਂ ਨਾਲ ਤਾਂ ਕੰਮ ਤੱਕ ਹੀ ਮਤਲਬ ਸੀ।

ਪੀਟਰ ਦੀ ਪਤਨੀ ਸੁਨੀਤਾ ਆਪਣੇ ਬੇਟੇ ਰੌਣਕ ਨੂੰ ਲੈ ਕੇ ਪੰਜਾਬ ਗਈ ਹੋਈ ਸੀ। ਉਨ੍ਹਾਂ ਨੇ ਸੋਚਿਆ ਕਿ ਰੌਣਕ ਦੇ ਦੋ ਸਾਲ ਦੇ ਹੋਣ ਤੋਂ ਪਹਿਲਾਂ ਪਹਿਲਾਂ ਇਕ ਵਾਰ ਪੰਜਾਬ ਦਾ ਚੱਕਰ ਲਾ ਆਈਏ, ਉਸਤੋਂ ਬਾਅਦ ਤਾਂ ਰੌਣਕ ਦੀ ਟਿਕਟ ਪੂਰੀ ਲੱਗੇਗੀ। ਦਾਦਕੇ, ਨਾਨਕੇ ਵੀ ਮਿਲਣ ਲਈ ਉਤਾਵਲੇ ਸਨ।

ਟੀਨਾ ਅਤੇ ਪੀਟਰ ਦਾ ਇਕ ਦੂਜੇ ਦੇ ਘਰ ਕਾਫ਼ੀ ਆਣ-ਜਾਣ ਹੈ। ਟੀਨਾ, ਰੌਣਕ ਨੂੰ ਵੀ ਕਾਫ਼ੀ ਪਿਆਰ ਕਰਦੀ ਹੈ, ਜਦੋਂ ਵੀ ਸਟੋਰ ਜਾਵੇ ਤਾਂ ਰੌਣਕ ਲਈ ਤਾਂ ਗਿਫਟ ਪੱਕਾ, ਹੋਰ ਕੁਝ ਖਰੀਦੇ ਜਾਂ ਨਾ ਖਰੀਦੇ। ਕਈ ਵਾਰੀ ਲੋੜ ਪੈਣ 'ਤੇ, ਇਕ-ਦੋ ਘੰਟੇ ਉਹਦੀ ਬੇਬੀ ਸਿਟਿੰਗ ਵੀ ਕਰ ਦਿੰਦੀ ਹੈ। ਸੁਨੀਤਾ ਤਾਂ ਉਹਨੂੰ ਪੰਜਾਬੀ ਖਾਣਾ ਵਗੈਰਾ ਬਣਾ ਕੇ ਆਮ ਹੀ ਭੇਜ ਦਿੰਦੀ। ਉਨ੍ਹਾਂ ਦੋਨਾਂ ਦਾ ਆਪਸ ਵਿਚ ਕਾਫ਼ੀ ਪਿਆਰ ਹੈ। ਕਈ ਵਾਰੀ ਸ਼ਾਪਿੰਗ ਲਈ ਵੀ ਇਕੱਠੀਆਂ ਜਾਂਦੀਆਂ।

"ਟੀਨਾ, ਚੱਲੀਏ ਫਿਰ।" ਥੋੜ੍ਹੀ ਦੇਰ ਬਾਅਦ ਪੀਟਰ ਨੇ ਆ ਕੇ ਕਿਹਾ।

"ਹਾਂ, ਹਾਂ।" ਟੀਨਾ ਨੇ ਮੈਗਜ਼ੀਨ ਮੇਜ਼ 'ਤੇ ਰੱਖਿਆ ਤੇ ਉਠ ਕੇ ਖੜ੍ਹੀ ਹੋ ਗਈ।

ਪਾਰਕਿੰਗ ਲਾਟ ਵਿਚ ਜਾ ਕੇ ਦੋਵੇਂ ਪੀਟਰ ਦੀ ਕਾਰ ਵਿਚ ਬੈਠ ਗਏ।

"ਅੱਜ ਤਾਂ ਦਿਨ ਵੀ ਬਹੁਤ ਸੋਹਣਾ, ਨਾ ਬਹੁਤਾ ਗਰਮ ਅਤੇ ਨਾ ਹੀ ਬਹੁਤਾ ਠੰਢਾ। ਮੈਨੂੰ ਤਾਂ ਇਸ ਤਰ੍ਹਾਂ ਦਾ ਮੌਸਮ ਪਸੰਦ ਹੈ। ਸਰਦੀਆਂ ਤਾਂ ਜ਼ਿੰਦਗੀ ਨੂੰ ਕਾਫ਼ੀ ਉਥਲ-ਪੁੱਥਲ ਕਰ ਦਿੰਦੀਆਂ ਹਨ। ਮੈਂ ਤਾਂ ਜ਼ਰੂਰ ਹੀ ਦੌੜਨ ਜਾਵਾਂਗੀ। ਮੈਨੂੰ ਇਸ ਤਰ੍ਹਾਂ ਦੇ ਮੌਸਮ ਵਿਚ ਦੌੜਨ ਦਾ ਬਹੁਤ ਸੁਆਦ ਆਉਂਦਾ ਹੈ।" ਟੀਨਾ ਨੇ ਕਾਰ ਦੇ ਸ਼ੀਸ਼ੇ 'ਚੋਂ ਬਾਹਰ ਦੇਖਦੇ ਹੋਏ ਕਿਹਾ।

ਪੀਟਰ ਦਾ ਜੁਆਬ ਸੁਣੇ ਬਿਨਾਂ ਹੀ ਟੀਨਾ ਫੇਰ ਬੋਲਣ ਲੱਗੀ, "ਪੀਟਰ, ਮੈਨੂੰ ਇਹ ਸਵੇਰ ਵਾਲੀ ਸ਼ਿਫ਼ਟ ਬਿਲਕੁਲ ਨਹੀਂ ਪਸੰਦ। ਘਰੋਂ ਸਵੇਰੇ ਆਉਣ ਵੇਲੇ ਵੀ ਟ੍ਰੈਫ਼ਿਕ ਅਤੇ ਘਰ ਨੂੰ ਵਾਪਸ ਜਾਣ ਲੱਗਿਆਂ ਵੀ ਟ੍ਰੈਫ਼ਿਕ। ਜ਼ਿੰਦਗੀ ਦਾ ਹੁਸੀਨ ਵਕਤ ਤਾਂ ਵੱਡੇ ਸ਼ਹਿਰਾਂ ਵਿਚ ਟ੍ਰੈਫ਼ਿਕ ਵਿਚ ਹੀ ਲੰਘ ਜਾਂਦਾ ਹੈ।"

"ਟੀਨਾ, ਪਰਿਵਾਰ ਵਾਲਿਆਂ ਨੂੰ ਤਾਂ ਇਹ ਸ਼ਿਫ਼ਟ ਹੀ ਸੂਤ ਆਉਂਦੀ ਹੈ। ਤੁਹਾਡੇ ਵਰਗੇ ਇਕੱਲੇ ਇਕਹਿਰਿਆਂ ਦਾ ਤਾਂ ਸਰ ਜਾਂਦਾ, ਪਰ ਸਾਡੇ ਪਰਿਵਾਰਾਂ ਵਾਲਿਆਂ ਦਾ ਨਹੀਂ ਸਰਦਾ। ਪਰਿਵਾਰ ਦੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਪੈਂਦੀਆਂ ਹਨ। ਨਹੀਂ ਤਾਂ ਟੈਕਸਟ ਮੈਸੇਜ ਦੇ ਨਾਲ ਹੀ ਫ਼ੈਮਲੀ ਦੀ ਗੱਡੀ ਨੂੰ ਖਿੱਚਣਾ ਧੂਣਾ ਪੈਂਦਾ ਹੈ।"

"ਪੀਟਰ, ਇੱਕ ਗੱਲ ਪੁੱਛਾਂ, ਇਫ ਯੂ ਡੋਂਟ ਮਾਈਂਡ?" ਟੀਨਾ ਨੇ ਪੀਟਰ ਵੱਲ ਦੇਖਦੇ ਕਿਹਾ।

"ਇੱਕ ਦੀ ਥਾਂ, ਜਿੰਨੀਆਂ ਮਰਜ਼ੀ ਪੁੱਛ।" ਪੀਟਰ ਨੇ ਟੀਨਾ ਦੀ ਗੱਲ ਦਾ ਹੁੰਗਾਰਾ ਭਰਦੇ ਕਿਹਾ।

"ਬੱਸ, ਐਵੇਂ ਹੀ ਦਿਮਾਗ਼ ਵਿਚ ਸਵਾਲ ਜਿਹਾ ਆ ਗਿਆ। ਕੀ ਤੁਸੀਂ ਪਰਿਵਾਰ ਵਿਚ ਵਾਧਾ ਪਲੈਨਿੰਗ ਨਾਲ ਕੀਤਾ ਸੀ?"

"ਨਹੀਂ ਨਹੀਂ, ਇਹ ਤਾਂ ਧੱਕੇ ਸਟਾਈਲ ਨਾਲ ਹੀ ਹੋਇਆ। ਸਾਡੇ ਕੋਲੋਂ ਤਾਂ ਵੀਕੈਂਡ ਨੂੰ ਬੀਚ 'ਤੇ ਜਾਣ ਦੀ ਪਲੈਨਿੰਗ ਨਹੀਂ ਬਣਦੀ ਹੁੰਦੀ, ਇੱਡੇ ਵੱਡੇ ਕੰਮ ਦੀ ਪਲੈਨਿੰਗ ਕਿੱਥੋਂ ਕਰ ਲਵਾਂਗੇ। ਇਹ ਤਾਂ ਗੋਰੇ ਹੀ ਆ ਜਿਹੜੇ ਹਰ ਕੰਮ ਦੀ ਪਲੈਨਿੰਗ ਕਰਦੇ ਆ। ਬੱਚਾ ਬਣਾਉਣਾ, ਕਿਸੇ ਟਰਿਪ 'ਤੇ ਜਾਣਾ, ਇਨ੍ਹਾਂ ਨੇ ਪੂਰੀ ਪਲੈਨਿੰਗ ਕਰਨੀ ਹੁੰਦੀ ਹੈ। ਇਹ ਤਾਂ ਫਿਰ ਲੈਸਨ ਵੀ ਲੈਂਦੇ ਆ ਕਿ ਬੱਚੇ ਨੂੰ ਕਦੋਂ ਪਾਉਣਾ, ਕਿੱਥੇ ਪਾਉਣਾ, ਵਗੈਰਾ ਵਗੈਰਾ। ਅਸੀਂ ਤਾਂ ਬੱਚਿਆਂ ਨੂੰ ਵੀ ਸਵੇਰ ਦੇ ਦੋ ਤਿੰਨ ਵਜੇ ਤੱਕ ਨਾਲ ਹੀ ਘੜੀਸੀ ਫਿਰਦੇ ਆਂ। ਸਾਡੇ ਤਾਂ ਸਭ ਕੁਝ ਧੱਕੇ ਨਾਲ ਤੇ ਪਲੈਨਿੰਗ ਤੋਂ ਬਿਨਾਂ ਹੀ ਚੱਲਦਾ।" ਪੀਟਰ ਨੇ ਹੱਸਦੇ ਹੋਏ ਕਿਹਾ।

ਇਸ ਦੌਰਾਨ ਟੀਨਾ ਦੀ ਮੰਮੀ ਦਾ ਫ਼ੋਨ ਤਿੰਨ ਵਾਰ ਵੱਜ ਚੁੱਕਿਆ ਸੀ। ਹਰ ਵਾਰ ਟੀਨਾ ਬੰਦ ਕਰ ਦਿੰਦੀ ਹੈ। ਨਾਲੇ ਸੋਚਦੀ, ਮੇਰੀ ਮਾਂ ਵੀ ਇੱਕ ਪੜ੍ਹੀ ਲਿਖੀ ਡਾਕਟਰ ਹੈ, ਪਰ ਉਸਨੂੰ ਇਹ ਸਮਝ ਨਹੀਂ ਕਿ ਜੇ ਕੋਈ ਜੁਵਾਬ ਨਹੀਂ ਦੇ ਰਿਹਾ, ਤਾਂ, ਜਾਂ ਤੇ ਉਹ ਬਿਜ਼ੀ ਹੈ ਜਾਂ ਫਿਰ ਇਸ ਟਾਈਮ ਗੱਲ-ਬਾਤ ਕਰਨ ਦੇ ਮੂਡ ਵਿਚ ਨਹੀਂ ਹੈ। ਟੀਨਾ ਨੇ ਮੰਮ ਨੂੰ ਟੈਕਸਟ ਕਰ ਕੇ ਸਨੇਹਾ ਦਿੱਤਾ ਕਿ ਮੈਂ ਤੁਹਾਨੂੰ 15 ਮਿੰਟਾਂ ਨੂੰ ਫ਼ੋਨ ਕਰਦੀ ਹਾਂ।

"ਟੀਨਾ, ਸਵੇਰੇ ਵੀ ਤੈਨੂੰ ਰਾਈਡ ਚਾਹੀਦੀ ਹੈ?"

"ਨਹੀਂ, ਕੱਲ੍ਹ ਨੂੰ ਮੇਰੀ ਛੁੱਟੀ ਹੈ ਅਤੇ ਕੱਲ੍ਹ ਨੂੰ ਕਾਰ ਨੇ ਵੀ ਨਾਹੀ-ਧਵਾਈ ਕਰਵਾ ਕੇ ਆਪਣੇ ਪੇਕਿਆਂ ਤੋਂ ਵਾਪਸ ਆ ਜਾਣਾ। ਬੱਸ, ਇੱਥੇ ਤਾਂ ਹਰ ਚੀਜ਼ ਦੀ ਹੀ ਰੈਗੂਲਰ ਚੈਕ ਅੱਪ ਕਰਾਉਣੀ ਪੈਂਦੀ ਹੈ, ਜੇਕਰ ਲੱਗੇ ਕਿ ਹੁਣ ਇਹ ਕੰਮ ਦੀ ਨਹੀਂ ਰਹੀ ਤਾਂ ਬਦਲ ਲਵੋ। ਗੋਰਿਆਂ ਲਈ ਤਾਂ ਹਰ ਚੀਜ਼ ਹੀ ਇਸ ਤਰ੍ਹਾਂ ਹੈ, ਪਰ ਆਪਣੇ ਅਜੇ ਪਤੀ-ਪਤਨੀ ਵਾਲੀ ਰੇਹੜੀ ਧੱਕੇ-ਧੁੱਕੇ ਨਾਲ ਚਲਾਉਣੀ ਪੈਂਦੀ ਹੈ। ਅਗਲੀ ਜੈਨਰੇਸ਼ਨ ਵਿਚ ਇਹ ਵੀ ਹਟ ਜਾਊ।" ਟੀਨਾ ਹੱਸਦੀ-ਹੱਸਦੀ ਬੋਲੀ। ਹਾਂ ਸੱਚ, ਸੁਨੀਤਾ ਅਤੇ ਰੌਣਕ ਕਦੋਂ ਵਾਪਸ ਆ ਰਹੇ ਹਨ?" ਟੀਨਾ ਨੇ ਗੱਲ ਬਦਲਦੇ ਹੋਏ ਕਿਹਾ।

"ਅਜੇ ਦੋ ਕੁ ਹਫ਼ਤੇ ਹੋਰ ਉਡੀਕ ਕਰਨੀ ਪੈਣੀ ਆ।" ਇਹ ਕਹਿੰਦੇ ਹੋਏ ਪੀਟਰ ਨੇ ਕਾਰ ਦੀ ਬ੍ਰੇਕ ਲਾਈ ਕਿਉਂਕਿ ਟੀਨਾ ਦਾ ਅਪਾਰਟਮੈਂਟ ਆ ਗਿਆ ਸੀ।

ਟੀਨਾ ਕਾਰ ਵਿਚੋਂ ਉੱਤਰ ਗਈ ਅਤੇ ਦੋਹਾਂ ਨੇ ਇਕ ਦੂਜੇ ਨੂੰ 'ਬਾਏ ਬਾਏ' ਕੀਤੀ।

ਟੀਨਾ ਅਜੇ ਲਿਫ਼ਟ ਵਿਚ ਉਨੀਵੀਂ ਮੰਜ਼ਲ 'ਤੇ ਹੀ ਸੀ, ਕਿ ਉਸ ਦੀ ਮੰਮੀ ਦੀ ਕਾਲ ਫਿਰ ਆ ਗਈ। "ਉਹ ਹੋ, ਮੰਮ ਵੀ ਬੱਸ ਹੱਥ ਧੋਅ ਕੇ ਹੀ ਪਿੱਛੇ ਪੈ ਜਾਂਦੀ ਹੈ। ਗੁੱਸੇ ਵਿਚ ਟੀਨਾ ਦੇ ਮੂੰਹੋਂ ਨਿਕਲਿਆ। ਟੀਨਾ ਫ਼ੋਨ ਕੰਨ ਨੂੰ ਲਾ ਕੇ ਕਹਿਣ ਲੱਗੀ "ਮੰਮ, ਤੁਸੀਂ ਮੇਰਾ ਟੈਕਸਟ ਮੈਸੇਜ ਨਹੀਂ ਪੜ੍ਹਿਆ?"

"ਪੜ੍ਹ ਲਿਆ ਸੀ, ਤੂੰ ਤਾਂ ਕਿਹਾ ਸੀ ਕਿ ਪੰਦਰਾਂ ਮਿੰਟਾਂ ਨੂੰ ਫ਼ੋਨ ਕਰੂੰ, ਪਰ ਹੁਣ ਤਾਂ ਵੀਹ ਮਿੰਟ ਹੋ ਗਏ।" ਟੀਨਾ ਨੂੰ ਮਾਂ ਦੀ ਹਲਕੀ ਜਿਹੀ ਅਵਾਜ਼ ਸੁਣਾਈ ਦਿੱਤੀ।

"ਮੰਮ, ਪਲੀਜ਼, ਇਸ ਤਰ੍ਹਾਂ ਨਾ ਕਰਿਆ ਕਰੋ। ਮੈਂ ਕੋਈ ਬੱਚੀ ਥੋੜ੍ਹੀ ਆਂ। ਮੈਂ ਐਡਲਟ ਹਾਂ, ਮੇਰੀ ਆਪਣੀ ਲਾਈਫ ਹੈ, ਮੇਰੀ ਜੌਬ ਹੈ, ਮੇਰੀਆਂ ਆਪਣੀਆਂ ਜ਼ਿੰਮੇਵਾਰੀਆ ਹਨ।" ਟੀਨਾ ਦੇ ਬੋਲਣ ਵਿਚ ਅਜੇ ਵੀ ਨਰਾਜ਼ਗੀ ਸੀ।

"ਮੈਂ ਤੇਰੀਆਂ ਜ਼ਿੰਮੇਵਾਰੀਆਂ ਤਾਂ ਘਟਾਉਣ ਲਈ ਭੱਜੀ ਫਿਰਦੀ ਹਾਂ। ਮੈਂ ਤੈਨੂੰ ਬਹੁਤ ਹੀ ਖ਼ੁਸ਼ੀ ਦੀ ਖ਼ਬਰ ਸੁਣਾਉਣੀ ਸੀ। ਮੇਰੇ ਕੋਲੋਂ ਵੇਟ ਨਹੀਂ ਹੁੰਦੀ।" ਮੰਮ ਨੇ ਕਾਹਲੀ ਕਾਹਲੀ ਕਿਹਾ।

"ਮੈਨੂੰ ਪਤਾ ਕਿਸ ਤਰ੍ਹਾਂ ਦੀ ਖ਼ੁਸ਼ੀ ਦੀ ਖ਼ਬਰ ਹੋਣੀ ਆ। ਮੰਮ ਮੈਨੂੰ 15-20 ਮਿੰਟਾਂ ਨੂੰ ਫ਼ੋਨ ਕਰਨਾ। ਮੈਂ ਅਜੇ ਕੰਮ ਤੋਂ ਆ ਰਹੀ ਹਾਂ, ਕੱਪੜੇ ਬਦਲ ਕੇ, ਥੋੜਾ ਰੀਲੈਕਸ ਹੋਵਾਂ ਅਤੇ ਇੱਕ ਕੱਪ ਚਾਹ ਦਾ ਬਣਾਵਾਂ।" ਟੀਨਾ ਨੇ ਮੰਮ ਦਾ ਜੁਆਬ ਸੁਣੇ ਬਿਨਾ ਹੀ ਫ਼ੋਨ ਬੰਦ ਕਰ ਦਿੱਤਾ।

ਟੀਨਾ ਅਜੇ ਚਾਹ ਦਾ ਕੱਪ ਫੜ ਕੇ ਬਾਲਕੋਨੀ ਵਿਚ ਬੈਠੀ ਹੀ ਸੀ, ਕਿ ਮੰਮ ਦਾ ਫ਼ੋਨ ਫੇਰ ਆ ਗਿਆ। ਟੀਨਾ ਨੇ ਦੇਖਿਆ ਬਿਲਕੁਲ 15 ਮਿੰਟ ਬਾਅਦ ਫ਼ੋਨ ਦੀ ਘੰਟੀ ਵੱਜ ਗਈ, ਜਿਸ ਤਰ੍ਹਾਂ ਮੰਮ ਨੇ ਅਲਾਰਮ ਲਾਇਆ ਹੋਵੇ।

"ਟੀਨਾ, ਤੇਰੇ ਲਈ ਬਹੁਤ ਹੀ ਵਧੀਆ ਰਿਸ਼ਤਾ ਆਇਆ ਹੈ। ਮੈਂ ਤਾਂ ਆਪਣੇ ਵੱਲੋਂ ਹਾਂ ਵੀ ਕਹਿ ਦਿੱਤੀ ਹੈ।" ਟੀਨਾ ਦੀ ਮੰਮ ਨੇ ਇੱਕੋ ਸਾਹ ਹੀ ਕਹਿ ਦਿੱਤਾ। "ਮੁੰਡਾ ਕਾਰਡੀਆਲੋਜਿਸਟ ਹੈ, ਯੂ ਐਸ ਏ ਵਿਚ। ਉਹਦਾ ਛੋਟਾ ਭਰਾ ਵੀ ਮੈਡੀਸਨ ਦੀ ਪੜ੍ਹਾਈ ਕਰ ਰਿਹਾ ਹੈ। ਮੁੰਡੇ ਦਾ ਫਾਦਰ ਵੀ ਸਪੈਸ਼ਲਿਸਟ ਹੈ ਅਤੇ ਮੰਮ ਕਿਸੇ ਹਾਈਟੈਕ ਕੰਪਨੀ ਵਿਚ ਇੰਜੀਨੀਅਰ ਹੈ। ਅਮੀਰ ਬਹੁਤ ਹਨ। ਐਸ਼ ਕਰੇਗੀ ਐਸ਼। ਉਹ ਤਾਂ ਕਹਿੰਦੇ ਸੀ ਬਈ ਕੁੜੀ ਤੋਂ ਕੰਮ ਵੀ ਨਹੀਂ ਕਰਾਉਣਾ।" ਮੰਮ ਇਕੋ ਸਾਹ ਆਪਣੀ ਗੱਲ ਪੂਰੀ ਕਰ ਗਈ।

ਟੀਨਾ ਵੀ ਚੁੱਪ ਕਰ ਕੇ ਸੁਣਦੀ ਰਹੀ। ਜਦੋਂ ਮੰਮ ਥੋੜੀ ਜਿਹੀ ਚੁੱਪ ਹੋਈ ਤਾਂ, ਟੀਨਾ ਨੇ ਕਿਹਾ, "ਮੰਮ ਹੋਰ ਕੁਝ ਕਹਿਣੈ?"

"ਲੈ ਦੱਸ, ਤੂੰ ਹੋਰ ਕੀ ਪੁੱਛਣਾ? ਉਹ ਤਾਂ ਕਹਿੰਦੇ ਵਿਆਹ ਵੀ ਜਲਦੀ ਕਰ ਦੇਣਾ। ਮੈਨੂੰ ਤਾਂ ਸਾਰਾ ਕੁਝ ਬਹੁਤ ਹੀ ਪਸੰਦ ਹੈ। ਨਾਲੇ ਹੁਣ ਤੇਰੀ ਉਮਰ ਵੀ ਰੋਜ਼ ਅਗਾਂਹ ਨੂੰ ਛਾਲਾਂ ਮਾਰਦੀ ਹੈ। ਮੈਨੂੰ ਤਾਂ ਲੱਗਦਾ ਤੇਰੀ ਲਾਟਰੀ ਨਿਕਲ ਆਈ। ਬੱਸ ਹੁਣ ਤੂੰ ਨਾਂਹ ਨਾ ਕਰੀਂ। ਟੋਰਾਂਟੋ ਨਾਲੋਂ ਤਾਂ ਸਿਆਟਲ ਬਹੁਤ ਹੀ ਨੇੜੇ ਹੈ। ਟੋਰਾਂਟੋ ਆਉਣਾ ਤਾਂ ਇੰਡੀਆ ਜਾਣ ਵਰਗਾ ਹੀ ਹੋ ਜਾਂਦਾ ਹੈ।" ਮੰਮ ਆਪਣੀ ਧੁਨ ਵਿਚ ਬੋਲੀ ਜਾ ਰਹੀ ਸੀ।



"ਤੂੰ ਬੋਲਦੀ ਕਿਉਂ ਨਹੀਂ? ਤੈਨੂੰ ਤਾਂ ਛਾਲਾਂ ਮਾਰਨੀਆਂ ਚਾਹੀਦੀਆਂ" ਦੂਜੇ ਪਾਸਿਓਂ ਮੰਮ ਦੀ ਅਵਾਜ਼ ਆਈ।

"ਬੱਸ ਮੈਂ ਬਾਲਕੋਨੀ 'ਚੋਂ ਛਾਲ ਮਾਰਨ ਹੀ ਲੱਗੀ ਸੀ। ਥੱਲੇ ਦੇਖਿਆ ਤਾਂ ਮਨ ਬਦਲ ਗਿਆ। ਮੰਮ ਮੈਂ ਅਜੇ ਵਿਆਹ ਨਹੀਂ ਕਰਾਉਣਾ, ਮੈਂ ਅਜੇ ਰੈਡੀ ਨਹੀਂ।" ਟੀਨਾ ਨੇ ਆਪਣਾ ਦੋ ਟੁੱਕ ਫੈਸਲਾ ਸੁਣਾਉਂਦੇ ਕਿਹਾ।

"ਰੈਡੀ ਨਹੀਂ, ਅਗਾਂਹ ਤੂੰ ਕੋਈ ਝੋਨਾ ਲਾਉਣਾ ਸਿੱਖਣਾ। ਬੱਸ ਇੱਕ ਵਾਰੀ ਹਾਂ ਕਹਿ ਦੇ, ਬਾਕੀ ਸਾਰੇ ਕੰਮ ਮੈਂ ਆਪ ਸੰਭਾਲ ਲਵਾਂਗੀ।" ਮੰਮ ਜਿਵੇਂ ਟੀਨਾ ਤੋਂ ਹਾਂ ਕਰਵਾਉਣਾ ਹੀ ਚਾਹੁੰਦੀ ਸੀ।

"ਮੰਮ ਮੈਂ ਕਹਿ ਦਿੱਤਾ ਕਿ ਮੈਂ ਅਜੇ ਵਿਆਹ ਨਹੀਂ ਕਰਾਉਣਾ।"

"ਲੈ, ਹੈ! ਤੂੰ ਵਿਆਹ ਕਿਉਂ ਨਹੀਂ ਕਰਾਉਣਾ? ਇਸ ਤਰ੍ਹਾਂ ਦੇ ਮੁੰਡੇ ਕਿਤੇ ਰੋਜ਼ ਲੱਭਦੇ ਨੇ।"

"ਮੰਮ ਤੁਸੀਂ ਮੇਰੇ ਲਈ ਰਿਸ਼ਤੇ ਲੱਭਣੇ ਬੰਦ ਕਰ ਦਿਓ। ਮੈਨੂੰ ਤੁਹਾਡਾ ਇਹ ਕੰਮ ਬਿਲਕੁਲ ਵੀ ਚੰਗਾ ਨਹੀਂ ਲੱਗਦਾ। ਮੈਨੂੰ ਨਹੀਂ ਲੋੜ ਕਿਸੇ ਮੁੰਡੇ-ਮਾਂਡੇ ਦੀ।" ਟੀਨਾ ਨੇ ਆਪਣਾ ਦੋ ਟੁੱਕ ਫੈਸਲਾ ਸੁਣਾਉਂਦੇ ਕਿਹਾ।

"ਕੋਈ ਗੋਰਾ ਕਾਲਾ ਤਾਂ ਨੀ ਲੱਭੀ ਬੈਠੀ?" "ਕਿਉਂ ਉਹ ਇਨਸਾਨ ਨਹੀਂ?"

"ਹਾਏ ਮੈਂ ਮਰਜਾਂ!" ਮੰਮ ਨੇ ਠੰਡਾ ਹਉਕਾ ਭਰਦੇ ਕਿਹਾ। "ਜੇ ਕੋਈ ਗੱਲ ਹੋਈ ਤਾਂ ਵਕਤ ਆਉਣ 'ਤੇ ਤੁਹਾਨੂੰ ਜ਼ਰੂਰ ਦੱਸਾਂਗੀ।"

"ਨਾ ਹੋਰ ਕਿੰਨਾ ਚਿਰ ਵੇਟ ਕਰੇਂਗੀ? ਜਾਂ ਫਿਰ ਉਡੀਕ ਕਰਦੀ ਕਰਦੀ ਆਪਣੀ ਉਮਰ ਲੰਘਾਂ ਲਵੇਂਗੀ?" ਟੀਨਾ ਨੂੰ ਮੰਮ ਦੀ ਗੁੱਸੇ ਭਰੀ ਅਵਾਜ਼ ਸੁਣਾਈ ਦਿੱਤੀ।

"ਬੱਸ ਮੰਮ, ਤੁਸੀਂ ਮੇਰੇ ਲਈ ਮੁੰਡੇ ਦੇਖਣੇ ਬੰਦ ਕਰੋ। ਤੁਸੀਂ ਆਪਣੀ ਲਾਈਫ ਇਨਜੁਆਏ ਕਰੋ। ਮੇਰੀ ਲਾਈਫ 'ਚ ਇੰਟਰਫੀਅਰ ਕਰਨ ਦੀ ਲੋੜ ਨਹੀਂ।" ਟੀਨਾ ਨੇ ਵੀ ਗੁੱਸੇ ਵਿਚ ਕਿਹਾ।

"ਲੈ ਤੇਰਾ ਡੈਡੀ ਤਾਂ ਬੱਸ ਕੰਮ ਜਾ ਗੋਲਫ਼। ਮੇਰੀ ਕੋਈ ਮਦਦ ਨਹੀਂ ਕਰਦਾ। ਨਾ ਟੀਨਾ, ਤੂੰ ਇਸ ਤਰ੍ਹਾਂ ਨਾ ਕਰ, ਅਸੀਂ ਸਾਰੀ ਉਮਰ ਤੈਨੂੰ ਪੜਾਉਣ-ਲਖਾਉਣ, ਡਾਕਟਰ ਬਣਾਉਣ ਲਈ ਲਾ ਦਿੱਤੀ। ਪਰਮਾਤਮਾ ਨੇ ਸਾਨੂੰ ਸਭ ਕੁੱਝ ਦਿੱਤਾ, ਜਿਹੜਾ ਇੰਨਾਂ ਕੁਝ ਤੇਰੇ ਲਈ ਬਣਾਇਆ, ਉਸਨੂੰ ਅਸੀਂ ਕਿਹੜੇ ਖੂਹ ਵਿਚ ਸੁੱਟਾਂਗੇ। ਜੇ ਤੂੰ ਵਿਆਹ ਹੀ ਨਹੀਂ ਕਰਾਉਣਾ ਤਾਂ ਜਿਹੜੀ ਅਸੀਂ ਇੰਨੀ ਪ੍ਰਾਪਰਟੀ ਬਣਾਈ ਹੋਈ ਆ, ਉਹ ਅਸੀਂ ਚੱਟਣੀ ਆ?" ਇਸ ਵਾਰ ਮੰਮ ਦੀ ਅਵਾਜ ਵਿਚ ਗੁੱਸੇ ਦੀ ਥਾਂ ਤਰਲਾ ਸੀ।

"ਮੰਮ ਮੈਂ ਤੁਹਾਨੂੰ ਕਦੀ ਵੀ ਪ੍ਰਾਪਰਟੀ ਬਣਾਉਣ ਲਈ ਨਹੀਂ ਕਿਹਾ ਅਤੇ ਨਾ ਹੀ ਤੁਸੀਂ ਮੇਰੇ ਕੋਲੋਂ ਪੁੱਛ ਕੇ ਬਣਾਈ ਹੈ।"

"ਟੀਨਾਂ, ਤੂੰ ਗੱਲ ਸੁਣ ਲੈ ਕੰਨ ਖੋਲ੍ਹ ਕੇ, ਮੈਂ ਇਹ ਰਿਸ਼ਤਾ ਹੱਥੋਂ ਨਹੀਂ ਜਾਣ ਦੇਣਾ। ਜੇ ਕੋਈ ਮੁੰਡਾ ਲੱਭ ਲਿਆ ਤਾਂ ਬੇਝਿਜਕ ਹੋ ਕੇ ਦੱਸਦੇ। ਨਹੀਂ ਤਾਂ ਫਿਰ ਇਹ ਰਿਸ਼ਤਾ ਪੱਕਾ ਹੀ ਸਮਝ।" ਮੰਮ ਨੂੰ ਇਕ ਵਾਰ ਫੇਰ ਗੁੱਸਾ ਆ ਗਿਆ।"

"ਮੰਮ, ਨਾਊ ਲਿਸਨ ਮੀ, ਇਹ ਨਹੀਂ ਹੋ ਸਕਦਾ, ਨਹੀਂ ਹੋ ਸਕਦਾ। ". ਕੇ ਮੰਮ, ਮੈਂ ਰਨਿੰਗ ਲਈ ਵੀ ਜਾਣਾ ਹੈ।" ਇਹ ਕਹਿ ਕੇ ਟੀਨਾ ਨੇ ਫ਼ੋਨ ਕੱਟ ਦਿੱਤਾ।

ਟੀਨਾ ਸੋਚਾਂ ਵਿਚ ਪੈ ਗਈ। ਸੈਂਟਰੀਪੀਟਲ ਅਤੇ ਸੈਂਟਰੀਫਿਊਗਲ ਫੋਰਸਜ਼ ਉਹਦੇ ਦਿਮਾਗ਼ ਵਿਚ ਖਿੱਚ ਧੂਹ ਕਰਨ ਲੱਗੀਆਂ। ਉਸਨੂੰ ਸਮਝ ਨਹੀਂ ਆ ਰਹੀ ਸੀ ਕਿ ਕਿਸ ਤਰ੍ਹਾਂ ਆਪਣੀ ਮੰਮ ਨੂੰ ਦੱਸੇ। ਟੱਗ ਆਫ ਵਾਰ ਵਾਗੂੰ ਕਦੇ ਸੋਚਾਂ ਦਾ ਰੁਮਾਲ ਖੱਬੇ ਨੂੰ ਖਿਸਕ ਜਾਂਦਾ ਤੇ ਕਦੀ ਸੱਜੇ ਵੱਲ ਨੂੰ। ਕਿੱਡੀ ਵੱਡੀ ਪ੍ਰੋਬਲਮ ਖੜੀ ਹੋ ਗਈ ਹੈ। ਜੇ ਦੱਸਾਂ ਤਾਂ ਕਿਸ ਤਰ੍ਹਾਂ ਦੱਸਾਂ? ਫਿਰ ਉਹਦੇ ਦਿਮਾਗ 'ਚੋਂ ਹੀ ਆਵਾਜ਼ ਆਈ, ਇਹ ਕੋਈ ਕਰਾਈਮ ਥੋੜੀ ਹੈ, ਇੱਕ ਦਿਨ ਤਾਂ ਦੱਸਣਾ ਹੀ ਪੈਣਾ। ਸ਼ਾਇਦ ਉਹ ਵਕਤ ਆ ਗਿਆ ਹੈ। ਦੌੜਨ ਜਾਣ ਦਾ ਮੂਡ ਹੀ ਖ਼ਰਾਬ ਹੋ ਗਿਆ। ਟੀਨਾ ਨੇ ਪੰਜਾਬੀ ਪੀਜ਼ਾ ਵਾਲਿਆਂ ਤੋਂ ਸਪਾਇਸੀ ਪੀਜ਼ਾ ਔਡਰ ਕਰ ਦਿੱਤਾ। ਮੂੰਹ ਤੇ ਪਾਣੀ ਦੇ ਛਿੱਟੇ ਮਾਰੇ। ਵਾਈਨ ਦਾ ਗਲਾਸ ਭਰ ਲਿਆ ਤੇ ਰੀਮੋਟ ਨਾਲ ਟੀ ਵੀ ਆਨ ਕਰ ਲਿਆ।

ਪੀਜ਼ੇ ਵਾਲੇ ਨੇ ਥੱਲਿਓਂ ਬਟਨ ਨੱਪਿਆ ਹੀ ਸੀ ਅਤੇ ਟੀਨਾ ਅਜੇ ਖੋਲ੍ਹਣ ਲਈ ਉੱਠੀ ਹੀ ਸੀ ਕਿ ਉਹਦੀ ਮੰਮ ਦਾ ਫਿਰ ਫ਼ੋਨ ਆ ਗਿਆ।

"ਮੰਮ ਪਲੀਜ਼ ਇੱਕ ਮਿੰਟ ਹੋਲਡ ਕਰਨਾ।"

ਪੀਜ਼ਾ ਡਲਿਵਰ ਕਰਨ ਵਾਲੀ ਕੋਈ ਪੰਜਾਬਣ ਕੁੜੀ ਸੀ। ਟੀਨਾ ਨੇ ਉਸ ਕੁੜੀ ਨੂੰ ਦਸ ਡਾਲਰ ਟਿੱਪ ਦਿੱਤੀ। ਟੀਨਾ ਨੇ ਸੋਚਿਆ ਕੋਈ ਵਿਚਾਰੀ ਸਟੂਡੈਂਟ ਵੀਜ਼ੇ 'ਤੇ ਆਈ ਹੋਵੇਗੀ। ਉਸ ਕੁੜੀ ਨੇ ਵੀ ਤਿੰਨ ਚਾਰ ਵਾਰ ਥੈਂਕ ਯੂ ਮੈਮ ਕਿਹਾ।

ਟੀਨਾ ਭੁੱਲ ਹੀ ਗਈ ਸੀ ਕਿ ਉਸਨੇ ਆਪਣੀ ਮੰਮ ਨੂੰ ਹੋਲਡ ਕਰਵਾਇਆ ਹੈ।

"ਹੈਲੋ ਟੀਨਾਂ, ਹੈਲੋ ਟੀਨਾ!" ਮੰਮ ਦੀ ਅਵਾਜ ਆ ਰਹੀ ਸੀ।

"ਓਹ ਸੌਰੀ ਮੰਮ, ਮੈਂ ਭੁੱਲ ਗਈ ਸੀ।" ਟੀਨਾ ਨੇ ਫੋਨ ਕੰਨ ਨੂੰ ਲਾਉਂਦੇ ਕਿਹਾ।

"ਟੀਨਾ ਅਗਲੇ ਵੀਕਐਂਡ ਤੇ ਵੈਨਕੂਵਰ ਆ ਜਾ, ਮੈਂ ਮੁੰਡੇ ਵਾਲਿਆਂ ਨੂੰ ਵੀ ਕਹਿ ਦਿੱਤਾ ਹੈ। ਉਹ ਤੈਨੂੰ ਵੇਖਣ ਅਗਲੇ ਵੀਕਐਂਡ 'ਤੇ ਆ ਰਹੇ ਹਨ।" ਮਾਂ ਦੀ ਅਵਾਜ਼ ਇਕ ਵਾਰ ਫੇਰ ਤਰਲੇ ਵਾਲੀ ਹੋਈ ਪਈ ਸੀ।

"ਮੰਮ! ਵੱਟ ਆਰ ਯੂ ਟਾਕਿੰਗ ਅਬਾਊਟ? ਕੂਲ ਡਾਊਨ, ਹੈਵ ਯੂ ਲੌਸਟ ਯੁਅਰ ਮਾਈਂਡ? ਪਲੀਜ਼ ਡੌਂਟ ਇਨਟਰੱਪਟ ਪਲੀਜ਼, ਆਈ ਟੌਲਡ ਯੂ ਵੈਰੀ ਨਾਈਸਲੀ, ਦੈਟ, ਆਈ ਐਮ ਨਾਟ ਰੈਡੀ ਫਾਰ ਦਿਸ।"

ਨਾ ਰੈਡੀ ਨੂੰ ਤੂੰ ਕਿਤੇ ਸੀ ਐਨ ਟਾਵਰ ਬਣਾਉਣਾ!

"ਸਾਰੀ ਦੁਨੀਆਂ ਵਿਆਹ ਕਰਾਉਂਦੀ ਹੈ। ਤੂੰ ਵਿਆਹ ਕਿਉਂ ਨਹੀਂ ਕਰਾਉਂਦੀ? ਸਾਡੇ ਮਾਂ ਪਿਊ ਨੇ ਤਾਂ ਬਗੈਰ ਪੁੱਛੇ-ਦੱਸੇ ਹੀ ਸਾਡਾ ਵਿਆਹ ਪੱਕਾ ਕਰ ਦਿੱਤਾ ਸੀ। ਅਸੀਂ ਗਰੈਂਡ ਕਿੱਡਜ਼ ਨਾਲ ਕਦੋਂ ਖੇਲਾਂਗੇ, ਜਦੋਂ ਤੁਰਨੋਂ ਰਹਿ ਗਏ? ਬੱਸ! ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ। ਮੈਂ ਤੇਰੀ ਟਿਕਟ ਬੁੱਕ ਕਰਾਉਣ ਲੱਗੀ ਹਾਂ। ਤੂੰ ਤਿਆਰੀ ਕਰ।" ਮੰਮ ਨੇ ਆਪਣੇ ਵੱਲੋਂ ਆਪਣਾ ਫੈਸਲਾ ਸੁਣਾ ਦਿੱਤਾ।

"ਮੰਮ ਤੁਸੀਂ ਸੁਣਦੇ ਕਿਉਂ ਨਹੀਂ, ਜਦੋਂ ਮੈਂ ਕਹਿ ਦਿੱਤਾ, ਆਈ ਐਮ ਨਾਟ ਕਮਿੰਗ" ਟੀਨਾ ਚੀਕ ਕੇ ਬੋਲੀ।

"ਬੱਸ ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ। ਤੇਰੇ ਡੈਡ ਨੂੰ ਤਾਂ ਬੱਸ ਗੋਲਫ਼ ਖੇਲਣ ਤੋਂ ਹੀ ਵਿਹਲ ਨਹੀਂ। ਸਾਰੀ ਜ਼ਿੰਮੇਵਾਰੀ ਮੇਰੀ ਝੋਲੀ ਵਿਚ ਹੀ ਪਾਈ ਪਈ ਹੈ" ਟੀਨਾ ਦੀ ਮਾਂ ਨੇ ਇਕ ਲੰਬਾ ਹਉਕਾ ਲੈਂਦੇ ਬੇਬਸੀ ਵਿਚ ਕਿਹਾ। "ਤੁਸੀਂ ਵੀ ਡੈਡ ਨਾਲ ਗੋਲਫ਼ ਖੇਲਣ ਜਾਇਆ ਕਰੋ। ਤੁਸੀਂ ਆਪਣੀਆਂ ਜ਼ਿੰਮੇਵਾਰੀਆ ਬਹੁਤ ਚੰਗੀ ਤਰ੍ਹਾਂ ਨਿਭਾ ਦਿੱਤੀਆਂ ਹਨ। ਹੁਣ ਤੁਹਾਡਾ ਐਸ਼ ਕਰਨ ਦਾ ਵਕਤ ਹੈ। ਜਿਹੜੀ ਵੀ ਕੋਈ ਦਿਲ ਦੀ ਚਾਹਤ ਰਹਿ ਗਈ ਹੋਵੇ, ਉਸ ਨੂੰ ਪੂਰੀ ਕਰੋ। ਕੱਲ ਕਿਸ ਨੇ ਦੇਖਿਆ। ਲੋਕਾਂ ਦੀ ਪ੍ਰਵਾਹ ਛੱਡੋ।"

ਲੋਕ ਕੀ ਕਹਿਣਗੇ! ਨੇ ਬੱਸ ਤੁਹਾਡਾ ਜੀਣਾ ਹਰਾਮ ਕੀਤਾ ਪਿਆ!

"ਬੱਸ ਧੀਏ ਵਿਆਹ ਕਰਵਾ ਲੈ, ਮੈਂ ਫੇਰ ਤੈਨੂੰ ਕਦੀ ਵੀ ਤੰਗ ਨਹੀਂ ਕਰਾਂਗੀ। ਮੈਂ ਤੇਰੇ ਨਾਲ ਵਾਅਦਾ ਕਰਦੀ ਹਾਂ। ਹਾਂ ਸੱਚ ਦੋ ਗਰੈਂਡ ਕਿੱਡਜ਼, ਬੱਸ ਹੋਰ ਕੁਝ ਨਹੀਂ। ਮੈਨੂੰ ਤੇਰੀ ਸਹੁੰ।"

ਥੋੜੀ ਦੇਰ ਦੋਨਾਂ ਪਾਸਿਆਂ ਤੋਂ ਕੋਈ ਨਾ ਬੋਲਿਆ।

"ਮੰਮ ਤੁਸੀਂ ਕਦੀ ਮੇਰੀ ਖ਼ੁਸ਼ੀ ਬਾਰੇ ਵੀ ਪੁੱਛਿਆ ਜਾਂ ਸੋਚਿਐ?" ਇਸ ਵਾਰ ਹਉਕਾ ਲੈਣ ਦੀ ਵਾਰੀ ਟੀਨਾ ਦੀ ਸੀ। "ਲੈ ਸਭ ਕੁਝ ਤੇਰੀ ਖ਼ੁਸ਼ੀ ਲਈ ਤਾਂ ਕਰ ਰਹੇ ਹਾਂ। ਦਿਨ ਰਾਤ ਕੰਮ ਕਰਕੇ ਇਹ ਸਭ ਕੁਝ ਤੇਰੇ ਲਈ ਹੀ ਤਾਂ ਬਣਾਇਆ ਹੈ। ਜੇ ਤੇਰਾ ਕੰਮ ਕਰਨ ਨੂੰ ਨਹੀਂ ਦਿਲ ਕਰਦਾ, ਨਾ ਕਰ। ਪਰਮਾਤਮਾ ਦਾ ਦਿੱਤਾ ਬਹੁਤ ਕੁਝ ਹੈ।" ਮਾਂ ਨੇ ਪਿਆਰ ਨਾਲ ਕਿਹਾ।

"ਮੰਮ ਤੁਸੀਂ ਮੈਨੂੰ ਜੋ ਸਮਝਦੇ ਹੋ, ਮੈਂ ਉਹ ਨਹੀਂ ਹਾਂ। ਮੰਮ, ਮੈਂ ਮੁੰਡੇ ਨਾਲ ਨਹੀਂ ਰਹਿ ਸਕਦੀ। ਆਈ ਲਾਈਕ ਗਰਲਜ਼।" "ਆਰ ਜ਼ੂ ਹੈਪੀ ਨਾਊ"

ਟੀਨਾ ਦੀ ਇਹ ਗੱਲ ਸੁਣ ਕੇ ਉਸ ਦੀ ਮਾਂ 'ਤੇ ਜਿਵੇਂ ਪਹਾੜ ਹੀ ਡਿੱਗ ਪਿਆ ਹੋਵੇ। "ਹੈਂ! ਇਹ ਤੂੰ ਕੀ ਬਕਵਾਸ ਕਰ ਰਹੀ ਹੈਂ? ਤੂੰ ਕੋਈ ਨਸ਼ਾ ਤਾਂ ਨਹੀਂ ਕੀਤਾ ਹੋਇਆ। ਇਹ ਕਦੀ ਨਹੀਂ ਹੋ ਸਕਦਾ। ਪੁੱਠਾ ਜਿਹਾ ਨਾ ਸੋਚਿਆ ਕਰ।" ਮੰਮ ਨੂੰ ਲੱਗਿਆ ਜਿਵੇਂ ਟੀਨਾ ਉਸ ਨਾਲ ਮਜ਼ਾਕ ਕਰ ਰਹੀ ਹੋਵੇ।

"ਨਹੀਂ, ਨਹੀਂ, ਮੰਮ। ਮੈਨੂੰ ਬਹੁਤ ਸਾਲ ਪਹਿਲਾਂ ਪਤਾ ਲੱਗ ਗਿਆ ਸੀ। ਇਸ ਵਿਚ ਕਿਸੇ ਦਾ ਕੋਈ ਕਸੂਰ ਨਹੀਂ"। "ਦਿਸ ਇਜ਼ ਹਾਊ ਆਈ ਐਮ ਬੋਰਨ"। "ਇਟ ਹੈਪਨਜ਼, ਦੇਅਰ ਇਜ਼ ਨਥਇੰਗ ਰੋਂਗ ਵਿੱਧ ਇਟ"। "ਦਿਸ ਇਜ਼ ਨਾਟ ਇਨ ਐਨੀ ਵਨਜ਼ ਹੈਂਡਜ਼।"

*(ਬਾਕੀ ਅਗਲੇ ਸਫੇ 'ਤੇ)*

# ਸੋਵੀਅਤ ਰੂਸ ਦਾ ਵੇਟਲਿਫਟਰ ਯੂਰੀ ਵਲਾਸੋਵ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਯੂਰੀ ਵਲਾਸੋਵ ਇਸ ਧਰਤੀ ਦਾ ਪਹਿਲਾ ਭਾਰ ਚੁਕਾਵਾ ਸੀ ਜਿਸ ਨੇ ਦੋ ਕੁਇੰਟਲ ਤੋਂ ਵੱਧ ਵਜ਼ਨ ਦਾ ਬਾਲਾ ਕੱਢਿਆ। 1960 ਦੀਆਂ ਓਲੰਪਿਕ ਖੇਡਾਂ ਵਿਚ ਜਦੋਂ ਉਸ ਨੇ 202.5 ਕਿਲੋਗਰਾਮ ਭਾਰ ਬਾਹਾਂ ਉਤੇ ਚੁੱਕਿਆ ਤਾਂ ਦਰਸ਼ਕਾਂ ਨੇ ਖੜ੍ਹੇ ਹੋ ਕੇ ਭਰਪੂਰ ਤਾੜੀਆਂ ਮਾਰੀਆਂ। ਆਖ਼ਰ ਦੋ ਕੁਇੰਟਲ ਤੋਂ ਵੱਧ ਵਜ਼ਨ ਬਾਹਾਂ 'ਤੇ ਚੁੱਕਣ ਦੀ ਮਿਥਕ ਹੱਦ ਟੁੱਟ ਗਈ ਸੀ ਜਿਵੇਂ 1954 ਵਿਚ ਮੀਲ ਦੀ ਦੌੜ ਚਾਰ ਮਿੰਟ ਤੋਂ ਘੱਟ ਸਮੇਂ 'ਚ ਦੌੜਨ ਦੀ ਹੱਦ ਟੁੱਟੀ ਸੀ। ਉਹ ਹੱਦ ਇੰਗਲੈਂਡ ਦੇ ਰੋਜਰ ਬੈਨਿਸਟਰ ਨੇ ਤੋੜੀ ਸੀ, ਦੋ ਕੁਇੰਟਲ ਦੀ ਹੱਦ ਤੋੜਨੀ ਯੂਰੀ ਵਲਾਸੋਵ ਦੇ ਹਿੱਸੇ ਆਈ। ਉਦੋਂ ਪੱਤਰਕਾਰਾਂ ਨੇ ਵਲਾਸੋਵ ਨੂੰ ਪੁੱਛਿਆ ਸੀ, "ਐ ਮਹਾਨ ਵਲਾਸੋਵ! ਕੀ ਤੇਰੇ ਪਿੱਛੋਂ ਕੋਈ ਹੋਰ ਭਾਰ ਚੁਕਾਵਾ ਵੀ ਤੇਰੇ ਜਿੰਨਾ ਭਾਰ ਚੁੱਕ ਸਕੇਗਾ?" ਤਾਂ ਵਲਾਸੋਵ ਨੇ ਸਹਿਜ ਭਾਅ ਕਿਹਾ ਸੀ, "ਭਵਿੱਖ ਦੇ ਵੇਟਲਿਫਟਰ ਮੇਰੇ ਨਾਲੋਂ ਕਿਤੇ ਤਕੜੇ ਹੋਣਗੇ। ਜਿੰਨਾ ਭਾਰ ਮੈਂ ਸਾਲਾਂ ਦੀ ਮਿਹਨਤ ਨਾਲ ਮਸੀਂ ਚੁੱਕ ਸਕਿਆਂ, ਉਥੋਂ ਉਹ ਭਾਰ ਚੁੱਕਣਾ ਸ਼ੁਰੂ ਕਰਿਆ ਕਰਨਗੇ।"

ਉਸ ਦੀ ਭਵਿੱਖਬਾਣੀ ਸੱਚੀ ਸਾਬਤ ਹੋਈ ਤੇ ਛੇਤੀ ਹੀ ਸਵਾ ਦੋ ਕੁਇੰਟਲ ਦੀ ਹੱਦ ਟੁੱਟ ਗਈ। ਫਿਰ ਢਾਈ ਕੁਇੰਟਲ ਦੀ ਹੱਦ ਵੀ ਟੁੱਟ ਗਈ ਤੇ ਹੁਣ ਪੌਣੇ ਤਿੰਨ ਕੁਇੰਟਲ ਦੀ ਹੱਦ ਟੁੱਟਣ ਵਾਲੀ ਹੈ। ਜਾਰਜੀਆ ਦੇ ਲਾਸ਼ਾ ਤਲਖਾਡਜ਼ੇ ਨੇ 267 ਕਿੱਲੋਗਰਾਮ ਭਾਰ ਬਾਹਾਂ ਉਤੇ ਚੁੱਕ ਵਿਖਾਇਆ ਹੈ! ਹੋ ਸਕਦੈ ਕੋਈ ਭਾਰ ਚੁਕਾਵਾ 21ਵੀਂ ਸਦੀ ਮੁੱਕਣ ਤੱਕ ਤਿੰਨ ਕੁਇੰਟਲ ਦੀ ਹੱਦ ਵੀ ਪਾਰ ਕਰ ਜਾਵੇ। ਬੰਦੇ ਦੀ ਤਾਕਤ ਦਾ ਕੋਈ ਸਿਰਾ ਨਹੀਂ। ਉਹ ਜੋ ਨਹੀਂ ਸੋ ਕਰ ਸਕਦਾ ਹੈ।

ਮਨੁੱਖੀ ਜੁੱਸੇ ਨੂੰ ਜੋ ਕੱਲ੍ਹ ਅਸੰਭਵ ਲੱਗਦਾ ਸੀ ਅੱਜ ਉਹੋ ਸੰਭਵ ਹੋ ਗਿਆ ਹੈ। ਜੋ ਅੱਜ ਅਸੰਭਵ ਲੱਗਦਾ ਹੈ ਉਹ ਭਲਕੇ ਸੰਭਵ ਹੋ ਜਾਣਾ ਹੈ। 1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਵਿਚ ਡੈਨਮਾਰਕ ਦਾ ਵੀਗੋ ਜੈਕਸਨ ਅਤੇ ਗ੍ਰੇਟ ਬ੍ਰਿਟਨ ਦਾ ਈਲੀਅਟ ਮਸੀਂ 111.5 ਕਿਲੋਗਰਾਮ ਵਜ਼ਨ ਦੇ ਬਾਲੇ ਕੱਢ ਕੇ ਕ੍ਰਮਵਾਰ ਗੋਲਡ ਤੇ ਸਿਲਵਰ ਮੈਡਲ ਜਿੱਤ ਸਕੇ ਸਨ। ਉਦੋਂ ਉਹ ਦੁਨੀਆ ਦੇ ਸਭ ਤੋਂ ਤਕੜੇ ਬੰਦੇ ਮੰਨੇ ਗਏ ਸਨ। ਅੱਧੀ ਸਦੀ ਪਿੱਛੋਂ 1948 ਦੀਆਂ ਓਲੰਪਿਕ ਖੇਡਾਂ ਵਿਚ ਅਮਰੀਕਾ ਦੇ ਡੈਵਿਸ ਨੇ 177 ਕਿਲੋਗਰਾਮ ਭਾਰ ਬਾਹਾਂ ਉੱਤੇ ਚੁੱਕ ਵਿਖਾਇਆ ਤੇ ਰੋਮ ਦੀਆਂ ਓਲੰਪਿਕ ਖੇਡਾਂ 'ਚ ਵਲਾਸੋਵ ਨੇ 202.5 ਕਿਲੋਗਰਾਮ ਭਾਰ ਬਾਹਾਂ ਉਤੇ ਤੋਲ ਦਿੱਤਾ!

ਯੂਰੀ ਪੈਤਰੋਵਿਚ ਵਲਾਸੋਵ ਦਾ ਜਨਮ 5 ਦਸੰਬਰ, 1935 ਨੂੰ ਪਿਯੋਤਰ ਵਲਾਸੋਵ ਦੇ ਘਰ ਮਾਰੀਆ ਦਾਨੀਲੋਵਨਾ ਵਲਾਸੋਵ ਦੀ ਕੁੱਖੋਂ ਯੂਕਰੇਨ ਦੇ ਸ਼ਹਿਰ ਮਕੇਯੇਵਕਾ ਵਿਚ ਹੋਇਆ ਸੀ। ਉਹਦੇ ਮਾਪੇ ਰੂਸ ਦੇ ਜੰਮਪਲ ਕਜ਼ਾਕ ਸਨ। ਉਹਦਾ ਪਿਓ ਸ਼ੰਘਾਈ ਵਿਚ ਜਨਰਲ ਕੌਂਸਲੇਟ ਤੇ ਬਰਮਾ ਵਿਚ ਰਾਜਦੂਤ ਰਿਹਾ ਸੀ। ਯੂਰੀ ਵਲਾਸੋਵ ਨੇ ਵਿਸ਼ਵ ਜੇਤੂ ਵੇਟਲਿਫਟਰ ਹੋਣ ਦੇ ਨਾਲ ਨਾਮਵਰ ਲੇਖਕ ਤੇ ਸਿਆਸਤਦਾਨ ਹੋਣ ਦਾ ਵੀ ਨਾਮਣਾ ਖੱਟਿਆ। ਕਈ ਕਿਤਾਬਾਂ ਲਿਖੀਆਂ ਤੇ ਰੂਸ ਦੇ ਪ੍ਰਧਾਨ ਦੀ ਚੋਣ ਲੜਿਆ। ਉਸ ਨੇ ਓਲੰਪਿਕ ਖੇਡਾਂ 'ਚੋਂ ਇਕ ਸੋਨੇ ਤੇ ਇਕ ਚਾਂਦੀ ਦਾ ਤਗਮਾ ਜਿੱਤਿਆ। ਸੱਤ ਵਾਰ ਯੌਰਪ ਦਾ ਚੈਂਪੀਅਨ ਤੇ ਚਾਰ ਵਾਰ ਵਿਸ਼ਵ ਚੈਂਪੀਅਨ ਬਣਿਆ। 34 ਵਾਰ ਭਾਰ ਚੁੱਕਣ ਦੇ ਵਿਸ਼ਵ ਰਿਕਾਰਡ ਨਵਿਆਏ। ਆਪਣੇ ਜ਼ਮਾਨੇ ਦਾ ਉਹ ਅਫ਼ਲਾਤੂਨ ਭਾਰਤੋਲਕ ਸੀ।

1960 ਵਿਚ ਰੋਮ ਦੀਆਂ ਓਲੰਪਿਕ ਖੇਡਾਂ ਸਮੇਂ ਉਸ ਨੂੰ ਸੋਵੀਅਤ ਰੂਸ ਦੇ ਖੇਡ ਦਲ ਦਾ ਝੰਡਾਬਰਦਾਰ ਬਣਾਇਆ ਗਿਆ ਸੀ। ਉਥੇ ਉਸ ਨੇ ਸੁਪਰਹੈਵੀ ਵੇਟ ਵਿਚ ਸਨੈਚ, ਪ੍ਰੈੱਸ ਤੇ ਕਲੀਨ



ਐਂਡ ਜਰਕ ਲਾਉਣ ਵਿਚ ਤਿੰਨੇ ਵਿਸ਼ਵ ਰਿਕਾਰਡ ਨਵਿਆਏ। ਉਸ ਸਮੇਂ ਉਸ ਨੂੰ 'ਧਰਤੀ ਦਾ ਸਭ ਤੋਂ ਤਕੜਾ ਬੰਦਾ' ਹੋਣ ਦਾ ਖ਼ਿਤਾਬ ਦਿੱਤਾ ਗਿਆ। ਉਹ ਐਨਕਾਂ ਲਾਉਣ ਵਾਲਾ ਤੀਖਣ ਬੁੱਧੀਜੀਵੀ ਸੀ ਜੋ ਤਾਕਤ ਵਧਾਊ ਸਟੀਰੋਇਡਜ਼ ਲੈਣ ਦੇ ਖ਼ਿਲਾਫ਼ ਸੀ। ਉਸ ਨੇ ਹੋਰਨਾਂ ਨੂੰ ਵੀ ਅਜਿਹੇ ਸਟੀਰੋਇਡਜ਼ ਲੈਣੋਂ ਵਰਜਿਆ ਜੋ ਬਾਅਦ ਵਿਚ ਜਾਨ ਲੇਵਾ ਬਣਦੇ ਹਨ। ਇਹੋ ਕਾਰਨ ਸੀ ਕਿ ਵਲਾਸੋਵ ਹੋਰਨਾਂ ਭਾਰ ਚੁਕਾਵਿਆਂ ਦੇ ਮੁਕਾਬਲੇ ਲੰਮੇਰੀ ਉਮਰ ਜਿਉਂ ਸਕਿਆ। ਉਹ 5 ਦਸੰਬਰ 1935 ਤੋਂ 13 ਫਰਵਰੀ 2021 ਤਕ ਜੀਵਿਆ ਤੇ ਕੁਦਰਤੀ ਮੌਤ ਮਰਿਆ।

ਵੇਟਲਿਫਟਰਾਂ ਨੂੰ ਖੇਡਾਂ ਦੀ ਦੁਨੀਆ ਵਿਚ ਆਇਰਨ ਮੈਨ ਭਾਵ ਲੋਹੇ ਦੇ ਬੰਦੇ ਕਿਹਾ ਜਾਂਦਾ ਹੈ। ਉਹ ਹਰ ਵੇਲੇ ਲੋਹੇ ਨਾਲ ਮੱਥਾ ਮਾਰਦੇ ਹਨ। ਉਨ੍ਹਾਂ ਦੇ ਭਰਵੱਟਿਆਂ ਵਿਚ ਮੁੜ੍ਹਕੇ ਦੀਆਂ ਬੂੰਦਾਂ ਅਟਕੀਆਂ ਰਹਿੰਦੀਆਂ ਹਨ। ਵਲਾਸੋਵ ਦੀ ਇਕ ਪੁਸਤਕ ਦਾ ਨਾਂ ਹੀ 'ਭਰਵੱਟਿਆਂ ਦਾ ਮੁੜ੍ਹਕਾ' ਹੈ। ਕੁਇੰਟਲਾਂ ਦੇ ਕੁਇੰਟਲ ਭਾਰ ਚੁੱਕਣ ਦੀ ਗੱਲ ਕਹਿਣੀ ਜਿੰਨੀ ਸੌਖੀ ਹੈ ਕਰ ਵਿਖਾਉਣੀ ਉਨੀ ਹੀ ਔਖੀ ਹੈ। ਓਲੰਪਿਕ ਤੇ ਵਿਸ਼ਵ ਜੇਤੂ ਭਾਰਤੋਲਕਾਂ ਬਾਰੇ ਅਕਸਰ ਕਿਹਾ ਜਾਂਦੈ ਕਿ ਉਨ੍ਹਾਂ ਨੇ ਅਭਿਆਸ ਦੌਰਾਨ ਏਨਾ ਭਾਰ ਚੁੱਕਿਆ ਹੁੰਦੈ ਕਿ ਰੇਲ ਦਾ ਇੰਜਣ ਵੀ ਮਸਾਂ ਖਿੱਚ ਸਕੇ! ਇਕ ਇਕ ਕਿਲੋਗਰਾਮ ਦੇ ਵਾਧੇ ਲਈ ਨਿਰੰਤਰ ਅਭਿਆਸ, ਸੰਪੂਰਨ ਖ਼ੁਰਾਕ, ਸਾਇੰਟੇਫਿਕ ਕੋਚਿੰਗ ਤੇ ਸਵੈ-ਵਿਸ਼ਵਾਸ ਚਾਹੀਦਾ ਹੁੰਦੈ। ਲੋਹੇ ਦੇ ਬੰਦਿਆਂ ਲਈ ਪਹਿਲਾ ਸਬਕ ਹੁੰਦੈ ਮਿਹਨਤ, ਸਖ਼ਤ ਮਿਹਤਨ ਤੇ ਹੋਰ ਮਿਹਨਤ। ਰੂਸ ਦਾ ਹੀ ਇਕ ਹੋਰ ਭਾਰਚੁਕਾਵਾ ਵਾਸਲੀ ਅਲੈਕਸੀਏਵ ਹਰ ਰੋਜ਼ ਤੀਹ ਤੀਹ ਟਨ ਵਜ਼ਨ ਬਾਹਾਂ ਉਤੇ ਚੁੱਕਣ ਦਾ ਅਭਿਆਸ ਕਰਦਾ ਸੀ। ਜੇਕਰ ਸਾਰਾ ਜੋੜ ਕੀਤਾ ਜਾਂਦਾ ਤਾਂ ਵਜ਼ਨ ਲੱਖ ਟਨ ਤੋਂ ਵੀ ਵਧ ਜਾਂਦਾ!

ਯੂਰੀ ਵਲਾਸੋਵ 1964 ਵਿਚ ਟੋਕੀਓ ਦੀਆਂ ਓਲੰਪਿਕ ਖੇਡਾਂ ਦੇ ਉਦਘਾਟਨੀ ਸਮਾਰੋਹ ਸਮੇਂ ਵੀ ਸੋਵੀਅਤ ਰੂਸ ਦਾ ਝੰਡਾਬਰਦਾਰ ਸੀ। ਰੋਮ ਵਾਂਗ ਉਥੇ ਵੀ ਉਹ ਗੋਲਡ ਮੈਡਲ ਜਿੱਤਣ ਦਾ ਪੱਕਾ ਦਾਅਵੇਦਾਰ ਸਮਝਿਆ ਜਾਂਦਾ ਸੀ। ਪਰ ਉਹ ਆਪਣੇ ਹੀ ਹਮਵਤਨੀ ਵੇਟਲਿਫਟਰ ਹੱਥੋਂ ਮਾਤ ਖਾ ਗਿਆ ਤੇ ਸਿਲਵਰ ਮੈਡਲ ਜਿੱਤ ਸਕਿਆ। ਟੋਕੀਓ ਜਾਣ ਤੋਂ ਪਹਿਲਾਂ ਵਲਾਸੋਵ, ਲਿਓਨਿਦ ਜ਼ਬੋਤਿੰਸਕੀ ਨਾਲੋਂ ਵੱਧ ਵਜ਼ਨ ਦੇ ਬਾਲੇ ਕੱਢਦਾ ਸੀ। ਵਲਾਸੋਵ ਦਾ ਨਿਸ਼ਾਨਾ ਓਲੰਪਿਕ ਖੇਡਾਂ ਦਾ ਦੂਜਾ ਗੋਲਡ ਮੈਡਲ ਜਿੱਤ ਕੇ ਰਿਟਾਇਰ ਹੋਣ ਦਾ ਸੀ। ਪਰ ਲਿਓਨਿਧ ਅੰਦਰਖਾਤੇ ਆਪਣੇ ਹੀ ਦਾਅ ਵਰਤ ਰਿਹਾ ਸੀ। ਪਹਿਲੀਆਂ ਟਰਾਈਆਂ ਵਿਚ ਉਹ ਜਾਣ-ਬੁੱਝ ਕੇ ਵਲਾਸੋਵ ਤੋਂ ਪਿੱਛੇ ਰਹਿੰਦਾ ਰਿਹਾ। ਆਖ਼ਰੀ ਵੇਟ ਦੀ ਟਰਾਈ ਵਿਚ ਵੀ ਉਹ ਜਾਣ-ਬੁੱਝ ਕੇ ਫੇਲ੍ਹ ਹੋ ਗਿਆ ਤਾਂ ਕਿ ਵਲਾਸੋਵ ਨੂੰ ਯਕੀਨ ਹੋ ਜਾਵੇ ਕਿ ਉਹ ਹੁਣ ਮੁਕਾਬਲੇ 'ਚੋਂ ਬਾਹਰ ਹੋ ਜਾਵੇਗਾ। ਅਸਲ ਵਿਚ ਉਹ ਟੈਕਨੀਕਲ ਟ੍ਰਿਕ ਵਰਤ ਰਿਹਾ ਸੀ ਕਿ ਵਲਾਸੋਵ ਦੇ ਪਿੱਛੇ ਲੱਗਾ ਰਹੇ ਤੇ ਜਦ ਉਹਦੀ ਆਖ਼ਰੀ ਟਰਾਈ ਮੁੱਕੇ ਤਾਂ ਹੀ ਪੂਰਾ ਜ਼ੋਰ ਲਾਵੇ।

ਉਹੀ ਗੱਲ ਹੋਈ। ਯੂਰੀ ਵਲਾਸੋਵ ਨੇ ਦੂਜੀ ਟ੍ਰਾਈ ਦੀ ਕਾਮਯਾਬੀ ਨਾਲ ਹੀ ਸਮਝ ਲਿਆ ਕਿ ਹੁਣ ਉਸ ਦਾ ਗੋਲਡ ਮੈਡਲ ਪੱਕਾ ਹੋ ਗਿਆ ਤੇ ਹੋਰ ਵੱਧ ਭਾਰ ਨਾਲ ਹੋਰ ਟਰਾਈ ਲੈਣ ਤੋਂ ਇਨਕਾਰ ਕਰ ਦਿੱਤਾ। ਪਰ ਲਿਓਨਿਧ ਜ਼ਬੋਤਿੰਸਕੀ ਵਧਵਾਏ 2.5 ਕਿਲੋ ਭਾਰ ਨਾਲ ਕਾਮਯਾਬ ਟਰਾਈ ਮਾਰ ਕੇ ਗੋਲਡ ਮੈਡਲ ਜਿੱਤ ਗਿਆ। ਵਲਾਸੋਵ ਨੇ ਸਨੈਚ, ਪ੍ਰੈੱਸ ਤੇ ਕਲੀਨ ਐਂਡ ਜਰਕ ਨਾਲ ਕੁਲ 570 ਕਿਲੋਗਰਾਮ 'ਤੇ ਬੱਸ ਕੀਤੀ ਸੀ ਜਦ ਕਿ ਲਿਓਨਿਦ ਕੁਲ ਜੋੜ 572.5 ਕਿਲੋਗਰਾਮ ਨਾਲ ਗੋਲਡ ਮੈਡਲ ਜਿੱਤ ਗਿਆ। ਆਪਣੇ ਹੀ ਸਾਥੀ ਦੇ ਟੈਕਨੀਕਲ ਟ੍ਰਿਕ ਦਾ ਵਲਾਸੋਵ ਨੂੰ ਸਦਮਾ ਤਾਂ ਬਹੁਤ ਲੱਗਾ ਪਰ ਪਛਤਾਏ ਬਿਨਾਂ ਹੋਰ ਕੁਝ ਕਰ ਨਹੀਂ ਸੀ ਸਕਦਾ। ਆਖ਼ਰ 1968 ਵਿਚ ਉਹ ਭਾਰ ਚੁੱਕਣ ਤੋਂ ਰਿਟਾਇਰ ਹੋ ਕੇ ਲੇਖਕ ਤੇ ਸਿਆਸਤਦਾਨ ਬਣ ਗਿਆ। 1998 ਵਿਚ ਉਹ 'ਕਾਂਗਰਸ ਆਫ਼ ਪੀਪਲਜ਼ ਡਿਪਟੀਜ਼ ਸੋਵੀਅਤ ਯੂਨੀਅਨ' ਦਾ ਮੈਂਬਰ ਬਣਿਆ ਅਤੇ 1996 ਵਿਚ ਰੂਸ ਦੀ ਪ੍ਰੈਜ਼ੀਡੈਂਸ਼ਲ ਚੋਣ ਲੜਿਆ ਜਿਸ ਵਿਚ ਬੁਰੀ ਤਰ੍ਹਾਂ ਅਸਫਲ ਰਿਹਾ।

ਵਲਾਸੋਵ ਦੀ ਮੁੱਢਲੀ ਪੜ੍ਹਾਈ ਸਾਰਾਤੋਵ ਦੇ ਸੁਵੋਰੋਵ ਮਿਲਟਰੀ ਸਕੂਲ ਵਿਚ ਹੋਈ। ਫਿਰ ਉਸ ਨੇ ਮਾਸਕੋ ਦੀ ਯੁਕੋਵਸਕੀ ਏਅਰ ਫੋਰਸ ਅਕੈਡਮੀ ਤੋਂ 1959 ਵਿਚ ਆਨਰਜ਼ ਨਾਲ ਗ੍ਰੈਜੂਏਸ਼ਨ ਕੀਤੀ। ਜਦੋਂ ਮਾਸਕੋ ਦੀ ਅਕੈਡਮੀ ਵਿਚ ਪੜ੍ਹਦਾ ਸੀ ਤਾਂ ਵੇਟ ਟ੍ਰੇਨਿੰਗ ਕਰਦਾ ਵੇਟਲਿਫਟਿੰਗ ਕਰਨ ਲੱਗ ਪਿਆ ਸੀ। ਵੇਟਲਿਫਟਿੰਗ ਦੀ ਕੋਚਿੰਗ ਲਈ ਆਰਮਡ ਫੋਰਸਜ਼ ਸੁਸਾਇਟੀ ਜਾਇਨ ਕਰ ਕੇ 1957 ਵਿਚ ਮਾਸਟਰ ਆਫ਼ ਸਪੋਰਟ ਆਫ ਦਾ ਯੂਐੱਸਐੱਸਆਰ ਦੀ ਡਿਗਰੀ ਹਾਸਲ ਕਰ ਲਈ। 1958 ਵਿਚ ਉਹ ਸੋਵੀਅਤ ਰੂਸ ਦੀ ਚੈਂਪੀਅਨਸ਼ਿਪ ਵਿਚੋਂ ਕਾਂਸੀ ਦਾ ਤਗਮਾ ਜਿੱਤ ਕੇ ਖ਼ਬਰਾਂ ਵਿਚ ਆ ਗਿਆ। 1959-63 ਦੌਰਾਨ ਉਹ ਸੋਵੀਅਤ ਰੂਸ ਤੋਂ ਅੱਗੇ ਯੂਰਪ, ਓਲੰਪਿਕ ਤੇ ਵਿਸ਼ਵ ਚੈਂਪੀਅਨਸ਼ਿਪਸ ਵੀ ਜਿੱਤੀ ਗਿਆ। ਬੇਸ਼ਕ ਉਸ ਨੇ ਟੋਕੀਓ ਦੀਆਂ ਓਲੰਪਿਕ ਖੇਡਾਂ ਪਿੱਛੋਂ ਵੇਟਲਿਫਟਿੰਗ ਤੋਂ ਰਿਟਾਇਰ ਹੋਣ ਦਾ ਮਨ ਬਣਾਇਆ ਸੀ ਪਰ 1966 ਵਿਚ ਉਹ ਦੁਬਾਰਾ ਸਰਗਰਮ ਹੋ ਗਿਆ ਸੀ। 15 ਮਈ 1966 ਨੂੰ ਉਸ ਨੇ 199 ਕਿਲੋਗਰਾਮ ਦੀ ਪ੍ਰੈੱਸ ਲਾ ਕੇ ਆਪਣਾ ਅਖ਼ੀਰਲਾ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ। ਉਹਦੇ ਬਦਲੇ ਉਸ ਨੂੰ 850 ਰੂਬਲ ਮਿਲੇ ਸਨ। ਜੂਨ 1968 ਵਿਚ ਉਹ ਵੱਡੇ ਵੇਟਲਿਫਟਿੰਗ ਮੁਕਾਬਲਿਆਂ 'ਚ ਸ਼ਾਮਲ ਹੋਣੋਂ ਪਿੱਛੇ ਹਟ ਗਿਆ। ਉਨ੍ਹਾਂ ਦਿਨਾਂ ਵਿਚ ਹੀ ਉਸ ਨੇ ਸੋਵੀਅਤ ਆਰਮੀ ਦੀ ਸਪੋਰਟਸ ਇੰਸਟ੍ਰੱਕਟਰ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। 1969 ਵਿਚ ਜਦੋਂ ਉਹ ਨਾਰਵੇ 'ਚ ਲੈਕਚਰ ਦੇਣ ਗਿਆ ਤਾਂ ਸਰੋਤਿਆਂ ਦੀ ਮੰਗ ਉਤੇ ਇਕ ਵਾਰ ਫਿਰ 200 ਕਿਲੋਗਰਾਮ ਵਜ਼ਨ ਚੁੱਕ ਕੇ ਵਿਖਾ ਦਿਤਾ। ਉਹਦੀਆਂ ਵੱਡੀਆਂ ਜਿੱਤਾਂ ਦਾ ਸੰਖੇਪ ਦੱਸਣਾ ਹੋਵੇ ਤਾਂ ਓਲੰਪਿਕ ਖੇਡਾਂ ਦਾ ਇਕ ਗੋਲਡ ਤੇ ਇਕ ਸਿਲਵਰ ਮੈਡਲ, ਵਿਸ਼ਵ ਚੈਂਪੀਅਨਸ਼ਿਪਾਂ ਦੇ ਚਾਰ ਗੋਲਡ ਮੈਡਲ ਤੇ ਇਕ ਸਿਲਵਰ ਮੈਡਲ ਅਤੇ ਯੂਰਪੀਨ ਚੈਂਪੀਅਨ ਬਣਨ ਦੇ ਛੇ ਗੋਲਡ ਮੈਡਲ ਹਨ।

ਜਦੋਂ ਉਹਦੀ ਮਸ਼ਹੂਰੀ ਸਿਖਰ 'ਤੇ ਸੀ ਉਦੋਂ ਉਹ ਸੋਵੀਅਤ ਡੈਲੀਗੇਸ਼ਨਾਂ ਨਾਲ ਕਦੇ ਫੀਦਲ ਕਾਸਤਰੋ ਤੇ ਕਦੇ ਚਾਰਲਸ ਡੀ ਗੌਲੇ ਨੂੰ ਮਿਲਣ ਜਾਂਦਾ। ਨਿਕੋਲਾਈ ਖਰੋਸ਼ਚੇਵ ਦਾ ਖ਼ਾਸ ਚਹੇਤਾ ਸੀ ਤੇ ਲਿਓਨਿਧ ਬ੍ਰੈਜਨੇਵ ਨੇ ਉਸ ਨੂੰ ਚੀਨ ਬਾਰੇ ਨਿੱਜੀ ਸਲਾਹਕਾਰ ਬਣਾਇਆ ਹੋਇਆ ਸੀ। ਸੱਤ ਵਾਰ ਦਾ 'ਮਿਸਟਰ ਓਲੰਪੀਆ' ਆਰਨੋਲਡ, ਯੂਰੀ ਵਲਾਸੋਵ ਨੂੰ ਆਪਣਾ ਇਸ਼ਟ ਮੰਨਦਾ ਸੀ। ਉਹ ਸਿਰਫ਼ 14 ਸਾਲ ਦਾ ਸੀ ਜਦੋਂ 1961 ਦੀ ਵਿਆਨਾ ਵਿਖੇ ਹੋਈ ਵਿਸ਼ਵ ਵੇਟਲਿਫਟਿੰਗ ਚੈਂਪੀਅਨਸ਼ਿਪਸ ਸਮੇਂ ਪਹਿਲੀ ਵਾਰ ਯੂਰੀ ਵਲਾਸੋਵ ਨੂੰ ਮਿਲਿਆ ਸੀ। ਉਸ ਦੀ ਪ੍ਰੇਰਨਾ ਨਾਲ ਹੀ ਆਰਨੋਲਡ ਬਾਡੀ ਬਿਲਡਰ ਬਣਨ ਦੇ ਰਾਹ ਪਿਆ ਸੀ। ਵਲਾਸੋਵ ਨੇ ਅਨੇਕਾਂ ਨੌਜੁਆਨਾਂ ਨੂੰ ਬਾਡੀ ਬਿਲਡਰ ਬਣਾਉਣ ਤੇ ਵੇਟ ਲਿਫਟਿੰਗ ਕਰਨ ਦੀ ਸਟੇਜ 'ਤੇ ਲਿਆਂਦਾ ਸੀ।

ਵਲਾਸੋਵ ਦੀਆਂ ਵੱਡੀਆਂ ਜਿੱਤਾਂ ਦਾ ਮਾਣ ਸਨਮਾਨ ਕਰਦਿਆਂ ਉਸ ਨੂੰ 1960 ਵਿਚ ਆਰਡਰ ਆਫ ਲੈਨਿਨ ਤੇ 1964-65 ਵਿਚ ਆਰਡਰ ਆਫ਼ ਦਾ ਬੈਜ ਆਫ਼ ਆਨਰ ਦੇ ਅਵਾਰਡਾਂ ਨਾਲ ਸਨਮਾਨਿਆ ਗਿਆ। 1960 ਦੀਆਂ ਓਲੰਪਿਕ ਖੇਡਾਂ ਪਿੱਛੋਂ ਉਹਦੀ ਬਾਲਾ ਕੱਢਦੇ ਦੀ ਡਾਕ ਟਿਕਟ ਜਾਰੀ ਕੀਤੀ ਗਈ। ਉਹ ਸੋਵੀਅਤ ਲੇਖਕ ਯੂਨੀਅਨ ਤੇ ਰੂਸੀ ਲੇਖਕ ਯੂਨੀਅਨ ਦਾ ਸਨਮਾਨਯੋਗ ਮੈਂਬਰ ਸੀ। 1978-79 ਵਿਚ ਉਸ ਦੀ ਸਿਹਤ 'ਚ ਅਚਾਨਕ ਨਰਵਸ ਬ੍ਰੇਕ ਡਾਊਨ ਦਾ ਵਿਗਾੜ ਆ ਗਿਆ ਸੀ ਜਿਸ ਦਾ ਕਾਰਨ ਉਸ ਦਾ ਲੇਖਕ ਹੋਣਾ ਸੀ ਨਾ ਕਿ ਵੇਟਲਿਫਟਰ। ਬਾਅਦ ਵਿਚ ਉਹਦੀ ਰੀੜ੍ਹ ਦੀ ਹੱਡੀ ਦੇ ਅਪ੍ਰੇਸ਼ਨ ਹੋਏ ਜਿਸ ਦਾ ਕਾਰਨ ਭਾਰਚੁਕਾਵਾ ਹੋਣਾ ਸੀ। 1980 ਵਿਚ ਉਹ ਮੁੜ ਸਿਹਤਯਾਬ ਹੋ ਗਿਆ ਸੀ ਤੇ ਵੇਟਲਿਫਟਿੰਗ ਦੀਆਂ ਸਰਗਰਮੀਆਂ 'ਚ ਦਿਲਚਸਪੀ ਲੈਣ ਲੱਗ ਪਿਆ ਸੀ। ਉਹ 1985-87 ਦੌਰਾਨ ਸੋਵੀਅਤ ਵੇਟਲਿਫਟਿੰਗ ਫੈਡਰੇਸ਼ਨ ਤੇ ਸੋਵੀਅਤ ਬਾਡੀ ਬਿਲਡਿੰਗ ਫੈਡਰੇਸ਼ਨ ਦਾ ਪ੍ਰਧਾਨ ਰਿਹਾ। ਉਹ ਲੰਮੀ ਉਮਰ ਤਕ ਵੇਟ ਟ੍ਰੇਨਿੰਗ ਕਰਦਾ ਰਿਹਾ ਹੋਣ ਕਰਕੇ 69 ਸਾਲ ਦੀ ਉਮਰ ਵਿਚ 185 ਕਿਲੋਗਰਾਮ ਦੀ ਕਲੀਨ ਐਂਡ ਜਰਕ ਲਾ ਗਿਆ ਸੀ। ਉਦੋਂ ਉਹਦਾ ਆਪਣਾ ਭਾਰ 109 ਕਿਲੋਗਰਾਮ ਸੀ ਜਦ ਕਿ 1964 ਦੀਆਂ ਓਲੰਪਿਕ ਖੇਡਾਂ ਵੇਲੇ ਉਹਦਾ ਵਜ਼ਨ 136.4 ਕਿਲੋਗਰਾਮ ਸੀ। ਉਨ੍ਹੀਂ ਦਿਨੀਂ ਉਸ ਨੇ ਆਪਣੀਆਂ ਕਹਾਣੀਆਂ ਦੀ ਪਹਿਲੀ ਪੁਸਤਕ 'ਓਵਰ ਕਮਿੰਗ ਯੂਅਰਸੈਲਫ' ਪ੍ਰਕਾਸ਼ਿਤ ਕਰਵਾਈ ਸੀ। ਫਿਰ ਉਸ ਨੇ 15 ਨਾਵਲ ਲਿਖੇ ਤੇ 10 ਕਹਾਣੀ ਸੰਗ੍ਰਹਿ। ਉਸ ਦੀਆਂ ਕਿਤਾਬਾਂ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ।

ਯੂਰੀ ਵਲਾਸੋਵ ਦਾ ਪਹਿਲਾ ਵਿਆਹ ਨਤਾਲੀਆ ਮੋਦੋਰੋਵਾ ਨਾਲ 1957 ਵਿਚ ਹੋਇਆ ਸੀ। ਨਤਾਲੀਆ ਮਾਸਕੋ ਇੰਸਟੀਚਿਊਟ ਆਫ਼ ਆਰਟਸ ਦੀ ਵਿਦਿਆਰਥਣ ਸੀ ਜੋ ਹੋਰਨਾਂ ਵਿਦਿਆਰਥੀਆਂ ਨੂੰ ਪ੍ਰੇਰ ਕੇ ਉਸ ਦੇ ਜਿਮ ਵਿਚ ਲਿਆਉਂਦੀ ਸੀ। ਨਤਾਲੀਆ ਦੀ ਕੁੱਖੋਂ ਧੀ ਨੇ ਜਨਮ ਲਿਆ ਜਿਸ ਦਾ ਨਾਂ ਯੇਲੇਨਾ ਰੱਖਿਆ ਗਿਆ। ਨਤਾਲੀਆ ਦੀ ਅਧਖੜ ਉਮਰ ਵਿਚ ਹੀ ਮਰ ਗਈ। 1976 ਵਿਚ ਵਲਾਸੋਵ ਨੇ ਆਪਣੇ ਤੋਂ 21 ਸਾਲ ਛੋਟੀ ਵਿਦਿਆਰਥਣ ਲਾਰੀਸਾ ਸਰਗੀਯੇਵਨਾ ਨਾਲ ਦੂਜੀ ਸ਼ਾਦੀ ਕਰਵਾਈ। ਉਹ ਬਿਮਾਰ ਹੋਇਆ ਤਾਂ ਕੁਝ ਸਰਜਰੀਆਂ ਕਰਵਾਉਣੀਆਂ ਪਈਆਂ। ਮੇਜਰ ਸਰਜਰੀ 2019-20 ਵਿਚ ਹੋਈ। ਆਖ਼ਰ 86ਵੇਂ ਸਾਲ ਦੀ ਉਮਰੇ ਉਸ ਦਾ 13 ਫਰਵਰੀ 2021 ਨੂੰ ਮਾਸਕੋ ਵਿਚ ਦੇਹਾਂਤ ਹੋ ਗਿਆ। ਉਹ ਸੱਚਮੁੱਚ 'ਮਹਾਨ ਵਲਾਸੋਵ' ਸੀ।

## ਮੌਮ ਆਈ ਐਮ ਸੌਰੀ

***(ਪਿਛਲੇ ਸਫੇ ਦੀ ਬਾਕੀ)***

ਮੰਮ ਚੁੱਪ ਕਰਕੇ ਸੁਣਦੀ ਰਹੀ। ਉਸਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਮਹਿਲ ਜਿੱਡਾ ਘਰ ਉਸਦੇ ਉੱਪਰ ਡਿੱਗ ਪਿਆ ਹੋਵੇ। "ਟੀਨਾ ਇਹੋ ਜਿਹੇ ਖੇਖਣ ਤਾਂ ਗੋਰੇ ਲੋਕ ਹੀ ਕਰਦੇ ਆ। ਆਪਣੇ ਲੋਕ ਇਸ ਤਰ੍ਹਾਂ ਨਹੀਂ ਕਰਦੇ।" ਟੀਨਾ ਨੂੰ ਆਪਣੀ ਮਾਂ ਦੀ ਭਾਰੀ ਜਿਹੀ ਅਵਾਜ਼ ਸੁਣਾਈ ਦਿੱਤੀ, ਜਿਵੇਂ ਉਹ ਰੋ ਰਹੀ ਹੁੰਦੀ ਹੈ।

"ਮੰਮ! ਇਹ ਖੇਖਣ ਨਹੀਂ। "ਦਿਸ ਇਜ਼ ਵਟ ਆਈ ਐਮ, ਵੈਦਰ ਯੂ ਲਾਈਕ ਇਟ ਔਰ ਨਾਟ"। ਤੁਸੀਂ ਆਪ ਇੱਕ ਡਾਕਟਰ ਹੋਂ, ਤੁਹਾਨੂੰ ਤਾਂ ਸਭ ਪਤਾ ਹੈ। ਇਹ ਤਾਂ ਸਾਇੰਸ ਹੈ, ਕੁਝ ਲੋਕ ਇਸ ਤਰ੍ਹਾਂ ਹੀ ਬੌਰਨ ਹੁੰਦੇ ਹਨ। ਹੁਣ ਮਹਾਤਮਾ ਗਾਂਧੀ ਦਾ ਵੀ ਪਤਾ ਲੱਗ ਗਿਆ ਹੈ। ਆਰਕਾਈਵਜ਼ ਚਿੱਠੀਆਂ ਰਿਲੀਜ਼ ਹੋਈਆਂ ਹਨ।"

"ਢੱਠੇ ਖੂਹ ਵਿਚ ਜਾਂਵੇ ਗਾਂਧੀ, ਮੈਂ ਉਸ ਤੋਂ ਕੀ ਕਰਾਉਣਾ।"

"ਨਹੀਂ ਮੰਮ! ਇਹ ਤੁਸੀਂ ਚੂਜ਼ ਨਹੀਂ ਕਰਦੇ, ਇਟਸ ਇਨ ਨੋ ਬੋਡੀਜ਼ ਕੰਟਰੋਲ। ਮੰਮ, ਇਟਸ ਨਾਟ ਇਜ਼ੀ ਫ਼ਾਰ ਮੀ, ਆਈ ਸਟਰੱਗਲਡ ਮਾਈ ਹੋਲ ਲਾਈਫ਼ ਵਿੱਦ ਇਟ। ਆਈ ਡੀਸਾਈਡਡ ਨਾਉ ਟੂ ਕੰਮ ਆਊਟ ਆਫ਼ ਦਾ ਕਲੋਜ਼ਟ।"

"ਦਫ਼ਾ ਹੋ! ਮਰ ਪਰ੍ਹਾਂ। ਤੂੰ ਸਾਨੂੰ ਇਹ ਦਿਨ ਦਿਖਾਉਣੇ ਸੀ। ਸਾਡੀ ਇੱਜ਼ਤ ਮਿੱਟੀ ਵਿਚ ਮਿਲ਼ਾਏਂਗੀ। ਬੱਸ ਤੂੰ ਰਹਿ ਹੁਣ ਟੋਰਾਂਟੋ, ਕੋਈ ਲੋੜ ਨੀਂ ਸਾਡੇ ਕੋਲ ਆਉਣ ਦੀ।" ਟੀਨਾ ਨੂੰ ਲੱਗਿਆ ਜਿਵੇਂ ਮੰਮ ਨੇ ਇਹ ਕਹਿੰਦੇ ਹੋਏ ਫ਼ੋਨ ਨੂੰ ਕੰਧ ਵਿਚ ਮਾਰਿਆ ਹੋਵੇ।

"ਮੌਮ, ਆਈ ਐਮ ਸਾਰੀ ਮੌਮ, ਆਈ ਐਮ ਸਾਰੀ" ਦੀ ਅਵਾਜ਼ ਦੀ ਗੂੰਜ ਉਸ ਨੂੰ ਆਪਣੇ ਫੋਨ 'ਚੋਂ ਆਉਂਦੀ ਲੱਗ ਰਹੀ ਸੀ।

## ਯਾਦ ਰੱਖਣ ਯੋਗ ਗੱਲਾਂ



ਹਰਦੀਪ ਸਿੰਘ ਸੋਢੀ
ਫੋਨ: 480-794-0325

* ਸਮੇਂ ਨਾਲ ਹਰ ਛਹਿ ਢਲ ਜਾਂਦੀ ਹੈ, ਸਿਰਫ ਇਨਸਾਨ ਦਾ ਵਿਹਾਰ ਅਤੇ ਪਿਆਰ ਕਦੇ ਬੁੱਢਾ ਨਹੀਂ ਹੁੰਦਾ।

* ਕਿਸੇ ਵੀ ਨੇਕ ਰੂਹ ਨਾਲ ਪੰਗਾ ਨਾ ਲਵੋ ਨੁਕਸਾਨ ਹੋਵੇਗਾ ਜੇ ਤਾਂ ਉਹ ਰੂਹ ਜਿਸ ਨੂੰ ਤੁਸੀਂ ਗ਼ਲਤ ਬੋਲੇ ਹੋ ਉਸ ਨੇ ਤੁਹਾਨੂੰ ਜਵਾਬ ਦੇ ਦਿੱਤਾ ਤਾਂ ਵੀ ਬਚ ਸਕਦੇ ਹੋ ਪਰ ਜੇ ਉਹ ਚੁੱਪ ਕਰਕੇ ਗੁੱਸਾ ਪੀ ਗਿਆ ਤਾਂ ਬਹੁਤ ਬੁਰਾ ਹੋਵੇਗਾ।

* ਅੱਜ-ਕੱਲ੍ਹ ਦਾ ਮਨੁੱਖ ਜ਼ੋਖਮ ਉਠਾ ਕੇ ਵੀ ਅੱਗੇ ਵਧਣ ਦੀ ਫਿਰਾਕ ਵਿਚ ਰਹਿੰਦਾ ਹੈ, ਪਹਿਲਾਂ ਜੋ ਹੈ ਉਸ ਵਿਚ ਹੀ ਸਬਰ ਕਰਦਾ ਸੀ ਸਲਾਹਕਾਰ ਵੀ ਉਹੋ ਜਿਹੇ ਹੁੰਦੇ ਸਨ ਉਹ ਛੱਡ ਯਾਰ ਜੇ ਤੇਰਾ ਦੁੱਧ ਵਿਕਦਾ ਹੈ ਤਾਂ ਦਹੀਂ ਜਮਾਉਣ ਦੀ ਕੀ ਲੋੜ ਹੈ ਖਾਣੀਆਂ ਤਾਂ ਦੋ ਰੋਟੀਆਂ ਹੀ ਹਨ।

* ਅਕਸਰ ਦੁੱਧ ਫਟਣ 'ਤੇ ਉਹੀ ਘਬਰਾਉਂਦੇ ਹਨ ਜਿਨ੍ਹਾਂ ਨੂੰ ਪਨੀਰ ਬਣਾਉਣਾ ਨਹੀਂ ਆਉਂਦਾ।

* ਵੈਸੇ ਤਾਂ ਜ਼ੁਲਮ ਕਿਸੇ 'ਤੇ ਵੀ ਨਾ ਕਰੋ ਪਰ ਉਸ ਉੱਤੇ ਭੁੱਲ ਕੇ ਵੀ ਨਾ ਕਰੋ ਜਿਸ ਉੱਤੇ ਜ਼ੁਲਮ ਹੋਣ ਉੱਪਰ ਪੁਕਾਰ ਕਰਨ ਵਾਸਤੇ ਸਿਰਫ ਪਰਮਾਤਮਾ ਹੀ ਹੋਵੇ।

* ਕਿਸੇ ਨੇ ਸਵਾਲ ਕੀਤਾ ਅੱਜ-ਕੱਲ੍ਹ ਔਲਾਦ ਵਿਗੜੈਲ ਕਿਉਂ ਹੁੰਦੀ ਹੈ? ਜਵਾਬ ਸੁੰਦਰ ਸੀ ਔਰਤਾਂ ਆਪਣੀ ਔਲਾਦ ਨੂੰ ਸੁਧਾਰਨ ਦੀ ਥਾਂ ਸੱਸ ਦੀ ਔਲਾਦ ਨੂੰ ਸੁਧਾਰਨ ਲੱਗੀਆਂ ਰਹਿੰਦੀਆਂ ਹਨ।

* ਝੀਲ ਇੱਕੋ ਹੀ ਹੁੰਦੀ ਹੈ ਉਸ ਵਿਚੋਂ ਹੰਸ ਮੋਤੀ ਚੁਗਦਾ ਹੈ ਤੇ ਬਗਲਾ ਮੱਛੀਆਂ ਖਾਂਦਾ ਹੈ।

# ਚੇਤਨਾ ਅਤੇ ਪੰਜਾਬੀ ਸਮਾਜ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਚੇਤਨਾ ਕੀ ਹੈ ਅਤੇ ਕਿਉਂ ਜ਼ਰੂਰੀ ਹੈ, ਮਨੁੱਖੀ ਵਿਕਾਸ ਲਈ? ਬਹੁਤ ਹੀ ਗੰਭੀਰ ਵਿਸ਼ਾ। ਸਿਰ ਜੋੜ ਕੇ ਸੋਚਣ ਦੀ ਲੋੜ। ਵਰਨਾ ਚਿੰਤਨ ਵਿਹੂਣੇ ਪੰਜਾਬੀਆਂ ਦਾ ਮਾਰਗ-ਦਰਸ਼ਨ ਕੌਣ ਕਰੇਗਾ?

ਪੰਜਾਬੀ ਸਮਾਜ ਵਿਚ ਚੇਤਨਾ ਕਿੰਨੀ ਕੁ ਹੈ ਅਤੇ ਅਸੀਂ ਕਿਥੇ ਖੜੇ ਹਾਂ? ਅਸੀਂ ਕਿਸ ਪਾਸੇ ਜਾ ਰਹੇ ਹਾਂ। ਕੀ ਸਾਨੂੰ ਸਾਡੇ ਸਰੋਕਾਰਾਂ, ਸੰਦਰਭਾਂ ਅਤੇ ਚੇਤਨਾ ਦੇ ਸੱਚ ਦਾ ਪਤਾ ਹੈ? ਕੀ ਅਸੀਂ ਚੇਤਨਾ ਵਿਹੂਣੇ ਤਾਂ ਨਹੀਂ ਹੋ ਗਏ? ਬਹੁਤ ਸਾਰੇ ਪ੍ਰਸ਼ਨ ਮਨ ਵਿਚ ਪੈਦਾ ਹੁੰਦੇ।

ਚਿੰਤਨਸ਼ੀਲ ਲੋਕ ਅਕਸਰ ਹੀ ਅਜੇਹੇ ਸੰਜੀਦਾ ਸਰੋਕਾਰ ਬਾਰੇ ਸੰਵਾਦ ਰਚਾਉਣ ਬਾਰੇ ਸੋਚਦੇ ਕਿ ਕੀ ਅਜੇਹਾ ਵਰਤਾਰਾ ਪੰਜਾਬੀਆਂ ਦੀ ਜੀਵਨ-ਸ਼ੈਲੀ ਤਾਂ ਨਹੀਂ ਬਣ ਗਿਆ। ਮੈਂ ਪੰਜਾਬੀ ਮਾਂ ਬੋਲੀ ਦਿਵਸ ਦੇ ਸੰਬੰਧ ਵਿਚ ਸ਼ਿਕਾਗੋ ਵਿਖੇ ਯੂਨੀਵਰਸਿਟੀ ਦੀ ਇਕ ਵਿਦਿਆਰਥਣ ਨੂੰ ਮਿਲਿਆ ਜਿਸਦਾ ਕਹਿਣਾ ਸੀ ਕਿ ਮੈਂ ਆਪਣੇ ਪਰਿਵਾਰ ਅਤੇ ਸਮਾਜ ਤੋਂ ਉਕਤਾ ਚੁੱਕੀ ਹਾਂ ਕਿਉਂਕਿ ਸਾਡਾ ਸਮਾਜ ਪਰਤਾਂ ਵਿਚ ਜਿਉਂਦਾ ਅਤੇ ਮਖੌਟਿਆਂ ਵਿਚ ਵਿਚਰਦਾ ਹੈ। ਮੇਰੇ ਮਾਪਿਆਂ ਕੋਲ ਮੇਰੇ ਨਾਲ ਗੱਲ ਕਰਨ ਦਾ ਸਮਾਂ ਹੀ ਨਹੀਂ ਹੈਂ। ਮੈਂ ਕਿਸ ਨਾਲ ਆਪਣੀ ਵੇਦਨਾ ਸਾਂਝੀ ਕਰਾਂ? ਮੇਰੇ ਦੋਸਤ ਸਿਰਫ਼ ਗੋਰੇ ਜਮਾਤੀ ਹੀ ਹਨ ਜਿਨ੍ਹਾਂ ਨਾਲ ਮੈਂ ਗੱਲਾਂ ਸਾਂਝੀਆਂ ਕਰ ਸਕਦੀ ਹਾਂ ਕਿਉਂਕਿ ਗੋਰੇ ਵਿਦਿਆਰਥੀ ਬਹੁਤ ਹੀ ਪਾਰਦਰਸ਼ੀ ਅਤੇ ਸੱਚੇ ਹੁੰਦੇ। ਕੋਈ ਨਹੀਂ ਓਹਲਾ ਰੱਖਦੇ ਅਤੇ ਨਾ ਹੀ ਤੁਹਾਨੂੰ ਬਲੈਕਮੇਲ ਕਰਦੇ। ਮੈਂ ਸੋਚਣ ਲੱਗਾ ਕਿ ਇਹ ਬੱਚੀ ਪੰਜਾਬੀ ਸਮਾਜ ਤੋਂ ਇੰਨੀ ਉਚਾਟ ਹੋ ਚੁੱਕੀ ਹੈ ਕਿ ਇਸਦਾ ਪੰਜਾਬੀ ਸਮਾਜ ਵਿਚ ਪਰਤਣਾ ਬਹੁਤ ਹੀ ਮੁਹਾਲ ਹੋਵੇਗਾ। ਦਰਅਸਲ ਅਸੀਂ ਪਰਵਾਸ ਤਾਂ ਕਰ ਲਿਆ ਪਰ ਅਸੀਂ ਇੰਨੇ ਚੇਤੰਨ ਨਹੀਂ ਹੋਏ ਕਿ ਸਾਨੂੰ ਪਤਾ ਹੋਵੇ ਕਿ ਵਿਦੇਸ਼ ਵਿਚ ਸਾਡੇ ਬੱਚਿਆਂ ਦੀਆਂ ਕੀ ਚੁਣੌਤੀਆਂ ਹਨ? ਉਨ੍ਹਾਂ ਨੂੰ ਸਮਝਾ ਕੇ ਇਨ੍ਹਾਂ ਚੁਣੌਤੀਆਂ ਵਿਚੋਂ ਉਭਰਨ ਦਾ ਵਲ ਕਿਵੇਂ ਸਿਖਾਉਣਾ ਹੈ? ਅਸੀਂ ਤਾਂ ਸਿਰਫ਼ ਵੱਡੇ ਘਰਾਂ ਅਤੇ ਨਵੇਂ ਮਾਡਲ ਦੀਆਂ ਕਾਰਾਂ ਲੈਣ ਲਈ ਇੰਨੇ ਉਲਝ ਗਏ ਕਿ ਪਰਿਵਾਰ ਅਤੇ ਬੱਚਿਆਂ ਲਈ ਸਾਡੇ ਕੋਲ ਸਮਾਂ ਹੀ ਨਹੀਂ। ਇਹ ਚੇਤਨਾ ਦੀ ਗੁੰਮਸੁਦਗੀ ਦਾ ਪ੍ਰਮਾਣ ਹੈ।

ਅਸੀਂ ਚੇਤਨਾ ਵਿਹੂਣੇ ਹੋ, ਹਰੀ ਕਰਾਂਤੀ ਦੇ ਭੁਲੇਖੇ ਵਿਚ ਆ ਕੇ ਪੰਜਾਬ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖਲਿਆਰਿਆ? ਖ਼ਾਦਾਂ ਤੇ ਕੀਟਨਾਸ਼ਕਾਂ ਨਾਲ ਧਰਤੀ ਜ਼ਹਿਰੀਲੀ ਹੋ ਗਈ, ਵਾਤਾਵਰਣ ਪਲੀਤ ਕਰ ਲਿਆ। ਝੋਨੇ ਸਦਕਾ ਪੰਜਾਬ ਦਾ ਜ਼ਿਆਦਾਤਰ ਹਿੱਸਾ ਧਰਤੀ ਹੇਠਲੇ ਪਾਣੀ ਦੇ ਮਾਮਲੇ ਵਿਚ ਡਾਰਕ ਜ਼ੋਨ ਵਿਚ ਚਲਾ ਗਿਆ ਹੈ। ਕੁਦਰਤੀ ਸਰੋਤ ਗਵਾ ਕੇ ਪੰਜਾਬ ਨੇ ਕੀ ਖੱਟਿਆ? ਬਿਮਾਰ ਪੰਜਾਬੀਆਂ ਨੂੰ ਹਸਪਤਾਲ ਮਿਲ ਗਏ। ਮਰਦਾਨਗੀ ਵਿਹੂਣੇ ਪੰਜਾਬੀਆਂ ਦੇ ਹਿੱਸੇ ਫਰਟੀਲਿਟੀ ਸੈਂਟਰ ਆ ਗਏ। ਇਹ ਸਾਡੇ ਹੁਕਮਰਾਨਾਂ ਅਤੇ ਚਿੰਤਕਾਂ ਦੀ ਭਵਿੱਖਮੁਖੀ ਚੇਤਨਾ ਦੀ ਅਣਹੋਂਦ ਹੀ ਸੀ ਕਿ ਉਨ੍ਹਾਂ ਸੋਚਿਆ ਹੀ ਨਾ ਕਿ ਹਰੀ ਕ੍ਰਾਤੀ ਕਿਵੇਂ ਪੰਜਾਬ ਦੇ ਭਵਿੱਖ ਨੂੰ ਪ੍ਰਭਾਵਿਤ ਕਰੇਗੀ? ਹੁਕਮਰਾਨਾਂ ਦੀ ਸ਼ਹਿ 'ਤੇ ਪੰਜਾਬੀ ਜਵਾਨੀ ਨੂੰ ਨਸ਼ਿਆਂ ਵਿਚ ਡੋਬਿਆ ਗਿਆ। ਫਿਰ ਸਿਹਤ ਅਤੇ ਵਿਦਿਆਕ ਢਾਂਚੇ ਨੂੰ ਅਜੇਹਾ ਖੋਖ਼ਲਾ ਕੀਤਾ ਕਿ ਪੰਜਾਬੀ ਨੌਜਵਾਨਾਂ ਨੇ ਆਈਲੈਟਸ ਤੀਕ ਹੀ ਖੁਦ ਨੂੰ ਸੀਮਤ ਕਰ ਕੇ ਵਿਦੇਸ਼ਾਂ ਨੂੰ ਜਾਣ ਦਾ ਸੋਚਿਆ। ਕੀ ਹੁਕਮਰਾਨਾਂ ਨੂੰ ਇਹ ਅਹਿਸਾਸ ਹੈ ਕਿ ਜਵਾਨੀ ਦੇ ਇਸ ਅੰਨ੍ਹੇਵਾਹ ਪ੍ਰਵਾਸ ਨਾਲ ਪੰਜਾਬ ਦਾ ਸਭਿਆਚਾਰਕ, ਸਮਾਜਿਕ ਅਤੇ ਵਿਰਾਸਤੀ ਢਾਂਚਾ ਕਿਵੇਂ ਪ੍ਰਭਾਵਤ ਹੋਵੇਗਾ? ਕੁਝ ਹੀ ਸਾਲਾਂ ਤੱਕ ਪੰਜਾਬ, ਪੰਜਾਬ ਨਹੀਂ ਰਹੇਗਾ। ਕੀ ਕਦੇ ਸਾਡੇ ਹੁਕਮਰਾਨਾਂ ਨੇ ਇਸ ਬਾਰੇ ਚਿੰਤਨ ਕੀਤਾ ਏ? ਕੋਈ ਫ਼ਿਕਰਮੰਦੀ ਜ਼ਾਹਰ ਕੀਤੀ ਹੈ?

ਦਰਅਸਲ ਚੇਤਨਾ ਤਾਂ ਵਕਤ ਦੇ ਬਦਲਦੇ ਸਰੋਕਾਰਾਂ ਅਨੁਸਾਰ ਆਪਣੀ ਸੋਚ, ਸੁਪਨੇ ਸਾਧਨਾਂ ਅਤੇ ਸੰਭਾਵਨਾਵਾਂ ਨੂੰ ਤਰਜੀਹ ਬਣਾ ਕੇ ਆਪਣੇ ਹੱਕ ਵਿਚ ਭੁਗਤਾਉਣਾ ਹੁੰਦਾ। ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਜਾਂਦਾ ਹੈ। ਪੁਰਾਣੀ ਸੋਚ ਅਤੇ ਧਾਰਨਾਵਾਂ ਨਾਲ ਨਵੀਆਂ ਚੁਣੌਤੀਆਂ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ।

ਚੇਤੰਨ ਹੋਣ ਲਈ ਜ਼ਰੂਰੀ ਹੁੰਦਾ ਕਿ ਪਤਾ ਹੋਵੇ ਕਿ ਸਾਡੇ ਆਲੇ-ਦੁਆਲੇ ਕੀ ਵਾਪਰ ਰਿਹਾ? ਕਿਉਂ ਵਾਪਰ ਰਿਹਾ? ਕੌਣ ਵਰਤਾ ਰਿਹਾ? ਇਸਦਾ ਕੀ ਪ੍ਰਭਾਵ ਪਵੇਗਾ ਅਤੇ ਇਸ ਵਰਤਾਰੇ ਨਾਲ ਆਉਣ ਵਾਲੀਆਂ ਪੀੜ੍ਹੀਆਂ ਕਿਵੇਂ ਪ੍ਰਭਾਵਤ ਹੋਣਗੀਆਂ ਅਤੇ ਸਾਡੀਆਂ ਅਗਲੀਆਂ ਨਸਲਾਂ ਦਾ ਭਵਿੱਖ ਕੀ ਹੋਵੇਗਾ? ਚੌਗਿਰਦੇ ਅਤੇ ਸਮਾਜ ਵਿਚ ਕੀ ਉਥਲ-ਪੁਥਲ ਹੋਵੇਗੀ?

ਦਰਅਸਲ ਮਨੁੱਖ ਦਾ ਕਿਸੇ ਵਰਤਾਰੇ ਨੂੰ ਦੇਖਣਾ, ਸਮਝਣਾ, ਪਰਤਾਂ ਫਰੋਲਣਾ ਅਤੇ ਇਸਦੇ ਮਾੜੇ ਅਤੇ ਚੰਗੇ ਪ੍ਰਭਾਵਾਂ ਦੀ ਨਿਰਖ-ਪਰਖ ਕਰ ਕੇ, ਆਪਣੀ ਜੀਵਨ-ਸ਼ੈਲੀ ਨੂੰ ਉਸਾਰੂ ਰੰਗਤ ਦੇਣੀ, ਚੇਤੰਨ ਹੋਣ ਦੀ ਨਿਸ਼ਾਨੀ ਹੁੰਦਾ।

ਚੇਤਨਾ ਦੇ ਬਹੁਤ ਸਾਰੇ ਰੂਪ ਹਨ ਜਿਵੇਂ

1. ਸਵੈ-ਚੇਤਨਾ: ਜਿਵੇਂ ਸਰੀਰਕ, ਮਾਨਸਿਕ, ਬੌਧਿਕ ਅਤੇ ਭਾਵਨਾਤਮਿਕ ਚੇਤਨਾ।

2. ਪਰਿਵਾਰਕ ਚੇਤਨਾ: ਪਰਿਵਾਰ ਕੀ ਹੈ? ਸਬੰਧਾਂ ਦੀ ਕੀ ਅਹਿਮੀਅਤ ਤੇ ਲੋੜ ਅਤੇ ਇਨ੍ਹਾਂ 'ਚ ਪਾਰਦਰਸ਼ਤਾ ਕਿਵੇਂ ਆਵੇ? ਇਸਦੀ ਸਦੀਵਤਾ ਕੀ ਹੁੰਦੀ?

3. ਸਮਾਜਿਕ ਚੇਤਨਾ: ਸਮਾਜਿਕ ਉਸਾਰੀ ਵਿਚ ਇਕ ਵਿਅਕਤੀ ਦੀ ਕੀ ਭੂਮਿਕਾ ਹੈ? ਅਸੀਂ ਸਮਾਜ ਨੂੰ ਕੀ ਦੇ ਰਹੇ ਹਾਂ? ਕੀ ਦੇਣਾ ਚਾਹੀਦਾ? ਕਿੱਥੇ ਖੜਾ ਹੈ ਸਾਡਾ ਸਮਾਜ? ਉਧੜ ਰਹੇ ਸਮਾਜਿਕ ਤਾਣੇ-ਬਾਣੇ ਲਈ ਕੌਣ, ਕਿੰਨਾ ਕੁ ਕਸੂਰਵਾਰ ਅਤੇ ਅਸੀਂ ਖ਼ੁਦ ਕਿੰਨੇ ਕੁ ਜ਼ਿੰਮੇਵਾਰ?

4. ਧਾਰਮਿਕ ਚੇਤਨਾ: ਕੀ ਅਸੀਂ ਧਰਮ ਨੂੰ ਮੰਨਦੇ



ਹਾਂ ਜਾਂ ਧਰਮ ਦੀ ਮੰਨਦੇ ਹਾਂ? ਕੀ ਅਸੀਂ 'ਗਲੀ ਅਸੀ ਚੰਗੀਆ ਆਚਾਰੀ ਬੁਰੀਆਹ' ਤਾਂ ਨਹੀਂ? ਧਾਰਮਿਕ ਬਾਣੇ ਵਿਚ ਅਧਾਰਮਿਕਤਾ ਤਾਂ ਨਹੀਂ? ਧਾਰਮਿਕ ਅਡੰਬਰ ਨੇ ਕਿੰਨਾ ਕੁ ਨੁਕਸਾਨ ਕੀਤਾ? ਧਾਰਮਿਕ ਪ੍ਰਦੂਸ਼ਣ, ਚੇਤਨਾ ਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ?

5. ਰਾਜਸੀ ਚੇਤਨਾ: ਰਾਜੀਨਤਕ ਤੌਰ 'ਤੇ ਅਸੀਂ ਕਿੰਨੇ ਕੁ ਸੰਜੀਦਾ ਹਾਂ? ਕੀ ਅਸੀਂ ਰਾਜਨੀਤੀਵਾਨਾਂ ਦੀਆਂ ਚਲਾਕੀਆਂ ਦੇ ਸ਼ਿਕਾਰ ਤਾਂ ਨਹੀਂ। ਸਾਨੂੰ ਰਾਜਨੀਤਕ ਲੋਕਾਂ ਵਲੋਂ ਕੁਰਸੀ ਦੇ ਪਾਵੇ ਕਿਵੇਂ ਬਣਾਇਆ ਜਾ ਰਿਹਾ? ਕਿਵੇਂ ਅਸੀਂ ਰਾਜੀਨਤਕ ਪ੍ਰਕਿਰਿਆ ਵਿਚ ਉਸਾਰੂ ਭੂਮਿਕਾ ਨਿਭਾ ਸਕਦੇ ਹਾਂ?

6. ਵਾਤਾਵਰਣੀ ਚੇਤਨਾ: ਹਵਾ, ਪਾਣੀ, ਧਰਤੀ, ਅਵਾਜ਼, ਰੌਸ਼ਨੀ, ਰੇਡੀਓਐਕਟਿਵ ਤੇ ਈਐਮ ਤਰੰਗਾਂ ਦੇ ਪ੍ਰਦੂਸ਼ਣ ਪ੍ਰਤੀ ਅਸੀਂ ਕਿੰਨੇ ਕੁ ਸੁਚੇਤ ਹਾਂ? ਕੀ ਸਾਨੂੰ ਪਤਾ ਹੈ ਕਿ ਅਸੀਂ ਜ਼ਹਿਰੀਲੀ ਫਿਜ਼ਾ ਵਿਚ ਸਾਹ ਲੈਂਦੇ, ਜ਼ਹਿਰਾਂ ਖਾ ਰਹੇ ਹਾਂ?

ਚੇਤਨਾ ਦਾ ਪੈਦਾ ਹੋਣਾ ਕੋਈ ਜਾਦੂ ਨਹੀਂ। ਇਹ ਤਾਂ ਮਨੁੱਖੀ ਵਰਤਾਰਾ ਹੈ ਅਤੇ ਇਕ ਦਮ ਪੈਦਾ ਨਹੀਂ ਹੁੰਦਾ। ਇਹ ਜਾਂ ਤਾਂ ਤੁਹਨੂੰ ਵਿਰਸੇ ਵਿਚ ਮਿਲਦਾ, ਜਾਂ ਆਲਾ-ਦੁਆਲਾ ਚੇਤੰਨ ਕਰਦਾ, ਜਾਂ ਗਿਆਨ (ਡਿਗਰੀਆਂ, ਗਿਆਨ ਨਹੀਂ ਹੁੰਦੀਆਂ ਅਤੇ ਪਰ ਗਿਆਨ ਜ਼ਰੂਰ ਡਿਗਰੀਆਂ ਹੁੰਦਾ।) ਰਾਹੀਂ ਚੇਤੰਨ ਹੁੰਦੇ, ਅਤੇ ਜਾਂ ਕੁਝ ਕੁ ਰੋਲ-ਮਾਡਲਾਂ ਦੇ ਪੈਰੋਕਾਰ ਬਣ ਕੇ ਵੀ ਚੇਤੰਨ ਹੁੰਦੇ।

ਹੁਣ ਦੇਖਣਾ ਹੈ ਕਿ ਪੰਜਾਬੀ ਸਮਾਜ ਕਿੱਥੇ ਖੜ੍ਹਾ ਹੈ? ਅਸੀਂ ਤਾਂ ਉਹ ਕੁਝ ਹਾਂ ਜਿਹੜਾ ਸਮਾਜ ਵਿਚ ਹੋ ਰਿਹਾ ਹੈ ਕਿਉਂਕਿ ਅਸੀਂ ਸਮਾਜ ਦਾ ਹੀ ਤਾਂ ਹਿੱਸਾ ਹਾਂ।

ਯਾਦ ਰਹੇ ਕਿ ਚਿੰਤਾ ਤੋਂ ਚਿੰਤਨ ਪੈਦਾ ਹੁੰਦਾ, ਚਿੰਤਨ ਤੋਂ ਚਾਹਤ ਪੈਦਾ ਹੁੰਦੀ ਤੇ ਫਿਰ ਚੇਤਨਾ ਪੈਦਾ ਹੁੰਦੀ। ਇਸ ਚੇਤਨਾ ਵਿਚੋਂ ਹੀ ਫਿਰ ਚੇਤੰਨ ਸੋਚ ਪੈਦਾ ਹੁੰਦੀ, ਸੁਪਨੇ ਪੈਦਾ ਹੁੰਦੇ, ਸੰਭਾਵਨਾਵਾਂ ਉਤਪੰਨ ਹੁੰਦੀਆਂ, ਸਾਧਨ ਪੈਦਾ ਹੁੰਦੇ ਅਤੇ ਫਿਰ ਇਹੀ ਸੰਭਾਵਨਾਵਾਂ ਦਾ ਸੱਚ, ਨਰੋਏ ਤੇ ਚੇਤੰਨ ਵਿਰਸੇ ਦੀ ਅਧਾਰਸ਼ਿਲਾ ਬਣਦਾ।

ਮਾਣਮੱਤੇ ਅਤੇ ਚਿੰਤਨਸ਼ੀਲ ਵਿਰਸੇ ਦੇ ਮਾਲਕ ਉਹ ਲੋਕ ਹੁੰਦੇ ਜਿਨ੍ਹਾਂ ਨੇ ਆਪਣੀਆਂ ਕੀਰਤੀਆਂ, ਕਿਰਿਆਸ਼ੀਲਤਾ, ਕਰਮਯੋਗਤਾ ਤੇ ਕਾਰਨਾਮਿਆਂ ਰਾਹੀਂ ਨਾਮ ਕਮਾਇਆ ਹੁੰਦਾ।

ਚਿੰਤਨਸ਼ੀਲ ਲੋਕ ਸਮਿਆਂ ਦਾ ਸਭ ਤੋਂ ਵੱਡਾ ਮਾਣ ਹੁੰਦੇ ਅਤੇ ਵਕਤ ਉਨ੍ਹਾਂ 'ਤੇ ਨਾਜ਼ ਕਰਦਾ।

ਪੰਜਾਬੀ ਵਿਰਾਸਤ ਅਤੇ ਚੇਤਨਾ ਤਾਂ ਬਹੁਤ ਹੀ ਅਮੀਰ ਸੀ ਪਰ ਅਸੀਂ ਗਰੀਬ ਪੰਜਾਬੀਆਂ ਨੇ ਇਸਨੂੰ ਬਹੁਤ ਹੀ ਹੀਣੀ ਅਤੇ ਨਿਰਬਲ ਬਣਾ ਦਿੱਤਾ ਹੈ।

ਚੇਤਨਤਾ ਗੁੰਮ ਹੁੰਦੀ ਤਾਂ ਮਨੁੱਖ ਆਪੇ ਨੂੰ ਭੁਲਾ ਦਿੰਦਾ ਅਤੇ ਖ਼ੁਦ ਤੋਂ ਗਵਾਚੇ ਵਿਅਕਤੀ ਨੂੰ ਆਪਣਾ ਸਿਰਨਾਵਾਂ ਵੀ ਯਾਦ ਨਹੀਂ ਰਹਿੰਦਾ। ਅਜੇਹਾ ਪੰਜਾਬੀਆਂ ਨਾਲ ਵਾਪਰ ਰਿਹਾ ਹੈ। ਇਹ ਪੰਜਾਬ ਅਤੇ ਵਿਦੇਸ਼ਾਂ ਵਿਚ ਆਮ ਵਰਤਾਰਾ ਹੈ। ਪਰਵਾਸੀ ਚੇਤਨਾ ਦੀ ਅਣਹੋਂਦ ਦਾ ਅੰਦਾਜ਼ਾ ਇਸ ਗੱਲ ਤੋਂ ਲਗਾ ਸਕਦੇ ਹਾਂ ਕਿ ਅਸੀਂ ਵਿਦੇਸ਼ਾਂ ਵਿਚ ਰਾਜਸੀ ਰੁਤਬੇ ਤਾਂ ਹਾਸਲ ਕਰ ਲਏ ਪਰ ਕੋਈ ਵੀ ਸਾਂਝਾ ਲੌਬੀਇੰਗ ਗਰੁੱਪ ਨਹੀਂ ਬਣਾ ਸਕੇ ਜਿਸ ਰਾਹੀਂ ਵਿਦੇਸ਼ ਵਿਚ ਪੰਜਾਬੀਆਂ ਦੇ ਮਸਲਿਆਂ ਨੂੰ ਵਿਚਾਰਿਆ ਜਾਵੇ।

ਚੇਤਨਾ ਤੀਕ ਪਹੁੰਚਣ ਦੇ ਚਾਰ ਪੜਾਅ ਹਨ ਜਿਨ੍ਹਾਂ ਦੀ ਸਾਨੂੰ ਸੋਝੀ ਹੋਣੀ ਚਾਹੀਦੀ ਹੈ। ਸੱਚ ਇਹ ਹੈ ਕਿ ਭਾਵੁਕਤਾ ਵਿਚੋਂ ਬੌਧਿਕਤਾ ਪੈਦਾ ਹੁੰਦੀ, ਬੌਧਿਕਤਾ ਵਿਚੋਂ ਚਿੰਤਾ ਪੈਦਾ ਹੁੰਦੀ, ਚਿੰਤਾ ਵਿਚੋਂ ਚਿੰਤਨ ਪੈਦਾ ਹੁੰਦਾ ਅਤੇ ਫਿਰ ਚਿੰਤਨ ਵਿਚੋਂ ਚੇਤਨਾ ਪੈਦਾ ਹੁੰਦੀ। ਇਸ ਲਈ ਪੰਜਾਬੀਆਂ ਲਈ ਬਹੁਤ ਜ਼ਰੂਰੀ ਹੈ ਕਿ ਉਹ ਭਾਵੁਕਤਾ ਦੇ ਨਾਲ ਨਾਲ, ਬੌਧਿਕ ਵਿਕਾਸ ਦੇ ਨਾਲ ਹੀ ਸਰੀਰਕ ਤੇ ਮਾਨਸਿਕ ਵਿਕਾਸ ਕਰਨ, ਫ਼ਿਕਰ ਕਰਨ, ਚਿੰਤਨ ਕਰਨ ਅਤੇ ਫਿਰ ਚੇਤਨਾ ਦੇ ਮਾਰਗੀ ਬਣਨ। ਪੰਜਾਬੀਆਂ ਦੀ ਫ਼ਿਤਰਤ ਨੂੰ ਬਦਲਣ ਦੀ ਲੋੜ ਹੈ ਅਤੇ ਇਹ ਸਿਰਫ਼ ਚੇਤਨਾ ਰਾਹੀਂ ਹੀ ਬਦਲੀ ਜਾ ਸਕਦੀ ਹੈ।

ਪੰਜਾਬੀ ਸਮਾਜ ਵਿਚ ਚੇਤਨਾ ਪੈਦਾ ਕਰਨ ਵਾਸਤੇ ਸਾਨੂੰ ਹਰ ਪੱਧਰ 'ਤੇ ਚਿੰਤਨ ਕਰਨ ਦੀ ਲੋੜ ਹੈ ਤਾਂ ਹੀ ਅਸੀਂ ਪੰਜਾਬੀ ਕਮਿਊਨਿਟੀ ਨੂੰ ਚੇਤਨ ਕਰ ਕੇ ਅਜੋਕੇ ਸਮੇਂ ਦਾ ਹਾਣੀ ਬਣਾ ਸਕਦੇ ਹਾਂ।

ਚੇਤਨਾ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਧਰਮ ਨਾਲ ਜੁੜੀਏ। ਗੁਰੂ ਗਰੰਥ ਸਾਹਿਬ ਵਿਚ ਮਨੁੱਖ ਲਈ ਹਰ ਕਿਸਮ ਦੀ ਚੇਤਨਾ ਹੈ। ਸਿਰਫ਼ ਸਾਨੂੰ ਚਿੰਤਨ ਕਰਨ ਦੀ ਆਦਤ ਹੋਣੀ ਚਾਹੀਦੀ ਹੈ। ਧਰਮ ਦਰਅਸਲ ਜੀਵਨ ਜਾਚ ਹੁੰਦਾ ਹੈ ਅਤੇ ਇਸ ਸੰਦਰਭ ਵਿਚ ਅਸੀਂ ਧਰਮ ਦੇ ਪੈਰੋਕਾਰ ਬਣਾਂਗੇ ਤਾਂ ਬਹੁਤ ਕੁਝ ਹਾਸਲ ਕਰ ਸਕਾਂਗੇ।

ਪੰਜਾਬੀਆਂ ਲਈ ਅੱਖਰ ਨਾਲ ਜੁੜਨਾ ਜ਼ਰੂਰੀ। ਤਾਂ ਹੀ ਅਸੀਂ ਸਾਹਿਤ ਨਾਲ ਜੁੜ ਸਕਾਂਗੇ ਜਿਸ ਵਿਚੋਂ ਸਾਨੂੰ ਸਮਾਜਿਕ ਵਰਤਾਰਿਆਂ ਅਤੇ ਹੋਣ ਵਾਲੀਆਂ ਸੰਭਾਵਤ ਭਵਿੱਖਮੁਖੀ ਤਬਦੀਲੀਆਂ ਦੀ ਜਾਣਕਾਰੀ ਮਿਲੇਗੀ। ਸਾਨੂੰ ਘਰਾਂ ਵਿਚ ਬੀਅਰ ਬਾਰ ਦੀ ਥਾਂ ਬੁੱਕ ਸ਼ੈਲਫ਼ਾਂ ਬਣਾਉਣ ਦੀ ਲੋੜ ਹੈ। ਪਰ ਜਿਹੜਾ ਸਮਾਜ ਆਪਣੀ ਮਾਂ ਬੋਲੀ ਬਾਰੇ ਵੀ ਫ਼ਿਕਰਮੰਦ ਨਾ ਹੋਵੇ ਉਸ ਵਿਚ ਚੇਤਨਾ ਬਾਰੇ ਚਿੰਤਾ ਪੈਦਾ ਹੋਣੀ ਵੀ ਵੱਡਾ ਪ੍ਰਸ਼ਨ ਆ?

ਸਭ ਤੋਂ ਅਹਿਮ ਹੈ ਕਿ ਵਿਸ਼ਵ ਪੱਧਰ 'ਤੇ ਪੰਜਾਬੀਆਂ ਦਾ ਥਿੰਕ ਟੈਂਕ ਹੋਣਾ ਚਾਹੀਦਾ ਹੈ। ਫਿਰ ਵੱਖ ਵੱਖ ਗਰੁੱਪ ਹੋਣ ਜਿਸਦੇ ਮੈਂਬਰ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟ ਚੁੱਕੇ ਮਾਹਿਰ ਹੋਣ ਅਤੇ ਜਿਹੜੇ ਵੱਖੋ ਵੱਖਰੇ ਖੇਤਰਾਂ ਵਿਚ ਜਾਣ ਵਾਲਿਆਂ ਲਈ ਚੇਤਨਾ ਦੇ ਕੈਂਪ ਲਾਉਣ ਭਾਵੇਂ ਇਹ ਬਿਜ਼ਨਸ ਹੋਵੇ, ਅਕਾਦਮਿਕ, ਧਾਰਮਿਕ ਜਾਂ ਕੋਈ ਪ੍ਰੋਫੈਸ਼ਨਲ ਖੇਤਰ ਹੋਵੇ।

ਫਿਕਰ ਤੋਂ ਫਿਕਰਮੰਦੀ ਤੇ ਫਿਰ ਚੇਤਨਾ ਦਾ ਸਫ਼ਰ ਤਾਂ ਘਰ ਤੋਂ ਸ਼ੁਰੂ ਕਰਨਾ ਪਵੇਗਾ। ਸਭ ਤੋਂ ਜ਼ਰੂਰੀ ਹੁੰਦਾ ਹੈ ਬਦਲਦੇ ਹਾਲਾਤ ਦੇ ਪੈ ਰਹੇ ਪ੍ਰਭਾਵਾਂ ਬਾਰੇ ਮਾਪਿਆਂ ਦਾ ਚੇਤੰਨ ਹੋਣਾ ਅਤੇ ਚੇਤਨਾ ਦਾ ਜਾਗ ਆਪਣੇ ਬੱਚਿਆਂ ਵਿਚ ਲਾਉਣਾ।

ਇਕ ਵਿਅਕਤੀ ਲਈ ਚੇਤੰਨ ਹੋਣ ਵਾਸਤੇ ਆਪਣੇ ਅੰਦਰ ਉਤਰਨਾ, ਖੁਦ ਦੇ ਰੂ-ਬ-ਰੂ ਹੋਣਾ ਅਤੇ ਆਪਣੀਆਂ ਕਮੀਆਂ, ਕੁਤਾਹੀਆਂ, ਕਮੀਨਗੀਆਂ ਤੇ ਖਾਮੀਆਂ ਦੀ ਪਛਾਣ ਕਰਨਾ ਅਤੇ ਫਿਰ ਖਤਮ ਕਰ ਕੇ, ਨਵੀਂ ਊਰਜਾ ਅਤੇ ਹੌਂਸਲੇ, ਹੱਠ ਅਤੇ ਹਿੰਮਤ ਨੂੰ ਹਾਣੀ ਬਣਾਉਣਾ ਜ਼ਰੂਰੀ ਹੁੰਦਾ। ਕੁਝ ਵੀ ਅਸੰਭਵ ਨਹੀਂ ਹੁੰਦਾ ਸਿਰਫ਼ ਸ਼ੁਰੂਆਤ ਦੀ ਲੋੜ ਹੁੰਦੀ ਹੈ।

ਇਕ ਗੱਲ ਤਾਂ ਸੱਚੀ ਹੈ ਕਿ ਸਾਡੇ ਬਜ਼ੁਰਗ ਸਾਡੇ ਨਾਲੋਂ ਜ਼ਿਆਦਾ ਚੇਤਨ ਅਤੇ ਜ਼ਿੰਦਗੀ ਦੀ ਸੰਪੂਰਨ ਕਿਤਾਬ ਸਨ। ਉਨ੍ਹਾਂ ਕੋਲ ਡਿਗਰੀਆਂ ਨਹੀਂ ਸਨ ਪਰ ਪੂਰਨ ਗਿਆਨ ਸੀ। ਮੇਰੇ ਬਾਪ ਨੇ ਅਨਪੜ੍ਹ ਹੁੰਦਿਆਂ ਯੂਨੀਵਰਸਿਟੀ ਤੀਕ ਪੜ੍ਹਾਇਆ। ਉਸਦੀ ਸੀਮਤ ਸਾਧਨਾਂ ਵਿਚ ਜੀਵਨ-ਜਾਚ ਸਬਰ, ਸੁਖਨ ਅਤੇ ਸਿਰੜ ਕਮਾਲ ਦਾ ਸੀ। ਕਦੇ ਹਾਰ ਨਹੀਂ ਮੰਨੀ। ਹੜ੍ਹਾਂ ਨਾਲ ਫਸਲਾਂ ਮਾਰੀਆਂ ਜਾਣ 'ਤੇ ਵੀ ਕਦੇ ਖ਼ੁਦਕੁਸ਼ੀ ਨਹੀਂ ਸੀ ਕੀਤੀ। ਸਦਾ ਚੜ੍ਹਦੀ ਕਲਾ ਵਿਚ ਰਹਿੰਦੇ। ਇਮਾਨਦਾਰੀ ਬਾਰੇ ਉਨ੍ਹਾਂ ਦਾ ਤਰਕ ਕਮਾਲ ਦਾ ਸੀ ਕਿ ਕਿਸੇ ਦੇ ਚੋਰੀ ਪੱਠੇ ਨਾ ਵੱਢੋ, ਤੁਹਾਨੂੰ ਗੁਰਦੁਆਰੇ, ਮੱਸਿਆ ਜਾਂ ਸੱਤਸੰਗ 'ਤੇ ਜਾਣ ਦੀ ਲੋੜ ਨਹੀਂ ਪਵੇਗੀ। ਮੇਰੇ ਪ੍ਰੈਪ ਵਿਚੋਂ ਫੇਲ੍ਹ ਹੋਣ 'ਤੇ ਬਾਪ ਨੇ ਹੱਲਾਸ਼ੇਰੀ ਦਿੰਦਿਆਂ ਕਿਹਾ ਸੀ ਕਿ ਕੋਈ ਨਾ ਅਗਲੇ ਸਾਲ ਪਾਸ ਹੋ ਜਾਈਂ। ਰੂੜੀ ਪਵਾ ਲਾ ਅਤੇ ਕੱਲ ਨੂੰ ਦੁਬਾਰਾ ਕਾਲਜ ਵਿਚ ਦਾਖਲ ਹੋ ਜਾ। ਅੱਜ ਕੱਲ੍ਹ ਤਾਂ ਬੱਚੇ ਦੇ ਘੱਟ ਨੰਬਰ ਆਉਣ 'ਤੇ ਮਾਪੇ, ਬੱਚਿਆਂ ਦੀ ਜਾਨ ਕੱਢ ਲੈਂਦੇ ਨੇ। ਅਤੇ ਕਈ ਵਾਰ ਬੱਚੇ ਖ਼ੁਦਕੁਸ਼ੀ ਵੀ ਕਰ ਲੈਂਦੇ। ਇਹ ਚੇਤਨਾ ਸਾਡੇ ਮਾਪਿਆਂ ਨੇ ਅਚੇਤ ਰੂਪ ਵਿਚ ਸਾਡੇ ਮਨਾਂ ਵਿਚ ਧਰੀ ਜੋ ਹਰ ਮੋੜ 'ਤੇ ਮਾਰਗ ਦਰਸ਼ਨ ਕਰ ਰਹੀ ਏ।

ਅਫਸੋਸ ਨਾਲ ਕਹਿਣਾ ਪੈਂਦਾ ਕਿ ਹੁਣ ਮਾਪਿਆਂ ਕੋਲ ਆਪਣੇ ਬੱਚਿਆਂ ਦੀ ਸਾਰ ਲੈਣ ਦਾ ਸਮਾਂ ਹੀ ਨਹੀਂ। ਬੱਚੇ ਕਿਸ ਕੋਲੋਂ ਰਹਿਨੁਮਾਈ ਪ੍ਰਾਪਤ ਕਰਨ। ਮੇਰੀ ਵੱਡੀ ਬੇਟੀ ਬੀ.ਡੀ.ਐਸ. ਵਿਚ ਦਾਖ਼ਲ ਹੋਈ ਤਾਂ ਮੈਂ ਉਸ ਨੂੰ ਹਰ ਹਫ਼ਤੇ ਚਿੱਠੀ ਲਿਖਦਾ ਸਾਂ ਕਿ ਨਵੇਂ ਮਾਹੌਲ ਵਿਚ ਕਿਹੜੀਆਂ ਚੁਣੌਤੀਆਂ ਹੋ ਸਕਦੀਆਂ, ਇਨ੍ਹਾਂ ਦਾ ਕਿਵੇਂ ਸਾਹਮਣਾ ਕਰਨਾ ਅਤੇ ਇਸ ਵਿਚੋਂ ਕਿਵੇਂ ਉਭਰਨਾ ਹੈ? ਮੇਰੀਆਂ ਚਿੱਠੀਆਂ ਮੇਰੀ ਬੇਟੀ ਤੋਂ ਪਹਿਲਾਂ ਹੀ ਉਸ ਦੀਆਂ ਸਹੇਲੀਆਂ ਪੜ੍ਹ ਲੈਂਦੀਆਂ ਸਨ। ਮੈਨੂੰ ਲੱਗਾ ਕਿ ਜੀਵਨ ਵਿਚ ਕੰਮ ਆਉਣ ਵਾਲੀਆਂ ਸਲਾਹੁਤਾਂ ਬਾਰੇ ਬੱਚਿਆਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ ਜਿਸਦੀ ਬਹੁਤ ਘਾਟ ਹੈ। ਮੈਂ ਇਨ੍ਹਾਂ ਚਿੱਠੀਆਂ ਦੇ ਅਧਾਰ 'ਤੇ ਅਜੀਤ ਅਖ਼ਬਾਰ ਵਿਚ ਮਿਡਲ ਲੇਖ ਲਿਖੇ ਜਿਨ੍ਹਾਂ ਦਾ ਹੁੰਗਾਰਾ ਕਮਾਲ ਦਾ ਸੀ। ਮੇਰੀ ਪਹਿਲੀ ਪੁਸਤਕ 'ਰੰਗਾਂ ਦਾ ਦਰਿਆ' ਇਨ੍ਹਾਂ ਚਿੱਠੀਆਂ ਦਾ ਵਿਸਥਾਰ ਹੀ ਸੀ ਅਤੇ ਮੈਂ ਕਵਿਤਾ ਤੋਂ ਵਾਰਤਕ ਵੱਲ ਨੂੰ ਮੁੜਿਆ ਸਾਂ। ਕੀ ਮਾਪਿਆਂ ਕੋਲ ਇੰਨੀ ਕੁ ਵਿਹਲ ਹੈ ਕਿ ਉਹ ਆਪਣੀ ਬੱਚਿਆਂ ਨੂੰ ਸੁਚੱਜੀ ਸੇਧ ਦੇਣ ਲਈ ਕੁਝ ਸਮਾਂ ਕੱਢ ਸਕਣ?

ਚੇਤਨਾ ਦੀ ਲਹਿਰ ਪੈਦਾ ਕਰਨ ਲਈ ਖ਼ੁਦ ਨੂੰ ਚੇਤੰਨ ਹੋਣਾ ਪੈਂਦਾ ਹੈ। ਬਾਬਾ ਸੇਵਾ ਸਿੰਘ ਜੀ ਕੋਲ ਕੋਈ ਡਿਗਰੀ ਨਹੀਂ ਪਰ ਉਹ ਚੇਤਨਾ ਦਾ ਚਿਰਾਗ ਹਨ। ਉਹ ਵਾਤਾਵਰਣ ਨੂੰ ਬਚਾਉਣ ਲਈ ਦਰਖਤ ਲਗਾ ਕੇ ਹਵਾ ਦੇ ਲੰਗਰ ਲਗਾ ਰਹੇ ਹਨ। ਵਿਦਿਆ ਦਾ ਚਾਨਣ ਵੰਡਣ ਲਈ ਵੱਖ ਅਦਾਰੇ ਬਿਹਤਰੀਨ ਵਿਦਿਆ ਪ੍ਰਦਾਨ ਕਰ ਰਹੇ। ਪੀਐਮਟੀ/ਸੀਈਟੀ ਅਦਾਰੇ ਵਿਚੋਂ ਹਰ ਸਾਲ ਬਹੁਤ ਸਾਰੇ ਵਿਦਿਆਰਥੀ ਮੈਡੀਕਲ/ਇੰਜਨੀਅਰਿੰਗ ਕਾਲਜਾਂ, ਤੇ ਆਈਆਈਟੀ ਵਿਚ ਜਾ ਰਹੇ ਹਨ। ਉਨ੍ਹਾਂ ਵਲੋਂ ਚਲਾਏ ਜਾ ਰਹੇ ਹਾਕੀ ਕਲੱਬ ਦੇ ਖਿਡਾਰੀ ਹੁਣ ਤਾਂ ਇੰਡੀਆ ਦੀ ਕੌਮੀ ਟੀਮ ਵਿਚ ਖੇਡ ਰਹੇ ਹਨ। ਕੁੜੀਆਂ ਦੀ ਪੰਜਾਬ ਪੁਲੀਸ, ਬੀਐਸਐਫ, ਦਿੱਲੀ ਪੁਲੀਸ ਜਾਂ ਸੀਆਰਪੀਐਫ ਵਿਚ ਭਰਤੀ ਲਈ ਫਰੀ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਹੁਣ ਤੀਕ 700 ਦੇ ਕਰੀਬ ਲੜਕੀਆਂ ਇਨ੍ਹਾਂ ਅਦਾਰਿਆਂ ਵਿਚ ਕਾਂਸਟੇਬਲ, ਸਬ ਇੰਸਪੈਕਟਰ ਜਾਂ ਇੰਸਪੈਕਟਰ ਵਜੋਂ ਸੇਵਾਵਾਂ ਨਿਭਾ ਰਹੀਆਂ ਹਨ ਅਤੇ ਪਰਿਵਾਰਾਂ ਲਈ ਮਾਣ ਬਣ ਰਹੀਆਂ ਹਨ। ਐਨਡੀਏ ਦੀ ਤਿਆਰੀ ਲਈ ਵੱਖਰਾ ਅਦਾਰਾ ਹੈ ਅਤੇ ਅਦਾਰੇ ਦੇ ਵਿਦਿਆਰਥੀ ਐਨਡੀਏ ਵਿਚ ਸਿੱਧੇ ਜਾ ਰਹੇ ਹਨ ਜੋ ਆਉਣ ਵਾਲੇ ਸਮਿਆਂ ਵਿਚ ਫੌਜ ਵਿਚ ਵੱਡੇ ਅਹੁਦਿਆਂ 'ਤੇ ਪਹੁੰਚਣਗੇ। ਅਜੇਹੇ ਅਫਸਰ ਮਨ ਵਿਚ ਸਿੱਖੀ ਪ੍ਰੰਪਰਾਵਾਂ ਅਤੇ ਮੂਲ ਭਾਵਨਾਵਾਂ ਨੂੰ ਜੀਵਨ ਵਿਚ ਜ਼ਰੂਰ ਅਪਨਾਉਣਗੇ। ਸਿਵਲ ਸਰਵਿਸ਼ਜ ਦੀ ਤਿਆਰੀ ਲਈ ਇਕ ਹੋਰ ਅਦਾਰਾ ਆਪਣੀਆਂ ਸੇਵਾਵਾਂ ਦੇ ਰਿਹਾ। ਧਾਰਮਿਕ ਖ਼ੇਤਰ ਵਿਚ ਜਾਣ ਵਾਲਿਆਂ ਲਈ ਧਾਰਮਿਕ ਅਦਾਰਾ ਉੱਚ ਕੋਟੀ ਦਾ ਯੋਗਦਾਨ ਪਾ ਰਿਹਾ ਹੈ। ਕੀ ਕੋਈ ਹੋਰ ਸੰਸਥਾ ਅਜੇਹੀਆਂ ਬਹੁ-ਵਿਧਾਵੀ ਕੋਸ਼ਿਸ਼ਾਂ ਕਰ ਕੇ ਆਮ ਲੋਕਾਂ ਵਿਚ ਚੇਤਨਾ ਪੈਦਾ ਕਰਨ ਦਾ ਭਵਿੱਖਮੁਖੀ ਕਾਰਜ ਕਰ ਰਹੀ ਹੈ? ਅਰਬਾਂ ਦੇ ਬਜਟ ਵਾਲੀ ਸਾਡੀ ਸ਼੍ਰੋਮਣੀ ਕਮੇਟੀ ਕੀ ਕਰ ਰਹੀ ਹੈ? ਪੰਜਾਬੀਆਂ ਨੂੰ ਲੰਗਰਾਂ ਦੀ ਬਜਾਏ ਗਿਆਨ ਦੇ ਲੰਗਰਾਂ ਵੱਲ ਤਵੱਜੋਂ ਦੇਣ ਦੀ ਲੋੜ ਹੈ।

ਇਹ ਵੀ ਚੇਤੇ ਹੋਣਾ ਚਾਹੀਦਾ ਕਿ ਚੇਤਨ ਲੋਕ ਆਪਣੇ ਪੁਰਖ਼ਿਆਂ ਦੀਆਂ ਗੁੰਮ ਗਈਆਂ ਕਬਰਾਂ ਵੀ ਭਾਲ ਲੈਂਦੇ ਜਦ ਕਿ ਚੇਤਨਾ ਤੋਂ ਵਿਹੂਣੇ ਲੋਕ ਆਪਣੀ ਵਿਰਾਸਤ ਨੂੰ ਦਫ਼ਨ ਕਰਨ ਲਈ ਕਾਹਲੇ ਹੁੰਦੇ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਚਿੰਤਾ ਤੋਂ ਚਿੰਤਨ ਅਤੇ ਫਿਰ ਚੇਤਨਾ ਤੀਕ ਦਾ ਸਫ਼ਰ ਬਿਖੜਾ ਤਾਂ ਹੈ ਪਰ ਅਸੰਭਵ ਬਿਲਕੁਲ ਨਹੀਂ। ਸਿਰਫ਼ ਖੜੇ ਲੋਕ ਹੀ ਹਾਰੇ ਹੁੰਦੇ ਜਦ ਕਿ ਤੁਰਨ ਵਾਲੇ ਕਦੇ ਹਾਰਦੇ ਨਹੀਂ ਹੁੰਦੇ।

ਆਸ ਹੈ ਕਿ ਪੰਜਾਬੀ ਜ਼ਰੂਰ ਚੇਤੰਨ ਹੋਣਗੇ ਕਿ ਕਿਵੇਂ ਉਨ੍ਹਾਂ ਨਵੀਆਂ ਚੁਣੌਤੀਆਂ ਨਾਲ ਖਹਿੰਦਿਆਂ, ਆਢਾ ਲਾਉਂਦਿਆਂ, ਆਪਣੇ ਜੀਵਨ ਨੂੰ ਨਵੇਂ ਅਰਥ ਦੇਣੇ ਹਨ ਜਿਸ ਨਾਲ ਉਹ ਸਮਾਜ ਨੂੰ ਨਵੀਂ ਨਰੋਈ ਦਿੱਖ ਦੇਣ ਦੇ ਯੋਗ ਹੋ ਸਕਣ ਜਿਵੇਂ ਉਹ ਪਹਿਲਾਂ ਦਿੰਦੇ ਆਏ ਹਨ।

ਵੈਸੇ ਵੀ ਪੰਜਾਬੀਆਂ ਨੇ ਕਦੇ ਹਾਰ ਤਾਂ ਮੰਨੀਂ ਹੀ ਨਹੀਂ। ਫਿਰ ਇਹ ਸਫ਼ਰ ਉਨ੍ਹਾਂ ਦੇ ਸਿਰੜ ਅਤੇ ਜ਼ਿੱਦ ਸਾਹਵੇਂ ਕੀ ਅਰਥ ਰੱਖਦਾ ਹੈ? ਆਸ ਹੈ ਕਿ ਪੰਜਾਬੀ ਚੇਤੰਨ ਜ਼ਰੂਰ ਹੋਣਗੇ।

# 'ਮੇਮ ਦਾ ਪਿੰਡ ਗੋਡਸੇ ਦੀ ਗਲੀ' ਦੀ ਕਹਾਣੀ

'ਮੇਮ ਕਾ ਗਾਂਵ ਗੋਡਸੇ ਕੀ ਗਲੀ' ਪ੍ਰਸਿੱਧ ਪੱਤਰਕਾਰ ਉਰਮਿਲੇਸ਼ ਦੀ ਹਿੰਦੀ ਵਿਚ ਪ੍ਰਕਾਸ਼ਿਤ ਪੁਸਤਕ ਦਾ ਨਾਮ ਹੈ। ਅੱਛਾ!!! ਤੁਸੀਂ ਉਰਮਿਲੇਸ਼ ਨੂੰ ਨਹੀਂ ਜਾਣਦੇ??? ਭਲਾ ਇਹ ਕਿਵੇਂ ਹੋ ਸਕਦਾ ਹੈ? ਚੱਲੋ, ਤੁਹਾਨੂੰ ਇੱਕ ਹੋਰ ਸੰਕੇਤ ਦੇ ਦਿੰਦੀ ਹਾਂ। ਦਿਨ ਤਿੰਨ ਅਕਤੂਬਰ। ਸਥਾਨ ਮੁਲਕ ਦੀ ਰਾਜਧਾਨੀ। ਚੈਨਲ ਨਿਊਜ਼ ਕਲਿੱਕ। ਪੱਤਰਕਾਰ ਕਈ ਸਨ ਜਿਹੜੇ 'ਚੁੱਕੇ' ਗਏ। ਚੁੱਕੇ ਗਏ ਸ਼ਬਦ ਦੇ ਕੌਮਿਆਂ ਨੂੰ ਧਿਆਨ ਵਿਚ ਰੱਖਣਾ। ਪੂਰੇ ਦਿਨ ਦੀ ਮੁਸ਼ੱਕਤ ਮਗਰੋਂ ਪੱਤਰਕਾਰਾਂ ਨੂੰ 'ਛੱਡ' ਦਿੱਤਾ ਗਿਆ। ਹੁਣ ਇੱਥੇ ਛੱਡ ਸ਼ਬਦ ਨੂੰ ਕੌਮਿਆਂ ਸਮੇਤ ਪੜ੍ਹਨਾ। ਉਨ੍ਹਾਂ ਪੱਤਰਕਾਰਾਂ ਇੱਕ ਪੱਤਰਕਾਰ ਉਰਮਿਲੇਸ਼ ਵੀ ਸਨ। ਮੈਨੂੰ ਪੂਰਾ ਯਕੀਨ ਹੈ ਕਿ ਤੁਹਾਨੂੰ ਹੁਣ ਯਾਦ ਆ ਗਿਆ ਹੋਵੇਗਾ। ਹਾਂ ਜੀ, ਹਾਂ ਜੀ, ਉਹੀ ਉਰਮਿਲੇਸ਼। ਉਨ੍ਹਾਂ ਦੀ ਲਿਖੀ ਪੁਸਤਕ

ਨਿਰਮਲਜੀਤ


'ਮੇਮ ਕਾ ਗਾਂਵ ਗੋਡਸੇ ਕੀ ਗਲੀ' ਦੇ ਅਨੁਵਾਦ ਦੀ ਕਹਾਣੀ ਸਾਂਝੀ ਕਰ ਰਹੀ ਹਾਂ। ਜੇ ਹਾਲੇ ਵੀ ਤੁਹਾਨੂੰ ਉਰਮਿਲੇਸ਼ ਦਾ ਚੇਤਾ ਨਹੀਂ ਆਇਆ ਤਾਂ ਇਸ ਲੇਖ ਨੂੰ ਪੜ੍ਹਨ ਉਪਰੰਤ ਆ ਜਾਵੇਗਾ।


ਇਸ ਪੁਸਤਕ ਦੇ ਅਨੁਵਾਦ ਦੀ ਕਹਾਣੀ 2022 ਦੇ ਜਨਵਰੀ ਮਹੀਨੇ ਤੋਂ ਸ਼ੁਰੂ ਹੁੰਦੀ ਹੈ। ਸੁਨੇਹਾ ਮਿਲਿਆ ਕਿ ਨਵੀਂ ਕਿਤਾਬ ਆਈ ਹੈ- ਮੇਮ ਕਾ ਗਾਂਵ ਗੋਡਸੇ ਕੀ ਗਲੀ। ਜ਼ਰਾ ਉਸ ਨੂੰ ਦੇਖਣਾ। ਕਿਤਾਬ ਮੰਗਵਾ ਲਈ ਅਤੇ ਪੜ੍ਹੀ। ਜਿਵੇਂ-ਜਿਵੇਂ ਕਿਤਾਬ ਪੜ੍ਹਦੀ ਗਈ, ਸੋਚਦੀ ਗਈ ਕਿ ਮੁਲਕ ਨੂੰ ਦੇਖਣ ਦਾ ਇੱਕ ਨਜ਼ਰੀਆ ਇਹ ਵੀ ਹੋ ਸਕਦਾ ਹੈ। ਕਿਤਾਬ ਪੜ੍ਹਦੇ ਹੋਏ ਪਹਿਲੀ ਵਾਰ ਅਹਿਸਾਸ ਹੋਇਆ ਕਿ ਹੱਤਿਆ ਅਤੇ ਵਧ ਸ਼ਬਦ ਵਿਚਕਾਰ ਕਿੰਨੀ ਵਿੱਥ ਹੈ ਜਿਸ ਨੂੰ ਸਮਝਣ-ਪਕੜਨ ਦੀ ਲੋੜ ਹੈ।


ਫਿਰ ਗੱਲ ਚੱਲੀ ਕਿ ਕਿਉਂ ਨਾ ਇਸ ਕਿਤਾਬ ਵਿਚੋਂ ਕੁਝ ਲੇਖ ਅਨੁਵਾਦ ਕਰ ਲਏ ਜਾਣ ਤਾਂ ਜੋ ਪੰਜਾਬੀ ਪਾਠਕ ਤੱਕ ਇਨ੍ਹਾਂ ਦੀ ਰਸਾਈ ਹੋ ਸਕੇ। ਗੱਲਾਂ-ਗੱਲਾਂ ਵਿਚੋਂ ਇਹ ਗੱਲ ਨਿਕਲ ਆਈ ਕਿ ਕਿਉਂ ਨਾ ਸਾਰੀ ਕਿਤਾਬ ਹੀ ਅਨੁਵਾਦ ਕਰ ਲਈ ਜਾਵੇ। ਇਸ ਬਾਰੇ ਆਖਣ ਵਾਲੇ ਵਿਦਵਾਨ ਨੂੰ ਕਿਹਾ ਕਿ ਅਨੁਵਾਦ ਦੀ ਆਗਿਆ ਦਾ ਇੰਤਜ਼ਾਮ ਤੁਹਾਡੇ ਜ਼ਿੰਮੇ ਹੈ। ਇਹ ਆਗਿਆ ਲੈ ਦਿਓ ਤਾਂ ਕਿਤਾਬ ਅਨੁਵਾਦ ਕਰ ਦਿਆਂਗੀ। ਉਰਮਿਲੇਸ਼ ਜੀ ਨੇ ਬੜੇ ਖ਼ਲੂਸ ਨਾਲ ਇਹ ਆਗਿਆ ਦੇ ਦਿੱਤੀ। ਜਦੋਂ ਉਨ੍ਹਾਂ ਨਾਲ ਕਿਤਾਬ ਦੇ ਅਨੁਵਾਦ ਬਾਰੇ ਗੱਲ ਹੋਈ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ ਸੰਨ 1995 ਤੋਂ 1997 ਤੱਕ ਪੰਜਾਬ ਵਿਚ ਪੱਤਰਕਾਰੀ ਕਰ ਚੁੱਕੇ ਹਨ।

ਰੁਕੋ, ਰੁਕੋ। ਕੀ ਕਿਹਾ? ਮੈਂ ਵਿਸ਼ੇ ਤੋਂ ਭਟਕ ਗਈ ਹਾਂ। ਨਹੀਂ, ਨਹੀਂ ਇੱਦਾਂ ਦੀ ਕੋਈ ਗੱਲ ਨਹੀਂ। ਆਪਣੀ ਗੱਲ ਕਹਿਣ ਤੋਂ ਪਹਿਲਾਂ ਥੋੜ੍ਹੀ ਜਿਹੀ ਭੂਮਿਕਾ ਤਾਂ ਬੰਨ੍ਹਣੀ ਹੀ ਪੈਂਦੀ ਹੈ। ਤੁਸੀਂ ਕਦੇ ਢਾਡੀ, ਕਵੀਸ਼ਰ ਨਹੀਂ ਸੁਣੇ? ਕਿਸੇ ਵੀ ਪ੍ਰਸੰਗ ਨੂੰ ਸੁਣਾਉਣ ਤੋਂ ਪਹਿਲਾਂ ਉਹ ਪੂਰੀ ਠੁੱਕਦਾਰ ਭੂਮਿਕਾ ਬੰਨ੍ਹਦੇ ਨੇ। ਮੈਂ ਤਾਂ ਬਸ ਬਹੁਤ ਸੰਖੇਪ ਜਿਹੀ, ਨਿੱਕੜੀ ਜਿਹੀ ਭੂਮਿਕਾ ਹੀ ਬੰਨ੍ਹੀ ਹੈ। ਸੋ ਅੱਜ ਦਾ ਮੇਰਾ ਪ੍ਰਸੰਗ ਸਿਰਫ਼ ਗਾਂਧੀ ਅਤੇ ਗੋਡਸੇ ਬਾਰੇ ਹੈ। ਹਾਂ ਜੀ, ਹਾਂ ਜੀ। ਮੈਂ ਮਹਾਤਮਾ ਗਾਂਧੀ ਅਤੇ ਨੱਥੂ ਰਾਮ ਗੋਡਸੇ ਦੀ ਗੱਲ ਕਰ ਰਹੀ ਹਾਂ ਪਰ ਕਰ ਉਰਮਿਲੇਸ਼ ਦੇ ਹਵਾਲੇ ਨਾਲ ਰਹੀ ਹਾਂ।

**ਉਰਮਿਲੇਸ਼ ਵਰਗਾ ਪੱਤਰਕਾਰ ਸਹੀ ਸਮੱਸਿਆ ਉੱਤੇ ਉਂਗਲ ਧਰਦਾ ਹੈ ਪਰ ਇੱਕ ਖ਼ਾਸ ਤਰ੍ਹਾਂ ਦੀ ਰਾਜਨੀਤੀ ਵਾਲਿਆਂ ਨੂੰ ਉਹ ਸਵਾਲ ਚੁਭਦੇ ਹਨ। ਉਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਜਗ੍ਹਾ ਉਨ੍ਹਾਂ ਦਾ ਮੂੰਹ ਬੰਦ ਕਰਵਾਉਣ ਦੀ ਕੋਸ਼ਿਸ਼ ਵਿਚ ਹਨ। ਇਸੇ ਕੋਸ਼ਿਸ਼ ਵਿਚੋਂ ਨਿਕਲਿਆ ਹੈ ਤਿੰਨ ਅਕਤੂਬਰ। ਇਹ ਮੰਨਿਆ ਕਿ ਦੇਸ਼ ਵਿਚ ਪੱਤਰਕਾਰੀ ਦੇ ਨਾਮ 'ਤੇ ਝੋਲੀ ਚੁੱਕ ਪੱਤਰਕਾਰ ਆਪਣਾ ਫਰਜ਼ ਭੁੱਲ ਗਏ ਹਨ ਪਰ ਗੰਭੀਰ ਕਿਸਮ ਦੀ ਪੱਤਰਕਾਰੀ ਕਰਨ ਵਾਲੇ ਵੀ ਮੌਜੂਦ ਹਨ। ਉਹ ਗਿਣਤੀ ਵਿਚ ਭਾਵੇਂ ਬਹੁਤ ਘੱਟ ਹਨ ਪਰ ਉਨ੍ਹਾਂ ਘੱਟ ਗਿਣਤੀ ਪੱਤਰਕਾਰਾਂ ਦੀ ਆਵਾਜ਼ ਨੇ ਤਖਤ ਨੂੰ ਵਖਤ ਪਾਇਆ ਹੋਇਆ ਹੈ।**



*'ਮੇਮ ਦਾ ਪਿੰਡ ਗੋਡਸੇ ਦੀ ਗਲੀ' ਤੇ 'ਮੇਮ ਕਾ ਗਾਂਵ ਗੋਡਸੇ ਕੀ ਗਲੀ' ਪੋਥੀਆਂ ਦੇ ਮੁਖੜੇ ਅਤੇ ਪੱਤਰਕਾਰ ਲੇਖਕ ਉਰਮਿਲੇਸ਼।*

ਉਰਮਿਲੇਸ਼ ਆਪਣੀ ਇਸ ਪੁਸਤਕ ਦੇ ਗੋਡਸੇ ਦੀ ਗਲੀ ਅਧਿਆਏ ਵਿਚ ਪਹਿਲਾਂ ਸਾਵਰਕਰ ਦੇ ਘਰ ਜਾਂਦੇ ਨੇ ਤੇ ਫਿਰ ਨੱਥੂ ਰਾਮ ਗੋਡਸੇ ਤੇ ਉਸ ਦੇ ਭਾਈ ਗੋਪਾਲ ਗੋਡਸੇ ਦੇ ਘਰ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਕਾਰ ਡਰਾਈਵਰ ਵੀ ਹੈ। ਪਹਿਲਾਂ ਉਹ ਸਾਵਰਕਰ ਦੇ ਘਰ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ ਨੱਥੂ ਰਾਮ ਗੋਡਸੇ ਦੀ ਭਤੀਜੀ ਜੋ ਸਾਵਰਕਰ ਦੀ ਨੂੰਹ ਹੈ, ਹਿਮਾਨੀ ਸਾਵਰਕਰ ਨੂੰ ਮਿਲਣਾ ਹੈ। ਇਸ ਮੁਲਾਕਾਤ ਦਾ ਆਖ਼ਰੀ ਸਵਾਲ ਬਹੁਤ ਅਹਿਮ ਹੈ। ਉਹ ਹਿਮਾਨੀ ਨੂੰ ਪੁੱਛਦੇ ਹਨ, ਉਰਮਿਲੇਸ਼ ਦੇ ਸ਼ਬਦਾਂ ਵਿਚ "ਤੁਸੀਂ ਭਾਰਤ ਦੇ ਦੋ ਪਰਿਵਾਰਾਂ ਨਾਲ ਸਬੰਧਿਤ ਹੋ ਜਿਨ੍ਹਾਂ ਦਾ ਪਿਛੋਕੜ ਬੇਹੱਦ ਵਿਵਾਦਪੂਰਨ ਹੈ- ਇੱਕ ਤਾਂ ਗਾਂਧੀ ਦਾ ਹਤਿਆਰੇ ਦਾ ਪਰਿਵਾਰ ਹੈ ਤਾਂ ਦੂਸਰਾ ਹਤਿਆਰੇ ਨੂੰ ਰਾਜਨੀਤਕ-ਵਿਚਾਰਧਾਰਕ ਤੌਰ 'ਤੇ ਸਿੱਖਿਅਤ ਕਰਦੇ ਰਹਿਣ ਵਾਲੇ ਅਤੇ ਅੰਗਰੇਜ਼ੀ ਹਕੂਮਤ ਤੋਂ ਮੁਆਫ਼ੀ ਮੰਗ ਕੇ ਜੇਲ੍ਹ ਇਕੋਂ ਬਾਹਰ ਆਉਣ ਵਾਲੇ ਵਿਵਾਦਪੂਰਨ ਵਿਅਕਤੀ ਦਾ...। ਅਜਿਹੇ ਪਰਿਵਾਰਾਂ ਨਾਲ ਸਬੰਧਿਤ ਹੋਣ ਕਰ ਕੇ ਤੁਸੀਂ ਕਿਹੋ ਜਿਹਾ ਮਹਿਸੂਸ ਕਰਦੇ ਹੋ?"... ਹਿਮਾਨੀ ਦੇ ਚਿਹਰੇ ਉੱਤੇ ਤਣਾਅ ਨਾਲੋਂ ਗੁੱਸਾ ਵਧੇਰੇ ਨਜ਼ਰ ਆਇਆ। ਉਰਮਿਲੇਸ਼ ਇਨ੍ਹਾਂ ਦੀ ਦੁਖਦੀ ਰਗ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ ਤੇ ਸਹੀ ਸਮੇਂ ਉਹੀ ਦੱਬਦਾ ਹੈ। ਵੈਸੇ ਹਿਮਾਨੀ ਦੇ ਨਾਲ ਬੈਠਾ ਬੰਦਾ ਉਸ ਨੂੰ ਏਨਾ ਬੁਰੀ ਤਰ੍ਹਾਂ ਨਾਲ ਤੱਕਦਾ ਹੈ ਕਿ ਇੱਕ ਵਾਰ ਉਰਮਿਲੇਸ਼ ਧੁਰ ਅੰਦਰ ਤੱਕ ਹਿੱਲ ਜਾਂਦਾ ਹੈ।

ਇਸ ਇੰਟਰਵਿਊ ਦੌਰਾਨ ਹਿਮਾਨੀ ਸਾਵਰਕਰ ਇੱਕ ਸਵਾਲ ਦੇ ਜਵਾਬ ਵਿਚ ਕਹਿੰਦੀ ਹੈ, "ਮੈਨੂੰ ਮਾਣ ਹੈ ਕਿ ਅਜਿਹੇ ਪਰਿਵਾਰਾਂ ਨਾਲ ਜੁੜੀ ਹੋਈ ਹਾਂ। ਇਨ੍ਹਾਂ ਪਰਿਵਾਰਾਂ ਦੀ ਦੇਸ਼ਭਗਤੀ ਉੱਪਰ ਕੋਈ ਸਵਾਲ ਨਹੀਂ ਖੜ੍ਹਾ ਕਰ ਸਕਦਾ।" ਇਸ ਤੋਂ ਬਾਅਦ ਉਰਮਿਲੇਸ਼ ਇੱਕ ਹੋਰ ਸਵਾਲ ਕਰਦਾ ਹੈ ਕਿ ਮਹਾਤਮਾ ਗਾਂਧੀ ਜਾਂ ਕਿਸੇ ਵੀ ਵਿਅਕਤੀ ਦੀ ਹੱਤਿਆ ਦਾ ਦੇਸ਼ਭਗਤੀ ਨਾਲ ਕੀ ਰਿਸ਼ਤਾ ਹੋ ਸਕਦਾ ਹੈ? ਇਹ ਤਾਂ ਸਿੱਧਾ-ਸਿੱਧਾ ਅਪਰਾਧ ਹੈ। ਫਿਰ ਦੇਸ਼ ਦੇ ਏਨੇ ਵੱਡੇ ਨੇਤਾ ਜਿਸ ਨੂੰ ਰਾਸ਼ਟਰ ਪਿਤਾ ਕਿਹਾ ਜਾਂਦਾ ਹੈ, ਉਸ ਦੀ ਹੱਤਿਆ ਕੀ ਦੇਸ਼ ਵਿਰੁੱਧ ਗੰਭੀਰ ਸਾਜ਼ਿਸ਼ ਨਹੀਂ ਸੀ? ਦੇਸ਼ ਵਿਰੁੱਧ ਏਡੀ ਵੱਡੀ ਸਾਜ਼ਿਸ਼ ਨੂੰ ਦੇਸ਼ਭਗਤੀ ਕਿਵੇਂ ਆਖਿਆ ਜਾ ਸਕਦਾ ਹੈ? ਇਸ ਤਰ੍ਹਾਂ ਦੇ ਸਵਾਲ ਪੁੱਛਣ ਨੂੰ ਉਰਮਿਲੇਸ਼ ਜੋਖ਼ਮ ਲੈਣ ਦੇ ਤੁੱਲ ਮੰਨਦੇ ਹਨ ਤੇ ਇਹ ਵਾਕਈ ਜੋਖ਼ਮ ਭਰਿਆ ਸੀ ਵੀ।

ਇੱਕ ਸਵਾਲ ਦੇ ਜਵਾਬ ਵਿਚ ਹਿਮਾਨੀ ਸਾਵਰਕਰ ਦਾ ਕਹਿਣਾ ਸੀ ਕਿ ਨੱਥੂ ਰਾਮ ਗੋਡਸੇ ਨੇ ਜੋ ਕੁਝ ਕੀਤਾ, ਆਪਣੇ ਦਿਮਾਗ਼ ਨਾਲ ਕੀਤਾ। ਪੈਸੇ ਲੈ ਕੇ ਉਨ੍ਹਾਂ ਗਾਂਧੀ ਦਾ 'ਵਧ' ਨਹੀਂ ਕੀਤਾ। ਉਰਮਿਲੇਸ਼ ਉਸ ਨੂੰ ਵਿਚੋਂ ਟੋਕਦਿਆਂ ਕਹਿੰਦਾ ਹੈ ਕਿ ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਗਾਂਧੀ ਦੀ ਨਿਰਦਈ ਹੱਤਿਆ ਨੂੰ 'ਵਧ' ਕਿਹਾ ਜਾ ਰਿਹਾ ਹੈ। 'ਵਧ' ਖ਼ਾਸ ਪ੍ਰਸੰਗ ਅਤੇ ਧਾਰਮਿਕ-ਪੌਰਾਣਿਕ ਕਥਾਵਾਂ ਨਾਲ ਜੁੜਿਆ ਸ਼ਬਦ ਹੈ ਜਿਸ ਵਿਚ ਮਾਰਨ ਵਾਲਾ ਵਿਅਕਤੀ ਪਵਿੱਤਰ ਆਦਮੀ ਹੈ ਅਤੇ ਮਾਰਿਆ ਜਾਣ ਵਾਲਾ ਕੋਈ ਅਪਵਿੱਤਰ ਜਾਂ ਅਪਰਾਧੀ ਆਦਮੀ। ਹਿਮਾਨੀ ਇਸ ਜਵਾਬ ਕਹਿ ਲਓ ਜਾਂ ਸਵਾਲ, ਨਾਲ ਉਲਝਣ ਵਿਚ ਪੈ ਗਈ। ਹਿਮਾਨੀ ਸਾਵਰਕਰ ਦਾ ਇਹ ਮੰਨਣਾ ਹੈ ਕਿ ਕੋਰਟ ਨੇ ਗੋਡਸੇ ਦੀ ਭੂਮਿਕਾ ਬਾਰੇ ਤੈਅ ਕੀਤਾ ਪਰ ਇਤਿਹਾਸ ਨੇ ਨਹੀਂ। ਇਤਿਹਾਸ (ਆਉਣ ਵਾਲਾ) ਇਸ ਨੂੰ ਤੈਅ ਕਰੇਗਾ ਕਿ ਕੀ ਸਹੀ ਸੀ ਅਤੇ ਕੀ ਗ਼ਲਤ। ਇਸ ਨੂੰ ਹੋ ਸਕਦਾ ਹੈ ਹੋਰ ਪੰਜਾਹ ਸਾਲ ਲੱਗ ਜਾਣ।

ਇਸ ਮੁਲਾਕਾਤ ਤੋਂ ਬਾਅਦ ਉਰਮਿਲੇਸ਼ ਨੱਥੂ ਰਾਮ ਗੋਡਸੇ ਦੇ ਭਾਈ ਗੋਪਾਲ ਗੋਡਸੇ ਨੂੰ ਮਿਲਦੇ ਨੇ। ਉਨ੍ਹਾਂ ਨਾਲ ਗਾਂਧੀ ਦੀ ਹੱਤਿਆ ਬਾਰੇ ਗੱਲਬਾਤ ਹੁੰਦੀ ਹੈ। ਗੋਡਸੇ ਭਾਈਆਂ ਨੂੰ ਆਪਣੇ ਕੀਤੇ ਦਾ ਰੱਤੀ ਭਰ ਵੀ ਪਛਤਾਵਾ ਨਹੀਂ ਹੈ। ਗੋਪਾਲ ਗੋਡਸੇ ਦੀਆਂ ਗੱਲਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮਹਾਤਮਾ ਗਾਂਧੀ ਦੀ ਹੱਤਿਆ ਦੀ ਯੋਜਨਾ ਨੱਥੂ ਰਾਮ ਦੀ ਅਗਵਾਈ ਵਿਚ ਬਣਾਈ ਜਾਂਦੀ ਹੈ। ਬਕੌਲ ਉਰਮਿਲੇਸ਼ ਇਹ ਗਰੋਹ ਕੇਵਲ ਮਹਾਤਮਾ ਗਾਂਧੀ ਹੀ ਨਹੀਂ, ਹਰ ਉਸ ਵਿਅਕਤੀ ਨੂੰ ਨਾਪਸੰਦ ਕਰਦਾ ਸੀ ਜੋ ਪੇਸ਼ਵਾਈ-ਬ੍ਰਾਹਮਣਵਾਦੀ ਸੋਚ ਅਤੇ ਉਸ ਦੇ ਆਧਾਰ ਉੱਤੇ ਭਾਰਤ ਨੂੰ 'ਹਿੰਦੂਵਾਦੀ ਰਾਸ਼ਟਰ ਰਾਜ' ਬਣਾਉਣ ਦੇ ਪ੍ਰੋਜੈਕਟ ਨੂੰ ਰੱਦ ਕਰਦਾ ਸੀ। ਇਹ ਕੱਟੜਪੰਥੀ ਬ੍ਰਾਹਮਣਵਾਦੀ ਗਰੋਹ ਆਜ਼ਾਦ ਭਾਰਤ ਨੂੰ ਹਰ ਹੀਲੇ ਹਰ ਕੀਮਤ 'ਤੇ ਅਤੀਤ ਵੱਲ ਮੋੜਨਾ ਚਾਹੁੰਦਾ ਸੀ। ਇਨ੍ਹਾਂ ਦੇ ਦਿਮਾਗ਼ਾਂ ਵਿਚ ਜ਼ਹਿਰ ਦੇ ਉਹ ਬੀਜ ਬੀਜੇ ਗਏ ਜੋ ਅੱਜ ਜ਼ਹਿਰੀਲੀ ਫ਼ਸਲ ਦੇ ਰੂਪ ਵਿਚ ਸਾਡੇ ਸਾਹਮਣੇ ਤਿਆਰ ਹੋ ਚੁੱਕੀ ਹੈ।

ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਹਿਮਾਨੀ ਨੇ ਜਦੋਂ ਇਹ ਮੁਲਾਕਾਤ ਕੀਤੀ ਤਾਂ ਉਨ੍ਹਾਂ ਤੋਂ ਸ਼ਾਇਦ ਸਮੇਂ ਦਾ ਸਹੀ ਅੰਦਾਜ਼ਾ ਨਹੀਂ ਲਗਾ ਹੋਇਆ। ਪੰਜਾਹ ਸਾਲ ਤਾਂ ਦੂਰ ਦੀ ਕੌਡੀ ਹਨ। ਤੁਸੀਂ ਦੇਖਣਾ ਆਉਣ ਵਾਲੇ ਪੰਜ ਸਾਲਾਂ ਵਿਚ ਇਤਿਹਾਸ ਨੇ ਆਪਣਾ ਫ਼ੈਸਲਾ ਸੁਣਾ ਦੇਣਾ ਹੈ ਤੇ ਇਹ ਇਤਿਹਾਸ ਕਿਸ ਨੇ ਲਿਖਣਾ-ਲਿਖਵਾਉਣਾ ਹੈ, ਤੁਸੀਂ ਜਾਣਦੇ ਹੀ ਹੋ। ਕੀ ਕਿਹਾ, ਨਹੀਂ ਜਾਣਦੇ, ਕੀ ਕਮਾਲ ਕਰ ਰਹੇ ਹੋ? ਆਲਾ-ਦੁਆਲਾ ਦੇਖਦੇ ਰਿਹਾ ਕਰੋ। ਕਿੰਨਾ ਕੁਝ ਤਾਂ ਵਾਪਰ ਰਿਹਾ ਹੈ। ਕੀ ਕਿਹਾ? ਚੈਨਲ ਵੀ ਦੇਖਦੇ ਹੋ ਤੇ ਅਖ਼ਬਾਰ ਵੀ ਪੜ੍ਹਦੇ ਹੋ। ਸ਼ਾਬਾਸ਼! ਚੰਗੇ ਬੰਦੇ ਤਾਂ ਜੇਲ੍ਹਾਂ ਦੇ ਅੰਦਰ ਤੁੰਨੇ ਹੋਏ ਨੇ। ਤੁਸੀਂ ਕਿਨ੍ਹਾਂ ਨੂੰ ਦੇਖੀ ਜਾਨੇਂ ਓ? ਚੈੱਕ ਕਰ ਲਓ ਇੱਕ ਵਾਰ।

ਮੈਨੂੰ ਪੱਕਾ ਯਕੀਨ ਹੈ, ਹੁਣ ਤਾਂ ਤੁਹਾਨੂੰ ਉਰਮਿਲੇਸ਼ ਦੀ ਸ਼ਕਲ ਯਾਦ ਆ ਗਈ ਹੋਵੇਗੀ। ਕੀ ਕਿਹਾ, ਧੁੰਦਲੀ-ਧੁੰਦਲੀ ਜਿਹੀ ਸਾਫ਼ ਹੋ ਰਹੀ ਹੈ। ਕੋਈ ਗੱਲ ਨਹੀਂ, ਹੌਲੀ-ਹੌਲੀ ਸਾਰੀ ਸਪਸ਼ਟ ਹੋ ਜਾਵੇਗੀ। ਅਜਿਹੇ ਬੇਬਾਕ ਸਵਾਲ ਪੁੱਛਣ ਵਾਲੇ ਤੁਹਾਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਪਸੰਦ ਆਉਣਗੇ? ਅਜਿਹੇ ਬੇਬਾਕ ਸਵਾਲ ਪੁੱਛਣ ਵਾਲੇ ਨੂੰ ਉਹ ਹਰ ਹੀਲੇ ਜੇਲ੍ਹਾਂ ਇਕ ਡੱਕਣਾ ਚਾਹੁੰਦੇ ਹਨ। ਕੀ ਕਿਹਾ, ਕਿਸ ਕਸੂਰ ਵਿਚ? ਹਾਲੇ ਵੀ ਕਸੂਰ ਪੁੱਛ ਰਹੇ ਹੋ? ਥੋੜ੍ਹਾ ਜਿਹਾ ਤਾਂ ਜਾਲਾ ਸਾਫ਼ ਕਰ ਲਓ। ਕਮਾਲ ਹੀ ਕਰੀ ਜਾਨੇ ਓ। ਥੋੜ੍ਹਾ ਜਿਹਾ ਹੋਸ਼ ਵਿਚ ਆਓ। ਉਰਮਿਲੇਸ਼ ਨੂੰ ਉਹ ਅੰਦਰ ਏਸੇ ਲਈ ਦੇਣਾ ਚਾਹੁੰਦੇ ਨੇ ਬਈ ਉਹ ਅਜਿਹੇ ਸਵਾਲ ਪੁੱਛਣੇ ਬੰਦ ਕਰ ਦੇਵੇ। ਉਂਝ ਉਰਮਿਲੇਸ਼ ਤੋਂ ਪਹਿਲਾਂ ਵੀ ਬਹੁਤ ਸਾਰੇ ਆਵਾਜ਼ ਬੁਲੰਦ ਕਰਨ ਵਾਲੇ ਵਿਅਕਤੀ ਜੇਲ੍ਹਾਂ ਇਕ ਡੱਕੇ ਹੋਏ ਹਨ। ਉਨ੍ਹਾਂ ਸਭਨਾਂ ਦਾ ਵੱਡਾ ਕਸੂਰ ਹੈ ਹੀ ਇਹੀ। ਉਹ ਸੱਤਾ ਤੋਂ ਉਹ ਸਵਾਲ ਪੁੱਛਦੇ ਹਨ ਜਿਨ੍ਹਾਂ ਦੇ ਜਵਾਬ ਦੇਣੇ ਉਨ੍ਹਾਂ ਨੂੰ ਭੋਰਾ ਪਸੰਦ ਨਹੀਂ ਹਨ।... ਵੈਸੇ ਗੱਲ ਹੁਣ ਤੁਹਾਡੇ ਵੱਸੋਂ ਬਾਹਰ ਹੋ ਗਈ ਹੈ।

ਉਰਮਿਲੇਸ਼ ਵਰਗਾ ਪੱਤਰਕਾਰ ਸਹੀ ਸਮੱਸਿਆ ਉੱਤੇ ਉਂਗਲ ਧਰਦਾ ਹੈ ਪਰ ਇੱਕ ਖ਼ਾਸ ਤਰ੍ਹਾਂ ਦੀ ਰਾਜਨੀਤੀ ਵਾਲਿਆਂ ਨੂੰ ਉਹ ਸਵਾਲ ਚੁਭਦੇ ਹਨ। ਉਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਜਗ੍ਹਾ ਉਨ੍ਹਾਂ ਦਾ ਮੂੰਹ ਬੰਦ ਕਰਵਾਉਣ ਦੀ ਕੋਸ਼ਿਸ਼ ਵਿਚ ਹਨ। ਇਸੇ ਕੋਸ਼ਿਸ਼ ਵਿਚੋਂ ਨਿਕਲਿਆ ਹੈ ਤਿੰਨ ਅਕਤੂਬਰ। ਇਹ ਮੰਨਿਆ ਕਿ ਦੇਸ਼ ਵਿਚ ਪੱਤਰਕਾਰੀ ਦੇ ਨਾਮ 'ਤੇ ਝੋਲੀ ਚੁੱਕ ਪੱਤਰਕਾਰ ਆਪਣਾ ਫਰਜ਼ ਭੁੱਲ ਗਏ ਹਨ ਪਰ ਗੰਭੀਰ ਕਿਸਮ ਦੀ ਪੱਤਰਕਾਰੀ ਕਰਨ ਵਾਲੇ ਵੀ ਮੌਜੂਦ ਹਨ। ਉਹ ਗਿਣਤੀ ਵਿਚ ਭਾਵੇਂ ਬਹੁਤ ਘੱਟ ਹਨ ਪਰ ਉਨ੍ਹਾਂ ਘੱਟ ਗਿਣਤੀ ਪੱਤਰਕਾਰਾਂ ਦੀ ਆਵਾਜ਼ ਨੇ ਤਖਤ ਨੂੰ ਵਖਤ ਪਾਇਆ ਹੋਇਆ ਹੈ।

ਸਭ ਤੋਂ ਕਮਾਲ ਦੀ ਗੱਲ ਇਹ ਹੈ ਕਿ ਇਹ ਦੋਵੇਂ ਮੁਲਾਕਾਤਾਂ ਮਹਾਤਮਾ ਗਾਂਧੀ ਦੇ ਜਨਮ ਦਿਨ, ਭਾਵ 2 ਅਕਤੂਬਰ 2004 ਨੂੰ ਹੁੰਦੀਆਂ ਹਨ। ਉਸ ਤੋਂ ਵੀ ਵੱਧ ਕਮਾਲ ਇਹ ਹੈ ਕਿ ਉਰਮਿਲੇਸ਼ ਤੋਂ ਪੁੱਛਗਿੱਛ ਗਾਂਧੀ ਦੇ ਜਨਮ ਦਿਨ ਤੋਂ ਬਿਲਕੁਲ ਅਗਲੇ ਦਿਨ ਹੁੰਦੀ ਹੈ; ਤੇ ਕਮਾਲ ਇਓਂ ਹੀ ਨਹੀਂ ਹੁੰਦੇ। ਜੋਖ਼ਮ ਲੈਣੇ ਪੈਂਦੇ ਹਨ ਜੋਖ਼ਮ।

---

# ਪੀਲੇ ਰੰਗ ਵਾਲਾ ਕਾਰਡ

ਗੱਲ ਕਈ ਦਹਾਕੇ ਪੁਰਾਣੀ ਹੈ, ਨਾਨਕੇ ਪਿੰਡ ਛੱਤੇਆਣੇ ਪੜ੍ਹਦਾ ਹੁੰਦਾ ਸੀ ਅਤੇ ਬੋਰਡ ਦੇ ਦਸਵੀਂ ਦੇ ਪੇਪਰ ਦੇ ਕੇ ਜੱਦੀ ਪਿੰਡ ਚੱਕ ਚਾਰ ਐੱਚ ਛੋਟੀ ਰਾਜਸਥਾਨ ਵਿਖੇ ਗਰਮੀ ਦੀਆਂ ਛੁੱਟੀਆਂ ਵਿਚ ਆਇਆ ਹੋਇਆ ਸੀ। ਜੂਨ ਮਹੀਨੇ ਦਾ ਪੂਰੀ ਗਰਮੀ ਵਾਲਾ ਤਿੱਖੜ ਦੁਪਹਿਰਾ ਸੀ। ਅਸੀਂ ਸਾਰੇ ਭਰਾ ਘਰ ਦੇ ਅੱਧ ਵਿਚਕਾਰ ਗਲੀ ਤੇ ਬਣੀ ਛੋਟੀ ਜਿਹੀ ਬੈਠਕ ਵਿਚ ਖੇਡ ਰਹੇ ਸਾਂ।

ਨਿਰਮਲ ਸਿੰਘ ਦਿਉਲ

ਉਨ੍ਹਾਂ ਸਮਿਆਂ ਵਿਚ ਖਾਸ ਤੌਰ 'ਤੇ ਗਰਮੀ ਦੇ ਦਿਨਾਂ ਵਿਚ ਰਾਜਸਥਾਨ ਦੇ ਪਿੰਡਾਂ ਵਿਚ ਪਾਣੀ ਦੀ ਬੜੀ ਕਿੱਲਤ ਹੁੰਦੀ ਸੀ। ਪਿੰਡ ਦੇ ਨੇੜੇ ਦੀ ਇੱਕ ਦਿਨ ਲਈ ਨਹਿਰੀ ਖਾਲਾ ਵਗਦਾ ਹੁੰਦਾ ਸੀ ਅਤੇ ਸਾਡੀਆਂ ਮਾਵਾਂ, ਚਾਚੀਆਂ, ਤਾਈਆਂ ਉਸ ਦਿਨ ਖਾਲ ਤੋਂ ਕਈ ਗੇੜੇ ਲਾ ਕੇ ਪਾਣੀ ਇਕੱਠਾ ਕਰ ਲਿਆ ਕਰਦੀਆਂ ਸਨ। ਉਸ ਦਿਨ ਵੀ ਖਾਲੇ ਤੋਂ ਪਾਣੀ ਦਾ ਘੜਾ ਭਰ ਕੇ ਮੁੜੀ ਮੇਰੀ ਮਾਂ ਜਿਸ ਨੂੰ ਆਪਣੇ ਤਾਇਆਂ ਦੇ ਜਵਾਕਾਂ ਦੀ ਰੀਸੇ ਮੈਂ ਵੀ ਚਾਚੀ ਕਹਿੰਦਾ ਸਾਂ, ਨੇ ਬੈਠਕ ਵਿਚ ਵੜਦਿਆਂ ਕਿਹਾ- "ਤੂੰ ਦਸਵੀਂ 'ਚੋਂ ਪਾਸ ਹੋ ਗਿਆ ਏਂ" ਤੇ ਇੰਨਾ ਕਹਿੰਦਿਆਂ ਉਸ ਨੇ ਆਪਣੇ ਹੱਥ ਵਿਚ ਫੜਿਆ ਕਾਰਡ ਹਿਲਾਇਆ ਜੋ ਸਾਡੇ ਪਿੰਡ ਦੀ ਡਾਕ ਵੰਡਣ ਵਾਲਾ ਡਾਕੀਆ ਉਸ ਨੂੰ ਗਲੀ ਦੇ ਮੋੜ 'ਤੇ ਫੜਾ ਗਿਆ ਸੀ।

ਮੈਂ ਸੋਚਿਆ, ਸਾਡੇ ਮਾਤਾ ਅਨਪੜ੍ਹ ਹਨ ਅਤੇ ਡਾਕੀਆ ਵੀ ਰਾਜਸਥਾਨ ਦਾ ਹੋਣ ਕਰ ਕੇ ਕਿਸੇ ਹੋਰ ਤੋਂ ਹਿੰਦੀ ਵਿਚ ਨਾਮ ਲਿਖਾ ਕੇ ਡਾਕ ਵੰਡਦਾ ਹੈ। ਮੇਰੇ ਕੁਝ ਪੁੱਛਣ ਤੋਂ ਪਹਿਲਾਂ ਹੀ ਮਾਂ ਨੇ ਦੱਸਿਆ ਕਿ ਕਾਰਡ 'ਤੇ ਹਲਦੀ ਦਾ ਪੀਲਾ ਰੰਗ ਲੱਗਿਆ ਹੋਇਆ ਹੈ, ਇਹ ਚਿੱਠੀ ਵਿਚ ਲਿਖੇ ਕਿਸੇ ਸ਼ੁਭ ਅਤੇ ਖੁਸ਼ੀਆਂ ਭਰੇ ਸੁਨੇਹੇ ਦਾ ਪ੍ਰਤੀਕ ਹੁੰਦਾ ਹੈ। ਉਨ੍ਹਾਂ ਸਮਿਆਂ ਵਿਚ ਜ਼ਿਆਦਾਤਰ ਲੋਕ ਅਨਪੜ੍ਹ ਹੋਣ ਕਾਰਨ ਖੁਸ਼ੀ ਭਰੇ ਸੁਨੇਹੇ ਵਾਲੀ ਚਿੱਠੀ 'ਤੇ ਪੀਲਾ ਰੰਗ ਲਾ ਦਿੱਤਾ ਜਾਂਦਾ ਸੀ।

ਆਪਣੀ ਮਾਂ ਤੋਂ ਚਿੱਠੀ ਫੜ ਕੇ ਮੈਂ ਕਾਹਲੀ-ਕਾਹਲੀ ਪੜ੍ਹਨੀ ਸ਼ੁਰੂ ਕੀਤੀ ਅਤੇ ਉਸ ਨੂੰ ਦੱਸਿਆ ਕਿ ਮੈਂ ਸਿਰਫ ਪਾਸ ਹੀ ਨਹੀਂ ਹੋਇਆ ਸਗੋਂ ਆਪਣੀ ਸਾਰੀ ਜਮਾਤ ਵਿਚੋਂ ਪਹਿਲੇ ਨੰਬਰ 'ਤੇ ਆਇਆ ਹਾਂ। ਪਹਿਲਾਂ ਹੀ ਖੁਸ਼ੀ ਨਾਲ ਖੀਵੀ ਹੋਈ ਮਾਂ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਆ ਗਏ। ਉਸ ਨੇ ਆਪਣੀ ਚੁੰਨੀ ਧਰਤੀ ਨੂੰ ਲਾਉਂਦਿਆਂ ਨਮਸਕਾਰ ਕੀਤਾ ਅਤੇ ਮੇਰੀ ਬਾਂਹ ਫੜ ਕੇ ਮੈਨੂੰ ਸਾਡੇ ਘਰ ਦੀ ਵੱਡੀ ਸਬਾਤ ਵਿਚ ਗੁਰੂ ਸਾਹਿਬਾਨ ਦੀਆਂ ਫੋਟੋਆਂ ਸਾਹਮਣੇ ਲੈ ਗਈ; ਮੈਨੂੰ ਵੀ ਹੱਥ ਜੋੜ ਕੇ ਖੜ੍ਹੇ ਰਹਿਣ ਦਾ ਕਹਿ ਕੇ ਕਿੰਨਾ ਹੀ ਚਿਰ ਹੱਥ ਜੋੜ ਕੇ ਬਾਬਾ ਜੀ ਦਾ ਧੰਨਵਾਦ ਕਰਦੀ ਰਹੀ।

ਨਾਨਕੇ ਪਿੰਡ ਰਹਿੰਦਿਆਂ ਮੈਂ ਪੰਜਵੀਂ ਤੱਕ ਦੀ ਪੜ੍ਹਾਈ ਛੱਤੇਆਣੇ ਸਕੂਲ ਤੋਂ ਕੀਤੀ ਅਤੇ ਦਸਵੀਂ ਸਰਕਾਰੀ ਹਾਈ ਸਕੂਲ ਸੁਖਨਾ ਅਬਲੂ ਤੋਂ ਮੁਕਤਸਰ ਵਿਚ ਪੇਪਰ ਦੇ ਕੇ ਕੀਤੀ। ਉਨ੍ਹਾਂ ਸਮਿਆਂ ਵਿਚ ਪਿੰਡਾਂ ਵਿਚ ਬਜਿਲੀ ਨਹੀਂ ਸੀ ਹੁੰਦੀ ਅਤੇ ਰਾਤਾਂ ਨੂੰ ਦੀਵਿਆਂ ਦੇ ਚਾਨਣ ਵਿਚ ਹੀ ਪੜ੍ਹਨਾ ਪੈਂਦਾ ਸੀ। ਪੇਂਡੂ ਬੱਚਿਆਂ ਲਈ ਦਸਵੀਂ ਜਮਾਤ ਪਾਸ ਕਰ ਜਾਣਾ ਬਹੁਤ ਵੱਡੀ ਗੱਲ ਹੁੰਦਾ ਸੀ। ਨਵਾਂ ਹਾਈ ਸਕੂਲ ਬਣਿਆ ਹੋਣ ਕਾਰਨ ਪਹਿਲੀ ਦਸਵੀਂ ਪਾਸ ਕਰਨ ਵਾਲੇ ਵਿਦਿਆਰਥੀ ਅਸੀਂ ਹੀ ਸਾਂ ਤੇ ਪਹਿਲੀ ਦਸਵੀਂ ਵਿਚੋਂ ਪਹਿਲੇ ਨੰਬਰ 'ਤੇ ਆਉਣਾ ਮੇਰਾ ਸੁਭਾਗ ਹੀ ਸੀ। ਸਕੂਲ ਨਵਾਂ ਬਣਿਆ ਹੋਣ ਕਾਰਨ ਦਸਵੀਂ ਵਿਚੋਂ ਪਹਿਲੇ ਨੰਬਰ 'ਤੇ ਆਉਣ ਵਾਲਿਆਂ ਲਈ ਉਨ੍ਹਾਂ ਦੇ ਸਨਮਾਨ ਵਜੋਂ ਲਿਖੇ ਜਾਣ ਵਾਲੇ ਨਾਵਾਂ ਲਈ ਬੋਰਡ ਪਹਿਲਾਂ ਹੀ ਬਣਾ ਦਿੱਤਾ ਗਿਆ ਸੀ ਜਿਸ 'ਤੇ ਕੁਝ ਦਿਨਾਂ ਬਾਅਦ ਮੇਰਾ, ਮੇਰੇ ਪਿਤਾ ਦਾ ਨਾਮ ਲਿਖ ਦਿੱਤਾ ਗਿਆ; ਮੇਰੇ ਕੁੱਲ ਨੰਬਰ ਵੀ ਲਿਖ ਦਿੱਤੇ ਗਏ। ਕੁਝ ਸਮੇਂ ਬਾਅਦ ਜਦੋਂ ਮਾਂ ਨੂੰ ਮੇਰਾ ਸਕੂਲ ਦੇ ਬੋਰਡ 'ਤੇ ਲਿਖੇ ਨਾਮ ਬਾਰੇ ਪਤਾ ਲੱਗਿਆ ਤਾਂ ਉਸ ਦੀ ਖੁਸ਼ੀ ਦੁਗਣੀ ਚੌਗੁਣੀ ਹੋ ਗਈ।

ਉਦੋਂ ਅਧਿਆਪਕ ਬਹੁਤ ਮਿਹਨਤ ਨਾਲ ਪੜ੍ਹਾਉਂਦੇ ਹੁੰਦੇ ਸਨ ਅਤੇ ਸਖਤ ਅਨੁਸ਼ਾਸਨ ਵਾਲੇ ਅਧਿਆਪਕਾਂ ਪ੍ਰੀਤਮ ਸਿੰਘ ਢਿੱਲੋਂ, ਹਰਪਾਲ ਸਿੰਘ, ਗਿਆਨੀ ਭਗਤ ਸਿੰਘ, ਗੁਰਨਾਮ ਸਿੰਘ, ਸ਼ਾਮ ਲਾਲ, ਕ੍ਰਿਸ਼ਨ ਕੁਮਾਰ, ਗੁਰਦੇਵ ਸਿੰਘ ਨਰੂਲਾ ਅਤੇ ਬਾਕੀਆਂ ਦੇ ਚਿਹਰੇ ਅੱਜ ਵੀ ਯਾਦ ਆਉਂਦੇ ਹਨ ਅਤੇ ਨਾਲ ਪੜ੍ਹਨ ਵਾਲੇ ਵਿਦਿਆਰਥੀ ਅੱਜ ਵੀ ਨਾਲ ਬੈਂਚਾਂ 'ਤੇ ਬੈਠੇ ਜਾਪਦੇ ਹਨ।

ਮਾਵਾਂ ਮਾਵਾਂ ਹੀ ਹੁੰਦੀਆਂ, ਨਿਰਾ ਰੱਬ ਦਾ ਰੂਪ। ਆਪਣੇ ਪੁੱਤਾਂ ਦੀ ਕਿਸੇ ਵੀ ਪ੍ਰਾਪਤੀ 'ਤੇ ਮਾਵਾਂ ਤੋਂ ਵੱਧ ਕੋਈ ਵੀ ਖੁਸ਼ੀ ਨਹੀਂ ਮਨਾ ਸਕਦਾ। ਮਾਂ ਭਾਵੇਂ ਦੋ ਦਹਾਕੇ ਪਹਿਲਾਂ ਇਸ ਜਹਾਨ ਤੋਂ ਚਲੀ ਗਈ ਪਰ ਉਹ ਜਿੰਨਾ ਚਿਰ ਜਿਊਂਦੀ ਰਹੀ, ਸਾਡੇ ਅਤੇ ਸਾਡੇ ਬੱਚਿਆਂ ਕੋਲ ਪੀਲੇ ਰੰਗ ਵਾਲੇ ਕਾਰਡ ਪਹੁੰਚਣ 'ਤੇ ਮਨ ਨੂੰ ਹੋਈ ਖੁਸ਼ੀ ਦਾ ਇਜ਼ਹਾਰ ਕਿਸੇ ਰੌਚਕ ਕਹਾਣੀ ਵਾਂਗ ਕਰਦੀ ਰਹੀ। ਮਾਵਾਂ ਦੀਆਂ ਅਸੀਸਾਂ ਵਿਚ ਬੜੀਆਂ ਬਰਕਤਾਂ ਹੁੰਦੀਆਂ।

# ਦੇਵਾਨ ਦੇਵ ਗੁਰੂ ਨਾਨਕ ਦੇਵ॥

ਦੇਵਾਨ ਦੇਵ ਗੁਰੂ ਨਾਨਕ ਦੇਵ॥
ਕਰ ਜੋਰੂੰ ਪਰਣਾਮ ਕਰ ਧਰੋ ਚਰਨ ਪਰ ਸੀਸ।
ਨਾਨਕ ਤੁਮ ਗੁਰਦੇਵ ਜੀ ਪੂਰਨ ਵਿਸ੍ਵੇ ਬੀਸ।
ਪਰਮਹੰਸ ਤਾਰਨ ਤਰਨ ਗੁਰੂ ਦੇਵਨ ਕੇ ਦੇਵ।
ਅਨਭੈ ਬਾਣੀ ਦੀਜਿਯੇ ਨਾਨਕ ਪਾਵੈ ਭੇਵ॥ (ਗੁਰ ਮਹਿਮਾ ਰਤਨਾਵਲੀ)

ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕਰਦੇ ਹਨ ਤਾਂ ਫਰਮਾਉਂਦੇ ਹਨ,

ਗਿਆਨ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕ ਜਿਨਿ ਕਲ ਰਾਖੀ ਮੇਰੀ॥ (ਮ.5 750)

ਹੁਣ "ਸਭ ਤੇ ਵਡਾ" ਲਈ ਜੇਕਰ ਧਾਰਮਿਕ ਖੇਤਰ ਵਿਚ ਕੋਈ ਲਫ਼ਜ਼ ਹੈ ਤਾਂ ਉਹ ਹੈ ਦੇਵ। ਸੰਸਕ੍ਰਿਤ ਵਿਚ ਦੇਵ ਦਾ ਅਰਥ ਰੱਬ ਜਾਂ ਪ੍ਰਮਾਤਮਾ ਹੁੰਦਾ ਹੈ। ਦੇਵੀ ਦੇਵਤੇ ਦੇਵ ਦੇ ਤੁਲ ਨਹੀਂ ਹੁੰਦੇ। ਯੂਨਾਨੀ ਜਾਂ ਗ੍ਰੀਕ ਗ੍ਰੰਥਾਂ ਵਿਚ ਵੀ ਰੱਬ ਜਾਂ ਪ੍ਰਮਾਤਮਾ ਲਈ ਲਫ਼ਜ਼ ਧਏਸ ਆਇਆ ਹੈ। ਇਹ ਪੁਰਤਗਾਲੀ, ਸਪੈਨਿਸ਼, ਫਰੈਂਚ, ਇਤਾਲਵੀ, ਰੋਮਾਨੀਅਨ ਨੇ ਅਪਣਾਇਆ ਅਤੇ ਇਸਦਾ ਮਤਲਬ ਆਕਾਸ਼ ਜਾਂ ਸਵਰਗ ਲੋਕ ਲਿਖਿਆ। ਇਸੇ ਧਏਸ ਨੂੰ ਯਹੂਦੀਆਂ ਨੇ Dio/Dyo ਕਰ



ਗੁਰਚਰਨਜੀਤ ਸਿੰਘ ਲਾਂਬਾ

ਕੇ ਲਿਖਿਆ। ਇਸੇ ਤੋਂ ਡਿਵਨਿਟੀ ਜਾਂ ਰੂਹਾਨੀਅਤ ਲਫ਼ਜ਼ ਨਿਕਲਿਆ। ਸੋ ਸਭ ਤੋਂ ਵੱਡੀ ਹਸਤੀ ਲਈ ਧਰਮ ਦੀ ਦੁਨੀਆ ਵਿਚ ਦੇਵ ਕਿਹਾ ਗਿਆ। ਗੁਰੂ ਨਾਨਕ ਦੇਵ ਜੀ ਸਚਿਖੰਡ ਤੋਂ ਇਸ ਮਾਤ ਲੋਕ ਵਿਚ ਪਠਾਏ ਗਏ।

ਪੰਚਮ ਪਿਤਾ ਗੁਰੂ ਨਾਨਕ ਦੇਵ ਜੀ ਨੂੰ ਦੇਵ ਸ਼ਬਦ ਨਾਲ ਮੁਖਾਤਬ ਕਰਦੇ ਹਨ,

ਪਾਰ ਬ੍ਰਹਮ ਨਾਨਕ ਗੁਰ ਦੇਵ॥
ਵਡੈ ਭਾਗਿ ਪਾਈਐ ਹਰਿ ਸੇਵ॥ (ਮ.5 1338)

ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਦੇਵ ਕਹਿਣ ਬਾਬਤ ਕਮਾਲ ਦੀ ਉਦਾਹਰਣ ਦਿੰਦੇ ਹਨ,

ਸੋਰਠਾ: ਅਬਿਗਤਿ ਅਲਖ ਅਭੇਵ ਅਗਮ ਅਪਾਰ ਅਨੰਤ ਗੁਰ॥
ਸਤਿਗੁਰ ਨਾਨਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ॥
ਦੋਹਰਾ: ਅਗਮ ਪਾਰ ਅਨੰਤ ਗੁਰ ਅਬਿਗਤਿ ਅਲਖ ਅਭੇਵ॥
ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਨਾਨਕ ਦੇਵ॥
ਛੰਤ: ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਿਆਵਹਿ॥
ਨਾਦ ਬਾਦ ਬਿਸਮਾਦ ਰਾਗ ਰਾਗਨਿ ਗੁਨ ਗਾਵਹਿ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥

ਗੁਰੂ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਦੀ ਚਕਾਚੌਂਧ ਸੂਰਜ ਨਿਕਲਣ ਦੀ ਨਿਆਈਂ ਸੀ। ਇਸ ਵਿਚ ਐਸੇ ਵੀ ਲਛਮੀ ਵਾਹਨ ਪ੍ਰਗਟ ਹੋਏ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ "ਦੇਵ" ਰੂਪ ਨੇ ਹੀ ਚੁੰਧਿਆ ਦਿੱਤਾ।

ਈਸਵੀ ਸੰਨ 1969 ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪੰਜਵੀਂ ਪ੍ਰਕਾਸ਼ ਸ਼ਤਾਬਦੀ ਮੌਕੇ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਵਲੋਂ ਇਕ ਯਾਦਗਾਰੀ ਪੁਸਤਕ ਗੁਰੂ ਨਾਨਕ ਛਾਪੀ ਗਈ ਸੀ। ਇਸ ਵਿਚ ਮੋਹਸਿਨ ਫ਼ਾਨੀ ਦੇ ਦਬਿਸਤਾਨਿ ਮਜ਼ਾਹਿਬ ਦੇ ਹਵਾਲੇ ਨਾਲ ਐਸ. ਕੇ. ਰਾਮਚੰਦਰ ਰਾਉ ਦਾ ਰਹੱਸਵਾਦੀ ਨਾਨਕ ਸਿਰਲੇਖ ਹੇਠ ਇਕ ਲੇਖ ਛਪਿਆ ਸੀ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਪਿਛਲੇ ਜਨਮ ਅਤੇ ਉਨ੍ਹਾਂ ਦੇ ਪ੍ਰਕਾਸ਼ਮਾਨ ਹੋਣ ਦੇ ਕਾਰਣਾਂ ਨੂੰ ਬਿਆਨ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ,

"ਦਬਿਸਤਾਨ ਵਿਚ ਗੁਰੂ ਨਾਨਕ ਦੇਵ ਦੇ ਇਸ ਸੰਸਾਰ ਵਿਚ ਆਗਮਨ ਸੰਬੰਧੀ ਇਕ ਸਾਖੀ ਦਰਜ ਹੈ ਜਿਸ ਦਾ ਸੰਬੰਧ ਉਨ੍ਹਾਂ ਦੇ ਪੂਰਬਲੇ ਜੀਵਨ ਨਾਲ ਹੈ। ਕਹਿੰਦੇ ਹਨ ਕਿ ਉਸ ਜੀਵਨ ਯਾਤਰਾ ਦੇ ਅੰਤ ਉਤੇ ਉਨ੍ਹਾਂ ਦੀ ਆਤਮਾ ਨੇ ਦੋ ਮਾਰਗਾਂ ਵਿਚੋਂ ਇਕ ਦੀ ਚੋਣ ਕਰਨੀ ਸੀ। ਇਨ੍ਹਾਂ ਵਿਚੋਂ ਇਕ ਸਵਰਗ ਨੂੰ ਜਾਂਦਾ ਸੀ ਅਤੇ ਦੂਜਾ ਨਰਕ ਨੂੰ। ਨਾਨਕ ਦੀ ਆਤਮਾ ਨੇ ਅਜੀਬ ਚੋਣ ਕੀਤੀ। ਉਹ ਨਰਕ ਦੇ ਮਾਰਗ 'ਤੇ ਚੱਲ ਪਈ। ਉਨ੍ਹਾਂ ਦੀ ਆਤਮਾ ਸੜਦੇ ਬਲਦੇ ਨਰਕ ਦੇ ਦੁਆਰ 'ਤੇ ਪਹੁੰਚੀ ਤਾਂ ਪਾਪ-ਗ੍ਰਸੀਆਂ ਲੂਹਦੀਆਂ ਅਤੇ ਤੜਪਦੀਆਂ ਰੂਹਾਂ ਨੂੰ ਸ਼ਾਂਤੀ ਮਿਲ ਗਈ। ਨਾਨਕ ਦੀ ਨੂਰੀ ਆਤਮਾ ਦੀ ਇਕ ਕਿਰਨ ਦੇ ਚਾਨਣ ਨੇ ਹੀ ਨਰਕੀ ਰੂਹਾਂ ਦੇ ਸਾਰੇ ਪਾਪ ਧੋ ਦਿੱਤੇ ਤੇ ਉਹ ਸਾਰੀਆਂ ਸਵਰਗ ਦੀਆਂ ਹੱਕਦਾਰ ਬਣ ਗਈਆਂ। ਪਰ ਅਕਾਲ ਪੁਰਖ ਦਾ ਹੁਕਮ ਹੋਇਆ ਕਿ ਇਹ ਪਾਪੀ ਸਵਰਗ ਵਿਚ ਪੈਰ ਨਹੀਂ ਧਰ ਸਕਦੇ। ਪਹਿਲਾਂ ਸੰਸਾਰ ਵਿਚ ਜਨਮ ਲਓ, ਅਤੇ ਇਨ੍ਹਾਂ ਨੂੰ ਮੁਕਤ ਕਰੋ, ਤਾਂ ਹੀ ਇਹ ਸਵਰਗ ਵਿਚ ਪ੍ਰਵੇਸ਼ ਕਰ ਸਕਣਗੀਆਂ। ਸੋ "ਗੁਰਮੁਖ ਕਲ ਵਿਚ ਪ੍ਰਗਟ ਹੋਆ।"

ਉਕਤ ਲਿਖਤ ਵਿਚੋਂ ਇਕ ਅਹਿਮ ਨੁਕਤਾ ਉਜਾਗਰ ਹੁੰਦਾ ਹੈ ਕਿ ਆਮ ਤੌਰ 'ਤੇ ਭਗਤੀ ਕੀਤੀ ਜਾਂਦੀ ਹੈ ਅਤੇ ਘਾਲਣਾ ਪੂਰੀ ਹੋਣ 'ਤੇ ਮੁਕਤੀ ਦਾ ਦਰ ਪ੍ਰਾਪਤ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪਿਛਲੇ ਜਨਮ ਵਿਚ ਭਾਰੀ ਤਪੱਸਿਆ ਕੀਤੀ ਅਤੇ ਮੁਕਤੀ ਪ੍ਰਾਪਤ ਹੋ ਗਈ। ਜਿਸ ਪਾਵਨ ਦੇਹ ਵਿਚ ਨਿਰੰਕਾਰ ਨੇ ਗੁਰਬਾਣੀ ਰੂਪ ਹੋ ਕੇ ਵਿਰਾਜਮਾਨ ਹੋਣਾ ਸੀ ਉਸਦੀ ਤਿਆਰੀ ਇਸ ਭਾਰੀ ਤਪੱਸਿਆ ਬਿਨਾ ਕਿਵੇਂ ਹੋ ਸਕਦੀ ਸੀ। ਦੂਸਰੇ ਪਾਸੇ ਪਾਪਾਂ ਗ੍ਰਸੀ ਧਰਤੀ ਪੁਕਾਰ ਰਹੀ ਸੀ। ਅਕਾਲ ਪੁਰਖ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਜਨਮ ਮਰਨ ਤੋਂ ਮੁਕਤ ਹੋ ਚੁਕੇ ਗੁਰੂ ਨਾਨਕ ਦੇਵ ਜੀ ਨੂੰ ਮਾਤ ਲੋਕ ਵਿਚ ਭੇਜਿਆ। ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥2॥ (ਮ.5 749)

ਜਗ ਮਾਹਿ ਪਠਾਯਾ ਦੇ ਬਚਨ ਅਨੁਸਾਰ ਜਗਤ ਉਧਾਰਣ ਹਿਤ ਗੁਰੂ ਨਾਨਕ ਦੇਵ ਜੀ ਦਾ ਆਗਮਨ ਮਾਤ ਲੋਕ ਵਿਚ ਹੋਇਆ। ਇੱਥੇ ਆ ਕੇ ਗੁਰੂ ਸਾਹਿਬ ਜੀ ਨੇ ਫਿਰ ਘਾਲਣਾ ਘਾਲੀ। ਭਾਈ ਗੁਰਦਾਸ ਜੀ ਨੇ ਗਵਾਹੀ ਦਿੱਤੀ,

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂ ਦੇ ਫਿਰਿ ਘਾਲਿਕਮਾਈ।
ਰੇਤੁ ਅਕੁ ਆਹਾਰ ਕਰ ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।
ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।

ਗੁਰਮਤਿ ਦੇ ਰਹੱਸਵਾਦ ਦਾ ਇਕ ਗੰਭੀਰ ਨੁਕਤਾ ਵਿਚਾਰਨ ਯੋਗ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ, ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ (1408)। ਭਾਈ ਗੁਰਦਾਸ ਜੀ ਨੇ ਵੀ ਗਵਾਹੀ ਦਿੱਤੀ,

ਨਾਰਾਇਣ ਨਿਜ ਰੂਪ ਧਰਿ ਨਾਥਾ ਨਾਥ ਸਨਾਥ ਕਰਾਇਆ।
ਨਰਪਤਿ ਨਰਹ ਨਰਿੰਦ ਹੈ ਨਿਰੰਕਾਰਿ ਆਕਾਰ ਬਣਾਇਆ॥

ਅਕਾਲ ਪੁਰਖ ਦੀ ਜੋਤਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ ਪ੍ਰਗਟ ਹੋਈ। ਪੁਰਾਤਨ ਸ਼ਾਸਤਰਾਂ ਵਿਚ ਚਾਰ ਪ੍ਰਕਾਰ ਦੀ ਬਾਣੀ ਦਾ ਜ਼ਿਕਰ ਹੈ, ਪਰਾ, ਪਸ਼ਯੰਤੀ, ਮੱਧਮਾ ਅਤੇ ਬੈਖਰੀ। ਬਾਣੀ ਦੀ ਪਹਿਲੀ ਅਵਸਥਾ ਹੈ ਪਰਾ। ਇਸ ਦਾ ਸਥਾਨ ਧੁੰਨੀ ਜਾਂ ਨਾਭੀ ਤੋਂ ਥੋੜ੍ਹਾ ਹੇਠਾਂ ਮੰਨਿਆ ਗਿਆ ਹੈ। ਇਸ ਅਵਸਥਾ ਵਿਚ ਖਿਆਲ ਅਤੇ ਵਿਚਾਰ ਵਾ-ਵਰੋਲਾ ਜਿਹਾ ਬਣਦਾ ਹੈ। ਘਲਿਆਈ ਜਿਹੀ ਪੈਂਦੀ ਹੈ। ਇੱਥੇ ਬਾਣੀ ਦੇ ਕੋਈ ਸ਼ਬਦ ਨਹੀਂ ਹੁੰਦੇ, ਕੋਈ ਵਿਆਕਰਣ ਨਹੀਂ ਹੁੰਦੀ।

ਇਸ ਤੋਂ ਅਗਲੀ ਅਵਸਥਾ ਪਸ਼ਯੰਤੀ ਮੰਨੀ ਗਈ ਹੈ। ਇਸ ਵਿਚ ਸੀਨੇ ਦੇ ਕੋਲ ਬਾਣੀ ਦਾ ਰੂਪ ਬਣਦਾ ਹੈ। ਉਪਰੰਤ ਇਸ ਤੋਂ ਉਤਲੀ ਅਵਸਥਾ ਹੈ ਜਦੋਂ ਬਾਣੀ ਕੰਠ ਦੇ ਕੋਲ ਹੁੰਦੀ ਹੈ। ਇੱਥੇ ਲਫ਼ਜ਼ ਵੀ ਬਣ ਜਾਂਦੇ ਹਨ ਪਰ ਬਾਣੀ ਪ੍ਰਤੱਖ ਰੂਪ ਵਿਚ ਪ੍ਰਗਟ ਨਹੀਂ ਹੁੰਦੀ। ਜਿਵੇਂ ਕਈ ਵਾਰ ਕਈ ਕਹਿੰਦੇ ਹਨ ਕਿ ਕਹਿਣਾ ਚਾਹ ਰਿਹਾ ਹਾਂ ਪਰ ਅੱਖਰ ਨਹੀਂ ਔੜ ਰਹੇ।

ਇਸ ਤੋਂ ਅਗਲੀ ਅਤੇ ਅਖੀਰਲੀ ਅਵਸਥਾ ਹੈ ਬੈਖਰੀ ਬਾਣੀ। ਇਹ ਬਾਣੀ ਜਦੋਂ ਸ਼ਬਦ ਰੂਪ ਹੋ ਕੇ ਮੂੰਹ ਵਿਚੋਂ ਪ੍ਰਗਟ ਹੁੰਦੀ ਹੈ। ਇਹ ਸੁਣੀ ਅਤੇ ਸਮਝੀ ਜਾ ਸਕਦੀ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਸਰੀਰ ਵਿਚ ਨਿਰੰਕਾਰ ਪ੍ਰਭੂ ਨੇ ਪਰਾ ਰੂਪ ਹੋ ਕੇ ਪ੍ਰਵੇਸ਼ ਕੀਤਾ ਅਤੇ ਪਸ਼ਯੰਤੀ ਅਤੇ ਮੱਧਮਾ ਰੂਪਾਂ 'ਚੋਂ ਲੰਘ ਕੇ ਬੈਖਰੀ ਰੂਪ ਵਿਚ ਇਹ ਪਾਵਨ ਬਾਣੀ ਗੁਰੂ ਸਾਹਿਬ ਜੀ ਦੇ ਮੁਖਾਰ ਬਿੰਦ ਤੋਂ ਉਚਰਿਤ ਹੋਈ। ਸਤਿਗੁਰ ਜੀ ਦੇ ਪਾਵਨ ਬਚਨ ਹਨ,

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ॥ (ਮ.3 516)

ਇਹ ਨਿਰੰਕਾਰ ਹੀ ਸੀ ਜਿਸ ਨੇ ਬਾਣੀ ਰੂਪ ਹੋ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾ ਕੀਤਾ।


ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ (1365)

ਹੁਣ ਇਹੀ ਗੁਰਬਾਣੀ ਉਚਾਰਣ ਕਰਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਖਾਂ ਦੇ ਮੂੰਹ ਵਿਚ ਪਾਈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਸਰੀਰ ਵੀ ਗੁਰੂ ਸੀ ਅਤੇ ਮੁਖਾਰਬਿੰਦ 'ਚੋਂ ਨਿਕਲੀ ਬਾਣੀ ਵੀ ਗੁਰੂ ਸੀ। ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥5॥ (ਮ.4 1310)। ਪਰ ਮੁੜ ਜਦੋਂ ਗੁਰਸਿੱਖਾਂ ਦੇ ਮੂੰਹ ਵਿਚੋਂ ਇਹ ਬਾਣੀ ਉਚਰਿਤ ਹੋਈ ਤਾਂ ਬਾਣੀ ਤਾਂ ਨਿਰੰਕਾਰ ਹੀ ਸੀ ਪਰ ਉਹ ਬੋਲਣ ਪੜ੍ਹਨ ਵਾਲਾ ਸਿੱਖ ਗੁਰੂ ਨਹੀਂ ਸੀ। ਜੇ ਕੋਈ ਗੁਰੂ ਦੀ ਬਾਣੀ ਪੜ੍ਹ ਕੇ ਸੁਣਾ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਕੂੜਾ ਦਾਅਵਾ ਕਰਦਾ ਹੈ ਤਾਂ ਉਹ ਵੱਡਾ ਨੌਸਰ ਬਾਜ਼ ਅਤੇ ਪਾਖੰਡੀ ਹੈ।

ਸਤਿਗੁਰ ਜੀ ਨੇ ਇਹ ਬਾਣੀ ਕਿਵੇਂ ਸਿੱਖਾਂ ਨੂੰ ਦਿੱਤੀ ਉਸ ਬਾਰੇ ਵਿਚਾਰ ਜ਼ਰੂਰੀ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਕਿਹਾ ਗਿਆ ਸੀ ਗੁਰੋ: ਪਾਦੋਦਕ ਪੀਤਵਾ ਗੁਰੋਰੁਛਿਸ਼ਟਭੋਜਨਮ (ਸ੍ਰੀ ਗੁਰੂ ਗੀਤਾ) ਯਾਨਿ ਕਿ ਗੁਰੂ ਦੇ ਮੂੰਹ ਚੋਂ ਨਿਕਲੇ ਉਛਿਸ਼ਟ ਕੀਤੇ ਜੂਠੇ ਭੋਜਨ ਨੂੰ ਖਾਣਾ ਚਾਹੀਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਗੁਰੋਰੁਛਿਸ਼ਟਭੋਜਨਮ ਦੇ ਆਯਾਮ ਅਤੇ ਅਰਥ ਹੀ ਬਦਲ ਦਿੱਤੇ। ਸਤਿਗੁਰੂ ਜੀ ਨੇ ਵੀ ਗੁਰਸਿੱਖਾਂ ਨੂੰ ਉਛਿਸ਼ਟ ਭੋਜਨ ਦਿੱਤਾ। ਪਰ ਉਹ ਕੈਸਾ ਸੀ। ਸਤਿਗਰਾਂ ਨੇ ਨਾਮ ਰੂਪੀ ਅਗੰਮੀ ਇਲਾਹੀ ਭੋਜਨ ਆਪਣੇ ਮੂੰਹੋਂ ਉਚਾਰਨ ਕੀਤਾ ਅਤੇ ਗੁਰ ਮਿਤਾ ਪੁਤਾ ਭਾਈਆ॥(648) ਦੇ ਮੂੰਹ ਵਿਚ ਪਾਇਆ। ਸਾਖ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ,

ਤੁਮ ਵਡ ਪੁਰਖ ਦੀਨ ਦੁਖ ਭੰਜਨ
ਹਰਿ ਦੀਓ ਨਾਮੁ ਮੁਖੇ॥1॥ (ਮ.4 976)
ਵਡਭਾਗੀ ਹਰਿ ਸੰਤੁ ਮਿਲਾਇਆ॥
ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ॥ (ਮ.4 95)

ਇਸ ਉਛਿਸ਼ਟ ਭੋਜਨ ਨੂੰ ਸਮਝਣ ਲਈ ਇਕ ਪੰਛੀ ਅਤੇ ਬੋਟ ਵੱਲ ਝਾਤ ਮਾਰਨੀ ਜ਼ਰੂਰੀ ਹੈ। ਬੋਟ ਪੰਛੀ ਦਾ ਉਹ ਨਵਜਾਤ ਸ਼ਿਸ਼ੂ ਹੁੰਦਾ ਹੈ ਜਿਸਦੇ ਹਾਲੇ ਪੰਖ ਵੀ ਨਹੀਂ ਨਿਕਲੇ। ਉਹ ਨਿਰਾ ਮਾਸ ਦਾ ਇਕ ਲੋਥੜਾ ਹੁੰਦਾ ਹੈ ਅਤੇ ਕੁਝ ਵੀ ਕਰ ਨਹੀਂ ਸਕਦਾ। ਉਸ ਬੋਟ ਦੀ ਮਾਂ ਆਪਣੇ ਮੂੰਹ ਵਿਚੋਂ ਭੋਜਨ ਦਾ ਟੁਕੜਾ ਉਸ ਬੋਟ ਦੇ ਮੂੰਹ ਵਿਚ ਪਾਂਦੀ ਹੈ। ਸਿੱਖ ਅਤੇ ਗੁਰੂ ਦਾ ਵੀ ਇਹੀ ਰਿਸ਼ਤਾ ਹੈ। ਸਾਡੀ ਅਵਸਥਾ ਵੀ ਅੰਧ ਗੁੰਗ ਪਿੰਗੁਲ ਮਤਿ ਹੀਨਾ ਪ੍ਰਭ ਰਾਖਹੁ ਰਾਖਨਹਾਰਾ॥ (ਮ.5 530) ਵਰਗੀ ਹੈ। ਇਸ ਲਈ ਸਤਿਗੁਰੂ ਜੀ ਨੇ ਕਿਰਪਾ ਕਰ ਕੇ ਨਾਮ ਰੂਪੀ ਭੋਜਨ ਸਿੱਖਾਂ ਦੇ ਮੂੰਹ ਵਿਚ



ਪਾਇਆ।

ਮੇਰਾ ਬੈਦੁ ਗੁਰੂ ਗੋਵਿੰਦਾ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ॥1॥ (ਮ. 5 618)

ਗੁਰਬਾਣੀ ਰੂਪੀ ਇਹ ਭੋਜਨ ਗੁਰੂ ਸਾਹਿਬ ਨੇ ਸਿੱਖਾਂ ਦੇ ਮੂੰਹ ਵਿਚ ਪਾਇਆ। ਸਿੱਖਾਂ ਦੀ ਭਗਤ ਮਾਲਾ ਵਿਚ ਅੰਕਤ ਹੈ ਕਿ ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਗਰੀਬ ਨਿਵਾਜ਼ ਅਸਾਨੂੰ ਆਪਣਿਆ ਚਰਨਾਂ ਦੀ ਸਰਨੀ ਰੱਖੀਏ। ਸਤਿਗੁਰੂ ਸੱਚੇ ਪਾਤਸ਼ਾਹ ਨੇ ਜਵਾਬ ਦਿੱਤਾ, ਸਰੀਰ ਨਾਲਿ ਮਿਲੇਗੇ ਤਾਂ ਫੇਰਿ ਭੀ ਵਿਛੜੇਗੇ ਤੇ ਜੇ ਸਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ॥3॥ ਸੋ ਸਦੀਵ ਕਾਲ ਸਦ ਜੀਵਨ ਰਹਿਣ ਲਈ ਗੁਰਸਿੱਖ ਇਹ ਭੋਜਨ ਪ੍ਰਾਪਤ ਕਰਦੇ ਰਹਿਣਗੇ।

ਜੋਤਿ ਅਤੇ ਜੁਗਤਿ ਦੀ ਇਹ ਅਜਬ ਖੇਡ ਸੀ ਕਿ ਨਿਰੰਕਾਰ ਨੇ ਤਰੁੱਠ ਕੇ ਆਪਣੀ ਜੋਤਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ। ਇਸ ਤੋਂ ਬਾਅਦ ਇਸ ਜੋਤਿ ਦਾ ਅਗਲਾ ਸਫ਼ਰ ਪ੍ਰਾਰੰਭ ਹੁੰਦਾ ਹੈ। ਆਮ ਤੌਰ 'ਤੇ ਕਿਸੇ ਵਿਅਕਤੀ ਦੇ ਚਲਾਣਾ ਕਰ ਜਾਣ ਦੇ ਬਾਅਦ ਉਸ ਦੀ ਜਾਇਦਾਦ ਵਗੈਰਾ ਉਸਦੇ ਵਾਰਸਾਂ ਨੂੰ ਮਿਲ ਜਾਂਦੀ ਹੈ। ਪਰ ਗੁਰੂ ਘਰ ਵਿਚ ਰਹੱਸਵਾਦ ਦਾ ਅਜਬ ਲਿਸ਼ਕਾਰਾ ਹੋਇਆ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਆਪਣੀ ਹਯਾਤੀ ਵਿਚ, ਆਪਣੇ ਜੀਵਨ ਕਾਲ ਵਿਚ ਹੀ ਨਿਰੰਕਾਰ ਦੀ ਉਹ ਜੋਤਿ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਸਥਾਪਤ ਕਰ ਦਿੱਤੀ। ਗੁਰਿਆਈ ਦੇ ਸਿੰਘਾਸਨ 'ਤੇ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਆਪ ਸੰਗਤ ਵਿਚ ਬਿਰਾਜਮਾਨ ਹੋਏ। ਫਿਰ ਗੁਰੂ ਅਮਰਦਾਸ ਜੀ ਦੇ ਬਾਅਦ ਇਹੀ ਨਿਰੰਕਾਰੀ ਜੋਤਿ ਗੁਰੂ ਰਾਮਦਾਸ ਜੀ ਮਹਾਰਾਜ ਨੇ ਗੁਰੂ ਅਰਜਨ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ। ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥4॥ (1409)

ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ ਤੇ ਅਖੀਰ ਇਹ ਜੋਤਿ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। ਪਾਵਨ ਗੁਰਵਾਕ ਹੈ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥(937)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥1॥ (ਸਵਈਏ ਮ. ਪੰਜਵੇ ਕੇ 1408)

ਇਸ ਤੋਂ ਨਿਰਸੰਦੇਹ ਤੌਰ 'ਤੇ ਪ੍ਰਕਟ ਹੈ ਕਿ ਜਿਹੜੀ ਨਿਰੰਕਾਰ ਦੀ ਜੋਤਿ ਗੁਰੂ ਨਾਨਕ ਦੇਵ ਜੀ ਵਿਚ ਸਥਾਪਤ ਹੋਈ ਸੀ ਉਹੀ ਜੋਤਿ ਸਫ਼ਰ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। ਕਲਗੀਧਰ ਪਿਤਾ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸ ਦੀ ਪੁਸ਼ਟੀ ਕੀਤੀ,

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥
ਅਮਰ ਦਾਸ ਅੰਗਦ ਪਹਿਚਾਨਾ॥
ਅਮਰ ਦਾਸ ਰਾਮਦਾਸ ਕਹਾਯੋ॥
ਸਾਧਨ ਲਖਾ ਮੂੜ ਨਹਿ ਪਾਯੋ॥9॥
ਭਿੰਨ ਭਿੰਨ ਸਭਹੂੰ ਕਰਿ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧਿ ਪਾਈ॥
ਬਿਨੁ ਸਮਝੇ ਸਿਧਿ ਹਾਥਿ ਨ ਆਈ॥

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਹੀ, ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਇਹ ਨਿਰੰਕਾਰ ਦੀ ਜੋਤਿ ਅਗਲੇ ਗੁਰ ਸਰੀਰ ਵਿਚ ਟਿਕਾਈ। ਇਸ ਤਰ੍ਹਾਂ ਜਦੋਂ ਇਹ ਨਿਰੰਕਾਰ ਦੀ ਜੋਤਿ ਜੋ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾਈ ਗਈ ਸੀ ਹੁਣ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀ। ਇਸ ਦੇ ਨਾਲ ਹੀ ਇਕ ਨੁਕਤਾ ਹੋਰ ਵਿਚਾਰ ਯੋਗ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥਾਂ ਥਾਂ 'ਤੇ ਸੰਗਤਾਂ ਕਾਇਮ ਕੀਤੀਆਂ। ਫਿਰ ਇਹ ਰਹੱਸਵਾਦ ਦਾ ਸਿਖਰ ਹੈ ਜਦੋਂ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਨਿਰੰਕਾਰ ਰੂਪੀ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਦੀਵ ਕਾਲ ਲਈ ਟਿਕਾ ਦਿੱਤੀ ਅਤੇ ਗੁਰ ਸੰਗਤ ਕੀਨੀ ਖਾਲਸਾ ਮੁਤਾਬਕ ਜੁਗਤ ਖਾਲਸਾ ਪੰਥ ਵਿਚ ਸਥਾਪਤ ਕਰ ਦਿੱਤੀ। ਇਸ ਤਰ੍ਹਾਂ ਜੋਤਿ ਅਤੇ ਜੁਗਤਿ ਦਾ ਸਫ਼ਰ ਜੋ ਗੁਰੂ ਨਾਨਕ ਦੇਵ ਜੀ ਨੇ ਅਰੰਭਿਆ ਸੀ ਉਹ ਗੁਰੂ ਗ੍ਰੰਥ - ਗੁਰੂ ਪੰਥ ਦੇ ਰੂਪ ਵਿਚ ਜੁਗੋ ਜੁਗ ਅਟਲ ਲਈ ਸਥਾਪਤ ਹੋ ਗਿਆ।

ਭਾਈ ਮਰਦਾਨਾ ਜੀ ਨੇ ਇਕ ਵੇਰ ਗੁਰੂ ਬਾਬੇ ਨੂੰ ਪਿਆਰ ਵਿਚ ਆ ਕੇ ਕਿਹਾ, ਬਾਬਾ! ਤੇਰਾ ਮੇਰਾ ਬਹੁਤਾ ਅੰਤਰ ਨਹੀਂ। ਤੂੰ ਰੱਬ ਦਾ ਡੂਮ, ਮੈਂ ਤੇਰਾ ਡੂਮ। ਪਹਿਲੇ ਜਾਮੇ ਵਿਚ ਸਿੱਖ ਗੁਰੂ ਨੂੰ ਕਹਿ ਪਾ ਰਿਹਾ ਹੈ। ਕਿਤਨੀ ਨੇੜਤਾ ਹੈ, ਕਿਤਨਾ ਨਿੱਘ ਹੈ, ਕਿਤਨਾ ਪਿਆਰ ਹੈ। ਫਿਰ ਦਸਵੇਂ ਜਾਮੇ ਵਿਚ ਕਲਗੀਧਰ ਪਿਤਾ ਇਹੀ ਕਹਿ ਰਹੇ ਹਨ ਯਾ ਮੈ ਭੇਦੁ ਨ ਰੰਚ ਪਛਾਨੋ॥32॥ ਅਤੇ ਖਾਲਸੇ ਨੂੰ ਗੁਰੂ ਖਾਲਸੇ ਵਿਚ ਤਬਦੀਲ ਕਰ ਦਿੱਤਾ ਤਾਂ ਹਜ਼ੂਰ ਕਹਿ ਰਹੇ ਹਨ, ਪ੍ਰਭੁ ਮੈ ਮੋਮੈ ਤਾਸ ਮੈ ਰੰਚਕ ਨਾਹਿਨ ਭੇਵ॥19॥ ਇਹ ਹੈ ਸਤਿਗੁਰੂ ਦੀ ਪਰਤੱਖ ਕਰਾਮਾਤ ਤੇ ਅਗੰਮੀ ਰਹੱਸਵਾਦ। ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ (ਮਾਰੂ ਰਵਿਦਾਸ ਜੀ 1106) ਗੁਰਬਰ ਅਕਾਲ ਯਾਨਿ ਕਿ ਗੁਰੂ ਬਰਾਬਰ ਹੈ ਅਕਾਲ ਦੇ। ਇਸ ਭਾਵਨੀ ਨਾਲ ਨਿਰੰਕਾਰ ਦੀ ਪ੍ਰਤਖ ਜੋਤਿ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਢਹਿ ਪਈਏ ਅਤੇ ਗੁਰਦੇਵ ਗੁਰੂ ਨਾਨਕ ਦੇਵ ਜੀ ਬਾਰੇ ਇਹੀ ਕਿਹਾ ਫ਼ਬਦਾ ਹੈ,

ਦੇਵ ਦੇਵਤਾਨ ਕੌ ਸੁਰੇਸ ਦਾਨਵਾਨ ਕੌ
ਮਹੇਸ ਗੰਗ ਧਾਨ ਕੌ ਅਭੇਸ ਕਹੀਅਤੁ ਹੈਂ॥ (ਦ.ਗ੍ਰੰ.)

## ਸਾਂਝਾਂ ਦਾ ਸਤਿਕਾਰ ਨਾਨਕ

ਹਰ ਮਜ਼ਹਬ ਦਾ ਪਿਆਰ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
ਤਸਬੀਹਾਂ ਦਾ ਸਿਰਤਾਜ ਹੈ ਉਹ।
ਸ਼ਾਇਰੀ ਵਿਚ ਮੁਮਤਾਜ਼ ਹੈ ਉਹ।
ਸ਼ਬਦਾਂ ਦਾ ਭੰਡਾਰ ਨਾਨਕ
ਸਾਂਝਾਂ ਦਾ ਸਤਿਕਾਰ ਨਾਨਕ।
ਦੁਸ਼ਮਣ ਨੂੰ ਸੀਨੇ ਨਾਲ ਲਾਵੇ।
ਭਟਕੇ ਨੂੰ ਵੀ ਰਾਹ ਵਿਖਾਵੇ।
ਜਿਉਂ ਝਰਨੇ ਦੀ ਧਾਰ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
ਏਦ੍ਹਾਂ ਬਾਲਾ ਤੇ ਮਰਦਾਨਾ।
ਉਮਰਾਂ ਤੱਕ ਦਾ ਸਫ਼ਰ ਸੁਹਾਣਾ।
ਬੈਠਾ ਹੈ ਵਿਚਕਾਰ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
ਉਸਨੂੰ ਏਦ੍ਹਾਂ ਅਮਲ ਪਿਆਰੇ।
ਜਿੱਦਾਂ ਚੰਨ ਦੇ ਨਾਲ ਸਿਤਾਰੇ।
ਸੱਚ ਦਾ ਹੈ ਇਕਰਾਰ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
ਅੰਬਰ ਵਾਂਗੂ ਹੋਂਦ ਰਵੇਗੀ।
ਬਾਣੀ ਸੂਰਜ ਵਾਂਗ ਕਵੇਗੀ।
ਧੰਨ-ਧੰਨ ਹੈ ਉਪਕਾਰ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
ਪੁੱਤ ਉਹ ਪੰਜ ਦਰਿਆਵਾਂ ਦਾ।
ਸਭ ਧਰਮਾਂ ਦੀਆਂ ਮਾਵਾਂ ਦਾ।
ਸੱਚੀ ਹੈ ਅਵਤਾਰ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
ਬਾਣੀ ਨਾਲ ਹਲੀਮੀ ਭਰ ਕੇ।
ਦੁਸ਼ਮਣ ਦੇ ਸੀਨੇ ਵਿਚ ਧਰ ਕੇ।
ਚੁੱਕਦਾ ਨਈ ਤਲਵਾਰ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
ਬੰਦ ਰਸਤੇ ਨੂੰ ਰਾਹ ਵਿਖਾਵੇ।
ਡੁੱਬਦੇ ਨੂੰ ਜਿਉਂ ਸਾਹ ਦਿਵਾਵੇ।
ਲਾਏ ਬੇੜਾ ਪਾਰ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
ਸਭ ਸਰਹੱਦਾਂ ਦਾ ਰਖਵਾਲਾ।
ਪੰਜਾਬੀ ਉਰਦੂ ਦਾ ਉਜਾਲਾ।
ਗੁਰੂ ਪੀਰਾਂ ਦੀ ਸ਼ਾਨ ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।
'ਬਾਲਮ' ਨਾਨਕ ਸੱਚੀ ਸ਼ਕਤੀ।
'ਬਾਲਮ' ਨਾਨਕ ਸੱਚ-ਖੰਡ ਭਗਤੀ।
ਖੋਜੀ ਇੱਕ ਓਂਕਾਰ (ੴ) ਨਾਨਕ।
ਸਾਂਝਾਂ ਦਾ ਸਤਿਕਾਰ ਨਾਨਕ।

*-ਬਲਵਿੰਦਰ 'ਬਾਲਮ' ਗੁਰਦਾਸਪੁਰ*
*ਫੋਨ: 98156-25409*

# ਸੁਤੰਤਰਤਾ ਸੰਗਰਾਮੀਆਂ ਦੀ ਪੈੜ ਨੱਪਦਿਆਂ

ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com


2023 ਦਾ ਵਰ੍ਹਾ ਅਜੇ ਸਮਾਪਤ ਨਹੀਂ ਹੋਇਆ ਪਰ ਇਸ ਸਾਲ ਪੰਜਾਬ ਦੇ ਲੇਖਕਾਂ ਨੇ ਸੁਤੰਤਰਤਾ ਸੰਗਰਾਮੀਆਂ ਨੂੰ ਖੂਬ ਚੇਤੇ ਕੀਤਾ ਹੈ। ਪੰਜਾਬ ਸਰਕਾਰ ਨੇ ਵੀ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ 16 ਨਵੰਬਰ ਨੂੰ ਸਾਰੇ ਸਰਕਾਰੀ ਅਦਾਰੇ ਬੰਦ ਰੱਖਣ ਦਾ ਐਲਾਨ ਕੀਤਾ। ਜਸਵੰਤ ਰਾਏ ਨੇ ਸ਼ਹੀਦ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਦੀ ਜੀਵਨੀ 'ਕੌਮ ਦਾ ਸਿਤਾਰਾ' ਪਾਠਕਾਂ ਦੀ ਝੋਲੀ ਪਾਈ ਹੈ। ਜਗਤਾਰ ਸਿੰਘ ਤੇ ਗੁਰਦਰਸ਼ਨ ਸਿੰਘ ਬਾਹੀਆ ਨੇ 'ਕਾਲਾ ਪਾਣੀ' ਨਾਂ ਦੀ ਪੁਸਤਕ ਵਿਚ ਪੰਜਾਬੀਆਂ ਦੇ ਯੋਗਦਾਨ ਨੂੰ ਅੰਗਰੇਜ਼ੀ ਭਾਸ਼ਾ ਵਿਚ ਕਲਮਬੰਦ ਕੀਤਾ ਹੈ। ਏਸੇ ਤਰ੍ਹਾਂ ਗੁਰਦੇਵ ਸਿੰਘ ਸਿੱਧੂ ਨੇ ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ, ਮਾਸਟਰ ਗੱਜਣ ਸਿੰਘ ਗੋਬਿੰਦਗੜ੍ਹ ਤੇ ਗਿਆਨੀ ਊਧਮ ਸਿੰਘ ਵਰਗੇ ਅਣਗੌਲੇ ਆਜ਼ਾਦੀ ਘੁਲਾਟੀਆਂ ਦੀ ਜੀਵਨੀ ਬਾਰੇ ਤਿੰਨ ਪੰਜਾਬੀ ਪੁਸਤਕਾਂ ਜਾਰੀ ਕੀਤੀਆਂ ਹਨ। ਜਿੱਥੋਂ ਤਕ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ, ਖਾਸ ਕਰਕੇ ਸਿੱਖਾਂ ਦੇ ਯੋਗਦਾਨ ਦਾ ਸਬੰਧ ਹੈ 'ਕਾਲਾ ਪਾਣੀ' ਨਾਂ ਦੀ ਅੰਗ੍ਰੇਜ਼ੀ ਪੁਸਤਕ ਵਿਚ ਇਸਦਾ ਭਰਵਾਂ ਜ਼ਿਕਰ ਤਾਂ ਕੀਤਾ ਹੀ ਹੈ ਪਰ ਇਸਨੂੰ ਸੱਤ ਸਮੁੰਦਰ ਪਾਰ ਦੇ ਅੰਗਰੇਜ਼ੀ ਪਾਠਕਾਂ ਤਕ ਵੀ ਪਹੁੰਚਾਇਆ ਹੈ।

ਇਸ ਵਿਚ ਗੰਡਾ ਸਿੰਘ, ਫੌਜਾ ਸਿੰਘ ਵਰਗੇ ਇਤਿਹਾਸਕਾਰਾਂ ਤੇ ਮਾਲਵਿੰਦਰਜੀਤ ਸਿੰਘ ਵੜੈਚ ਵਰਗੇ ਸਮਾਜ ਸ਼ਾਸਤ੍ਰੀਆਂ ਦੇ ਹਵਾਲੇ ਨਾਲ ਇਹ ਦਰਸਾਇਆ ਗਿਆ ਹੈ ਕਿ ਭਾਰਤ ਦਾ ਪ੍ਰਵੇਸ਼ ਦੁਆਰ ਹੋਣ ਦੇ ਨਾਤੇ ਪੰਜਾਬ ਨੂੰ ਸਿਕੰਦਰ ਤੇ ਬਾਬਰ ਵਰਗੇ ਹਮਲਾਵਰਾਂ ਦਾ ਮੁਕਾਬਲਾ ਕਰਨਾ ਸਿੱਧ ਕਰਦਾ ਹੈ ਕਿ ਅਣਖੀਲੇ ਪੰਜਾਬੀ ਮੁੱਢ ਕਦੀਮੋਂ ਮਾਂ ਧਰਤੀ ਲਈ ਜਾਨਾਂ ਵਾਰਦੇ ਆਏ ਨੇ। ਇਨ੍ਹਾਂ ਨੇ ਬਰਤਾਨਵੀ ਸੈਨਾ ਨੂੰ ਸਤਲੁਜ ਨਦੀ ਤੋਂ ਅੱਗੇ ਨਹੀਂ ਵਧਣ ਦਿੱਤਾ।

ਪੰਜਾਬ ਜਿਸ ਵਿਚ ਅਜੋਕਾ ਪਾਕਿਸਤਾਨ ਵੀ ਸ਼ਾਮਿਲ ਸੀ। ਆਜ਼ਾਦੀ ਸੰਗਰਾਮ ਦਾ ਲਾਸਾਨੀ ਪੰਘੂੜਾ ਰਿਹਾ ਹੈ। ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ ਗੋਰੀਆਂ ਫੌਜਾਂ ਦੇ ਨਿੰਬੂਆਂ ਵਾਂਗ ਲਹੂ ਨਿਚੋੜਨ ਵਾਲਿਆਂ ਵਿਚ ਮੇਵਾ ਸਿੰਘ ਤੇ ਮਾਖੇ ਖਾਂ ਦੋਵੇਂ ਹੀ ਨਿੱਠ ਕੇ ਲੜੇ ਸਨ। 19 ਸਾਲ ਦੀ ਉਮਰ ਵਿਚ ਸ਼ਹੀਦੀ ਪਾਉਣ ਵਾਲੇ



ਕਰਤਾਰ ਸਿੰਘ ਤੇ 23 ਸਾਲਾ ਭਗਤ ਸਿੰਘ ਸ਼ਹੀਦ ਨੇ ਵੀ ਗੋਰੀ ਸਰਕਾਰ ਨਾਲ ਡਟ ਕੇ ਆਢਾ ਲਿਆ।

ਇਨ੍ਹਾਂ ਤੋਂ ਬਿਨਾ ਕਾਲੇ ਪਾਣੀ ਦੀ ਸਜ਼ਾ ਭੁਗਤਣ ਵਾਲੇ ਆਜ਼ਾਦੀ ਘੁਲਾਟੀਆਂ ਦਾ ਵੀ ਕੋਈ ਅੰਤ ਨਹੀਂ। ਗੋਰੀ ਸਰਕਾਰ ਤੋਂ ਆਜ਼ਾਦ ਹੋਣ ਲਈ ਨਾਮਧਾਰੀਆਂ, ਗ਼ਦਰੀਆਂ ਤੇ ਬੱਬਰ ਅਕਾਲੀਆਂ ਦਾ ਯੋਗਦਾਨ ਵੀ ਭੁੱਲਣ ਵਾਲਾ ਨਹੀਂ। ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਸਮੇਤ।

ਇਹ ਪੁਸਤਕ ਪੰਜਾਬੀਆਂ ਦੇ ਯੋਗਦਾਨ ਦੀ ਬਾਤ ਪਾਉਂਦੇ ਸਮੇਂ ਮੁਸਲਮਾਨ ਸੰਗਰਾਮੀਆਂ ਦਾ ਜ਼ਿਕਰ ਵੀ ਮਾਣ ਨਾਲ ਕਰਦੀ ਹੈ। ਵੱਡੀ ਗੱਲ ਇਹ ਕਿ ਇਹ ਰਚਨਾ ਵੀਰ ਸਾਵਰਕਰ ਵਲੋਂ ਮੰਗੇ ਮੁਆਫੀਨਾਮੇ ਦਾ ਘੁੰਡ ਵੀ ਚੁੱਕਦੀ ਹੈ ਜਿਸਦੇ ਸਿਰ ਉੱਤੇ ਆਜ਼ਾਦੀ ਦਾ ਤਾਜ ਪਹਿਨਾਉਣ ਵਿਚੋਂ ਮੁੰਬਈ ਵਾਲਿਆਂ ਨੇ ਕੋਈ ਕਸਰ ਨਹੀਂ ਛੱਡੀ। ਹਥਲੀ ਪੁਸਤਕ ਇਹ ਵੀ ਦੱਸਦੀ ਹੈ ਕਿ ਅੰਡੇਮਾਨ ਦੀ ਬੰਦ ਕੋਠੜੀ ਜੇਲ੍ਹ ਵਿਚ ਸਿਆਸੀ ਕੈਦੀਆਂ ਨੂੰ ਇਹੋ ਜਿਹੇ ਕਮਰਿਆਂ ਵਿਚ ਰਹਿਣਾ ਪੈਂਦਾ ਸੀ ਜਿਥੇ ਰੋਸ਼ਨੀ ਦੀ ਖਿੜਕੀ ਵੀ ਨਾਂ ਮਾਤਰ ਸੀ ਤੇ ਟੱਟੀ ਪਿਸ਼ਾਬ ਵੀ ਕਾਲ ਕੋਠੜੀ ਵਿਚ ਹੀ ਕਰਨਾ ਪੈਂਦਾ ਸੀ।

ਜਗਤਾਰ ਸਿੰਘ ਤੇ ਗੁਰਦਰਸ਼ਨ ਬਾਹੀਆ ਦੇ ਸਿਰ ਇਸ ਗੱਲ ਦਾ ਸਿਹਰਾ ਬੱਝਦਾ ਹੈ ਕਿ ਉਨ੍ਹਾਂ ਨੇ ਇਹ ਰਚਨਾ ਅੰਗਰੇਜ਼ੀ ਭਾਸ਼ਾ ਵਿਚ ਲਿਖ ਕੇ ਪੰਜਾਬੀਆਂ ਦੇ ਯੋਗਦਾਨ ਨੂੰ ਸੰਸਾਰ ਭਰ ਦੇ ਅੰਗਰੇਜ਼ੀ ਪੜ੍ਹਨ ਵਾਲਿਆਂ ਤੱਕ ਪਹੁੰਚਾਇਆ ਹੈ। ਪੁਸਤਕ ਸੱਚਮੁੱਚ ਹੀ ਪੜ੍ਹਨਯੋਗ ਹੈ।

**ਕੁੱਝ ਅਣਗੌਲੇ ਸੁਤੰਤਰਤਾ ਸੰਗਰਾਮੀ**

ਉਪਰੋਕਤ ਪੁਸਤਕ ਦੀ ਗੱਲ ਕਰਦਿਆਂ ਮੈਂ ਇਹ ਦੱਸਣਾ ਭੁੱਲ ਗਿਆ ਕਿ 1909 ਤੋਂ 1921 ਤੱਕ ਜਿਨ੍ਹਾਂ ਸੰਗਰਾਮੀਆਂ ਨੇ ਅੰਡੇਮਾਨ ਤੇ ਨਿਕੋਬਾਰ ਦੀ ਜੇਲ੍ਹ ਵਿਚ ਸਜ਼ਾ ਭੁਗਤੀ ਉਨ੍ਹਾਂ ਵਿਚੋਂ 73 ਪੰਜਾਬ ਤੋਂ ਸਨ, 9 ਯੂਨਾਈਟਿਡ ਪ੍ਰਵਿੰਸ ਤੋਂ ਤੇ ਤਿੰਨ ਬੰਬਈ ਤੋਂ ਜਿਨ੍ਹਾਂ ਵਿਚ ਮੁਆਫੀ ਮੰਗਣ ਵਾਲਾ ਵਿਨਾਇਕ ਦਮੋਦਰ ਸਾਵਰਕਰ ਵੀ ਸੀ। ਸੰਨ 2023 ਦੀ ਖ਼ੁਸ਼ੀ ਇਹ ਹੈ ਕਿ ਗੁਰਦੇਵ ਸਿੰਘ ਸਿੱਧੂ ਨੇ ਨਿਧਾਨ ਸਿੰਘ ਮਹੇਸਰੀ, ਮਾਸਟਰ ਗੱਜਣ ਸਿੰਘ ਗੋਬਿੰਦਗੜ੍ਹ ਤੇ ਗਿਆਨੀ ਊਧਮ ਸਿੰਘ ਦੀ ਜੀਵਨ ਕਹਾਣੀ ਬਾਰੇ ਤਿੰਨ ਪੁਸਤਕਾਂ ਏਸੇ ਹੀ ਸਾਲ ਪ੍ਰਕਾਸ਼ਤ ਕਰਵਾਈਆਂ ਹਨ।

ਨਿਧਾਨ ਸਿੰਘ ਨੂੰ ਸੁਤੰਤਰਤਾ ਦੀ ਜਾਗ ਅਮਰੀਕਾ ਜਾ ਕੇ ਲੱਗੀ। ਫੇਰ ਉਥੋਂ ਦੀ ਸਰਕਾਰ ਨੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਤਾਂ ਨਿਧਾਨ ਸਿੰਘ ਸੋਵੀਅਤ ਯੂਨੀਅਨ ਜਾ ਵੜਿਆ ਤੇ ਵਾਪਸ ਆ ਕੇ ਆਪਣੇ ਪਿੰਡ ਮਹੇਸਰੀ ਸੰਧੂਆਂ ਵਿਚ ਰਹਿ ਕੇ ਸਮਾਜਿਕ ਗਤੀਵਿਧੀਆਂ ਵਿਚ ਰੁੱਝ ਗਿਆ। ਜਿਸ ਵਿਚੋਂ ਕੁਝ ਸਮਾਂ ਉਸ ਸਮੇਂ ਦੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਵੀ ਸਰਗਰਮ ਰਿਹਾ। ਚੇਤੇ ਰਹੇ ਕਿ ਜਿਹੜੀ ਸੜਕ ਉਨ੍ਹਾਂ ਦੇ ਪਿੰਡ ਨੂੰ ਲੁਧਿਆਣਾ-ਫਿਰੋਜ਼ਪੁਰ ਸੜਕ ਨਾਲ ਜੋੜਦੀ ਹੈ ਉਸ ਦਾ ਨਾਂ ਬਾਬਾ ਨਿਧਾਨ ਸਿੰਘ ਮਾਰਗ ਰੱਖਿਆ ਗਿਆ ਹੈ। ਖ਼ੁਸ਼ੀ ਇਹ ਕਿ ਉਹ ਸਾਰੀ ਉਮਰ ਖੱਬੇ ਪੱਖੀ ਵਿਚਾਰਧਾਰਾ ਨੂੰ ਪਰਨਾਇਆ ਰਿਹਾ।

ਅਣਗੌਲਿਆ ਮਾਸਟਰ ਗੱਜਣ ਸਿੰਘ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਸਾਨੇਵਾਲ ਦੇ ਗਵਾਂਢੀ ਪਿੰਡ ਗੋਬਿੰਦਗੜ੍ਹ ਦਾ ਜੰਮਪਲ ਸੀ। ਉਸਨੇ ਪਹਿਲੇ ਵਿਸ਼ਵ ਯੁੱਧ ਦੇ ਸਮਾਪਤ ਹੁੰਦੇ ਸਾਰ 18 ਸਾਲ ਦੀ ਉਮਰੇ ਸ਼ਿੰਘਾਈ ਨੂੰ ਚਾਲੇ ਪਾ ਦਿੱਤੇ ਸਨ। ਉਥੇ ਜਾ ਕੇ ਰੋਜ਼ੀ-ਰੋਟੀ ਲਈ ਤਾਂ ਸਕੂਲ ਅਧਿਆਪਕ ਜਾ ਲੱਗਿਆ ਪਰ ਤਨੋਂ-ਮਨੋਂ ਕ੍ਰਾਂਤੀਕਾਰੀ ਰਿਹਾ। ਉਸਨੂੰ ਸ਼ਿੰਘਾਈ ਦੀ ਜੇਲ੍ਹ ਵਿਚ ਕੈਦ ਵੀ ਕੱਟਣੀ ਪਈ। ਏਥੇ ਹੀ ਬਸ ਨਹੀਂ ਕਲਕੱਤਾ ਪਹੁੰਚਦੇ ਸਾਰ ਉਨ੍ਹਾਂ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਬੰਗਾਲ ਦੀਆਂ ਮਿਦਨਾਪੁਰ ਤੇ ਢਾਕਾ ਜੇਲ੍ਹਾਂ ਤੋਂ ਪਿੱਛੋਂ ਲੁਧਿਆਣਾ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਜੇਲ੍ਹ ਤੋਂ ਛੁੱਟੀ ਮਿਲਣ ਉਪਰੰਤ ਮਾਸਟਰ ਜੀ ਨੂੰ ਸਿੰਧ ਪ੍ਰਾਂਤ ਦੀ ਕਿਰਤੀ ਲਹਿਰ ਦੀ ਜ਼ਿੰਮੇਵਾਰੀ ਸੌਂਪੀ ਗਈ ਪਰ ਛੇਤੀ ਹੀ ਗੋਰੀ ਸਰਕਾਰ ਨੇ ਕਿਰਤੀ ਕਿਸਾਨ ਪਾਰਟੀ ਨੂੰ ਗ਼ੈਰ-ਕਾਨੂੰਨੀ ਜਥੇਬੰਦੀ ਐਲਾਨ ਦਿੱਤਾ ਤੇ ਮਾਸਟਰ ਗੱਜਣ ਸਿੰਘ ਉੱਤੇ ਜੂਹਬੰਦੀ ਲਾਗੂ ਕਰ ਦਿੱਤੀ। ਫੇਰ ਦੂਜੇ ਸੰਸਾਰ ਯੁੱਧ ਸਮੇਂ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਕੇ ਦਿਉਲੀ ਕੈਂਪ ਦੀ ਜੇਲ੍ਹ ਵਿਚ ਤੁੰਨ ਦਿੱਤਾ। ਮਾੜੀ ਗੱਲ ਇਹ ਕਿ 1947 ਦੀ ਦੇਸ਼ ਵੰਡ ਪਿਛੋਂ ਵੀ ਧਾਰਮਿਕ ਜਨੂੰਨੀਆਂ ਨੇ ਮਾਸਟਰ ਜੀ ਨੂੰ ਟਿਕ ਕੇ ਨਹੀਂ ਬਹਿਣ ਦਿੱਤਾ ਤੇ ਉਹ ਮਾਨਸਿਕ ਪੀੜਾ ਦਾ ਸ਼ਿਕਾਰ ਹੋ ਗਏ।

ਇਹ ਗੱਲ ਵੱਖਰੀ ਹੈ ਕਿ ਇਸ ਅਵਸਥਾ ਵਿਚ ਵੀ ਉਹ ਜਿਹੜਾ ਸ਼ਬਦ ਬੋਲਦਾ ਇਸ ਵਿਚੋਂ ਨਿਡਰਤਾ ਡੁੱਲ੍ਹ-ਡੁੱਲ੍ਹ ਪੈਂਦੀ ਸੀ।

ਰਿਆਸਤ ਨਾਭਾ ਦੇ ਪਿੰਡ ਖਨਿਆਣ ਦਾ ਜੰਮਪਲ ਇਕ ਹੋਰ ਜੀਊਣਾ ਫੌਜ ਵਿਚ ਭਰਤੀ ਹੋਣ ਸਮੇਂ ਤਾਂ ਬਾਬੂ ਸਿੰਘ ਨਾਂ ਨਾਲ ਵਿਚਰਿਆ ਪਰ 28 ਸਾਲ ਦੀ ਉਮਰੇ ਅਕਾਲੀ ਦਲ ਵਿਚ ਸ਼ਾਮਲ ਹੋਣ ਸਮੇਂ ਉਸਨੇ ਅੰਮ੍ਰਿਤ ਛਕਿਆ ਤੇ ਊਧਮ ਸਿੰਘ ਹੋ ਗਿਆ। ਪਾਇਲ ਦੇ ਗੁਰਦੁਆਰੇ ਵਿਚ ਗ੍ਰੰਥੀ ਵਜੋਂ ਸੇਵਾ ਨਿਭਾਉਣ ਤੇ ਮੇਰਠ ਛਾਉਣੀ ਵਿਚ ਕਿਰਤੀ ਪ੍ਰਚਾਰ ਕਰਨ ਵਾਲੇ ਊਧਮ ਸਿੰਘ ਨੂੰ 1923 ਵਿਚ ਮਹਾਰਾਜਾ ਨਾਭਾ ਨੂੰ ਅੰਗਰੇਜ਼ ਸਰਕਾਰ ਵਲੋਂ ਜ਼ਬਰਦਸਤੀ ਗੱਦੀ ਤੋਂ ਉਤਾਰੇ ਜਾਣ ਖ਼ਿਲਾਫ ਦੀਵਾਨ ਸਜਾਉਣ ਕਾਰਨ ਤੇ 1929 ਵਿਚ ਸੇਵਾ ਸਿੰਘ ਠੀਕਰੀਵਾਲ ਨਾਲ ਮਿਲ ਕੇ ਅਕਾਲੀ ਦਲ ਬਣਾਉਣ ਦੇ ਦੋਸ਼ ਵਿਚ ਜੇਲ੍ਹ ਜਾਣਾ ਪਿਆ। ਉਸ ਤੋਂ ਪਿੱਛੋਂ ਮਾਰਚ 1941 ਨੂੰ ਫੌਜੀ ਬਗ਼ਾਵਤ ਭੜਕਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਕੇ ਸਿਕੰਦਰਬਾਦਾ, ਮੀਆਂਵਾਲੀ, ਮੁਜ਼ੱਫਰਗੰਜ ਅਤੇ ਲਾਇਲਪੁਰ ਦੀ ਜੇਲ੍ਹ ਵਿਚ ਬੰਦੀ ਰੱਖਿਆ ਗਿਆ। ਏਥੋਂ ਰਿਹਾਈ ਉਪਰੰਤ ਉਨ੍ਹਾਂ ਨੇ ਧਮੋਟ ਦੇ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਨਿਭਾਉਣੀ ਸ਼ੁਰੂ ਕਰ ਦਿੱਤੀ। ਜਦੋਂ 1960 ਵਿਚ ਉਹ ਵੀ ਨਿਧਾਨ ਸਿੰਘ ਵਾਂਗ ਅਧਰੰਗ ਦਾ ਸ਼ਿਕਾਰ ਹੋ ਗਿਆ ਤਾਂ ਉਸ ਨੂੰ ਕੂਹਲੀ ਕਲਾਂ ਵਿਆਹੀ ਭੈਣ ਨੰਦ ਕੌਰ ਆਪਣੇ ਕੋਲ ਲੈ ਆਈ ਜਿੱਥੇ 1964 ਦੀ 20 ਨਵੰਬਰ ਨੂੰ ਉਸ ਨੇ ਅੰਤਮ ਸੁਆਸ ਲਏ। ਭਾਰਤੀ ਸੈਨਾ, ਕਿਰਤੀ ਪਾਰਟੀ ਤੇ ਗੁਰਦੁਆਰਿਆਂ ਵਿਚ ਗ੍ਰੰਥੀ ਦੀ ਸੇਵਾ ਨਿਭਾਉਣ ਵਾਲੇ ਇਸ ਵਿਅਕਤੀ ਦਾ ਜੀਵਨ ਰੰਗ ਰੰਗੀਲਾ ਸੀ।

ਗੁਰਦੇਵ ਸਿੰਘ ਸਿੱਧੂ ਵਲੋਂ ਅਣਗੌਲੇ ਆਜ਼ਾਦੀ ਘੁਲਾਟੀਆਂ ਨੂੰ ਚੇਤੇ ਰੱਖਣ ਸਮੇਂ ਪਰਿਵਾਰਕ ਤਸਵੀਰਾਂ ਸਮੇਤ ਪੇਸ਼ ਕਰਨ ਦਾ ਸਵਾਗਤ ਕਰਨਾ ਬਣਦਾ ਹੈ।

**ਅੰਤਿਕਾ**

(ਧਨੀ ਰਾਮ ਚਾਤ੍ਰਿਕ)
ਬੰਦੀ-ਜਨ ਦੇ ਹਲਵੇ ਨਾਲੋਂ
ਟੁਕੜੇ ਭਲੇ ਫਕੀਰਾਂ ਦੇ
ਕਰ ਗੁਜ਼ਰਨ ਸੁਤੰਤ੍ਰਤਾ ਵਿਚ
ਪਹਿਨ ਗੋਦੜੇ ਲੀਰਾਂ ਦੇ।

# ਚੁੱਪ ਤੇ ਭੁੱਖ




**ਡਾ. ਆਸਮਾ ਕਾਦਰੀ**


ਆਦਿ ਜੁਗਾਦਿ ਦਾ ਸੱਚ ਵਿਖਾਉਂਦੀ ਏ ਚੇਤਰ ਦੀ ਧੁੱਪ। ਚਲੋ ਹੁਣ ਅੱਗੇ ਚੱਲੀਏ ਵੇਖੀਏ ਆਦਿ ਜੁਗਾਦਿ ਦੀ ਸੱਚ ਸਿਆਣ ਕਰਵਾ ਕੇ ਬਾਬੇ ਨਾਨਕ ਗੱਲ ਕਿਸ ਪਾਸੇ ਟੋਰੀ ਹੈ।

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ (ਪੰਨਾ1, ਜਪੁ, ਮ: 1)

'ਸੋਚਿ' ਸੋਚਣ ਤਾਂ ਹੈ ਈ ਵਿਚਾਰਨ, ਧਿਆਨ ਕਰਨ, ਨਾਲ ਈ ਡਾਕਟਰ ਸਾਹਿਬ ਸਿੰਘ ਨੇ ਏਸ ਦੇ ਅਰਥ ਨਹਾਉਣ, ਧੋਵਣ, ਪਾਕੀ, ਸਫ਼ਾਈ ਵੀ ਦੱਸੇ ਨੇ। ਨਹਾਉਣ ਧੋਵਣ ਸਾਫ ਕਰੇਂਦਾ ਏ। ਪਾਣੀ ਸੁੱਚਾ ਕਰੇਂਦਾ ਹੈ ਮੈਲ ਕੁਚੈਲ ਲਾਹ ਕੇ। ਸੁੱਚਾ ਓਹ ਕਰ ਸਕਦਾ ਏ ਜੋ ਆਪ ਸੁੱਚਾ ਹੋਵੇ ਜਿਵੇਂ ਪਾਣੀ ਹੈ ਜਿਵੇਂ ਪਾਣੀ ਤਨ ਦੀ ਮੈਲ ਸਾਫ ਕਰੇਂਦਾ ਹੈ ਤਿਵੇਂ ਸ਼ਬਦ ਦੀ ਸੁਰਤ-ਸਮਝ ਮਨ ਦੀ ਮੈਲ ਸਾਫ ਕਰੇਂਦੀ ਹੈ ਪਰ ਸ਼ਬਦ ਸੱਚਾ ਹੋਵੇ ਪਾਣੀ ਵਾਂਗ ਤਾਹੀਓਂ ਮਨ ਨੂੰ ਪੋਂਹਦਾ ਹੈ। ਗੱਲ ਸਫਾਈ ਦੀ ਹੈ, ਮਨ ਅੰਦਰ ਦੀ ਹੋਵੇ ਭਾਵੇਂ ਤਨ ਬਾਹਰ ਦੀ। ਪਾਕੀ ਸੁਥਰਾਈ ਨਿਰੀ ਤਨ ਦੇ ਧੋਵਨਿ ਪਾਰੋਂ ਨਹੀਂ ਆ ਸਕਦੀ। ਇਕ ਹੋਰ ਸ਼ਬਦ ਰਾਹੀਂ ਪਾਕੀ ਤੇ ਸੁਥਰਾਈ ਨੂੰ ਸਮਝ ਸਕਣੇ ਹਾਂ। ਜਿਵੇਂ:

ਮ: ੧ ॥ ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥ ਪੰਨਾ 789॥

ਗੁਰੂ ਅਰਜਨ ਪਾਤਸ਼ਾਹ ਦੀ ਬਾਣੀ ਵਿਚੋਂ ਵੀ ਇਹ ਗੱਲ ਸਾਫ ਨਜ਼ਰ ਆਉਂਦੀ ਏ:

ਅਨਿਕ ਜਲਾ ਜੇ ਧੋਵੈ ਦੇਹੀ॥
ਮੈਲ ਨ ਉਤਰੈ ਸੁਧੁ ਨ ਤੇਹੀ॥ (ਪੰਨਾ 199-200, ਮ:5, ਸੁਖਮਨੀ)

ਮਨ ਜਦੋਂ ਤੀਕ ਪਾਕ ਨਾ ਹੋਵੇ ਤਨ ਦੀ ਪਾਕੀ ਦਾ ਕੀ ਕਰਨਾ। ਤਨ ਦੀ ਲੱਗ ਲਬੇੜ ਜਿਵੇਂ ਮੰਦੀ ਲਗਦੀ ਏ ਤਿਵੇਂ ਮਨ ਦੀ ਮੈਲ, ਮਨ ਦੀ ਦੂਈ, ਮਨ ਦਾ ਲੱਗ ਲਬੇੜ ਹੋਇਆ। ਆਦਿ ਜੁਗਾਦਿ ਦੇ ਸੱਚ ਦੀ ਸੁਰਤ ਸਾਰ ਈ ਮਨ ਦੀ ਦੂਈ ਨੂੰ ਧੋ ਕੇ ਪਾਕ ਕਰੇਂਦੀ ਏ। ਇਹ ਪਾਕੀ ਨਿਰੀ ਅੱਖਰਾਂ ਨਾਲ ਨਹੀਂ ਆ ਸਕਦੀ ਅੱਖਰਾਂ ਦੇ ਕਰਨੀ ਬਣਨ ਨਾਲ ਆਉਂਦੀ ਹੈ। ਜੋ ਹਸਤੀ ਜਮ੍ਹਾਂ ਜੋੜ ਪਾਰੋਂ ਦੂਈ ਵਿਚ ਫਾਥੀ ਉਹ ਆਪਣੀ ਕਰਨੀ ਦੇ ਸਾਂਝ ਵਰਤਾਰੇ ਪਾਰੋਂ ਮੁੜ ਪਾਕ ਥੀਂਦੀ ਏ। ਸਾਂਝਾ ਆਹਰ ਰਿਜ਼ਕ ਉਪਾਵਨ ਵੰਡਣ ਦਾ ਮਨ ਦੇ ਖੋਟ ਨੂੰ ਮੁਕਾ ਕੇ, ਸਾਫ ਕਰੇਂਦਾ ਹੈ ਹਸਤੀ ਨੂੰ। ਸ਼ਬਦ ਵਿਚ ਜਿਵੇਂ "ਸੋਚਿ" ਦੀ ਗੱਲ ਹੋਈ ਹੈ ਤਿਵੇਂ ਸ਼ਬਦ ਚੁੱਪ ਦੀ ਗੱਲ ਕਰੇਂਦਾ ਹੈ। ਚੁੱਪ ਕਰ ਕੇ ਧਿਆਨ ਲਾਵਣਾ ਤਾਂ ਚੰਗੀ ਗੱਲ ਏ। ਪਰ ਪੁੱਛ ਤਾਂ ਇਹ ਹੈ ਸ਼ਬਦ ਦੀ ਜੋ ਸੋਚ ਹੈ ਕਾਹਦੀ। ਜੇ ਤੇ ਚੁੱਪ ਦਾ ਵਰਤ ਰੱਖਿਆ ਹੈ ਵਿਖਾਲੇ ਕਾਨ ਤਾਂ ਉਹ ਚੁੱਪ ਕੂੜੀ ਏ। ਜੇ ਚੁੱਪ ਸਾਧੀ ਏ ਆਪਣੇ ਨਿੱਜੀ ਲਾਹੇ ਦਾ ਹਿਸਾਬ ਕਿਤਾਬ ਕਰਨ ਕਾਨ ਤਾਂ ਉਹ ਕਿਸ ਕਾਰੀ। ਜੇ ਅੱਖੀਂ ਵੇਖੇ ਧਰੋਹ ਉੱਪਰ ਵੀ ਜੀਭ ਚੁੱਪ ਏ ਤਾਂ ਕੀ ਲਾਗ ਹੈ ਏਸ ਚੁੱਪ ਦਾ ਜੀਵਨ ਨਾਲ, ਜਿਉਂਦੇ ਜੀਆਂ ਨਾਲ। ਚੁੱਪ ਤਾਂ ਹੈ ਵਾਅ, ਪਾਣੀ, ਅੱਗ, ਮਿੱਟੀ, ਤੇ ਆਕਾਸ਼ ਦੀ, ਜੋ ਉਪਜਾਉਂਦੀ ਹੈ, ਸੇਵਾ ਕਰੇਂਦੀ ਹੈ। ਜਿਉਂਦੀ ਹੋਂਦ ਦੀ ਚੁੱਪ ਜੇ ਕੁੱਲ ਖਲਕਤ ਨਾਲ ਹੁੰਦੇ ਧਰੋਹ ਦਾ ਤਰੋੜ ਲੱਭਦੀ ਏ ਤਾਂ ਤੇ ਚੁੱਪ ਠੀਕ ਏ। ਕਿਉਂ ਜੋ ਏਸ ਚੁੱਪ ਨੇ ਕਰਨੀ ਬਣਨਾ ਹੈ। ਜੇ ਚੁੱਪ ਕਰਨੀ ਨਾ ਬਣੇ ਉਹ ਚੁੱਪ ਨਹੀਂ ਮਕਰ ਏ, ਵਿਖਾਲਾ ਏ ਚੁੱਪ ਦਾ, ਧੋਖਾ ਦੇਵਣ ਕੀਤੇ। ਨਿਮਾਣੀ ਖਲਕਤ ਨੂੰ ਮੋਹਣ ਦਾ ਕੋਈ ਨਵਾਂ ਢੰਗ, ਨਵੀਂ ਫੰਦ ਫਰੇਬ ਨਾਲ ਨਿਮਾਣਿਆਂ ਦੀ ਕਰਨੀ ਖੁਸਣ ਦੇ ਨਵੇਂ ਪੱਜ। ਬਾਬੇ ਨਾਨਕ ਦੱਸਿਆ ਏ ਇਹ ਚੁੱਪ ਨਹੀਂ ਏ। ਏਹਾ ਵੰਡ ਬਾਬਾ ਫਰੀਦ ਦੇ ਦੋਹੜੇ ਵਿਚ ਵੀ ਵਿਖਾਈ ਏ ਹੰਸ ਤੇ ਬਗਲੇ ਦੀ।

ਇੱਕ ਲੱਤ 'ਤੇ ਚੁੱਪ ਖਲੋਤਾ ਬਗਲਾ ਜਾਪਦਾ ਹੈ ਕਿਸੇ ਧਿਆਨ ਵਿਚ ਖੁੱਭਿਆ ਹੈ ਪਰ ਵਿਚੋਂ ਸਾਵਧਾਨ ਏ। ਮੱਛੀ ਦਿੱਸੀ ਤਾਂ ਝੱਪਟ ਲਈ। ਇਲਮ ਸਿਆਣਿਆਂ ਦੀ ਚੁੱਪ ਵੀ ਐਵੇਂ ਬਗਲੇ ਵਾਲੀ ਹੈ।

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ (ਪੰਨਾ1, ਜਪੁ, ਮ: 1)

ਭੁੱਖ ਖਾਵਣ ਨਾਲ ਤਾਂ ਲਹਿੰਦੀ ਨਹੀਂ। ਜੇ ਖਾਵਣ ਨਾਲ ਭੁੱਖ ਲਹਿੰਦੀ ਤਾਂ ਮੱਲ ਵਿਹਾਰ ਹੁਣ ਤਾਈਂ ਰੱਜ ਗਿਆ ਹੁੰਦਾ। ਸ਼ਬਦ ਏਹਾ ਸੁਰਤ ਪਿਆ ਦੇਂਦਾ ਹੈ ਜੋ ਖਾਹ ਖਾਵਣ ਨਾਲ ਤੇ ਕੋਠੇ ਭਰੀਵਣ ਨਾਲ ਰੱਜ ਨਹੀਂ ਹੁੰਦਾ। ਰੱਜ ਵੰਡਣ ਪਾਰੋਂ ਹੁੰਦਾ ਹੈ। ਕੁੱਲ ਜੀਆਂ ਜੂਨ ਨਾਲ ਟੁੱਕਰ ਸਾਂਝ ਈ ਰੱਜ ਹੈ। ਕਿਤਨਾ ਕੁ ਖਾ ਸਕਦਾ ਹੈ ਇੱਕ ਜੀ? ਅਸਲ ਰੌਲਾ ਨਜ਼ਰ ਦਾ ਹੈ, ਹਵਸ ਦਾ ਜੋ ਕਦੀ ਵੀ ਨਹੀਂ ਮੁੱਕਦੀ। ਢਿੱਡ ਦੀ ਤਾਂ ਲੋੜ ਇਤਨੀ ਨਹੀਂ ਜਿਤਨਾ ਜੇੜ ਲੈਂਦਾ ਹੈ ਮੱਲ ਮਾਰ। ਭੁੱਖ ਵਾਂਗ ਈ ਸਿਆਣਪ ਹੋਈ। ਸਿਆਣਪਾਂ ਕੰਮ ਕਰੇਂਦੀਆਂ ਨੇ ਪਈਆਂ ਹਾਕਮ ਦੀ ਹਾਕਮੀ ਥੰਮਣ ਦਾ, ਮੱਲਵਾਨ ਦੀ ਮੱਲ ਪੱਕੀ ਕਰਨ ਦਾ, ਜ਼ੁਲਮ ਜਬਰ ਦੀ ਬਾਂਹ ਬਣਨ ਦਾ। ਇਹ ਸਿਆਣਪਾਂ ਚਤੁਰਾਈਆਂ ਹਜ਼ਾਰਾਂ ਲੱਖਾਂ ਹੋਵਣ ਪਰ ਨਾਲ ਨਹੀਂ ਚੱਲਦੀਆਂ। ਚੱਲਣ ਵਿਚ ਟੋਰਾ ਹੋਇਆ ਤੇ ਮੱਲ ਮਾਰ ਸਮਝਾਂ ਬਣਦੀਆਂ ਹੀ ਖਲੋਤ ਪਾਰੋਂ ਨੇ। ਕੋਠੇ, ਕਾਰ-ਵਿਹਾਰ, ਧਨ-ਮਾਲ, ਸਭ ਆਪ ਬੱਝੇ ਹਨ ਤੇ ਆਪਣੇ ਜੋੜਨਹਾਰਾਂ ਨੂੰ ਬੰਨਦੇ ਹਨ ਪਏ।

ਕੁਦਰਤ ਦੇ ਦਾਨ ਹੋਏ "ਆਦਿ ਜੁਗਾਦਿ" ਦੇ ਸੱਚ ਨੂੰ ਵਿਸਾਰ ਕੇ ਕੁਰਾਹੇ ਪਏ ਜੀਵਨ ਦੀ ਝਾਕੀ ਵਿਖਾਈ ਹੈ ਨਾਨਕ ਜੀ ਨੇ ਅਸਾਂ ਨੂੰ।

ਪੰਜਾਬ ਯੂਨੀਵਰਸਿਟੀ ਲਾਹੌਰ ਪਾਕਿਸਤਾਨ

## ਕਾਵਿ-ਕਿਆਰੀ

੧ ਓਂਕਾਰ ਮੈਂ ਸਭ ਤੋਂ ਪਹਿਲਾਂ ਲਿਖਾਂ, ਫੇਰ ਮੈਂ ਕੁੱਲ ਜਹਾਂ ਲਿਖਾਂ।
ਮੈਂ ਲਿਖਾਂ ਪੰਜਾਬੀ ਬੋਲੀ ਵਿੱਚ, ਪੰਜਾਬੀ ਬੋਲੀ 'ਚ ਆਪਣਾ ਨਾਂ ਲਿਖਾਂ।

ਗੁਰੂਆਂ ਭਗਤਾਂ ਅਕਾਲ ਦੀ ਬਾਣੀ, ਉਚਾਰੀ ਵਿੱਚ ਪੰਜਾਬੀ ਬੋਲੀ ਦੇ।
ਏਹੋ ਪੰਜਾਬੀ ਬੜੀ ਅਮੀਰ ਬੋਲੀ, ਬਖ਼ਸ਼ਸ਼ ਗੁਰੂਆਂ ਦੀ ਬੋਲੀ ਮਾਂ ਲਿਖਾਂ।

ਫਰੀਦ ਕਬੀਰ ਰਵਿਦਾਸ ਜੀ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ।
ਜਪੁਜੀ ਸਾਹਿਬ ਤੇ ਅਨੰਦ ਸਾਹਿਬ ਬਾਣੀ, ਇਸ ਤੋਂ ਕੀ ਮੈਂ ਅੱਗੇ ਅਗਾਂਹ ਲਿਖਾਂ।

ਬਾਬਾ ਬੁੱਲੇ ਸ਼ਾਹ ਹਾਸ਼ਮ ਪੀਲੂ ਸ਼ਾਇਰ, ਵਾਰਿਸ ਸ਼ਾਹ ਦੀ ਹੀਰ ਅਮਰ ਸਦਾ।
ਸ਼ਿਵ ਕੁਮਾਰ ਬਟਾਲਵੀ ਜਿਹੇ ਹੀਰੇ, ਨਾਨਕ ਸਿੰਘ ਦਾ ਜ਼ਿਕਰ ਹਰ ਥਾਂ ਲਿਖਾਂ।

ਮੋਹਨ ਸਿੰਘ ਪ੍ਰੋ ਅਤੇ ਮੀਸ਼ਾ, ਅੰਮ੍ਰਿਤਾ ਪ੍ਰੀਤਮ ਪਾਸ਼ ਸੰਤ ਰਾਮ ਉਦਾਸੀ।
ਪ੍ਰੀਤਲੜੀ ਦੀ ਪ੍ਰੀਤ ਅਤੇ ਚਰਨ ਸਿੰਘ ਸ਼ਫ਼ਰੀ, ਪੰਜਾਬੀ ਇਹਨਾਂ ਦੀ ਵਿੱਚ ਜ਼ੁਬਾਂ ਲਿਖਾਂ।

ਬਲਵੰਤ ਗਾਰਗੀ ਗੋਬਿੰਦ ਪੁਰੀ ਚਾਨਣ, ਦੀਪਕ ਜੈਤੋਈ ਦੀਪਕ ਪੰਜਾਬੀ ਦੇ।
ਅਜੋਕੇ ਉੱਚਕੋਟੀ ਦੇ ਵੀ ਲਿਖਾਰੀਆਂ ਨੂੰ, ਬਣੇ ਦੂਜੀਆਂ ਲਈ ਜੋ ਸ਼ਮਾਂ ਲਿਖਾਂ।


ਬੋਦਲਾਂ ਦੇ ਸੁੱਖਵਿੰਦਰ ਨੂੰ ਮਾਣ ਸਦਾ, ਮੇਰੀ ਮਾਂ ਪੰਜਾਬੀ ਬੋਲੀ ਹੈ।
ਮੈਂ ਜੋ ਵੀ ਲਿਖਾਂ ਪੰਜਾਬੀ ਵਿੱਚ ਪਹਿਲਾਂ, ਦੂਜੀਆਂ ਭਾਸ਼ਾਵਾਂ ਫਿਰ ਜੋ ਵੀ ਹਾਂ ਲਿਖਾਂ।


*-ਸੁੱਖਵਿੰਦਰ ਬੋਦਲਾਂਵਾਲਾ*
*ਫੋਨ: 360 281 2624*

# ਰਾਅ ਅਧਿਕਾਰੀ ਦਾ ਕਮਾਲ:

# ਬਾਕਮਾਲ ਢੰਗ ਨਾਲ ਇੰਦਰਾ ਜੁੰਡਲੀ ਦੀ ਸਾਜ਼ਿਸ਼ ਨੰਗੀ ਕੀਤੀ

ਰਾਅ ਦੇ ਸੇਵਾ-ਮੁਕਤ ਸੀਨੀਅਰ ਅਫਸਰ ਗੁਰਬਖਸ਼ੀਸ਼ ਸਿੰਘ ਸਿੱਧੂ ਦੀ ਕਿਤਾਬ ਪੜ੍ਹਨੀ ਸ਼ੁਰੂ ਕੀਤੀ ਤਾਂ ਮੇਰੇ ਮਨ ਉਪਰ ਇਹ ਪੂਰਵ-ਪ੍ਰਭਾਵ ਭਾਰੂ ਸੀ ਕਿ ਇਸ ਵਿਚ ਦਰਬਾਰ ਸਾਹਿਬ ਉਪਰ "ਬਲੂ ਸਟਾਰ" ਫੌਜੀ ਹਮਲੇ ਤਕ ਦੀਆਂ ਘਟਨਾਵਾਂ ਦਾ ਪੋਲਾ ਪੋਲਾ, ਸਹਿੰਦਾ ਸਹਿੰਦਾ ਬਿਰਤਾਂਤ ਹੋਵੇਗਾ। ਪੱਛਮੀ ਲੇਖਕਾਂ ਤੋਂ ਉਲਟ ਭਾਰਤੀ ਨੌਕਰਸ਼ਾਹ ਅੱਵਲ ਤਾਂ ਲਿਖਦੇ ਹੀ ਨਹੀਂ, ਜੇ ਲਿਖਦੇ ਵੀ ਹਨ ਤਾਂ ਪਬਲਿਕ ਨੂੰ ਦੱਸਦੇ ਘੱਟ ਹਨ,



**ਸੁਖਦੇਵ ਸਿੰਘ ਪੱਤਰਕਾਰ**

ਛੁਪਾਉਂਦੇ ਵੱਧ ਹਨ। ਪਰ ਕਿਤਾਬ ਦੇ ਪਾਠ ਪਿਛੋਂ ਘੱਟੋ ਘੱਟ ਇਸ ਲੇਖਕ ਦੇ ਮਾਮਲੇ ਵਿਚ ਮੇਰੀ ਸੋਚ ਕਾਫੀ ਬਦਲ ਗਈ ਹੈ।


ਨਿਰੰਤਰ, ਵਿਉਂਤਬੱਧ, ਇਕ-ਪਾਸੜ ਦੇਸ ਅੰਦਰ ਅਤੇ ਬਾਹਰ 'ਪਰਵਾਨ' ਚੜ੍ਹਾਏ ਪ੍ਰਚਾਰ ਰਾਹੀਂ ਸਥਾਪਤੀ ਲੋਕ ਮਨਾਂ ਅੰਦਰ ਇਹ ਪੱਕਾ ਕਰਦੀ ਰਹੀ ਕਿ ਪ੍ਰਧਾਨ ਮੰਤਰੀ ਖੁੱਲ੍ਹੇ ਮਨ ਨਾਲ ਪੰਜਾਬ ਦੀਆਂ ਧਰਮ ਯੁੱਧ ਤਹਿਰੀਕ ਰਾਹੀਂ ਉਭਾਰੀਆਂ ਸਮੱਸਿਆਵਾਂ ਵਿਚਾਰਨ ਲਈ ਸਦਾ ਤਤਪਰ ਸਨ ਪਰ ਸੰਤ ਜਰਨੈਲ ਸਿੰਘ ਅਤੇ ਕੁਛ ਹੋਰ ਅਖੌਤੀ ਕੱਟੜ, ਅਤਿਵਾਦੀ ਧੜੇ ਕੋਈ ਪੇਸ਼ ਨਹੀਂ ਜਾਣ ਦੇ ਰਹੇ ਸਨ। ਸਗੋਂ ਇਹ ਪਾਕਿਸਤਾਨ ਦੀ ਮਦਦ ਨਾਲ ਖਾਲਿਸਤਾਨ ਦੀ ਸਥਾਪਨਾ ਲਈ ਦ੍ਰਿੜ੍ਹ ਸੰਕਲਪ ਸਨ। ਇਨ੍ਹਾਂ ਹਾਲਾਤ ਵਿਚ ਸਮੂਹ ਅੰਦਰ ਫੌਜ ਭੇਜਣੀ ਮਜਬੂਰੀ ਬਣ ਗਈ ਸੀ।

ਸਿੱਧੂ ਸਥਾਪਤੀ ਦੇ ਇਸ ਬਿਰਤਾਂਤ ਦੀਆਂ ਬੁਨਿਆਦਾਂ ਹਿਲਾ ਰਿਹਾ ਹੈ। ਉਸ ਵਲੋਂ ਇਕੱਤਰ ਤੱਥ, ਬੱਝਵੇਂ ਢੰਗ ਨਾਲ ਨਾ ਸਹੀ, ਪਰ ਸਮੁੱਚ ਵਿਚ ਨਿਸ਼ਚੇ ਹੀ, ਇਸ ਦੀ ਫੂਕ ਕੱਢਦੇ ਹਨ।

ਲੇਖਕ "1-ਅਕਬਰ ਰੋਡ, ਦਿਲੀ" ਵਾਲੀ ਕੋਠੀ ਅੰਦਰਲੀਆਂ ਸਾਲੋਂ-ਸਾਲ ਪਹਿਲਾਂ ਵਿਉਂਤੀਆਂ ਜਾਣ ਵਾਲੀਆਂ ਹਰਕਤਾਂ ਉਪਰ ਬਹੁਤ ਜ਼ੋਰ ਦਿੰਦਾ ਹੈ। ਇਸ ਕੋਠੀ ਵਿਚ ਸ਼ੁਰੂ ਵਿਚ ਸੰਜੈ ਗਾਂਧੀ ਦਾ ਨਿਵਾਸ ਸੀ। ਇਸ ਨੂੰ ਲੇਖਕ ਪੰਜਾਬ ਨਾਲ ਸਬੰਧਤ ਅਨੇਕਾਂ ਸਾਜ਼ਿਸ਼ਾਂ ਦਾ ਕੇਂਦਰ ਬਿੰਦੂ ਮੰਨਦਾ ਹੈ। ਕਮਲ ਨਾਥ ਅਤੇ ਗਿਆਨੀ ਜ਼ੈਲ ਸਿੰਘ ਤੋਂ ਇਲਾਵਾ ਕੋਠੀ ਅੰਦਰਲੇ ਗਰੋਹ ਦੇ ਸਾਰੇ ਮੈਂਬਰਾਂ ਦਾ ਨਾਂ ਲੈਣੋਂ ਲੇਖਕ ਸੰਕੋਚ ਕਰਦਾ ਹੈ ਪਰ ਉਹ ਇਹ ਪ੍ਰਭਾਵ ਦਿੰਦਾ ਹੈ ਕਿ ਸਮੇਂ ਸਮੇਂ ਇਸ ਵਿਚਲੇ ਪਾਤਰ ਬਦਲਦੇ ਰਹੇ ਹਨ।

ਲੇਖਕ ਅਨੁਸਾਰ ਅਸਲ ਵਿਚ 1980 ਵਿਚ ਤਾਕਤ ਵਿਚ ਵਾਪਸੀ ਨਾਲ ਇੰਦਰਾ ਗਾਂਧੀ ਅਤੇ ਉਸ ਦੇ ਸਲਾਹਕਾਰਾਂ ਦਾ ਧਿਆਨ 1985 ਦੀਆਂ ਲੋਕ ਸਭਾ ਚੋਣਾਂ ਦੀ ਯੁੱਧਨੀਤੀ ਵੱਲ ਜਾਂਦਾ ਹੈ। ਪੰਜਾਬ ਵੱਲ ਇਸ਼ਾਰੇ ਇਸੇ ਦ੍ਰਿਸ਼ਟੀ ਤੋਂ ਹੀ ਕੀਤੇ ਗਏ ਹਨ। ਦੂਜੇ ਸ਼ਬਦਾਂ ਵਿਚ 1984 ਦੀ ਮੂਲ ਰੂਪ ਵਿਚ ਚਿਤਵੀ ਚੋਣ ਰਾਜਨੀਤੀ ਦਾ ਜਨਮ ਘਰ ਪੰਜਾਬ ਅਤੇ ਸਿੱਖ ਹੀ ਬਣਦੇ ਹਨ। ਬਾਅਦ ਦੀਆਂ ਘਟਨਾਵਾਂ ਇਸੇ ਯੁੱਧਨੀਤੀ ਅੰਦਰ ਫਿੱਟ ਕੀਤੀਆਂ ਜਾਂਦੀਆਂ ਰਹੀਆਂ ਹਨ।

ਇਥੇ ਲੇਖਕ ਆਪ ਮਿਹਨਤ ਕਰਨ ਅਤੇ ਤੱਥਾਂ ਦੀ ਛਾਣਬੀਣ ਕਰਨ ਦੀ ਬਜਾਏ ਬਾਜ਼ਾਰ ਦੇ ਜਾਅਲੀ ਦੁੱਧ ਦੀ ਬਣੀ ਬਣਾਈ ਖੀਰ ਵਲ ਲਪਕ ਪੈਂਦਾ ਹੈ। ਅਖੇ (ਸੰਜੇ ਅਤੇ) ਕਮਲ ਨਾਥ ਨੇ ਸੰਤ ਜਰਨੈਲ ਸਿੰਘ ਅਤੇ ਇਕ ਹੋਰ ਸੰਤ ਨੂੰ ਇੰਟਰਵਿਊ ਲਈ ਬੁਲਾਇਆ ਅਤੇ ਸੰਤ ਜਰਨੈਲ ਸਿੰਘ ਨੂੰ ਇਕ ਖਾਸ ਰੋਲ ਨਿਭਾਉਣ ਲਈ




ਚੁਣਿਆ। ਜਿਹੜੇ ਸੰਤ ਜਰਨੈਲ ਸਿੰਘ ਦੇ ਕਰੂਰੇ ਅਤੇ ਸਵੈਮਾਣ ਨੂੰ ਰੱਤੀ ਮਾਸਾ ਵੀ ਜਾਣਦੇ ਸਨ ਉਹ ਕੁਲਦੀਪ ਨਈਅਰ ਦੇ ਫੈਲਾਏ ਇਸ ਕੁਫਰ ਨੂੰ ਸੌ ਫੀਸਦੀ ਬਕਵਾਸ ਮੰਨਦੇ ਹਨ। ਲੇਖਕ ਵਲੋਂ ਚੁੱਕਿਆ ਦੂਜਾ ਸਸਤਾ, ਬਾਜ਼ਾਰੀ ਗੱਪ ਹੀ ਨਿਕਲਦਾ ਹੈ ਕਿ ਦਲ ਖਾਲਸਾ ਨੂੰ ਗਿਆਨੀ ਜ਼ੈਲ ਸਿੰਘ ਨੇ ਠੇਲਿਆ ਜਾਂ ਉਸ ਸੰਸਥਾ ਦੀ ਹੋਟਲ ਅਰੋਮਾ, ਚੰਡੀਗੜ੍ਹ, ਵਾਲੀ ਪਹਿਲੀ ਪ੍ਰੈੱਸ ਕਾਨਫਰੰਸ ਦਾ ਬਿੱਲ ਗਿਆਨੀ ਜ਼ੈਲ ਸਿੰਘ ਨੇ ਅਦਾ ਕੀਤਾ। ਇਸ ਪ੍ਰੈੱਸ ਕਾਨਫਰੰਸ ਅਤੇ ਬਿੱਲ ਵਾਲੇ ਤੱਥ ਦੀ ਮੈਂ ਕੁਛ ਸਾਲ ਹੋਏ ਸਬੰਧਤ ਪੱਤਰਕਾਰਾਂ ਅਤੇ ਦਲ ਖਾਲਸਾ ਵਾਲਿਆਂ ਤੋਂ ਪੜਤਾਲ ਕੀਤੀ ਸੀ। ਇਹ ਝੂਠ ਸਾਬਤ ਹੋਇਆ ਸੀ। ਲੇਖਕ ਦੇ ਇਸ ਵਿਸ਼ਵਾਸ ਦਾ ਵੀ ਕੋਈ ਆਧਾਰ ਨਹੀਂ ਕਿ ਦਲ ਖਾਲਸਾ ਸੰਤ ਜਰਨੈਲ ਸਿੰਘ ਦੇ ਰਾਜਸੀ ਵਿੰਗ ਵਜੋਂ ਵਿਚਰਿਆ। ਦਲ ਖਾਲਸਾ ਦੇ ਨੌਜਵਾਨਾਂ ਉਪਰ ਸਿਧਾਂਤਕ ਤੌਰ 'ਤੇ ਸਭ ਤੋਂ ਵੱਧ ਪ੍ਰਭਾਵ ਸ. ਕਪੂਰ ਸਿੰਘ ਦਾ ਸੀ ਅਤੇ ਉਨ੍ਹਾਂ ਦਾ ਵਧੇਰੇ ਮੇਲ ਗੇਲ ਵੀ ਸ. ਕਪੂਰ ਸਿੰਘ ਨਾਲ ਹੀ ਰਹਿੰਦਾ ਸੀ। ਸੰਤ ਜਰਨੈਲ ਸਿੰਘ ਦਾ ਆਪਣਾ ਧਾਰਮਿਕ ਸੰਗਠਨ ਦਮਦਮੀ ਟਕਸਾਲ ਸੀ ਜਦਕਿ ਰਾਜਸੀ ਵਿੰਗ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸੀ।

ਇਨ੍ਹਾਂ ਭੁੱਲਾਂ ਅਤੇ ਟਪਲਿਆਂ ਦੇ ਬਾਵਜੂਦ ਲੇਖਕ ਇਹ ਸਾਬਤ ਕਰ ਰਿਹਾ ਹੈ ਕਿ ਫੌਜੀ ਕਾਰਵਾਈ ਵਾਲੇ ਹਾਲਾਤ ਭਾਰਤੀ ਵੋਟਰ ਨੂੰ ਕਾਂਗਰਸ ਦੀ ਚੋਣ ਰਾਜਨੀਤੀ ਦੇ ਸਵੈ-ਇੱਛਤ ਹਿੱਸੇਦਾਰ ਬਣਨ ਲਈ ਰਾਜ਼ੀ ਕਰਨ ਦੀ ਸਫਲ ਕੋਸ਼ਿਸ਼ ਸੀ। ਇਸ ਨਾਟਕ ਨੂੰ ਲਗਾਤਾਰ ਲਗਪਗ ਚਾਰ ਸਾਲ ਤਕ ਸ਼ਹਿਰੀ ਮਿਡਲ ਕਲਾਸ ਦੀ ਦਿਲਚਸਪੀ ਦਾ ਕੇਂਦਰ ਬਣਾ ਕੇ ਰੱਖਿਆ ਗਿਆ।

ਲੇਖਕ ਦੱਸਦਾ ਹੈ ਕਿ ਦਿੱਲੀ ਦੀਆਂ ਅਖੌਤੀ ਵੱਡੀਆਂ ਰਾਸ਼ਟਰੀ ਅਖਬਾਰਾਂ ਵਿਚ ਮੁੱਖ ਲੇਖ ਵਾਲੇ ਸਫਿਆਂ ਉਪਰ (ਸਿੱਖ/ਪੰਜਾਬ ਵਿਰੋਧੀ) ਖਾਸ ਲੇਖਾਂ ਦੀ ਲੜੀ ਲਈ ਮਸਾਲਾ "ਰਾਅ" ਦੀਆਂ ਰਿਪੋਰਟਾਂ ਉਪਰ ਆਧਾਰਤ ਹੁੰਦਾ ਸੀ ਜਿਸ ਨੂੰ ਸੰਪਾਦਕਾਂ ਤਕ ਪ੍ਰਧਾਨ ਮੰਤਰੀ ਦਾ ਪ੍ਰਿੰਸੀਪਲ ਇਨਫਰਮੇਸ਼ਨ ਸਕੱਤਰ ਸ਼ਾਰਦਾ ਪਰਸ਼ਾਦ ਉਪਲੱਬਧ ਕਰਵਾਉਂਦਾ ਸੀ। (ਮੈਨੂੰ ਹਿੰਦੁਸਤਾਨ ਟਾਈਮਜ਼ ਵਿਚ ਛਪਦੇ ਐਨ.ਸੀ. ਮੈਨਨ ਦੇ ਅਤੇ ਟਾਈਮਜ਼ ਆਫ ਇੰਡੀਆ ਵਿਚ ਗਿਰੀ ਲਾਲ ਜੈਨ ਦੇ ਜ਼ਹਿਰੀਲੇ ਲੇਖ ਅਜੇ ਤਕ ਵੀ ਖਟਕਦੇ ਹਨ। -ਸੁਖਦੇਵ ਸਿੰਘ)

ਬਲੂ ਸਟਾਰ ਦੇ ਅਹਿਮ ਮਹੀਨਿਆਂ ਵਿਚ ਬੀ.ਡੀ. ਪਾਂਡੇ ਪੰਜਾਬ ਦੇ ਗਵਰਨਰ ਸਨ। ਪਾਂਡੇ ਆਪਣੀ ਆਤਮਕਥਾ ਵਿਚ ਲਿਖਦਾ ਹੈ ਕਿ ਇੰਦਰਾ ਗਾਂਧੀ ਨਿਰੰਤਰ ਯਤਨਸ਼ੀਲ ਰਹੀ ਕਿ ਪੰਜਾਬ ਦੀ ਸਮੱਸਿਆ ਨੂੰ ਸਿੱਖ ਸਮੱਸਿਆ ਵਜੋਂ ਪੇਸ਼ ਕੀਤਾ ਜਾਵੇ। ਨਾਲ-ਨਾਲ ਖਾੜਕੂਆਂ ਨੂੰ ਖਾਲਿਸਤਾਨ ਦੀ ਸਥਾਪਨਾ ਲਈ ਪਾਕਿਸਤਾਨੀ ਹਥਿਆਰਾਂ ਦੀ ਸਪਲਾਈ ਦਾ ਚਰਚਾ ਵੀ ਹੁੰਦਾ ਰਿਹਾ। ਗਵਰਨਰ ਨੇ ਪਾਕਿਸਤਾਨੀ ਹਥਿਆਰਾਂ ਵਾਲੇ ਝੂਠ ਦਾ ਲਗਾਤਾਰ ਭਾਂਡਾ ਭੰਨਿਆ ਹਾਲਾਂਕਿ ਪ੍ਰਧਾਨ ਮੰਤਰੀ ਦਾ ਪ੍ਰਿੰਸੀਪਲ ਸਕੱਤਰ ਪੀ.ਸੀ. ਅਲੈਗਜ਼ੈਂਡਰ ਗਵਰਨਰ ਤੋਂ ਅਖੌਤੀ ਪਾਕਿਸਤਾਨੀ ਹਥਿਆਰਾਂ ਵਾਲਾ ਝੂਠ ਬੁਲਵਾਉਣ ਦਾ ਯਤਨ ਕਰਦਾ ਰਿਹਾ।

ਪਾਂਡੇ ਦੇ ਇਨ੍ਹਾਂ ਤੱਥਾਂ ਨੂੰ ਸਿੱਧੂ ਦੀ ਕਿਤਾਬ ਵਿਚਲੇ ਇਸ ਬਿਰਤਾਂਤ ਨਾਲ ਮੇਲ ਕੇ ਪੜ੍ਹਨ ਦੀ ਲੋੜ ਹੈ ਕਿ ਅਕਾਲੀ ਦਲ ਨਾਲ ਗੱਲਬਾਤ ਦੇ ਗੇੜਾਂ ਨੂੰ ਕੇਂਦਰ ਨੇ ਉਦੋਂ ਤਕ ਟੁੱਟਣ ਨਹੀਂ ਦਿੱਤਾ ਜਦ ਤਕ ਬਲੂ ਸਟਾਰ ਹਮਲੇ ਦੀ ਤਿਆਰੀ ਮੁਕੰਮਲ ਨਹੀਂ ਕਰ ਲਈ ਗਈ। ਸਿੱਧੂ ਦਾ ਦਾਅਵਾ ਹੈ ਕਿ ਇੰਦਰਾ ਗਾਂਧੀ ਨੇ ਸਵਰਨ ਸਿੰਘ ਦਾ ਸਮਝੌਤਾ ਫਾਰਮੂਲਾ ਜਾਣ ਬੁੱਝ ਕੇ ਰੱਦ ਕੀਤਾ ਤਾਂ ਕਿ ਉਸ ਦੇ ਮੂਲ ਨਿਸ਼ਾਨੇ ਵਿਚ ਕੋਈ ਵਿਘਨ ਨਾ ਪਵੇ।

ਇੰਜ ਪੰਜਾਬ ਦੇ ਇਸ ਦਰਦਨਾਕ ਅਧਿਆਏ ਨੂੰ ਇਕ ਪਾਸੇ ਇੰਦਰਾ ਗਾਂਧੀ ਦੀ ਲੰਮੇ ਸਾਹ ਬਣਾਈ ਅਤੇ ਚਲਾਈ ਚੋਣ ਯੁੱਧਨੀਤੀ ਵਜੋਂ ਵੇਖਿਆ ਜਾਵੇਗਾ ਅਤੇ ਦੂਜੇ ਪਾਸਿਓਂ ਸਿੱਖਾਂ ਨੂੰ ਉਸ ਦੇ ਪਰਿਵਾਰਕ ਤਾਨਾਸ਼ਾਹੀ ਦੇ ਵਿਰੋਧੀ ਵਜੋਂ ਸਬਕ ਸਿਖਾਉਣ ਦੀ ਕਵਾਇਦ ਵਜੋਂ ਸਮਝਿਆ ਜਾਵੇਗਾ।


## ਸਾਕਾ ਨੀਲਾ ਤਾਰਾ ਖਾਲਸਾ ਰੀਤ ਅਤੇ ਬਿਪਰਨ ਕੀ ਰੀਤ ਦਾ ਮਹਾਂਯੁੱਧ -1

ਡਾ. ਭਗਵਾਨ ਸਿੰਘ ਲਿਖਿਤ ਕਿਤਾਬ 'ਸਾਕਾ ਨੀਲਾ ਤਾਰਾ ਖਾਲਸਾ ਰੀਤ ਅਤੇ ਬਿਪਰਨ ਕੀ ਰੀਤ ਦਾ ਮਹਾਂਯੁੱਧ -1' ਜੂਨ 1984 ਵਿਚ ਅਕਾਲ ਤਖਤ ਉਪਰ ਹੋਏ "ਬਲੂ ਸਟਾਰ" ਫੌਜੀ ਹਮਲੇ ਦੇ ਸਬੰਧ ਵਿਚ ਹੁਣ ਤਕ ਉਪਜੀ ਸਮੱਗਰੀ ਵਿਚ ਠੋਸ ਨਵਾਂ ਵਾਧਾ ਕਰਦੀ ਹੈ।

ਲੇਖਕ ਡਾ. ਭਗਵਾਨ ਸਿੰਘ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਤਿਹਾਸ ਦਾ ਵੱਡਾ ਨਾਂ ਹੈ ਅਤੇ ਉਹ ਜਨਰਲ ਸੁਬੇਗ ਸਿੰਘ ਦੀ ਕਮਾਂਡ ਹੇਠ ਸੰਮੂਹ ਅੰਦਰੋਂ ਲੜਿਆ। ਇਹ ਤੱਥ ਬਿਰਤਾਂਤ ਨੂੰ ਹੋਰ ਵੀ ਅਹਿਮ ਬਣਾ ਦਿੰਦੇ ਹਨ। ਡਾ. ਭਗਵਾਨ ਸਿੰਘ ਜੂਨ ਦੇ ਪਹਿਲੇ ਛੇ ਇਤਿਹਾਸਕ ਦਿਨ ਅੰਦਰ ਰਿਹਾ। ਜਦ ਸੰਤ ਜਰਨੈਲ ਸਿੰਘ, ਜਨਰਲ ਸੁਬੇਗ ਸਿੰਘ ਅਤੇ ਹੋਰਨਾਂ ਖਾੜਕੂਆਂ ਦਾ ਗੋਲੀ ਸਿੱਕਾ ਮੁਕ ਗਿਆ ਅਤੇ ਉਹ ਸ਼ਹੀਦ ਹੋ ਗਏ ਤਦ ਭਾਰਤੀ ਫੌਜ ਨੇ ਕਰਫਿਊ ਵਿਚ ਢਿੱਲ ਦਿਤੀ। ਇਸ ਢਿੱਲ ਦਾ ਲਾਭ ਉਠਾਉਂਦਿਆਂ ਡਾ. ਭਗਵਾਨ ਸਿੰਘ, ਉਘੇ ਖਾੜਕੂ ਚਰਨਜੀਤ ਸਿੰਘ ਚੰਨੀ ਸਮੇਤ, ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਦੀਆਂ ਭੀੜੀਆਂ ਗਲੀਆਂ ਰਾਹੀਂ ਬਾਹਰ ਨਿਕਲ ਗਏ ਸਨ।

ਲੜਾਈ ਦਾ ਤਰੀਕ-ਵਾਰ ਵਰਣਨ ਅੰਦਰੂਨੀ ਹਾਲਾਤ ਨੂੰ ਵਧੇਰੇ ਨਿਖਾਰ ਕੇ ਪੇਸ਼ ਕਰਨ ਵਿਚ ਮਦਦ ਦਿੰਦਾ ਹੈ। ਹਮਲੇ ਤੋਂ ਪਹਿਲਾਂ ਇਹ ਪ੍ਰਭਾਵ ਮਿਲਦਾ ਸੀ ਕਿ ਖਾੜਕੂਆਂ ਦੇ ਵੱਖ ਵੱਖ ਧੜੇ ਇਕ ਦੂਜੇ ਦੀ ਜਾਨ ਦੇ ਤਿਹਾਏ ਹਨ ਪਰ ਕਿਤਾਬ ਦੱਸਦੀ ਹੈ ਕਿ ਨਾ ਸਿਰਫ ਖਾੜਕੂ ਧੜੇ ਇਕ ਜਾਨ ਹੋ ਕੇ ਲੜੇ ਬਲਕਿ ਉਨ੍ਹਾਂ ਨੇ ਅਜਿਹੇ ਪ੍ਰਬੰਧ ਵੀ ਕਰ ਰੱਖੇ ਸਨ ਜਿਨ੍ਹਾਂ ਦੀ ਸਹਾਇਤਾ ਨਾਲ ਚਲਦੀ ਲੜਾਈ ਦੌਰਾਨ ਉਨ੍ਹਾਂ ਦਾ ਆਪਸੀ ਮੇਲ ਜੋਲ ਰਿਹਾ ਅਤੇ ਸ਼ਸਤਰਾਂ ਅਤੇ ਗੋਲੀ ਸਿੱਕੇ ਦੀ ਕਮੀ ਵਾਲੇ ਮੋਰਚਿਆਂ ਵਿਚ ਸਪਲਾਈ ਦੇ ਖੱਪੇ ਵੀ ਭਰੇ ਜਾਂਦੇ ਰਹੇ।

ਕਿਤਾਬ ਇਹ ਹੈਰਾਨੀਜਨਕ ਭੇਦ ਵੀ ਖੋਲ੍ਹਦੀ ਹੈ ਕਿ ਖਾੜਕੂ ਕੱਸਵੇਂ ਘੇਰੇ ਦੇ ਬਾਵਜੂਦ ਬਾਹਰਲੇ ਹਾਲਾਤ ਤੋਂ ਪੂਰੀ ਤਰ੍ਹਾਂ ਬਾਖਬਰ ਰਹੇ।




ਉਨ੍ਹਾਂ ਕੋਲ ਵਾਕੀ ਟਾਕੀ ਦਾ ਆਪਣਾ ਪ੍ਰਬੰਧ ਸੀ ਜੋ ਸਾਰਾ ਅਰਸਾ ਚਾਲੂ ਹਾਲਤ ਵਿਚ ਰਿਹਾ।

ਕਿਤਾਬ ਫੌਜ ਦੇ ਹਮਲੇ ਪ੍ਰਤੀ ਭਾਰਤੀ ਰਾਜਸੀ ਪਾਰਟੀਆਂ, ਭਾਰਤੀ ਮੀਡੀਆ, ਕੌਮਾਂਤਰੀ ਤਾਕਤਾਂ ਅਤੇ ਮੀਡੀਆ ਦੇ ਪ੍ਰਤੀਕਰਮ ਸੰਖੇਪ ਪਰ ਬੱਝਵੇਂ ਢੰਗ ਨਾਲ ਪੇਸ਼ ਕਰਦੀ ਹੈ। ਇਸ ਦਾ ਮਹੱਤਵ ਇਸ ਕਾਰਨ ਹੈ ਕਿਉਂਕਿ ਪੰਜਾਬ ਵਿਚ ਉਨ੍ਹਾਂ ਕਈ ਹਫਤਿਆਂ ਦੌਰਾਨ ਕੋਈ ਅਖਬਾਰ ਜਾਂ ਹੋਰ ਸੂਚਨਾ ਪਹੁੰਚਣ ਨਹੀਂ ਦਿੱਤੀ ਸੀ। ਚੰਗਾ ਹੁੰਦਾ ਜੇ ਕਿਤਾਬ ਦਾ ਸੰਪਾਦਕ ਹਰਪ੍ਰੀਤ ਸਿੰਘ ਦਿਨ ਪ੍ਰਤੀ ਦਿਨ ਦੀ ਡਾਇਰੀ ਵਿਚੋਂ ਇਤਿਹਾਸਕ ਪਿਛੋਕੜ ਬਾਹਰ ਰੱਖਦਾ ਅਤੇ ਪਿਛੋਕੜ ਦਾ ਵੱਖਰਾ ਅਧਿਆਏ ਬਣਾ ਦਿੰਦਾ। ਇੰਜ ਹੀ ਸ਼ਹੀਦਾਂ ਦੀ ਸੂਚੀ ਨਾਲ ਵੱਖਰੇ ਤੌਰ 'ਤੇ ਨਿਪਟਿਆ ਜਾਂਦਾ। ਇੰਨੇ ਲੰਮੇਂ ਸਮੇਂ ਪਿੱਛੋਂ ਸ਼ਹੀਦਾਂ ਦੀ ਵਲਦੀਅਤ, ਪਤੇ ਆਦਿ ਵੀ ਦੇ ਦਿੱਤੇ ਜਾਂਦੇ ਤਾਂ ਹੋਰ ਵੀ ਵਧੀਆ ਹੁੰਦਾ।

*-ਸੁਖਦੇਵ ਸਿੰਘ ਪੱਤਰਕਾਰ*

## ਜਦੋਂ ਦਰਬਾਰੀ ਕਵੀਆਂ ਨੇ ਭਗਵੰਤ ਮਾਨ ਦੀ ਕੀਤੀ ਬੱਲੇ-ਬੱਲੇ!

ਟਾਊਟੀ ਇਕ ਕੋਮਲ ਕਲਾ ਹੈ। ਪਰ ਪੰਜਾਬ ਦੇ ਖੱਬੇ ਮੁਹਾਣ ਵਾਲਿਆਂ ਲਈ ਇਹ ਅਫ਼ੀਮ ਵਰਗਾ ਕੋਹੜੀ ਅਮਲ ਵੀ ਹੈ। ਚਾਹੁੰਦੇ ਹੋਣ ਤਦ ਵੀ ਉਹ ਇਸ ਤੋਂ ਪਿੱਛਾ ਨਹੀਂ ਛੁਡਾ ਸਕਦੇ।

ਇਨ੍ਹਾਂ ਲੋਕਾਂ ਨੇ ਬੀਤੇ ਦਿਨੀਂ ਲੁਧਿਆਣੇ ਹੋਏ ਮਾਨ ਦੇ ਸਮਾਗਮ ਬਾਰੇ ਜ਼ਮੀਨ-ਅਸਮਾਨ ਦੇ ਕਲਾਬੇ ਮਿਲਾ ਦਿੱਤੇ। ਬਾਬੂ ਸਿੰਘ ਮਾਨ ਕਹਿੰਦੈ ਮੁੱਖ ਮੰਤਰੀ ਨੇ ਲਿੰਕ ਨਹਿਰ ਦੇ ਸਵਾਲ 'ਤੇ ਬੱਸ ਗੱਲ ਸਿਰੇ ਲਾ ਦਿੱਤੀ, ਸ਼ਮਸ਼ੇਰ ਸੰਧੂ ਬੋਲਿਆ ਮੈਂ ਮਾਨ ਦੇ ਭਾਸ਼ਣ ਰਾਹੀਂ ਪੰਜਾਬ ਦੀ ਪੀੜਾ ਮਹਿਸੂਸ ਕਰ ਲਈ, ਰਵਿੰਦਰ ਭੱਠਲ ਕਹੀ ਜਾ ਰਿਹਾ ਸੀ ਕਿ ਮਾਨ ਸਾਹਬ ਨੇ ਵਿਰੋਧੀ ਧਿਰਾਂ ਦੇ ਚੌਂਠੇ ਚੁਕਾ ਦਿੱਤੇ, ਗੁਰਭਜਨ ਗਿੱਲ ਨੇ ਫੈਸਲਾ ਹੀ ਸੁਣਾ ਦਿੱਤਾ: ਪੰਜਾਬੀ ਸੂਬਾ ਦਿਹਾੜੇ 'ਤੇ ਮਾਨ ਸਾਹਿਬ ਨੇ ਉਸਾਰੂ ਵਾਰਤਾਲਾਪ ਦੀ ਸ਼ੁਰੂਆਤ ਕਰ ਦਿੱਤੀ ਬੱਸ ਹੁਣ ਵਿਰੋਧੀ ਧਿਰਾਂ ਦੇ ਹੁੰਗਾਰੇ ਦੀ ਉਡੀਕ ਹੈ!

ਭਗਵੰਤ ਮਾਨ ਅਜਿਹੇ ਮਦਾਰੀ ਅਖਾੜੇ ਸਜਾਉਣ ਦਾ ਮਾਸਟਰ ਹੈ। ਇਸ ਵਿਚੋਂ ਪੰਜਾਬ ਲਈ ਜਾਂ ਨਹਿਰ ਦੇ ਮੁੱਦੇ 'ਤੇ ਕੁਛ ਵੀ ਨਹੀਂ ਨਿਕਲਿਆ। ਮੁੱਖ ਮੰਤਰੀ ਨੇ ਖਾਲੀ ਪੀਪਣੀ ਵਜਾਈ, ਖੱਬੇ ਪੱਖੀਆਂ ਨੇ ਆਪਣੀ ਆਦਤ ਅਨੁਸਾਰ ਰਾਗ ਦਰਬਾਰੀ ਛੇੜ ਦਿੱਤਾ। ਇਹੋ ਜਿਹਾ ਤਮਾਸ਼ਾ ਜੇ ਬਾਦਲ, ਕੈਪਟਨ ਜਾਂ ਕੋਈ ਮੁੱਖ ਮੰਤਰੀ ਕਰਦਾ ਤਦ ਵੀ ਦੀਵਾਨੇ ਖਾਸ ਦੇ ਨਵਰਤਨਾਂ ਨੇ ਇਹੀ ਕੁਛ ਕਹਿਣਾ ਸੀ।

ਜੇ ਮੁੱਖ ਮੰਤਰੀ ਥੋੜ੍ਹਾ ਕੁ ਗੰਭੀਰ ਹੁੰਦਾ ਅਤੇ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਦਾ ਤਾਂ ਉਹ ਪ੍ਰਮੁੱਖ ਪਾਰਟੀ ਆਗੂਆਂ, ਤਜਰਬੇਕਾਰ ਲੋਕਾਂ ਅਤੇ ਕਿਸਾਨ ਯੂਨੀਅਨਾਂ ਨੂੰ ਸੱਦਾ-ਪੱਤਰ ਭੇਜਦਾ, ਚੁੱਪ ਚਾਪ ਸਿਰ ਜੋੜ ਕੇ ਉਨ੍ਹਾਂ ਨਾਲ ਬੈਠਦਾ, ਇਸ ਨਾਜ਼ੁਕ ਮੌਕੇ ਜਦ ਪੰਜਾਬ ਸਭ ਪਾਸਿਓਂ ਘਿਰਿਆ ਪਿਆ ਹੈ ਰਲ ਮਿਲ ਕੇ ਕੋਈ ਸਾਂਝੀ ਰਣਨੀਤੀ ਬਣਾਉਂਦਾ। ਮੁੱਖ ਵਿਰੋਧੀ ਧਿਰਾਂ ਕਈ ਦਹਾਕਿਆਂ ਤੋਂ ਪਾਣੀ ਦੇ ਮੁੱਦੇ 'ਤੇ ਜੋ ਕੜ੍ਹੀ ਘੋਲਦੀਆਂ ਆਈਆਂ ਹਨ ਉਹ ਕਿਸੇ ਤੋਂ ਗੁੱਝਾ ਛੁਪਿਆ ਨਹੀਂ। ਉਸ ਨੂੰ ਇਨ੍ਹਾਂ ਪਾਰਟੀਆਂ ਦੇ ਭੂਤਕਾਲ ਦੇ ਕਿਰਦਾਰ ਨੂੰ ਮੌਕਾ ਆਉਣ 'ਤੇ ਨੰਗਾ ਕਰਨੋਂ ਕੋਈ ਰੋਕ ਨਹੀਂ ਸਕਦਾ ਸੀ।

ਪਰ ਹੁਣ ਉਸ ਨੇ ਜਨਤਕ ਤੌਰ 'ਤੇ ਵਿਰੋਧੀ ਧਿਰਾਂ ਨਾਲ ਗਲੀ ਮੁਹੱਲਿਆਂ ਦੀਆਂ ਜਨਾਨੀਆਂ ਵਾਲਾ ਆਢਾ ਲੈ ਕੇ ਭਾਰਤੀ ਸੁਪਰ ਸਥਾਪਤੀ ਨੂੰ ਬਹੁਤ ਹਲਕੇ ਅਤੇ ਹੋਛੇ ਲੀਡਰ ਵਾਲਾ ਸੁਨੇਹਾ ਭੇਜਿਆ ਹੈ। ਇਸ ਮੁਖ ਮੰਤਰੀ ਦੇ ਸ਼ਸ਼ੋਦਰੇਪਣ ਬਾਰੇ ਸੋਚਦਿਆਂ ਮੇਰੇ ਹੱਥ ਕੰਨਾਂ ਵਲ ਜਾਂਦੇ ਹਨ।

ਮਾਨਾ, ਪਤੰਦਰਾ, ਤੂੰ ਹੁਣ ਪੰਜਾਬ ਦੀ ਕਿਸ਼ਤੀ ਦਾ ਚਾਲਕ ਹੈਂ, ਇਤਿਹਾਸ ਨੇ ਚੰਗੇ ਬੁਰੇ ਲਈ ਸਾਫਾ ਤੇਰੇ ਗਲ ਪਾਉਣੈ! ਦਰਬਾਰੀਆਂ ਦੇ ਬਿਆਨ ਕਿਸੇ ਕੰਮ ਨਹੀਂ ਆਉਣੇ!!

*-ਸੁਖਦੇਵ ਸਿੰਘ ਪੱਤਰਕਾਰ*

## ਪੌਣੀ ਸਦੀ ਦਾ ਸਫਰ!


ਕੱਲ੍ਹ ਉਮਰ ਦੇ 76ਵੇਂ ਮਾਈਲ ਸਟੋਨ ਕੋਲੋਂ ਦੀ ਲੰਘਿਆ ਹਾਂ। ਇਸ ਦੌਰਾਨ ਤੁਰਿਆ ਹਾਂ, ਭੱਜਿਆ ਹਾਂ, ਲੜਖੜਾਇਆ ਹਾਂ ਤੇ ਕਈ ਵੇਰ ਡਿੱਗ ਕੇ ਕੱਪੜੇ ਝਾੜ ਉੱਠ ਖਲੋਤਾ ਹਾਂ। ਬੜਾ ਕੁਝ ਦੇਖਿਆ ਅਨੁਭਵ ਕੀਤਾ ਤੇ ਹੰਢਾਇਆ। ਜੇ ਲੇਖਕ ਹੁੰਦਾ ਤਾਂ ਇਕ ਬੋਰ ਨਾਵਲ ਤੇ ਲਿਖਿਆ ਹੀ ਜਾਣਾ ਸੀ। ਬਦਲਾਓ ਤਾਂ ਸ੍ਰਿਸ਼ਟੀ ਦਾ ਨੇਮ ਹੈ ਪਰ ਕੁਝ ਅਣਸੁਖਾਵੇਂ ਪਰਿਵਰਤਨਾਂ ਵਿਚ ਧਰਮਾਂ ਨੂੰ ਅਧਰਮ ਵਿਚ ਤਬਦੀਲ ਹੁੰਦਿਆਂ ਦੇਖਣਾ ਪੀੜਾਦਾਇਕ ਰਿਹਾ।



**ਹਰਜੀਤ ਦਿਓਲ**

ਜਿਸ ਧਰਮ ਵਿਚ ਜਨਮ ਲਿਆ ਉਸ ਦੇ ਰਖਵਾਲੇ ਅੱਜ ਵਿਰੋਧੀਆਂ ਦੀਆਂ ਮਾਂਵਾਂ ਭੈਣਾਂ ਦਾ ਸਨਮਾਨ ਜਿਸ ਭਾਸ਼ਾ ਵਿਚ ਕਰਦੇ ਹਨ ਉਸਦੀ ਦੁਨੀਆਂ ਵਿਚ ਮਿਸਾਲ ਨਹੀਂ। ਰੱਬ, ਧਰਮ, ਪਾਪ ਪੁੰਨ ਅਤੇ ਅਗਲੇ ਪਿਛਲੇ ਜਨਮਾਂ ਦੇ ਰੇੜਕੇ ਤੋਂ ਸੁਰਖੁਰੂ ਹਾਂ ਪਰ ਫੇਰ ਵੀ ਜੇਕਰ ਕੋਈ ਰੱਬ ਨਾਮੀ ਸ਼ੈਅ ਅਗਲੇ ਜਨਮ ਦੀ ਚੁਆਇਸ ਪੁੱਛੇ ਤਾਂ ਮਨੁੱਖਾ ਜੂਨ ਬਿਲਕੁਲ ਨਹੀਂ। ਉਂਝ ਮਨੁੱਖ ਜੂਨ ਨੂੰ ਧਰਮ ਸਰਵਸਰੇਸ਼ਠ ਦੱਸਦੇ ਹਨ ਪਰ ਇਨ੍ਹਾਂ ਜੀਵਾਂ ਵਿਚ ਜਿੰਨੀ ਖ਼ੁਦਗਰਜ਼ੀ, ਬੇਈਮਾਨੀ, ਮੱਕਾਰੀ ਅਤੇ ਫਰੇਬੀ ਫਿਤਰਤ ਹੈ ਹੋਰ ਕਿਸੇ ਜੀਵ ਵਿਚ ਨਹੀਂ। ਚਲੋ ਜੇ ਚੋਣ ਦੀ ਪੇਸ਼ਕਸ਼ ਹੋਈ ਤਾਂ ਪੰਛੀ ਬਣ ਮੁਕਤ ਉਡਾਰੀਆਂ ਲਾਉਣ ਦੀ ਕਾਮਨਾ ਕਰਾਂਗਾ। ਇਸ ਤੋਂ ਵੀ ਜ਼ਿਆਦਾ ਮੁਨਾਸਬ ਹੈ ਕਿਸੇ ਪੇਂਡੂ ਪ੍ਰਾਈਮਰੀ ਸਕੂਲ ਦੇ ਵਿਹੜੇ ਵਿਚ ਪਿੱਪਲ ਬਣ ਉੱਗ ਪੈਣਾ ਤੇ ਰੁਮਕਦੀ ਹਵਾ ਵਿਚ ਪੱਤਿਆਂ ਦੀ ਖੜਖੜ ਨਾਲ ਨਿੱਕੇ ਬੱਚਿਆਂ ਨਾਲ ਗੁਫਤਗੂ ਕਰਦੇ ਰਹਿਣਾ। ਨਾਨਕਿਆਂ ਪਿੰਡ ਇਕ ਐਸੇ ਹੀ ਸਕੂਲ ਵਿਚ ਪਹਿਲੀ ਕੱਚੀ ਜਮਾਤ ਵਿਚ ਪੜ੍ਹਦਿਆਂ ਛੁੱਟੀ ਦੀ ਘੰਟੀ ਵੱਜੀ ਤੇ ਹੋਰ ਸਾਰਿਆਂ ਨਾਲ ਰੌਲਾ ਪਾਉਂਦਾ ਮੈਂ ਵੀ ਭੱਜ ਤੁਰਿਆ। ਮਾਸਟਰ 'ਓਏ ਐਧਰ ਆ' ਕਹਿ ਮੈਨੂੰ ਰੋਕ ਲਿਆ ਤੇ ਮੁਰਗ ਬਣਨ ਦਾ ਹੁਕਮ ਸੁਣਾਇਆ। ਟਾਟ 'ਕੱਠਾ ਕਰ ਕਮਰੇ ਵਿਚ ਰੱਖਣ ਦੀ ਆਪਣੀ ਵਾਰੀ ਨੂੰ ਭੁੱਲਣ ਦੀ ਕੋਤਾਹੀ ਦਾ ਡੰਨ ਭੁਗਤਦਿਆਂ ਦੇਖਿਆ ਕਿ ਮੇਰੀ ਜਮਾਤਣ ਚੂਹੜਿਆਂ ਦੀ ਕੁੜੀ ਜੀਤੋ ਮਾਸਟਰ ਨੂੰ ਕਹਿ ਰਹੀ ਸੀ 'ਮਾਟਰ ਜੀ ਇਹ ਗਰੇਆਲਾਂ ਦਾ ਦੋਹਤੈ ਇਸ ਨੂੰ ਛੱਡ ਦਿਓ'। ਉਸ ਦੀ ਬੇਨਤੀ ਪਰਵਾਨ ਨਾ ਹੋਈ। ਆਪਣਾ ਕੰਮ ਭੁਗਤਾ ਜਦ ਮੈਂ ਘਰ ਨੂੰ ਵਾਪਸ ਤੁਰਿਆ ਉਹ ਮੇਰੇ ਨਾਲ ਤੁਰਦੀ ਮੇਰੀ ਹੋਈ ਦੁਰਦਸ਼ਾ ਦਾ ਦੁਖ ਸਾਂਝਾ ਕਰਦੀ ਆਈ ਕਿਹਨਾਂ ਲਫਜ਼ਾਂ ਵਿਚ ਮੈਨੂੰ ਯਾਦ ਨਹੀਂ। ਇਹ ਮੇਰਾ ਪਹਿਲਾ ਅਤੇ ਆਖਰੀ ਇਸ਼ਕ ਸੀ। ਅਗਲੇ ਸਾਲ ਤੋਂ ਮੈਂ ਰੇਲਵੇ ਵਿਚ ਸਟੇਸ਼ਨ ਮਾਸਟਰ ਆਪਣੇ ਪਿਤਾ ਕੋਲ ਯੂ ਪੀ ਜਾ ਪੜ੍ਹਨ ਲੱਗਾ। ਉਦੋਂ ਸੁਣੇ ਹਮਦਰਦੀ ਦੇ ਦੋ ਬੋਲ ਮੁੜ ਮੈਨੂੰ ਕਦੇ ਨਸੀਬ ਨਾ ਹੋਏ ਭਾਵੇਂ ਜ਼ਿੰਦਗੀ ਦੇ ਇਸ ਲੰਮੇਰੇ ਸਫਰ ਵਿਚ ਖੁਸ਼ੀਆਂ ਗਮੀਆਂ ਦੀਆਂ ਅਨੇਕਾਂ ਪਰਤਾਂ ਵਿਚ ਕਦੋਂ ਸਾਰਾ ਅਤੀਤ ਦਫਨ ਹੋ ਗਿਆ ਪਤਾ ਹੀ ਨਾ ਲੱਗਾ।

# ਮ੍ਰਿਣਾਲ ਸੇਨ ਦੀ ਫਿਲਮ 'ਭੁਵਨ ਸ਼ੋਮ'







*ਖੱਬਿਓਂ: ਫਿਲਮ 'ਭੁਵਨ ਸ਼ੋਮ' ਦਾ ਪੋਸਟਰ, ਫਿਲਮ ਦਾ ਨਿਰਦੇਸ਼ਕ ਮ੍ਰਿਣਾਲ ਸੇਨ, ਅਦਾਕਾਰ ਉਤਪਲ ਦੱਤ ਅਤੇ ਅਦਾਕਾਰਾ ਸੁਹਾਸਿਨੀ ਮੂਲੇ।*

ਫਿਲਮ 'ਭੁਵਨ ਸ਼ੋਮ' (1969) ਦੇਖਣ ਲੱਗਿਆਂ ਮਨ ਵਿਚ ਅਚਾਨਕ ਡਰ ਨੇ ਕਰਵਟ ਲਈ। ਸਕਰੀਨ 'ਤੇ ਭੱਜੀਆਂ ਜਾਂਦੀਆਂ ਰੇਲਵੇ ਪਟੜੀਆਂ, ਪਿੱਠ-ਵਰਤੀ ਸੰਗੀਤ ਵੀ ਪਹਿਲੀ ਵਾਰ ਸੁਣ ਰਿਹਾ ਸੀ, ਕਾਲੇ ਚਿੱਟੇ ਪੁਰਾਣੇ ਅੱਖਰ ਤੇ ਇੱਕ ਅਧਖੜ ਚਿਹਰਾ ਜੋ ਹਾਰਿਆ ਹੋਇਆ ਪ੍ਰਤੀਤ ਹੁੰਦਾ ਸੀ। ਕੁਝ ਹੀ ਪਲਾਂ 'ਚ ਪਤਾ ਨਹੀਂ ਕਿਉਂ ਮੇਰੀ ਕੈਫ਼ੀਅਤ 'ਚ ਉਦਾਸੀ ਵਰਗੀ ਕੋਈ ਚੀਜ਼ ਘੁਲ ਗਈ ਸੀ। ਮੈਂ ਅਚਾਨਕ ਸੋਚਣ ਲੱਗਿਆ: ਕੀ ਕੋਈ ਹੋਰ ਵੀ ਇਸ ਵੇਲੇ ਇਹ ਫਿਲਮ ਦੇਖ ਰਿਹਾ ਹੋਵੇਗਾ? ਜਵਾਬ ਮੈਨੂੰ ਆਪਣੇ ਅੰਦਰੋਂ ਹੀ ਤੁਰੰਤ ਮਿਲ ਗਿਆ। ਸ਼ਾਇਦ ਕੋਈ ਨਹੀਂ, ਸ਼ਾਇਦ ਕਿਸੇ ਨੂੰ ਯਾਦ ਵੀ ਨਾ ਹੋਵੇ!



ਤਰਸੇਮ ਬਸ਼ਰ

ਮੈਂ ਆਪਣੇ ਬਾਰੇ ਸੋਚਿਆ, ਫਿਰ ਮੈਂ ਕਿਉਂ ਦੇਖ ਰਿਹਾ ਹਾਂ? ਪਹਿਲਾਂ ਹੀ ਤਬੀਅਤ ਨਾ-ਸਾਜ਼ ਹੈ। ਪਤਾ ਨਹੀਂ ਕਿਸ ਤਰ੍ਹਾਂ ਦੀ ਫਿਲਮ ਹੋਵੇਗੀ। ਤਬੀਅਤ ਹੋਰ ਬੋਝਲ ਚੀਜ਼ਾਂ ਦੇਖਣ ਲਈ ਤਿਆਰ ਨਹੀਂ ਸੀ। ਖ਼ੈਰ! ਮੈਨੂੰ ਅੰਗਰੇਜ਼ੀ ਅਖ਼ਬਾਰ ਵਿਚ ਛਪੇ ਇਸ ਫਿਲਮ ਬਾਰੇ ਲੇਖ ਦੀ ਯਾਦ ਆਈ ਜਿਸ ਵਿਚ ਲਿਖਿਆ ਸੀ ਕਿ ਉਸ ਨੇ 'ਭੁਵਨ ਸ਼ੋਮ' ਦੇਖਣ ਤੋਂ ਬਾਅਦ ਬਹੁਤ ਸਾਰੀਆਂ ਉਹ ਚਾਰਜ ਸੀਟਾਂ ਪਾੜ ਕੇ ਸੁੱਟ ਦਿੱਤੀਆਂ ਸਨ ਜੋ ਉਹ ਆਪਣੇ ਅਧੀਨ ਮੁਲਾਜ਼ਮਾਂ ਨੂੰ ਦੇਣ ਲਈ ਤਿਆਰ ਕਰ ਚੁੱਕਿਆ ਸੀ।

ਕ੍ਰੈਡਿਟ ਖਤਮ ਹੋਇਆ, ਬਚਪਨ ਵਿਚ ਅਸੀਂ ਇਸ ਨੂੰ ਨੰਬਰਿੰਗ ਕਹਿੰਦੇ ਸਾਂ; ਸਾਨੂੰ ਕਾਹਲ ਹੁੰਦੀ ਸੀ ਕਿ ਕਦੋਂ ਇਹ ਨੰਬਰਿੰਗ ਖਤਮ ਹੋਵੇ ਤੇ ਫਿਲਮ ਸ਼ੁਰੂ ਹੋਵੇ। ਸਮੇਂ ਦਾ ਫੇਰ ਹੈ, ਮੈਂ ਹੁਣ ਕਲਾਸਿਕ ਫਿਲਮਾਂ ਦੀ ਚਰਚਾ ਕਰਦਾ ਹਾਂ, ਉਨ੍ਹਾਂ ਨਾਲ ਜੁੜੇ ਲੋਕਾਂ ਬਾਰੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਤਾਂ ਸਭ ਤੋਂ ਵੱਧ ਕ੍ਰੈਡਿਟ 'ਤੇ ਹੀ ਧਿਆਨ ਦਿੰਦਾ ਹਾਂ। ਹੁਣ ਇਹ ਭਾਉਂਦਾ ਵੀ ਹੀ ਤੇ ਮੇਰੀ ਲੋੜ ਵੀ ਹੈ।

ਫਿਲਮ ਸ਼ੁਰੂ ਹੋਈ, ਸੋਚਿਆ ਇਹੀ ਸੀ ਕਿ ਜੇ ਮਨ 'ਤੇ ਬੋਝ ਪਾਉਣ ਵਾਲੀ ਕਹਾਣੀ ਹੋਈ ਤਾਂ ਫਿਰ ਕਦੇ ਦੇਖਾਂਗਾ ਕਿਉਂਕਿ ਮੈਂ ਉਨ੍ਹਾਂ ਫਿਲਮਾਂ 'ਤੇ ਲਿਖ ਰਿਹਾ ਹਾਂ ਜਿਨ੍ਹਾਂ ਦਾ ਆਧਾਰ ਸਾਹਿਤਕ ਸੀ, ਤੇ ਇਹ ਉਨ੍ਹਾਂ 'ਚੋਂ ਇੱਕ ਹੈ ਪਰ ਫਿਰ ਕਦੇ ਦੇਖਾਂਗਾ, ਕੈਫ਼ੀਅਤ ਨੂੰ ਹੋਰ ਬੋਝਲ ਨਹੀਂ ਕਰਨਾ।

'ਭੁਵਨ ਸ਼ੋਮ' ਦਾ ਆਰੰਭਕ ਦ੍ਰਿਸ਼ ਰੇਲਵੇ ਸਟੇਸ਼ਨ ਦਾ ਹੈ, ਗੁਜਰਾਤ 'ਚ ਕਿਤੇ ਦੂਰ-ਦਰੇਡੇ ਦਾ। ਰੇਲਵੇ ਦੇ ਅਫਸਰ ਆਪਸ ਵਿਚ ਗੱਲ ਕਰ ਰਹੇ ਹਨ। ਉਹ ਡਰ ਰਹੇ ਹਨ ਕਿ ਜਿਹੜੇ ਸਾਹਿਬ ਉਥੇ ਆ ਰਹੇ ਹਨ, ਉਹ ਬੜੇ ਸਖਤ ਮਿਜ਼ਾਜ ਹਨ, ਕਿਸੇ ਨੂੰ ਨਹੀਂ ਬਖ਼ਸ਼ਦੇ। ਜਾਧਵ ਪਟੇਲ ਟਿਕਟ ਕਲੈਕਟਰ ਹੈ। ਉਹ ਸਭ ਤੋਂ ਵੱਧ ਡਰਿਆ ਹੋਇਆ ਹੈ ਕਿਉਂਕਿ ਉਹ ਇਧਰੋਂ ਉਧਰੋਂ ਵੀ ਕੁਝ ਨਾ ਕੁਝ ਕਮਾਈ ਕਰ ਲੈਂਦਾ ਹੈ ਜਿਸ ਨੂੰ ਆਉਣ ਵਾਲਾ ਅਫਸਰ ਬਿਲਕੁੱਲ ਬਰਦਾਸ਼ਤ ਨਹੀਂ ਕਰਦਾ। ਉਸ ਦਾ ਮੰਗਣਾ ਹੋਇਆ ਹੋਇਆ ਹੈ ਅਤੇ ਜਲਦੀ ਹੀ ਸ਼ਾਦੀ ਹੋਣ ਵਾਲੀ ਹੈ। ਉਹ ਡਰਦਾ ਹੈ ਕਿ ਕਿਤੇ ਆਉਣ ਵਾਲਾ ਕੜਕ ਅਫਸਰ ਉਸ ਦੀ ਨੌਕਰੀ 'ਤੇ ਕੋਈ ਸਵਾਲ ਪੈਦਾ ਨਾ ਕਰ ਦਵੇ, ਉਹ ਇਸ ਕੰਮ ਲਈ ਨਾਮਵਰ ਵੀ ਤਾਂ ਹੈ।

'ਭੁਵਨ ਸ਼ੋਮ' ਮ੍ਰਿਣਾਲ ਸੇਨ ਨਿਰਦੇਸ਼ਤ ਚਰਚਿਤ ਫਿਲਮ ਹੈ ਜੋ ਬੰਗਲਾ ਲੇਖਕ ਬਲਾਈ ਚੰਦ ਮੁਖੋਪਾਧਿਆਏ ਉਰਫ ਬਨਫੂਲ ਦੀ ਕਹਾਣੀ 'ਤੇ ਆਧਾਰਿਤ ਹੈ।

ਜਾਧਵ ਪਟੇਲ ਅਤੇ ਸਾਥੀ ਜਿਸ ਅਫਸਰ ਤੋਂ ਡਰ ਰਹੇ ਹਨ, ਉਹ ਸ਼ੋਮ ਸਾਹਿਬ ਹਨ, ਭੁਵਨ ਸ਼ੋਮ। ਸਖਤ ਅਨੁਸ਼ਾਸਨ ਪਸੰਦ, ਰੇਲਵੇ ਦੇ ਵੱਡੇ ਅਫਸਰ ਜਿਨ੍ਹਾਂ ਨੇ ਅਸੂਲਾਂ 'ਤੇ ਚਲਦਿਆਂ ਆਪਣੇ ਪੁੱਤਰ ਦੀ ਨੌਕਰੀ ਤੱਕ ਖਤਮ ਕਰਵਾ ਦਿੱਤੀ ਸੀ ਅਤੇ ਉਹ ਹੁਣ ਉਨ੍ਹਾਂ ਨਾਲ ਨਹੀਂ ਬੋਲਦਾ ਅਤੇ ਕਿਸੇ ਆਸ਼ਰਮ ਵਿਚ ਰਹਿੰਦਾ ਹੈ। ਉਨ੍ਹਾਂ ਦੀ ਘਰੇਲੂ ਜ਼ਿੰਦਗੀ ਲਗਭਗ ਖਤਮ ਹੈ, ਪਤਨੀ ਵੀ ਹੁਣ ਦੁਨੀਆ 'ਤੇ ਨਹੀਂ ਹੈ। ਉਨ੍ਹਾਂ ਦੀ ਇਸ ਬੇਰਸ ਜ਼ਿੰਦਗੀ ਵਿਚ ਜੋ ਰਸ ਹੈ, ਉਹ ਦਫਤਰੀ ਕੰਮ-ਕਾਜ ਦਾ ਹੈ ਜਾਂ ਫਿਰ ਮੁਲਾਜ਼ਮਾਂ ਵਿਚ ਉਨ੍ਹਾਂ ਦਾ ਡਰ ਹੈ।

ਸ਼ੋਮ ਸਾਹਿਬ ਬੰਗਾਲ ਦੇ ਰਹਿਣ ਵਾਲੇ ਹਨ, ਉਹ ਬੰਗਾਲ ਜਿੱਥੇ ਸਾਹਿਤ ਦੇ ਰਸੀਏ ਰਹਿੰਦੇ ਹਨ, ਜਿੱਥੇ ਲੋਕ ਆਲ੍ਹਾ ਸੰਗੀਤ ਸੁਣਦੇ ਹਨ, ਸੁਖਮ ਹਨ ਪਰ ਸ਼ੋਮ ਸਾਹਬ ਦੇ ਹਾਲਾਤ ਕੁਝ ਇਸ ਤਰ੍ਹਾਂ ਬਦਲੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਇਨ੍ਹਾਂ ਵਿਚੋਂ ਕੁਝ ਵੀ ਨਹੀਂ। ਉਹ ਹੁਣ ਕੰਮ-ਕਾਜੀ ਯਾਤਰਾ 'ਤੇ ਗੁਜਰਾਤ ਆਏ ਹਨ, ਉਹ ਵੀ ਦਿਹਾਤੀ ਇਲਾਕੇ ਵਿਚ।

ਦੂਰ ਦਿਹਾਤ ਵਿਚ ਇੱਕ ਚਾਰਾਗਾਹ ਹੈ ਜੋ ਸ਼ਿਕਾਰ ਲਈ ਪ੍ਰਸਿੱਧ ਹੈ। ਵੈਸੇ ਤਾਂ ਸ਼ੋਮ ਸਾਹਿਬ ਆਪਣੇ ਢੱਰੇ 'ਤੇ ਜੰਮੀ ਹੋਈ ਜ਼ਿੰਦਗੀ ਵਿਚ ਰਹਿ ਕੇ ਖੁਸ਼ ਹਨ, ਫਿਰ ਵੀ ਉਹ ਫੈਸਲਾ ਕਰਦੇ ਹਨ ਕਿ ਉਹ ਵੀ ਸ਼ਿਕਾਰ ਖੇਡਣ ਜਾਣਗੇ। ਗੁਜਰਾਤ ਦੇ ਦੂਰ-ਦੁਰਾਡੇ ਇਲਾਕੇ ਦਾ ਦ੍ਰਿਸ਼ ਚਿਤਰਨ ਕਮਾਲ ਦਾ ਹੈ। ਫਿਲਮ ਦੇ ਕੈਮਰਾਮੈਨ ਕੇ.ਕੇ. ਮਹਾਜਨ ਇਸ ਦੂਰਗਾਮੀ ਰੇਤਲੇ ਇਲਾਕੇ ਦੀ ਸੁੰਦਰਤਾ ਫਿਲਮਾਉਣ ਵਿਚ ਅਤਿਅੰਤ ਕਾਮਯਾਬ ਰਹੇ ਹਨ, ਭਾਵੇਂ ਉਦੋਂ ਤਕਨੀਕ ਵੀ ਅਜੋਕੇ ਪੱਧਰ ਦੀ ਨਹੀਂ ਸੀ। ਫਿਲਮ ਵਿਚ ਕਿਰਦਾਰਾਂ ਦੀ ਵੇਸ-ਭੂਸ਼ਾ ਵੀ ਆਕਰਸ਼ਿਤ ਕਰਦੀ ਹੈ, ਬੋਲੀ ਵੀ ਇਲਾਕਾਈ ਹੈ, ਕਈ ਵਾਰ ਸਮਝ ਨਹੀਂ ਵੀ ਆਉਂਦੀ ਤਾਂ ਇੰਗਲਿਸ਼ ਟਾਈਟਲਾਂ ਤੋਂ ਸਮਝ ਆ ਜਾਂਦੀ ਹੈ। ਨਿਰਦੇਸ਼ਕ ਨੇ ਕਹਾਣੀ ਦੇ ਮਰਮ ਨੂੰ ਮੂਲ ਰੂਪ 'ਚ ਦਿਖਾਉਣ ਲਈ ਹਰ ਉਪਰਾਲਾ ਕੀਤਾ ਹੈ।

ਉਹ ਸ਼ਿਕਾਰ ਵਾਲੀ ਜਗ੍ਹਾ 'ਤੇ ਪਹੁੰਚਣ ਲਈ ਗੱਡਾ ਕਿਰਾਏ 'ਤੇ ਲੈਂਦੇ ਹਨ, ਗੱਡੇ ਵਾਲਾ ਬਾਤੂਨੀ ਬੰਦਾ ਹੈ, ਨਿਰੋਲ ਦਿਹਾਤੀ ਵੀ। ਅੱਗੇ ਜਾ ਕੇ ਉਨ੍ਹਾਂ ਦਾ ਸਾਹਮਣਾ ਝੋਟੇ ਨਾਲ ਹੋ ਜਾਂਦਾ ਹੈ। ਝੋਟਾ ਬਹੁਤ ਖਤਰਨਾਕ ਦਿਖਾਈ ਦਿੰਦਾ ਹੈ ਤਾਂ ਸ਼ੋਮ ਬਾਬੂ ਬਹੁਤ ਡਰ ਜਾਂਦੇ ਹਨ। ਝੋਟਾ ਉਨ੍ਹਾਂ ਨੂੰ ਮਾਰਨ ਵੀ ਦੌੜਦਾ ਹੈ ਪਰ ਉਹ ਭੱਜ-ਭਜਾ ਕੇ ਕਿਵੇਂ ਨਾ ਕਿਵੇਂ ਜਾਨ ਬਚਾਉਂਦੇ ਹਨ ਕਿ ਅਚਾਨਕ ਉਥੇ ਕੁੜੀ ਆਉਂਦੀ ਹੈ। ਕੁੜੀ ਕਿਸੇ ਛੋਟੇ ਜਾਨਵਰ ਵਾਂਗੂ ਝੋਟੇ ਦੇ ਸਿਰ 'ਤੇ ਹੱਥ ਫੇਰਦੀ ਹੈ ਅਤੇ ਆਪਣੇ ਨਾਲ ਲੈ ਜਾਂਦੀ ਹੈ।

ਇਹ ਦੇਖ ਕੇ ਸ਼ੋਮ ਬਾਬੂ ਹੈਰਾਨ ਰਹਿ ਜਾਂਦੇ ਹਨ। ਇਸੇ ਰੌਲੇ 'ਚ ਉਧਰ ਗੱਡੇ ਵਾਲੇ ਦੇ ਬਲਦ ਗੱਡਾ ਕਿਸੇ ਪਾਸੇ ਲੈ ਜਾਂਦੇ ਹਨ ਜੋ ਨਹੀਂ ਮਿਲਦੇ। ਉਨ੍ਹਾਂ ਨੂੰ ਭਾਲਣ ਜਾਂਦੇ ਹਨ ਤਾਂ ਭਵਨ ਬਾਬੂ ਨੂੰ ਕੁੜੀ ਦੁਬਾਰਾ ਮਿਲਦੀ ਹੈ ਜਿਸ ਦਾ ਨਾਮ ਗੌਰੀ ਹੈ। ਖੁਸ਼ਕਿਸਮਤੀ ਨਾਲ ਉਹ ਹਿੰਦੀ ਬੋਲ ਸਕਦੀ ਹੈ। ਦੂਰ-ਦੁਰਾਡੇ ਰੇਤਲੇ ਟਿੱਬਿਆਂ ਵਿਚ ਰੁਲ ਰਹੇ, ਡਰੇ ਹੋਏ ਸ਼ੋਮ ਬਾਬੂ ਨੂੰ ਕੁੜੀ ਅਤੇ ਉਸ ਦਾ ਪਿਤਾ ਮਹਿਮਾਨ ਨਿਵਾਜ਼ ਵਜੋਂ ਮਿਲਦੇ ਹਨ।

1950-60 ਦੇ ਕਾਲ ਦੀ ਕਹਾਣੀ 'ਤੇ ਬਣੀ ਇਸ ਫਿਲਮ ਵਿਚ ਭੁਵਨ ਸ਼ੋਮ ਦੀ ਭੂਮਿਕਾ ਉਤਪਲ ਦੱਤ ਨੇ ਨਿਭਾਈ ਹੈ ਅਤੇ ਗੌਰੀ ਦੀ ਭੂਮਿਕਾ ਸੁਹਾਸਿਨੀ ਮੂਲੇ ਨੇ ਅਦਾ ਕੀਤੀ ਹੈ। ਉਤਪਲ ਦੱਤ ਨੂੰ ਇਸ ਭੂਮਿਕਾ ਵਿਚ ਦੇਖਣਾ ਵੀ ਅਨੋਖਾ ਅਨੁਭਵ ਹੈ, ਅਸੀਂ ਆਮ ਤੌਰ 'ਤੇ ਉਨ੍ਹਾਂ ਨੂੰ ਚਿਕਨੇ ਚੋਪੜੇ ਮੁੱਛਾਂ ਵਾਲੇ ਪਿਤਾ ਜੀ, ਬਾਊ ਜੀ ਵਜੋਂ ਹੀ ਦੇਖਦੇ ਆਏ ਹਾਂ। ਬਹਰਹਾਲ, ਸ਼ੋਮ ਬਾਬੂ ਜ਼ਿਆਦਾਤਰ ਦਫਤਰਾਂ ਵਿਚ ਹੀ ਰਹੇ ਹਨ, ਸੋ ਸ਼ਿਕਾਰ ਵਿਚ ਕਾਮਯਾਬ ਨਹੀਂ ਹੁੰਦੇ, ਭਾਵੇਂ ਫਾਈਲਾਂ ਰਾਹੀਂ ਆਪਣੇ ਅਧੀਨ ਕਰਮਚਾਰੀਆਂ ਦਾ ਸ਼ਿਕਾਰ ਕਰਨਾ ਉਨ੍ਹਾਂ ਨੂੰ ਬਾਖ਼ੂਬੀ ਆਉਂਦਾ ਹੈ।

ਗੌਰੀ ਦੀ ਸ਼ਖ਼ਸੀਅਤ ਬੇਦੋਸ਼ ਪੰਛੀ ਵਾਂਗ ਹੈ, ਪਹਾੜਾਂ ਦੇ ਪਾਣੀ ਨਿਰਮਲ ਅਤੇ ਪਵਿਤਰ। ਉਸ ਨੂੰ ਸ਼ੋਮ ਬਾਬੂ 'ਤੇ ਤਰਸ ਆਉਂਦਾ ਹੈ। ਉਹ ਦਿਲੋਂ ਚਾਹੁੰਦੀ ਹੈ ਕਿ ਸ਼ੋਮ ਬਾਬੂ ਸ਼ਿਕਾਰ ਕਰਨ ਵਿਚ ਕਾਮਯਾਬ ਹੋ ਜਾਣ। ਗੌਰੀ ਦੀ ਸ਼ਖ਼ਸੀਅਤ ਵਿਚ ਮੌਜੂਦ ਪਵਿੱਤਰਤਾ, ਰਹਿਮ ਦਿਲੀ ਤੋਂ ਉਹ ਪ੍ਰਭਾਵਿਤ ਹੁੰਦੇ ਹਨ, ਖੁੱਲ੍ਹੇ ਵਾਤਾਵਰਨ ਤੇ ਕੁਦਰਤ ਦੀ ਨੇੜਤਾ, ਪਿੰਡਾਂ ਦੇ ਲੋਕਾਂ ਅੰਦਰ ਵਸੀ ਮਨੁੱਖਤਾ ਦਾ ਅਸਰ ਵੀ ਉਨ੍ਹਾਂ ਦੀ ਰੂਹ 'ਤੇ ਹੁੰਦਾ ਹੈ। ਇਹ ਨਿਰਦੇਸ਼ਕ ਦਾ ਕਮਾਲ ਹੈ ਕਿ ਨਾ ਦਿਸਣ ਵਾਲਾ ਇਹ ਅੰਦਰੂਨੀ ਵਰਤਾਰਾ ਫਿਲਮ ਵਿਚ ਸਾਫ ਦਿਖਾਈ ਦਿੰਦਾ ਹੈ।



*ਫਿਲਮਸਾਜ਼ ਮ੍ਰਿਣਾਲ ਸੇਨ*

ਮ੍ਰਿਣਾਲ ਸੇਨ ਨਿਰਦੇਸ਼ਤ ਇਹ ਫਿਲਮ ਦੇਖਦਿਆਂ ਪਤਾ ਲੱਗਦਾ ਹੈ ਕਿ ਕਿਸੇ ਸਾਹਿਤਕ ਕਹਾਣੀ ਦੀ ਸੂਖਮਤਾ ਨੂੰ ਪਰਦੇ 'ਤੇ ਕਿਵੇਂ ਦਿਖਾਇਆ ਜਾਣਾ ਚਾਹੀਦਾ ਹੈ। ਗੌਰੀ ਮਦਦ ਕਰਦੀ ਹੈ, ਸਲਾਹ ਦਿੰਦੀ ਹੈ ਕਿ ਭੁਵਨ ਬਾਬੂ ਨੂੰ ਦਿਹਾਤੀ ਕੱਪੜੇ ਪਹਿਨਣੇ ਚਾਹੀਦੇ ਹਨ, ਇਸ ਨਾਲ ਪੰਛੀ ਡਰਨਗੇ ਨਹੀਂ। ਹਿਚਕਚਾਹਟ ਤੋਂ ਬਾਅਦ ਭੁਵਨ ਬਾਊ ਉਹ ਕੱਪੜੇ ਪਹਿਨ ਲੈਂਦੇ ਹਨ।

ਸ਼ਿਕਾਰ ਦੀ ਕੋਸ਼ਿਸ਼ ਵਿਚ ਜਦੋਂ ਭੁਵਨ ਬਾਬੂ ਗੋਲੀ ਚਲਾਉਂਦੇ ਹਨ ਤਾਂ ਪੰਛੀ ਡਿੱਗ ਜਾਂਦਾ ਹੈ। ਭੁਵਨ ਬਾਬੂ ਖੁਸ਼ ਹਨ ਕਿ ਉਨ੍ਹਾਂ ਨੇ ਸ਼ਿਕਾਰ ਕਰ ਲਿਆ ਹੈ। ਗੌਰੀ ਸਾਹਮਣੇ ਉਨ੍ਹਾਂ ਦੀ ਇੱਜ਼ਤ ਰਹਿ ਗਈ ਹੈ ਜੋ ਇਸ ਸਮੇਂ ਵੀ ਨਾਲ ਹੀ ਹੈ। ਗੌਰੀ ਜੋ ਪੰਛੀਆਂ ਨੂੰ ਬਿਹਤਰ ਜਾਣਦੀ ਹੈ, ਸ਼ੋਮ ਨੂੰ ਦੱਸਦੀ ਹੈ ਕਿ ਪੰਛੀ ਮਰਿਆ ਨਹੀਂ, ਉਸ ਨੂੰ ਗੋਲੀ ਨਹੀਂ ਲੱਗੀ, ਉਹ ਸਿਰਫ ਬੇਹੋਸ਼ ਹੋਇਆ ਹੈ। ਪੰਛੀ ਅਕਸਰ ਡਰ ਕੇ ਬੇਹੋਸ਼ ਹੋ ਜਾਂਦੇ ਹਨ, ਇਨਸਾਨ ਵੀ!

ਇਹ ਦ੍ਰਿਸ਼ ਸਾਹਿਤ ਦੀ ਸੰਕੇਤਕ ਭਾਸ਼ਾ ਪਰਦੇ 'ਤੇ ਉਤਾਰਨ ਦੀ ਸ੍ਰੇਸ਼ਟ ਉਦਾਹਰਨ ਹੈ। ਅਚੇਤ 'ਚ ਸ਼ੋਮ ਬਾਬੂ ਨੂੰ ਉਨ੍ਹਾਂ ਅਧੀਨ ਕਰਮਚਾਰੀਆਂ ਦੇ ਚਿਹਰੇ ਆਉਂਦੇ ਹਨ ਜੋ ਉਨ੍ਹਾਂ ਤੋਂ ਡਰੇ ਹੋਏ ਰਹਿੰਦੇ ਹਨ।

ਇਹ ਅੰਦਰੂਨੀ ਬਦਲਾਓ ਦੀ ਸ਼ੁਰੂਆਤ ਹੈ। ਸ਼ਹਿਰ ਤੋਂ ਦੂਰ ਰੇਤਲੇ ਟਿੱਬਿਆਂ ਵਿਚ ਥਕਾਵਟ ਭਰਿਆ ਦਿਨ ਬਿਤਾਉਣ ਦਰਮਿਆਨ ਭੁਵਨ ਬਾਬੂ ਨੂੰ ਪਤਾ ਲੱਗਦਾ ਹੈ ਕਿ ਗੌਰੀ ਦੀ ਸ਼ਾਦੀ ਰੇਲਵੇ ਦੇ ਕਿਸੇ ਮੁਲਾਜ਼ਮ ਨਾਲ ਹੋਣ ਵਾਲੀ ਹੈ। ਕੁਝ ਸੰਕੋਚ ਤੋਂ ਬਾਅਦ ਭੁਵਨ ਬਾਬੂ ਗੌਰੀ ਨੂੰ ਦੱਸਦੇ ਹਨ ਕਿ ਉਹ ਵੀ ਰੇਲਵੇ ਵਿਚ ਅਫਸਰ ਹਨ। ਇਸ 'ਤੇ ਗੌਰੀ ਉਨ੍ਹਾਂ ਨੂੰ ਆਪਣੇ ਮਨ ਦਾ ਤੌਖਲਾ ਦੱਸਦੀ ਹੈ। ਉਹ ਕਹਿੰਦੀ ਹੈ ਕਿ ਉਸ ਦਾ ਹੋਣ ਵਾਲਾ ਪਤੀ ਟਿਕਟ ਕਲੈਕਟਰ ਹੈ, ਤਨਖਾਹ ਵੀ ਹੈ ਅਤੇ ਉਤੋਂ ਵੀ ਚਾਹ-ਪਾਣੀ ਬਣ ਜਾਂਦਾ ਹੈ ਪਰ ਸ਼ੋਮ ਸਾਹਿਬ ਨਾਂ ਦਾ ਕੋਈ ਅਫਸਰ ਉਸ ਦੇ ਪਿੱਛੇ ਪਿਆ ਹੋਇਆ ਹੈ। ਉਹ ਸ਼ੋਮ ਸਾਹਿਬ ਕੋਲ ਉਸ ਦੇ ਪਤੀ ਦੀ ਸਿਫਾਰਿਸ਼ ਕਰ ਦੇਵੇ। ਉਹ ਸਾਹਿਬ ਤੋਂ ਬਹੁਤ ਡਰਿਆ ਹੋਇਆ ਹੈ, ਉਹ ਬੜਾ ਭੈੜਾ ਅਫਸਰ ਹੈ।

ਦਿਲਚਸਪ ਗੱਲ ਇਹ ਹੈ ਕਿ ਗੌਰੀ ਨੂੰ ਨਹੀਂ ਪਤਾ ਕਿ ਜਿਸ ਨਾਲ ਉਹ ਗੱਲ ਕਰ ਰਹੀ ਹੈ, ਇਹ ਉਹੀ ਅਫਸਰ ਹੈ ਜਿਸ ਬਾਰੇ ਉਸ ਦੇ ਪਤੀ ਨੇ ਆਪਣਾ ਡਰ ਸਾਂਝਾ ਕੀਤਾ ਹੈ, ਜਿਸ ਨੂੰ ਬੜਾ ਬੇਰਹਿਮ ਦੱਸਿਆ ਹੈ।

ਕੁਦਰਤ ਦੀ ਨੇੜਤਾ, ਪਿੰਡਾਂ ਦੇ ਲੋਕਾਂ ਦੇ ਭੋਲੇਪਨ, ਪੰਛੀਆਂ ਦੀ ਮਾਸੂਮੀਅਤ ਅਤੇ ਗੌਰੀ ਦੀ ਸ਼ਖ਼ਸੀਅਤ ਨੇ ਭੁਵਨ ਸ਼ੋਮ ਅੰਦਰ ਦੀ ਕਠੋਰਤਾ ਨੂੰ ਪਿਘਲਾ ਦਿੱਤਾ ਹੈ, ਸ਼ਖ਼ਸੀਅਤ ਨੂੰ ਕੁਝ ਹੱਦ ਤੱਕ ਬਦਲ ਦਿੱਤਾ ਹੈ, ਮੁਰਝਿਤ ਹੋ ਚੁੱਕੀਆਂ ਮਨੁੱਖੀ ਸੰਵੇਦਨਾਵਾਂ ਕਰਵਟ ਲੈਣ ਲੱਗੀਆਂ ਹਨ। ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨੂੰ ਹੁਣ ਵਾਪਸ ਸ਼ਹਿਰ ਜਾਣਾ ਪੈਣਾ ਹੈ, ਭਾਵੇਂ ਉਹ ਇਨ੍ਹਾਂ ਰੇਤਲੇ ਟਿੱਬਿਆਂ ਦੇ ਹਸੀਨ ਦ੍ਰਿਸ਼ਾਂ ਵਿਚ ਦਿਲ ਲਾ ਬੈਠੇ ਹਨ।

ਭੁਵਨ ਸ਼ੋਮ ਵਾਪਸ ਸ਼ਹਿਰ ਆ ਜਾਂਦੇ ਹਨ, ਦਫਤਰ ਆਪਣੀ ਕੁਰਸੀ 'ਤੇ ਬੈਠ ਕੇ ਉਹ ਉਸ ਟਿਕਟ ਕਲੈਕਟਰ ਨੂੰ ਬੁਲਾਉਂਦੇ ਹਨ ਜਿਸ ਬਾਰੇ ਗੌਰੀ ਨੇ ਕਿਹਾ ਸੀ, ਉਸ ਦਾ ਮੰਗੇਤਰ ਜਾਧਵ ਪਟੇਲ। ਉਨ੍ਹਾਂ ਨੇ ਚਾਰਜ ਸ਼ੀਟ ਤਿਆਰ ਕੀਤੀ ਹੋਈ ਹੈ, ਸਿਰਫ ਦੇਣੀ ਹੈ ਪਰ ਜਿਵੇਂ ਪਹਿਲਾਂ ਲਿਖਿਆ ਹੈ, ਉਨ੍ਹਾਂ ਅੰਦਰ ਕਾਫੀ ਕੁਝ ਬਦਲ ਗਿਆ ਹੈ, ਸਖਤ ਕੋਨਾ ਪਿਘਲ ਕੇ ਨਰਮ ਹੋ ਗਿਆ ਹੈ। ਉਹ ਜ਼ਿੰਦਗੀ 'ਚ ਪਹਿਲੀ ਵਾਰ ਕਿਸੇ 'ਤੇ ਰਹਿਮ ਕਰਦੇ ਹਨ, ਚਾਰਜ ਸ਼ੀਟ ਪਾੜ ਦਿੰਦੇ ਹਨ ਅਤੇ ਚਿਤਾਵਨੀ ਦੇ ਕੇ ਜਾਧਵ ਪਟੇਲ ਨੂੰ ਛੱਡ ਦਿੰਦੇ ਹਨ। ਜਾਧਵ ਪਟੇਲ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਭੁਵਨ ਸ਼ੋਮ ਨੇ ਉਸ ਨੂੰ ਬਖ਼ਸ਼ ਦਿੱਤਾ ਹੈ। ਉਸ ਨੂੰ ਧੰਨਵਾਦ ਕਰਨ ਲਈ ਲਫ਼ਜ਼ ਨਹੀਂ ਸੁੱਝ ਰਹੇ ਪਰ ਸਭ ਕੁਝ ਉਸ ਦੇ ਚਿਹਰੇ 'ਤੇ ਲਿਖਿਆ ਹੁੰਦਾ ਹੈ ਅਤੇ ਭੁਵਨ ਸ਼ੋਮ ਉਸ ਨੂੰ ਪੜ੍ਹ ਲੈਂਦੇ ਹਨ।

ਸ਼ੋਮ ਸਾਹਬ ਨੂੰ ਪਹਿਲੀ ਵਾਰ ਅਸਲ ਖੁਸ਼ੀ ਮਿਲਦੀ ਹੈ। ਅੰਦਰੂਨੀ ਖੇੜਾ, ਸਖਤੀ ਤੋਂ ਆਜ਼ਾਦੀ, ਇੱਕ ਢੱਰੇ ਦੀ ਜ਼ਿੰਦਗੀ 'ਚ ਖੁਸ਼ ਰਹਿਣ ਦੀ ਵਜ੍ਹਾ। ਉਹ ਦਫਤਰੀ ਕਮਰੇ ਵਿਚ ਹੱਸਦੇ ਹਨ, ਲੇਟਦੇ ਹਨ, ਫਾਈਲਾਂ ਚੁੱਕ ਕੇ ਇਧਰ ਉਧਰ ਮਾਰਦੇ ਹਨ, ਬੱਚਿਆਂ ਵਾਂਗ ਖੁਸ਼ ਹੋ ਰਹੇ ਹਨ। ਇਹ ਇਜ਼ਹਾਰ ਉਹ ਆਪਣੇ ਕਮਰੇ ਵਿਚ ਇਸੇ ਤਰ੍ਹਾਂ ਕਰ ਸਕਦੇ ਸਨ, ਕਰਦੇ ਹਨ।

ਥੋੜ੍ਹਾ ਸਮਾਂ ਬੀਤਦਾ ਹੈ ਤਾਂ ਜਾਧਵ ਪਟੇਲ ਗੌਰੀ ਨੂੰ ਖਤ ਲਿਖ ਕੇ ਦੱਸਦਾ ਹੈ ਕਿ ਉਸ ਦੀ ਬਦਲੀ ਉਥੇ ਕਰ ਦਿੱਤੀ ਗਈ ਹੈ ਜਿੱਥੇ ਚਾਹ ਪਾਣੀ ਕੁਝ ਜ਼ਿਆਦਾ ਮਿਲਦਾ ਹੈ।

ਮੈਂ ਆਰੰਭ ਵਿਚ ਲਿਖਿਆ ਸੀ ਕਿ ਮੇਰਾ ਇਰਾਦਾ ਸੀ, ਜੇ ਫਿਲਮ ਬੋਝਲ ਹੋਈ ਤਾਂ ਅੱਧ ਵਿਚ ਛੱਡ ਦੇਵਾਂਗਾ ਜਾਂ ਫਿਰ ਇਸ ਤੋਂ ਵੀ ਪਹਿਲਾਂ ਪਰ ਫਿਲਮ ਦੀ ਕਹਾਣੀ ਵਿਚ ਗਤੀ ਹੈ, ਦਿਲਚਸਪ ਕਥਾ ਦੀ ਜੁਗਤ ਹੈ, ਮੈਂ ਫਿਲਮ ਖਤਮ ਹੋਣ ਤੋਂ ਪਹਿਲਾਂ ਨਹੀਂ ਛੱਡ ਸਕਿਆ।

ਫਿਲਮ ਵਿਚ ਜਿੱਥੇ ਗੁਜਰਾਤ ਦੇ ਰੇਤਲੇ ਇਲਾਕਿਆਂ ਨੂੰ ਦੇਖਣ ਦਾ ਮੌਕਾ ਮਿਲਦਾ ਹੈ, ਉਥੋਂ ਦੇ ਪੁਰਾਤਨ ਸੱਭਿਆਚਾਰ ਰਸਮੋ-ਰਿਵਾਜ ਤੱਕਣ ਦਾ ਮੌਕਾ ਵੀ ਮਿਲਦਾ ਹੈ। ਉਥੋਂ ਦੀ ਭਾਸ਼ਾ ਸੁਣਾਈ ਦਿੰਦੀ ਹੈ, ਉਥੋਂ ਦਾ ਲੋਕ-ਸੰਗੀਤ ਸੁਣਨ ਨੂੰ ਵੀ ਮਿਲਦਾ ਹੈ, ਉਥੇ ਦੀਆਂ ਕਈ ਥਾਵਾਂ ਦਿਸਦੀਆਂ ਹਨ, ਤੇ ਚੰਗਾ ਲੱਗਦਾ ਹੈ।

ਮ੍ਰਿਣਾਲ ਸੇਨ ਦੀ ਇਹ ਮਹਾਨ ਕਿਰਤ ਹੈ ਜਿਸ ਤੋਂ ਮਗਰੋਂ ਤੁਸੀਂ ਉਨ੍ਹਾਂ ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਧਿਆਨ ਰੱਖ ਲੱਗ ਪਓਗੇ ਜੋ ਤੁਹਾਡੀ ਰੋਜ਼ਮੱਰਾ ਜ਼ਿੰਦਗੀ ਦੀ ਤੇਜ਼ੀ ਕਾਰਨ ਦਮ ਤੋੜ ਰਹੀਆਂ ਹਨ, ਕੰਮ-ਕਾਜੀ ਫਾਈਲਾਂ ਅਤੇ ਦਫਤਰੀ ਰੁਤਬੇ ਦੇ ਰੋਅਬ ਕਾਰਨ ਦਮ ਤੋੜ ਰਹੀਆਂ ਹਨ।

ਭੁਵਨ ਸ਼ੋਮ ਨੂੰ ਤਿੰਨ ਖੇਤਰਾਂ 'ਚ ਨੈਸ਼ਨਲ ਫਿਲਮ ਐਵਾਰਡ ਪ੍ਰਾਪਤ ਹੋਏ। ਸਰਵੋਤਮ ਫਿਲਮ, ਮ੍ਰਿਣਾਲ ਸੇਨ ਨੂੰ ਸਰਵੋਤਮ ਨਿਰਦੇਸ਼ਨ ਵਾਸਤੇ ਅਤੇ ਉਤਪਲ ਦੱਤ ਨੂੰ ਸਰਵੋਤਮ ਅਦਾਕਾਰ ਲਈ। ਇਹ ਫਿਲਮ ਇਸ ਲਈ ਵੀ ਯਾਦ ਕੀਤੀ ਜਾਂਦੀ ਹੈ ਕਿ ਇਸ ਫਿਲਮ ਰਾਹੀਂ ਅਮਿਤਾਭ ਬਚਨ ਨੇ ਹਿੰਦੀ ਫਿਲਮ ਸੰਸਾਰ 'ਚ ਪਹਿਲੀ ਵਾਰ ਕਦਮ ਰੱਖਿਆ ਸੀ। ਉਹ ਪਰਦੇ 'ਤੇ ਨਜ਼ਰ ਨਹੀਂ ਆਏ ਪਰ ਫਿਲਮ ਅੱਗੇ ਤੋਰਨ 'ਚ ਉਹ ਕਹਾਣੀ ਅਤੇ ਪਾਤਰਾਂ ਦੇ ਅੰਦਰ ਦੀ ਹਲਚਲ ਬੋਲ ਕੇ ਦੱਸਦੇ ਹਨ। ਪਿਠਭੂਮੀ ਵਿਚ ਅਮਿਤਾਭ ਬਚਨ ਦੀ ਆਵਾਜ਼ ਹੈ। ਫਿਲਮ 'ਚ ਸੰਗੀਤ ਵਿਜੈ ਰਾਘਵ ਰਾਓ ਦਾ ਹੈ।

ੴ ਸਤਿਗੁਰ ਪ੍ਰਸਾਦਿ

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥*
*ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥*

# ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਸੰਗਤਾਂ ਨੂੰ

## ਜਗਤ ਪਿਤਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ

# ਲੱਖ ਲੱਖ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

**From:**
**Major Gurcharn Singh Jhaj**
**Jaidev Singh Bhattal & Sukhraj Singh Takher**
**and their families.**